# ਉੱਘੇ ਗ਼ਦਰੀ ਸੂਰਬੀਰ

ਦਲਜੀਤ ਰਾਏ ਕਾਲੀਆ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

**Ugay Ghadri Soorbeer**
by
**Daljit Rai Kalia**
266/15,
Purani Talwandi Road, Zira
Distt. Ferozapur-142047
Mob.97812-00168

© ਲੇਖਕ
ਪਹਿਲੀ ਵਾਰ : 2024

**ਪ੍ਰਕਾਸ਼ਕ:** **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ,
ਸਾਹਮਣੇ ਗਲੀ ਨੰਬਰ 8, ਬਰਨਾਲਾ-148101, ਪੰਜਾਬ
ਫੋਨ : 01679-233244
Email: tarkbharti01@gmail.com

**ਛਾਪਕ:** **ਰਾਧਾ ਆਫਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**© 2024 All rights reserved**
*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਸਮੂਹ ਗ਼ਦਰੀ ਬਾਬਿਆਂ ਅਤੇ
ਗ਼ਦਰ ਲਹਿਰ ਦੇ ਵਾਰਸਾਂ ਨੂੰ

## ਇਸੇ ਕਲਮ ਤੋਂ

1. ਭਾਰਤ ਦੇ ਉੱਘੇ ਸੁੰਤਤਰਤਾ ਸੰਗਰਾਮੀ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ (2010)
2. ਗ਼ਦਰ ਲਹਿਰ ਦੇ ਸ਼ਹੀਦ, 5 ਆਬ ਪ੍ਰਕਾਸ਼ਨ, ਜਲੰਧਰ (2019)

## ਸੰਪਾਦਨਾ

1. ਪੰਡਤ ਰਾਮ ਚੰਦ ਪੰਡੋਰੀ ਦੀ ਕਵੀਸ਼ਰੀ, ਪੰਜਾਬੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ (2010)
2. ਮਹਿਕ ਸ਼ਬਦਾਂ ਦੀ, 5 ਆਬ ਪ੍ਰਕਾਸ਼ਨ, ਜਲੰਧਰ (2019)

## ਸਾਂਝੇ ਸੰਗ੍ਰਹਿ

1. ਹਾਸਰਸ ਸੰਗ੍ਰਹਿ, ਆਰਸੀ ਪਬਲਿਸ਼ਰਜ, ਜੰਡਿਆਲਾ ਗੁਰੂ (1995)
2. ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ (2005)
3. ਸ਼ਹੀਦ ਕਰਤਾਰ ਸਿੰਘ ਸਰਾਭਾ ਕਾਵਿ ਸ਼ਰਧਾਂਜਲੀ, ਨਵਯੁਗ ਪਬਲਿਸ਼ਰਜ, ਨਵੀਂ ਦਿੱਲੀ (2011)
4. ਤ੍ਰਿਵੈਣੀ, ਕਾਵਿ ਸੰਗ੍ਰਹਿ, 5 ਆਬ ਪ੍ਰਕਾਸ਼ਨ, ਜਲੰਧਰ (2013)
5. ਗਾਥਾ ਗ਼ਦਰੀਆਂ ਦੀ (ਸੰਖੇਪ ਜੀਵਨੀਆਂ), ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ (2013)
6. ਸੰਗਮ, ਕਾਵਿ-ਸੰਗ੍ਰਹਿ, 5 ਆਬ ਪ੍ਰਕਾਸ਼ਨ, ਜਲੰਧਰ (2014)
7. ਸੂਰਜਾਂ ਦੇ ਵਾਰਿਸ, ਕਾਵਿ-ਸੰਗ੍ਰਹਿ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ ਭੂੰਦੜ, ਬਠਿੰਡਾ (2019)
8. ਹਰਫ਼ਾਂ ਦੇ ਅੰਗ ਸੰਗ, (ਸਾਂਝਾ ਕਾਵਿ ਸੰਗ੍ਰਹਿ,) ਸ਼ਹੀਦ ਭਗਤ ਸਿੰਘ ਪ੍ਰਕਾਸ਼ਨ ਸਾਦਿਕ, ਫਰੀਦਕੋਟ (2022)
9. ਸੁਪਨਾ ਤੇ ਸਾਝਾਂ ਸਫਰ (ਸਾਂਝੀਆਂ ਗ਼ਜ਼ਲਾਂ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ (2022)
10. ਖੇਤ ਜਾਗ ਪਏ (ਕਿਸਾਨੀ ਸੰਘਰਸ਼ ਕਾਵਿ), ਸੰਪਾਦਕ ਪਵਨ ਹਰਚੰਦਪੁਰੀ, ਨਵਰੰਗ ਪਬਲੀਕੇਸ਼ਨਜ, ਸਮਾਣਾ (2022)
11. ਸਿਤਾਰਿਆਂ ਦਾ ਕਾਫ਼ਲਾ (ਸਾਂਝੀਆਂ ਗ਼ਜਲਾਂ), ਗੁਰਦਿਆਲ ਦਲਾਲ, ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ (2023)

# ਤਤਕਰਾ


| | |
|---|---|
| * ਅਭਿਨੰਦਨੀ ਸ਼ਬਦ | 7 |
| * ਕੁਝ ਆਪਣੇ ਵੱਲੋਂ | 11 |
| * ਇੱਕ ਅਦੁੱਤੀ ਇਨਕਲਾਬੀ ਲਹਿਰ-ਗ਼ਦਰ ਲਹਿਰ | 13 |
| 1. ਬਾਬਾ ਸੋਹਣ ਸਿੰਘ ਭਕਨਾ | 24 |
| 2 ਭਾਈ ਸੰਤੋਖ ਸਿੰਘ ਕਿਰਤੀ | 39 |
| 3. ਲਾਲਾ ਹਰਦਿਆਲ | 50 |
| 4. ਬਾਬਾ ਹਰਨਾਮ ਸਿੰਘ ਕਸੇਲ | 57 |
| 5. ਬਾਬਾ ਹਰਨਾਮ ਸਿੰਘ ਟੁੰਡੀਲਾਟ | 64 |
| 6. ਬਾਬਾ ਹਰਨਾਮ ਸਿੰਘ ਕਾਲਾ ਸੰਘੀਆ | 70 |
| 7. ਬਾਬਾ ਕੇਸਰ ਸਿੰਘ ਠੱਠਗੜ੍ਹ | 74 |
| 8. ਕਰਤਾਰ ਸਿੰਘ ਨਵਾਂ ਚੰਦ | 82 |
| 9. ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ | 85 |
| 10. ਬਾਬਾ ਗੁਰਮੁਖ ਸਿੰਘ ਲਲਤੋਂ | 93 |
| 11. ਗ਼ਦਰੀ ਗੁਲਾਬ ਕੌਰ | 101 |
| 12. ਬਾਬਾ ਜਵਾਲਾ ਸਿੰਘ ਠੱਠੀਆਂ | 105 |
| 13. ਪੰਡਤ ਜਗਤ ਰਾਮ ਹਰਿਆਣਾ | 115 |
| 14. ਲਾਲਾ ਠਾਕਰ ਦਾਸ ਧੂਰੀ | 123 |
| 15. ਬਾਬਾ ਨਿਧਾਨ ਸਿੰਘ ਚੁੱਘਾ | 126 |
| 16. ਪੰਡਤ ਪਰਮਾਨੰਦ ਝਾਂਸੀ | 135 |
| 17. ਮੁਣਸ਼ਾ ਸਿੰਘ ਦੁਖੀ | 143 |
| 18. ਭਾਈ ਰਣਧੀਰ ਸਿੰਘ ਨਾਰੰਗਵਾਲ | 147 |
| 19. ਬਾਬਾ ਰੂੜ ਸਿੰਘ ਚੂਹੜਚੱਕ | 153 |
| 20. ਬਾਬਾ ਵਿਸਾਖਾ ਸਿੰਘ ਦਦੇਹਰ | 160 |

# ਅਭਿਨੰਦਨੀ ਸ਼ਬਦ

ਕੁਝ ਦਿਨ ਹੋਏ ਇਹ ਹੱਥਲੀ ਪੁਸਤਕ ਮੇਰੇ ਕੋਲ ਆਈ ਕਿ ਮੈਂ ਦੋ ਸ਼ਬਦ ਇਸ ਬਾਰੇ ਲਿਖਾਂ। ਇਸ ਪੁਸਤਕ ਦਾ ਲੇਖਕ ਸ਼੍ਰੀ ਦਲਜੀਤ ਰਾਏ ਕਾਲੀਆ ਪਹਿਲਾ ਵੀ ਦੋ ਪੁਸਤਕਾਂ 'ਭਾਰਤ ਦੇ ਉੱਘੇ ਸੁਤੰਤਰਤਾ ਸੰਗਰਾਮੀ' ਅਤੇ 'ਗ਼ਦਰ ਲਹਿਰ ਦੇ ਸ਼ਹੀਦ' ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕਾ ਹੈ। ਹੱਥਲੀ ਪੁਸਤਕ ਵੀ ਗ਼ਦਰ ਪਾਰਟੀ ਦੇ ਨਾਇਕਾਂ ਬਾਰੇ ਹੀ ਹੈ। ਇਸ ਵਿੱਚ 20 ਗ਼ਦਰੀ ਬਾਬਿਆਂ ਦੀਆਂ ਜੀਵਨੀਆਂ ਅਤੇ ਉਹਨਾਂ ਦੀ ਗ਼ਦਰ ਪਾਰਟੀ ਨੂੰ ਦੇਣ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਹੈ। ਪੁਸਤਕ ਦਾ ਨਾਂ ਹੈ-'ਉੱਘੇ ਗ਼ਦਰੀ ਸੂਰਬੀਰ'। 2013-14 ਗ਼ਦਰ ਪਾਰਟੀ ਦਾ ਸ਼ਤਾਬਦੀ ਸਾਲ ਸੀ। ਇਸ ਸਾਲ ਲੇਖਕਾਂ ਨੇ ਇਸ ਲਹਿਰ ਬਾਰੇ ਲਿਖਕੇ ਆਪਣਾ ਯੋਗਦਾਨ ਪਾਇਆ ਹੈ। ਦੇਸ਼ ਭਗਤ ਯਾਦਗਾਰ ਵਾਲਿਆਂ ਨੇ ਸ਼ਤਾਬਦੀ ਸਾਲ ਵਿੱਚ ਵੱਖ-ਵੱਖ ਢੰਗ ਤਰੀਕੇ ਨਾਲ ਇਸ ਲਹਿਰ ਨੂੰ ਪ੍ਰਦਰਸ਼ਿਤ ਕੀਤਾ ਅਤੇ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਜਲੰਧਰ ਬੁਲਾ ਕੇ ਸਨਮਾਨਿਤ ਵੀ ਕੀਤਾ। ਵਿਸ਼ੇਸ਼ ਗੱਲ ਜੋ ਹੋਈ ਕਿ ਗ਼ਦਰ ਪਾਰਟੀ ਦਾ ਝੰਡਾ ਗ਼ਦਰੀ ਬਾਬਿਆਂ ਨੇ 1913 ਵਿੱਚ ਅਮਰੀਕਾ ਦੀ ਧਰਤੀ 'ਤੇ ਲਹਿਰਾਇਆ ਸੀ, ਸਾਰਾ ਸਾਲ ਹੀ ਝੁੱਲਦਾ ਰਿਹਾ। 'ਗ਼ਦਰ ਲਹਿਰ ਦੇ ਸ਼ਹੀਦ' ਦਲਜੀਤ ਰਾਏ ਕਾਲੀਆ ਦੀ ਪੁਸਤਕ ਏਸੇ ਵਿਸ਼ੇਸ਼ ਕਾਰਨ ਦਾ ਹਿੱਸਾ ਹੈ, ਜੋ 2019 ਵਿੱਚ ਛਪੀ ਅਤੇ ਹੱਥਲੀ ਪੁਸਤਕ ਵੀ ਇਸੇ ਕਾਰਜ ਵੱਲ ਪੁੱਟੀ ਗਈ ਇੱਕ ਹੋਰ ਲਾਂਘ ਹੈ। ਸ਼੍ਰੀ ਕਾਲੀਆ ਵਧਾਈ ਦੇ ਪਾਤਰ ਹਨ। ਉਹਨਾਂ ਆਪਣੇ ਪਿਤਾ ਪੰਡਤ ਰਾਮ ਚੰਦ ਪੰਡੋਰੀ ਦੀ ਕਵਿਤਾ ਨੂੰ ਸੰਪਾਦਿਤ ਕਰਕੇ ਆਪਣੇ ਪਰਿਵਾਰਿਕ ਵਿਰਸੇ ਨੂੰ ਵੀ ਸੰਭਾਲ ਲਿਆ ਹੈ। ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਸਾਬਕਾ ਪ੍ਰੋਫੈਸਰ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਸੰਚਾਲਕ ਯੁਵਕ ਕੇਂਦਰ ਜਲੰਧਰ ਦੀ ਅਗਵਾਈ ਵਿੱਚ ਬੜਾ ਕੰਮ ਹੋਇਆ ਹੈ।

ਸ਼੍ਰੀ ਜੈਤੇਗ ਸਿੰਘ ਅਨੰਤ ਦਾ ਕੈਨੇਡਾ ਤੋਂ ਮੈਨੂੰ ਫ਼ੂਨ ਆਇਆ ਕਿ ਉਹ ਇਸ ਸ਼ਤਾਬਦੀ ਸਾਲ 10 ਗ਼ਦਰੀ ਬਾਬਿਆਂ ਦੇ ਜੀਵਨ 'ਤੇ ਅਧਾਰਿਤ ਪੁਸਤਕ ਛਾਪਣੀ ਚਾਹੁੰਦਾ ਹਾਂ, ਉਹਨਾਂ ਵਿੱਚੋਂ ਬਾਬਾ ਨਿਧਾਨ ਸਿੰਘ ਚੁੱਘਾ ਭੀ ਇੱਕ ਹਨ। ਕੀ ਤੁਸੀਂ ਉਹਨਾਂ ਬਾਰੇ ਨਿਬੰਧ ਲਿਖ ਸਕਦੇ ਹੋ? ਹਾਂ, ਭੇਜ ਸਕਦਾ ਹਾਂ। ਮੈਂ ਉਹਨਾਂ ਨੂੰ ਦਸ ਪੰਨੇ ਦਾ ਨਿਬੰਧ ਭੇਜ ਦਿੱਤਾ, ਜੋ ਉਹਨਾਂ ਦੀ ਪੁਸਤਕ ਵਿੱਚ ਛਪ ਗਿਆ। ਉਸ ਸਾਲ ਦਾ ਕੈਲੰਡਰ ਭੀ ਉਹਨਾਂ ਛਾਪਿਆ ਅਤੇ ਹਰ ਪੰਨੇ 'ਤੇ ਗ਼ਦਰੀ ਬਾਬਿਆਂ ਦੀਆਂ ਫੋਟੋਆਂ ਛਾਪੀਆਂ, ਜੋ ਇੱਕ ਆਰਟਿਸਟ ਤੋਂ ਨਵੀਆਂ ਬਣਵਾਈਆਂ ਗਈਆਂ ਹਨ। ਉਹਨਾਂ ਹੋਰ ਦੱਸਿਆ ਕਿ ਉਹਨਾਂ ਨੇ ਸ਼ੰਘਾਈ ਤੇ ਹਾਂਗ-ਕਾਂਗ ਗੁਰਦੁਆਰਿਆਂ ਵਿੱਚ ਗ਼ਦਰੀ ਬਾਬਿਆਂ ਬਾਰੇ ਲੈਕਚਰ ਮੁਕਾਬਲੇ ਕਰਵਾਏ ਅਤੇ ਹਿੱਸਾ ਲੈਣ ਵਾਲਿਆਂ ਨੂੰ ਇਨਾਮ ਭੀ ਦਿੱਤੇ ਹਨ। ਇਹਨਾਂ ਮੁਕਾਬਲਿਆਂ ਵਿੱਚ ਵਿਸ਼ੇਸ਼ ਕਰਕੇ ਵਿਦਿਆਰਥੀ

ਵਰਗ ਨੂੰ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਗਿਆ। ਸ਼ਤਾਬਦੀ ਨੂੰ ਸਮਰਪਿਤ ਐਸਾ ਕਰਨਾ ਬੜਾ ਹੀ ਮਹੱਤਵਪੂਰਨ ਕਾਰਜ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਭਾਰਤੀ ਲੋਕ ਆਰਥਿਕ ਮਜ਼ਬੂਰੀਆਂ, ਤੰਗੀਆਂ-ਤੁਰਸ਼ੀਆਂ ਤੋਂ ਪ੍ਰੇਸ਼ਾਨ ਕੈਨੇਡਾ ਤੇ ਅਮਰੀਕਾ ਪੁੱਜੇ ਸਨ। ਉੱਥੇ ਪਹੁੰਚ ਉਹਨਾਂ ਨੂੰ ਕੈਨੇਡਾ ਤੇ ਅਮਰੀਕਾ ਦੇ ਗੋਰੇ ਮਜ਼ਦੂਰਾਂ ਨਾਲ ਦੋ ਚਾਰ ਹੋਣਾ ਪਿਆ। ਵੱਡੀ ਗਿਣਤੀ ਵਿੱਚ ਭਾਰਤੀ ਮਜ਼ਦੂਰ ਦੇਖ ਕੇ ਗੋਰੇ ਮਜ਼ਦੂਰਾਂ ਵਿੱਚ ਘਬਰਾਹਟ ਫੈਲ ਗਈ। ਗੋਰੇ ਮਜ਼ਦੂਰਾਂ ਨੂੰ ਦਿਹਾੜੀ ਘੱਟ ਮਿਲਣ ਲੱਗੀ ਅਤੇ ਦੂਸਰਾ ਗੋਰੇ ਮਜ਼ਦੂਰਾਂ ਦੀ ਬਨਿਸ਼ਬਤ ਭਾਰਤੀ ਮਜ਼ਦੂਰ, ਘੱਟ ਪੈਸਿਆਂ 'ਤੇ ਮਿਲ ਜਾਂਦੇ ਸਨ। ਇਸ ਲਈ ਦੋਹਾਂ ਦੇ ਝਗੜੇ ਆਮ ਗੱਲ ਹੋ ਗਈ। ਭਾਰਤੀ-ਮਜ਼ਦੂਰਾਂ ਨੂੰ ਗੋਰੇ ਮਜ਼ਦੂਰਾਂ ਦੇ ਤਾਅਨੇ-ਮਿਹਣੇ ਤਾਂ ਸੁਣਨੇ ਪੈਂਦੇ ਹੀ ਸਨ, ਹੁਣ ਕੁੱਟ ਵੀ ਖਾਣੀ ਪੈਂਦੀ ਸੀ। ਭਾਰਤੀ ਮਜ਼ਦੂਰਾਂ ਨੂੰ ਕੁੱਟ ਖਾ ਕੇ ਸਬਰ ਕਰਨਾ ਪੈਂਦਾ, ਕਿਉਂਕਿ ਸੁਣਵਾਈ ਕਰਨ ਵਾਲਾ ਕੋਈ ਨਹੀਂ ਸੀ। ਹੁਣ ਉਹਨਾਂ ਸਾਹਮਣੇ ਦੋ ਹੀ ਰਾਹ ਸਨ-ਡਟੋ ਜਾਂ ਮਰੋ। ਇਸ ਸਬਰ ਨੇ ਭਾਰਤੀ ਮਜ਼ਦੂਰਾਂ ਨੂੰ ਇਕੱਠੇ ਬੈਠਣਾ ਸਿਖਾ ਦਿੱਤਾ। ਉਹ ਇਕੱਠੇ ਬੈਠ ਕੇ ਇਹਨਾਂ ਸਮੱਸਿਆਵਾਂ ਦੇ ਹੱਲ ਲੱਭਣ ਲੱਗੇ। ਗੋਰੇ ਮਜ਼ਦੂਰਾਂ ਵੱਲੋਂ ਕੁੱਟ ਮਾਰ ਦਾ ਇਹ ਅਸਰ ਹੋਇਆ ਕਿ ਭਾਰਤੀ ਮਜਦੂਰਾਂ ਨੇ ਭੀ ਕੁੱਟ ਮਾਰ ਦਾ ਜਵਾਬ ਭੀ ਕੁੱਟ ਮਾਰ ਵਿੱਚ ਦੇਣਾ ਸ਼ੁਰੂ ਕੀਤਾ। ਇੱਕ ਦੋ ਥਾਂਈਂ ਤਾਂ ਗੋਰੇ ਮਜ਼ਦੂਰ ਕੁੱਟ ਕੇ ਭਜਾਅ ਦਿੱਤੇ। ਭਾਰਤੀ ਮਜ਼ਦੂਰ ਹੁਣ ਛੁੱਟੀ ਵਾਲੇ ਦਿਨ ਇਕੱਠੇ ਹੁੰਦੇ ਅਤੇ ਕਿਸੇ ਯੋਗ ਵਿਅਕਤੀ ਦੀ ਭਾਲ ਵਿੱਚ ਲੱਗ ਗਏ, ਜੋ ਉਹਨਾਂ ਦੀ ਅਗਵਾਈ ਕਰਨ ਦੇ ਯੋਗ ਹੋਵੇ। ਭਾਰਤ ਤੋਂ ਪੜ੍ਹਨ ਲਈ ਆਏ ਵਿਦਿਆਰਥੀ ਕੰਮ ਦੀ ਭਾਲ ਵਿੱਚ ਆ ਜਾਂਦੇ ਅਤੇ ਭਾਰਤੀ ਮਜ਼ਦੂਰਾਂ ਦੀ ਗੱਲ ਦਾ ਜਵਾਬ ਦੇ ਕੇ ਉਹਨਾਂ ਨੂੰ ਸਮਝਾਉਂਦੇ ਸਨ। ਇਸ ਤਰ੍ਹਾਂ ਪਹਿਲਾ ਵਿਦਿਆਰਥੀ-ਮਜ਼ਦੂਰ ਸੰਗਠਨ ਹੋਂਦ ਵਿੱਚ ਆਇਆ, ਜੋ ਅੱਗੇ ਜਾ ਕੇ ਗ਼ਦਰ ਪਾਰਟੀ ਦਾ ਅਧਾਰ ਬਣਿਆ।

1913 ਈ: ਵਿੱਚ ਗ਼ਦਰ ਪਾਰਟੀ ਹੋਂਦ ਵਿੱਚ ਆਈ ਅਤੇ 1914 ਵਿੱਚ ਸੰਸਾਰ ਜੰਗ ਲੱਗਣ 'ਤੇ ਇਹਨਾਂ ਗ਼ਦਰੀ ਬਾਬਿਆ ਨੂੰ ਭਾਰਤ ਆਉਣਾ ਪਿਆ। ਹਥਿਆਰਬੰਦ ਬਗਾਵਤ ਲਈ ਸਮਾਂ ਬਹੁਤ ਥੋੜ੍ਹਾ ਸੀ, ਇਸ ਦੋ ਸਾਲ ਵਿੱਚ ਇਹਨਾਂ ਜੋ ਕੀਤਾ, ਉਹ ਬੇਮਿਸਾਲ ਹੈ, ਮੀਲ ਪੱਥਰ ਹੈ। ਫੰਡ ਦੀ ਘਾਟ, ਹਥਿਆਰਾਂ ਦੀ ਘਾਟ, ਸਿਵਲੀਅਨ ਤੇ ਫੌਜ ਵਿੱਚ ਸੈੱਲ ਬਨਾਉਣ ਦੀ ਘਾਟ ਹੋਣ ਦੇ ਬਾਵਜੂਦ ਵੀ, ਇਹਨਾਂ ਮਹਾਂ ਪੁਰਸ਼ਾਂ ਨੇ ਸਭ ਕੁਝ ਕੀਤਾ। ਬੰਗਾਲੀ ਦੇਸ਼ ਭਗਤਾਂ ਨੂੰ ਪੰਜਾਬ ਆਉਣ ਲਈ ਸੰਪਰਕ ਕੀਤਾ ਗਿਆ। ਪੁਲੀਸ ਦੇ ਮੁਖ਼ਬਰ ਇਸ ਪਾਰਟੀ ਵਿੱਚ ਆ ਗਏ, ਜਿਸ ਕਾਰਨ 21 ਫ਼ਰਵਰੀ ਨੂੰ ਗ਼ਦਰ ਮਚਾਉਣ ਦੀ ਮਿਤੀ ਲੀਕ ਹੋ ਗਈ। ਚਾਹੇ ਗ਼ਦਰੀ ਨੇਤਾਵਾਂ ਨੇ ਇਹ ਮਿਤੀ 19 ਫ਼ਰਵਰੀ ਕਰ ਦਿੱਤੀ, ਪਰ ਇਸ ਲੀਕੇਜ਼ ਨਾਲ ਸਭ ਕੁਝ ਬਦਲ ਗਿਆ। ਬਹੁਤੇ ਗ਼ਦਰੀ ਫੜ੍ਹੇ ਗਏ। ਪਲਟਨਾਂ ਤੋਂ ਹਥਿਆਰ ਜਮ੍ਹਾਂ ਕਰਾ ਲਏ ਗਏ। ਬੰਗਾਲੀ ਸਾਥੀਆਂ ਨੂੰ ਸੁਰੱਖਿਅਤ ਬੰਗਾਲ ਵਾਪਸ ਭੇਜ ਦਿੱਤਾ ਗਿਆ। ਟਿਕਾਣੇ ਬਦਲ ਦਿੱਤੇ ਗਏ। ਸਭ ਕੁਝ ਅਸਤ-ਵਿਅਸਤ ਹੋ ਗਿਆ। ਫੜ੍ਹੇ ਗਏ ਗ਼ਦਰੀਆਂ 'ਤੇ ਮੁਕੱਦਮਾ ਚਲਾਇਆ ਗਿਆ। ਫ਼ਾਂਸੀ ਹੋਈ, ਉਮਰ ਕੈਦ ਕਾਲੇ ਪਾਣੀ

ਦੀ ਸਜ਼ਾ ਦਿੱਤੀ ਗਈ। ਇਸ ਪਾਰਟੀ ਦੇ ਮੁਖ਼ਬਰਾਂ ਨੂੰ ਬੱਬਰਾਂ ਨੇ ਸੋਧਿਆ। ਕਿਰਪਾਲ ਸਿੰਘ, ਬਾਬਾ ਨਿਧਾਨ ਸਿੰਘ ਚੁੱਘਾ ਦੀ ਜ਼ੁੰਮੇਵਾਰੀ ’ਤੇ ਪਾਰਟੀ ਵਿੱਚ ਸ਼ਾਮਿਲ ਹੋ ਗਿਆ ਸੀ, ਪਰੰਤੂ ਉਸ ਦਾ ਮੁਖ਼ਬਰ ਹੋਣ ਦਾ ਸ਼ੱਕ ਵੀ ਬਾਬਾ ਜੀ ਨੂੰ ਹੀ ਸਭ ਤੋਂ ਪਹਿਲਾਂ ਹੋਇਆ। ਇਹਨਾਂ ਬਿਖਰੇ ਦਿਨਾਂ ਵਿੱਚ ਭਾਈ ਚੁੱਘਾ ਦਾ ਅੰਡਰ ਗਰਾਊਂਡ ਰਹਿ ਕੇ ਕੰਮ ਕਰਨਾ ਸ਼ਲਾਘਾਯੋਗ ਹੈ। ਸਰਾਭਾ ਜੇ ਚਾਹੁੰਦੇ ਤਾਂ ਅਫ਼ਗਾਨਿਸਤਾਨ ਨੂੰ ਜਾ ਸਕਦੇ ਸੀ, ਪਰੰਤੂ ਉਸ ਨੇ ਮਾਟੋ ‘ਕਰੋ ਜਾਂ ਮਰੋ’ ’ਤੇ ਹਰ ਵਾਰ ਪਹਿਰਾ ਦਿੱਤਾ। ਉਸ ਨੇ ਗ਼ਦਰੀਆਂ ਦੀ ਹੌਸਲਾ ਅਫ਼ਜ਼ਾਈ ਲਈ– ‘ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ’ ਕਵਿਤਾ ਲਿਖ ਕੇ ਗ਼ਦਰੀਆਂ ਦੇ ਮਨੋਬਲ ਨੂੰ ਉੱਚਾ ਕੀਤਾ ਅਤੇ ਦੂਸਰਾ ਕੰਮ ਸਰਾਭਾ ਦਾ ਰਸਾਲਦਾਰ ਨੇ ਪੂਰਾ ਕਰ ਦਿੱਤਾ। ਉਸ ਦੀ ਮੁਖ਼ਬਰੀ ’ਤੇ ਪੁਲੀਸ ਨੇ ਸਰਾਭਾ ਨੂੰ ਉਸ ਦੇ ਦੋ ਸਾਥੀਆਂ ਨਾਲ ਗ੍ਰਿਫ਼ਤਾਰ ਕਰ ਲਿਆ। 22 ਸਾਲ ਦੀ ਉਮਰ ਵਿੱਚ ਦੇਸ਼ ਧ੍ਰੋਹ ਦਾ ਮੁੱਕਦਮਾ ਚਲਾ ਕੇ ਫ਼ਾਂਸੀ ਲਾ ਦਿੱਤੀ ਗਈ। ਸਰਾਭਾ 20ਵੀਂ ਸਦੀ ਦਾ ਮਹਾਂਨਾਇਕ ਬਣ ਗਿਆ। ਆਪਣੀ ਕਾਰਜ ਸ਼ੈਲੀ, ਬਹਾਦਰੀ ਤੇ ਅਦੁੱਤੀ ਕੁਰਬਾਨੀ ਕਰਕੇ ਹਮੇਸ਼ਾਂ ਯਾਦ ਰਹੇਗਾ, ਭਾਵ ਅਮਰ ਹੋ ਗਿਆ। ਅੱਗੇ ਜਾ ਕੇ ਸਰਾਭਾ ਆਜ਼ਾਦੀ ਦੀ ਪਰਵਾਨਿਆਂ ਦੀ ਪਹਿਲੀ ਪਸੰਦ ਬਣਿਆ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸਾਬਕਾ ਪ੍ਰੋਫੈਸਰ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਤੇ ਪ੍ਰੋ. ਜਗਮੋਹਨ ਸਿੰਘ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਸਾਡੇ ਪ੍ਰੇਰਣਾ ਸਰੋਤ ਹਨ। ਪ੍ਰੋ. ਵੜੈਚ ਨੇ ਗ਼ਦਰੀ ਦੇਸ਼ ਭਗਤਾਂ ਦੀ ਫੋਟੋ ਅਖਬਾਰਾਂ ਵਿੱਚੋਂ ਕੱਟ ਕੇ ਉਹਨਾਂ ਥੱਲੇ ਉਹਨਾਂ ਦਾ ਜੀਵਨ ਬਿਊਰਾ ਦੇ ਕੇ ਪ੍ਰਦਰਸ਼ਨੀਆਂ ਕਰਾਉਣਾ ਅਤੇ ਨੌਜਵਾਨਾਂ ਨੂੰ ਦੇਸ਼ ਭਗਤਾਂ ਨਾਲ ਜੋੜਨਾ ਸ਼ੁਰੂ ਕੀਤਾ ਹੋਇਆ ਸੀ। ਉਹਨਾਂ ਦੇਸ਼ ਭਗਤਾਂ ਨੂੰ ਮਿਲ ਕੇ ਬਿਰਧ ਅਵਸਥਾ ਵਿੱਚ ਉਹਨਾਂ ਦੀ ਦੇਖਭਾਲ ਦਾ ਬੀੜਾ ਭੀ ਚੁੱਕਿਆ ਹੋਇਆ ਸੀ। ਇਹ ਸਾਰਾ ਕੁਝ ਉਹ ਸਾਇਕਲ ’ਤੇ ਜਾ ਕੇ ਕਰਦੇ ਸਨ। ਫਲਸਰੂਪ ਉਹਨਾਂ ਨੇ ਸਾਰਿਆਂ ਨੂੰ ਆਪਣੇ ਆਪਣੇ ਨੇੜੇ ਦੇ ਪਿੰਡਾਂ ਵਿੱਚ ਜਾ ਕੇ ਉਹਨਾਂ ਜੀਵਨ ਲਿਖਣ ਲਈ ਪ੍ਰੇਰਿਆ। ਦਲਜੀਤ ਰਾਏ ਕਾਲੀਆ ਦਾ ਇਹ ਕਾਰਜ ਤੁਹਾਡੇ ਸਾਹਮਣੇ ਹੈ। ਅਮਰਜੀਤ ਸਿੰਘ ਬੱਬਰੀ ਨੇ ਗ਼ਦਰੀ ਬਾਬਾ ਬਚਨ ਸਿੰਘ ਘੋਲੀਆ ਦਾ ਜੀਵਨ ਲਿਖਿਆ। ਮਾਸਟਰ ਹਰੀ ਸਿੰਘ ਢੁੱਡੀਕੇ ਨੇ ਬਾਬਾ ਈਸ਼ਰ ਸਿੰਘ ਢੁੱਡੀਕੇ ਦੇ ਜੀਵਨ ਨੂੰ ਇਤਿਹਾਸਕ ਨਾਵਲ ਵਿਧਾ ਰਾਹੀਂ ਸਾਡੇ ਸਾਹਮਣੇ ਲੈ ਆਂਦਾ। ਥੋੜ੍ਹਾ ਵੇਰਵਾ ਮੈਂ ਇੱਥੇ ਤੁਹਾਡੇ ਨਾਲ ਸਾਂਝਾ ਕਰਨਾ ਚਾਹਾਂਗਾ। ਸਾਰੇ ਜਾਣੇ ਭੁੰਜੇ ਘਾਹ ’ਤੇ ਬੈਠੇ ਸਨ ਈਸ਼ਰ ਸਿੰਘ ਨੇ ਸਰਸ਼ਰੀ ਝਾਤ ਮਾਰੀ ਪਾਖਰ ਸਿੰਘ ਤੇ ਪਾਲਾ ਸਿੰਘ ਛੋਟਾ ਪਿੰਡ ਵਾਲੇ ਬੰਦੇ ਬੈਠੇ ਸਨ। ਬਾਹਰੋਂ ਜਵੰਦ ਸਿੰਘ ਨੰਗਲ, ਬੀਰ ਸਿੰਘ ਬਾਹੋਵਾਲ, ਬੰਤ ਸਿੰਘ ਸੰਘਵਾਲ, ਨੰਦ ਸਿੰਘ ਕੈਲੇ ਤੇ ਉੱਤਮ ਸਿੰਘ ਹਾਂਸ ਬੈਠੇ ਸਨ। (ਸਫ਼ਾ–30 ਪੁਸਤਕ ਗ਼ਦਰੀ ਸੂਰਵੀਰ) ਵਿਸਥਾਰ ਨਾਲ ਪੜ੍ਹੋਗੇ ਤਾਂ ਬੰਗਾਲੀ ਦੇਸ਼ ਭਗਤਾਂ ਦੇ ਨਾਮ ਸਾਹਮਣੇ ਆਉਣਗੇ। ਦਾਸ (ਸੁਰਜੀਤ ਚੰਦਰ) ਨੇ ਬਾਬਾ ਨਿਧਾਨ ਸਿੰਘ ਚੁੱਘਾ ਦੀ ਜੀਵਨੀ ਲਿਖੀ। ਉਸ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ‘ਭਾਈ ਵੀਰ ਸਿੰਘ ਪੁਰਸਕਾਰ’ ਮਿਲਿਆ। ਪ੍ਰੋ. ਸਾਹਿਬ ਦੀ

ਅਗਵਾਈ ਕਰਕੇ ਹੀ ਗ਼ਦਰ ਪਾਰਟੀ ਸਾਹਿਤ ਦੀ ਰਚਨਾ ਸੰਭਵ ਹੋ ਸਕੀ। ਉਹਨਾਂ ਦੇ ਕਹਿਣ ਤੇ ਮੈਂ ਕਾਲੀਆ ਸਾਹਿਬ ਨੂੰ ਗਾਂਧਾ ਸਿੰਘ ਕੱਚਰਭੰਨ ਬਾਰੇ ਲਿਖਣ ਲਈ ਕਿਹਾ। ਕਾਲੀਆ ਜੀ ਨੇ ਪੁਸਤਕ 'ਗ਼ਦਰ ਲਹਿਰ ਦੇ ਸ਼ਹੀਦ' ਵਿੱਚ ਬਾਬਾ ਗਾਂਧਾ ਸਿੰਘ ਜੀ ਬਾਰੇ ਇੱਕ ਲੇਖ ਸ਼ਾਮਲ ਕੀਤਾ ਹੈ। ਕਾਲੀਆ ਸਾਹਿਬ ਦਾ ਇਹ ਕੰਮ ਸ਼ਲਾਘਾਯੋਗ ਹੈ। ਮੈਂ ਇਸ ਪੁਸਤਕ ਨੂੰ ਸਾਹਿਤ ਪ੍ਰਵੇਸ਼ 'ਤੇ ਜੀ ਆਇਆ ਆਖਦਾ ਹਾਂ ਅਤੇ ਉਹਨਾਂ ਨੂੰ ਵਧਾਈ ਦਿੰਦਾ ਹਾਂ। ਸ਼ਾਲਾ! ਇਹ ਕਲਮ ਚੱਲਦੀ ਰਹੇ, ਆਮੀਨ।

**ਸੁਰਜੀਤ ਚੰਦਰ** (**ਡਾ.**)
ਸਾਬਕਾ ਪ੍ਰਿੰਸੀਪਲ,
ਅਰਜਨ ਦਾਸ ਕਾਲਜ,
ਧਰਮਕੋਟ, ਜ਼ਿਲਾ ਮੋਗਾ।
ਮੋਬਾ: 98880-81547

# ਕੁਝ ਆਪਣੇ ਵੱਲੋਂ

ਬਰਤਾਨਵੀ ਸਾਮਰਾਜ ਦੇ ਖਿਲਾਫ਼ ਤਕਰੀਬਨ ਦੋ ਸੌ ਸਾਲ ਸੰਘਰਸ਼ ਭਾਰਤੀ ਲੋਕਾਂ ਨੇ ਕੀਤਾ। ਅਪ੍ਰੈਲ 1913 ਵਿੱਚ ਅਮਰੀਕਾ ਦੀ ਧਰਤੀ 'ਤੇ ਭਾਰਤੀ ਦੇਸ਼ ਭਗਤਾਂ ਨੇ 'ਹਿੰਦੀ ਐਸੋਸੀਏਸ਼ਨ ਆਫ਼ ਦੀ ਪੈਸੇਫਿਕ ਕੋਸਟ' ਦੀ ਸਥਾਪਨਾ ਕੀਤੀ। ਜੱਥੇਬੰਦੀ ਦਾ ਮੁੱਖ ਦਫ਼ਤਰ ਸਾਨਫਰਾਂਸਿਸਕੋ ਵਿਖੇ ਬਣਾਇਆ ਗਿਆ ਅਤੇ ਇੱਕ ਅਖਬਾਰ ਕੱਢਣ ਦਾ ਫੈਸਲਾ ਕੀਤਾ ਗਿਆ। ਗ਼ਦਰ ਦਾ ਪਲੇਠਾ ਅੰਕ 1 ਨਵੰਬਰ, 1913 ਨੂੰ ਉਰਦ ਵਿੱਚ ਪ੍ਰਕਾਸ਼ਿਤ ਹੋਇਆ। ਜਲਦੀ ਹੀ ਇਸ ਦਾ ਪੰਜਾਬੀ ਐਡੀਸ਼ਨ ਵੀ ਛਪਣਾ ਸ਼ੁਰੂ ਹੋ ਗਿਆ। ਪਾਰਟੀ ਨੇ ਅਖਬਾਰ ਦਾ ਨਾਂ ਦੇਸ਼ ਵਿੱਚ ਵਾਪਰੇ 1857 ਦੇ ਗ਼ਦਰ ਤੋਂ ਲਿਆ ਸੀ। ਗ਼ਦਰ ਅਖ਼ਬਾਰ ਦੇ ਨਾਂ 'ਤੇ ਇਹ ਜਥੇਬੰਦੀ ਗ਼ਦਰ ਪਾਰਟੀ ਵਜੋਂ ਪ੍ਰਸਿੱਧ ਹੋ ਗਈ। ਗ਼ਦਰ ਪਾਰਟੀ ਨੇ ਦੇਸ਼ ਅੰਦਰ ਪਹਿਲੀ ਵਾਰ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਨੂੰ ਹਥਿਆਰਬੰਦ ਸੰਘਰਸ਼ ਨਾਲ ਖ਼ਤਮ ਕਰਕੇ ਬਰਾਬਰੀ ਅਤੇ ਇਨਸਾਫ਼ ਦੇ ਅਧਾਰ 'ਤੇ ਪੰਚਾਇਤੀ ਰਾਜ ਸਥਾਪਿਤ ਕਰਨ ਦਾ ਟੀਚਾ ਮਿਥਿਆ ਸੀ।

ਪਹਿਲੇ ਵਿਸ਼ਵ ਯੁੱਧ ਸਮੇਂ ਜਦੋਂ ਪਾਰਟੀ ਨੇ ਗ਼ਦਰ ਅਖਬਾਰ ਵਿੱਚ ਐਲਾਨ-ਇ-ਜੰਗ ਛਾਪਕੇ ਪਰਵਾਸੀ ਭਾਰਤੀਆਂ ਨੂੰ ਦੇਸ਼ ਪਰਤਣ ਦੀ ਅਪੀਲ ਕੀਤੀ ਤਾਂ 8000 ਦੇ ਕਰੀਬ ਗ਼ਦਰੀ ਵਿਦੇਸ਼ਾਂ ਤੋਂ ਦੇਸ਼ ਪਰਤੇ ਸਨ। ਅੰਗਰੇਜ਼ ਸਰਕਾਰ ਨੇ ਅਨੇਕਾਂ ਗ਼ਦਰੀਆਂ ਨੂੰ ਸਮੁੰਦਰੀ ਜਹਾਜ਼ਾਂ ਤੋਂ ਉਤਰਦਿਆਂ ਸਾਰ ਹੀ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਅੰਦਰ ਡੱਕ ਦਿੱਤਾ ਸੀ ਅਤੇ ਬਹੁਤ ਸਾਰਿਆਂ ਨੂੰ ਉਹਨਾਂ ਦੇ ਪਿੰਡਾਂ ਵਿੱਚ ਜੂਹਬੰਦ ਕਰ ਦਿੱਤਾ ਸੀ। ਜੋ ਗ਼ਦਰੀ ਸਰਕਾਰ ਦੀ ਨਜ਼ਰ ਤੋਂ ਬਚ ਗਏ ਸਨ, ਉਹ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਵਿੱਚ ਰੁੱਝ ਗਏ। ਉਹ ਹਥਿਆਰ ਅਤੇ ਗੋਲੀ ਸਿੱਕਾ ਇਕੱਠਾ ਕਰਨ ਦੀਆਂ ਯੋਜਨਾਵਾਂ ਬਣਾਉਣ ਲੱਗ ਪਏ। ਉਹਨਾਂ ਹਿੰਦੁਸਤਾਨੀ ਫੌਜਾਂ ਨੂੰ ਆਪਣੇ ਨਾਲ ਰਲਾ ਕੇ ਹਥਿਆਰਬੰਦ ਬਗਾਵਤ ਰਾਹੀਂ ਦੇਸ਼ ਆਜ਼ਾਦ ਕਰਵਾਉਣ ਦੇ ਮਨਸੂਬੇ ਬਣਾਏ। ਗ਼ਦਰੀ ਯੋਧੇ 21 ਫ਼ਰਵਰੀ, 1915 ਦਾ ਦਿਨ ਨਿਸ਼ਚਿਤ ਕਰਕੇ ਸਭ ਤਿਆਰੀਆਂ ਮੁਕੰਮਲ ਕਰ ਰਹੇ ਸਨ। ਸਰਕਾਰ ਦੇ ਸੂਹੀਏ ਵੀ ਪਾਰਟੀ ਵਿੱਚ ਘੁਸਪੈਠ ਕਰ ਚੁੱਕੇ ਸਨ। ਸ਼ੱਕ ਹੋਣ 'ਤੇ ਗ਼ਦਰੀਆਂ ਨੇ ਗ਼ਦਰ ਦੀ ਤਾਰੀਕ ਬਦਲ ਕੇ 19 ਫ਼ਰਵਰੀ ਕਰ ਲਈ। ਪਰ ਗ਼ਦਰੀ ਯੋਧੇ ਆਪਣੇ ਮਨਸੂਬਿਆਂ ਵਿੱਚ ਸਫ਼ਲ ਨਾ ਹੋ ਸਕੇ। ਗ਼ਦਰ ਵਾਪਰਣ ਤੋਂ ਪਹਿਲਾਂ ਹੀ ਸੂਰਬੀਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ ਅਤੇ ਉਹਨਾਂ ਉੱਪਰ ਲਾਹੌਰ ਸਾਜਿਸ਼ ਕੇਸ ਅਤੇ ਹੋਰ ਕਈ ਕੇਸ ਚਲਾਏ ਗਏ। 1917 ਤੱਕ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰਕੇ ਵੱਖ-ਵੱਖ ਸਾਜਿਸ਼ ਕੇਸਾਂ ਰਾਹੀ ਮੁਕੱਦਮੇ ਚਲਾਕੇ ਬਹੁਤ ਸਾਰੇ ਗ਼ਦਰੀਆਂ ਨੂੰ ਫ਼ਾਂਸੀ ਚਾੜ੍ਹਿਆ ਗਿਆ ਅਤੇ ਕਈ ਹੋਰਨਾਂ ਨੂੰ ਲੰਬੀ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਪੁਸਤਕ 'ਗ਼ਦਰ ਲਹਿਰ ਦੇ ਸ਼ਹੀਦ' ਵਿੱਚ ਵੱਖ-ਵੱਖ ਕੇਸਾਂ ਰਾਹੀਂ ਫ਼ਾਂਸੀ ਚਾੜ੍ਹੇ ਗਏ 25 ਗ਼ਦਰੀਆਂ ਦੇ ਸੰਖੇਪ ਜੀਵਨ ਬਿਰਤਾਂਤ ਦਾਸ ਨੇ ਕਲਮਬੰਦ ਕੀਤੇ ਸਨ। ਹੱਥਲੀ ਪੁਸਤਕ 'ਉੱਘੇ ਗ਼ਦਰੀ ਸੂਰਬੀਰ' ਵਿੱਚ ਅੰਡੇਮਾਨ ਕਾਲੇਪਾਣੀ ਅਤੇ ਹੋਰ ਲੰਮੀਆਂ ਕੈਦਾਂ ਭੁਗਤੇ ਗ਼ਦਰੀਆਂ ਵਿੱਚੋਂ ਵੀਹ ਗ਼ਦਰੀਆਂ ਦੀਆਂ ਸੰਖੇਪ ਜੀਵਨੀਆਂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਗ਼ਦਰ ਪਾਰਟੀ ਦੇ ਜੁਝਾਰੂ ਯੋਧਿਆਂ ਦੀ ਗਾਥਾ ਬਹੁਤ ਲੰਬੀ ਹੈ। ਇਸ ਦਾ ਵਰਨਣ ਕਰ ਸਕਣਾ ਮੇਰੇ ਜਿਹੇ ਸਧਾਰਨ ਵਿਅਕਤੀ ਦੇ ਵੱਸ ਨਹੀਂ ਹੈ। ਇਹ ਯਤਨ ਮੇਰੇ ਵੱਲੋਂ ਸਤਿਕਾਰ ਅਤੇ ਸ਼ਰਧਾ ਸਹਿਤ ਕੀਤਾ ਗਿਆ ਹੈ। ਇਸ ਕਾਰਜ ਲਈ ਮੈਂ ਗ਼ਦਰ ਲਹਿਰ ਨਾਲ ਸਬੰਧਿਤ ਬਹੁਤ ਸਾਰੀਆਂ ਪੁਸਤਕਾਂ ਵਾਚੀਆਂ ਹਨ ਅਤੇ ਬਹੁਤ ਸਾਰੇ ਗ਼ਦਰੀ ਸੂਰਬੀਰਾਂ ਦੀਆਂ ਜੀਵਨੀਆਂ ਦਾ ਅਧਿਐਨ ਵੀ ਕੀਤਾ ਹੈ। ਮੈਂ ਇਹਨਾਂ ਸਭ ਪੁਸਤਕਾਂ ਦੇ ਲੇਖਕਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ। ਮੈਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਉੱਘੇ ਗ਼ਦਰੀ ਇਤਿਹਾਸਕਾਰ, ਖੋਜਕਾਰ, ਜੀਵਨੀਕਾਰ ਸ਼੍ਰੀ ਚਰੰਜੀ ਲਾਲ ਕੰਗਣੀਵਾਲ ਜੀ ਅਤੇ ਕੰਪਿਊਟਰ ਸੈਕਸ਼ਨ ਦੇ ਇੰਚਾਰਜ ਸ. ਗੁਰਦੀਪ ਸਿੰਘ ਜੀ ਦਾ ਵਿਸ਼ੇਸ਼ ਤੌਰ 'ਤੇ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਕਈ ਦੁਰਲੱਭ ਪੁਸਤਕਾਂ ਅਤੇ ਹੋਰ ਮੈਟਰ ਮੇਰੀ ਪਹੁੰਚ ਵਿੱਚ ਕਰਕੇ ਮੇਰੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਸਹਿਯੋਗ ਦਿੱਤਾ। ਮੈਂ ਵਿਸ਼ੇਸ਼ 'ਤੌਰ ਤੇ ਧੰਨਵਾਦੀ ਹਾਂ ਡਾ. ਸੁਰਜੀਤ ਚੰਦਰ ਸਾਬਕਾ ਪ੍ਰਿੰਸੀਪਲ ਜੀ ਦਾ ਜਿਨ੍ਹਾਂ ਨੇ ਆਪਣੇ ਕੀਮਤੀ ਰੁਝੇਵਿਆਂ ਵਿੱਚੋਂ ਸਮਾਂ ਕੱਢਕੇ ਇਸ ਪੁਸਤਕ ਲਈ ਅਭਿਨੰਦਨੀ ਸ਼ਬਦ ਲਿਖੇ ਹਨ।

ਗ਼ਦਰ ਲਹਿਰ ਦੇ ਸੂਰਮੇ ਇਨਕਲਾਬੀ, ਧਰਮ ਨਿਰਪੱਖ ਅਤੇ ਜ਼ਮਹੂਰੀ ਸੋਚ ਦੇ ਮੁਜੱਸਮੇ ਸਨ। ਗ਼ਦਰੀ ਯੋਧਿਆਂ ਦੀਆਂ ਮਹਾਨ ਕੁਰਬਾਨੀਆਂ ਮੂਹਰੇ ਸਾਡਾ ਸਿਰ ਝੁਕਦਾ ਹੈ। ਇਸ ਪੁਸਤਕ ਰਾਹੀਂ ਮੇਰਾ ਮਨੋਰਥ ਉਹਨਾਂ ਮਹਾਨ ਬਲੀਦਾਨੀਆਂ, ਨਿਸ਼ਕਾਮ ਦੇਸ਼ ਸੇਵਕਾਂ ਨੂੰ ਨਵੀਂ ਪੀੜ੍ਹੀ ਦੇ ਰੂਬਰੂ ਕਰਨਾ ਹੈ, ਤਾਂ ਜੋ ਉਹ ਇਹਨਾਂ ਮਹਾਨ ਬਲੀਦਾਨੀਆਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਣ। ਹੋ ਸਕਦਾ ਹੈ ਕਿ ਗ਼ਦਰੀ ਬਾਬਿਆਂ ਦੀਆਂ ਸੰਖੇਪ ਜੀਵਨੀਆਂ ਲਿਖਦੇ ਸਮੇਂ ਮੇਰੇ ਵਲੋਂ ਉਹਨਾਂ ਦੇ ਸਮੁੱਚੇ ਜੀਵਨ ਅਤੇ ਕੁਰਬਾਨੀਆਂ ਦਾ ਵਰਨਣ ਕਰਦੇ ਸਮੇਂ ਬਹੁਤ ਕੁਝ ਰਹਿ ਗਿਆ ਹੋਵੇਗਾ। ਪੁਸਤਕ ਵਿੱਚ ਬਹੁਤ ਸਾਰੀਆਂ ਘਾਟਾਂ ਅਤੇ ਕਮਜ਼ੋਰੀਆਂ ਰਹਿ ਗਈਆਂ ਹੋਣਗੀਆਂ। ਪੁਸਤਕ ਦੀ ਬਿਹਤਰੀ ਲਈ ਸੂਝਵਾਨ ਪਾਠਕਾਂ ਵਿਦਵਾਨਾਂ ਦੇ ਉਸਾਰੂ ਸੁਝਾਵਾਂ ਦਾ ਸਵਾਗਤ ਰਹੇਗਾ।

24 ਸਤੰਬਰ, 2023

ਦਲਜੀਤ ਰਾਏ ਕਾਲੀਆ,
15/266, ਪੁਰਾਣੀ ਤਲਵੰਡੀ ਰੋਡ,
ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ।

# ਇੱਕ ਅਦੁੱਤੀ ਇਨਕਲਾਬੀ ਲਹਿਰ-ਗ਼ਦਰ ਲਹਿਰ

ਬਰਤਾਨਵੀ ਵਪਾਰੀਆਂ ਨੇ ਪੂਰਬੀ ਦੇਸ਼ਾਂ ਦੀ ਵਪਾਰ ਰਾਹੀਂ ਆਰਥਿਕ ਲੁੱਟ ਦੀ ਨੀਅਤ ਨਾਲ 1600 ਈ: ਵਿੱਚ ਈਸਟ ਇੰਡੀਆ ਕੰਪਨੀ ਬਣਾਈ, ਜਿਸ ਨੇ ਭਾਰਤ ਵਿੱਚ, ਮਦਰਾਸ, ਬੰਬਈ ਅਤੇ ਕਲਕੱਤੇ ਵਿੱਚ ਆਪਣੇ ਵਪਾਰਕ ਅੱਡੇ ਕਾਇਮ ਕੀਤੇ। 1757 ਈ: ਵਿੱਚ ਪਲਾਸੀ ਦੇ ਯੁੱਧ ਵਿੱਚ ਅੰਗਰੇਜ਼ਾਂ ਨੇ ਮੁਗ਼ਲ ਫੌਜ਼ਾਂ ਨੂੰ ਹਰਾਕੇ ਬੰਗਾਲ ਉੱਤੇ ਕਬਜ਼ਾ ਕਰ ਲਿਆ। ਫਿਰ ਹੌਲੀ ਹੌਲੀ ਅੰਗਰੇਜ਼ਾਂ ਦਾ ਸਾਰੇ ਦੇਸ਼ ਉੱਪਰ ਕਬਜ਼ਾ ਹੋ ਗਿਆ। ਕੇਵਲ ਇਕੱਲਾ ਪੰਜਾਬ ਹੀ 1849 ਈ: ਤੱਕ ਅੰਗਰੇਜ਼ਾਂ ਦੇ ਕਬਜ਼ੇ ਹੇਠ ਆਉਣ ਤੋਂ ਬਚਿਆ ਰਿਹਾ। 29 ਮਾਰਚ, 1849 ਈ. ਨੂੰ ਅੰਗਰੇਜ਼ਾਂ ਦਾ ਪੰਜਾਬ ਉੱਪਰ ਵੀ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ। ਇਸ ਸਮੇਂ ਪੰਜਾਬ ਵਿੱਚ ਜਨਮੇ ਬਾਬਾ ਰਾਮ ਸਿੰਘ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਲਾਮਬੰਦੀ ਸ਼ੁਰੂ ਕਰ ਦਿੱਤੀ ਅਤੇ 13 ਅਪ੍ਰੈਲ, 1857 ਈ: ਨੂੰ ਪੰਜਾਬ ਦੀ ਧਰਤੀ 'ਤੇ ਨਾਮਧਾਰੀ ਲਹਿਰ ਦੀ ਨੀਂਹ ਰੱਖੀ। ਜਿਸ ਨੇ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਦਾ ਮੁੱਢ ਕਾਂਗਰਸ ਦੇ ਨਾ-ਮਿਲਵਰਤਣ ਅੰਦੋਲਨ ਤੋਂ ਕਈ ਦਹਾਕੇ ਪਹਿਲਾਂ ਹੀ ਬੰਨ੍ਹ ਦਿੱਤਾ ਸੀ।

10 ਮਈ, 1857 ਨੂੰ ਮੇਰਠ ਤੋਂ ਸ਼ੁਰੂ ਹੋਇਆ ਵਿਦਰੋਹ ਆਪ ਮੁਹਾਰੇ ਹੀ ਦੇਸ਼ ਦੇ ਵੱਡੇ ਹਿੱਸੇ ਵਿੱਚ ਫੈਲ ਗਿਆ। 1857 ਦਾ ਵਿਦਰੋਹ ਗ਼ਦਰ ਬਰਤਾਨਵੀ ਬਸਤੀਵਾਦ ਦੇ ਵਿਰੋਧ ਵਿੱਚ ਜਬਰਦਸਤ ਰਿਹਾ, ਇਸ ਨੂੰ ਰਾਸ਼ਟਰਵਾਦੀਆਂ ਨੇ ਆਜ਼ਾਦੀ ਦੀ ਪਹਿਲੀ ਲੜਾਈ ਅਤੇ ਅੰਗਰੇਜ਼ਾਂ ਨੇ ਗ਼ਦਰ, ਵਿਦਰੋਹ ਜਾਂ ਬਗਾਵਤ ਦਾ ਨਾਂਮ ਦਿੱਤਾ।

ਭਾਰਤ ਵਿੱਚ 1857 ਦੀ ਕੌਮੀ ਬਗਾਵਤ ਦੇ ਨਾਲ ਈਸਟ ਇੰਡੀਆ ਕੰਪਨੀ ਦੀ ਹਕੂਮਤ ਖ਼ਤਮ ਹੋ ਗਈ ਅਤੇ ਭਾਰਤ ਸਿੱਧਾ ਮਲਕਾ ਵਿਕਟੋਰੀਆ ਦੇ ਅਧੀਨ ਹੋ ਗਿਆ। ਭਾਰਤੀ ਰਜਵਾੜੇ ਪੂਰੀ ਤਰ੍ਹਾਂ ਅੰਗਰੇਜ਼ ਸਾਮਰਾਜ ਦੇ ਭਾਈਵਾਲ ਬਣ ਗਏ। ਬਰਤਾਨਵੀ ਸ਼ਾਸ਼ਨ ਨੇ ਜਾਗੀਰਦਾਰ ਟੋਲੇ ਨੂੰ ਰਾਜ-ਪ੍ਰਬੰਧ ਵਿੱਚ ਜ਼ੈਲਦਾਰ, ਸਫੈਦ ਪੋਸ਼, ਰਾਏ ਸਾਹਿਬ, ਸਰਦਾਰ ਬਹਾਦਰ ਅਤੇ ਖਾਨ ਬਹਾਦਰ ਜਿਹੇ ਖਿਤਾਬ ਦੇ ਕੇ ਅੰਗਰੇਜ਼ ਹਕੂਮਤ ਦੇ ਗੁਣਗਾਨ ਕਰਨ ਲਈ ਰਾਖਵਾਂ ਕਰ ਲਿਆ। ਅੰਗਰੇਜ਼ਾਂ ਨੇ ਪੂਰੀ ਤਰ੍ਹਾਂ ਪਾੜੋ ਅਤੇ ਰਾਜ ਕਰੋ ਦੀ ਨੀਤੀ ਵਰਤੀ ਅਤੇ ਫੌਜਾਂ ਦੀਆਂ ਪਲਟਣਾਂ ਵੀ ਜਾਤੀ-ਅਧਾਰਿਤ-ਜਾਟ, ਸਿੱਖ, ਡੋਗਰਾ, ਰਾਜਪੂਤ, ਬਲੋਚ ਆਦਿ ਬਣਾ ਦਿੱਤੀਆਂ।

ਅੰਗਰੇਜ਼ੀ ਸਾਮਰਾਜ ਵਿੱਚੋਂ ਕੱਚਾ ਮਾਲ ਵਿਦੇਸ਼ਾਂ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਕਿਸਾਨੀ ਜਿਣਸਾਂ ਦੇ ਭਾਅ ਡੇਗ ਦਿੱਤੇ। 1881 ਵਿੱਚ ਦੇਸ਼ ਦੀ ਜੀਅ ਪ੍ਰਤੀ ਆਮਦਨ 27 ਰੁਪਏ ਤੋਂ ਘਟ ਕੇ 1899 ਵਿੱਚ ਮਹਿਜ਼ 18 ਰੁਪਏ ਰਹਿ ਗਈ। ਪੰਜਾਬ ਦੇ ਕਿਸਾਨ ਦੀ ਜ਼ਮੀਨ, ਜਿਸ ਨੂੰ ਗਹਿਣੇ ਪਾਉਣ ਦਾ ਰਿਵਾਜ ਸਿੱਖ ਰਾਜ ਵੇਲੇ ਬਹੁਤ ਘੱਟ ਸੀ। ਪਰ 1887 ਤੱਕ ਕਿਸਾਨਾਂ ਦੀ 7 ਫ਼ੀਸਦੀ ਜ਼ਮੀਨ ਗਹਿਣੇ ਪੈ ਚੁੱਕੀ ਸੀ। ਇਸ ਸਮੇਂ ਪੰਜਾਬੀ 9 ਰੁਪਏ ਪ੍ਰਤੀ ਮਹੀਨਾ ਦੀ ਨਿਗੂਣੀ ਤਨਖਾਹ

ਉੱਤੇ ਅੰਗਰੇਜ਼ੀ ਫੌਜਾਂ ਵਿੱਚ ਭਰਤੀ ਹੋਣ ਲੱਗੇ। ਉਹ ਬਰਮਾ, ਮਲਾਇਆ, ਸਿੰਘਾਪੁਰ, ਚੀਨ ਅਤੇ ਹੋਰਨਾਂ ਦੇਸ਼ਾਂ ਨੂੰ ਅੰਗਰੇਜ਼ਾਂ ਦੇ ਗੁਲਾਮ ਬਣਾਉਣ ਲਈ ਲੜਾਈਆਂ ਕਰਨ ਲਈ ਗਏ। ਉਹ ਫੌਜੀ ਨੌਕਰੀ ਪੂਰੀ ਕਰਨ ਉਪਰੰਤ ਉੱਥੇ ਹੀ ਰਹਿਣ ਲੱਗ ਪਏ।

ਦੇਸ਼ ਵਿੱਚ ਵੱਧ ਰਹੀ ਆਰਥਿਕ ਮੰਦੀ ਦੇ ਕਾਰਨ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਹੁਤ ਸਾਰੇ ਭਾਰਤੀ ਚੰਗੇਰੇ ਭਵਿੱਖ ਦੀ ਆਸ ਲੈ ਕੇ ਪ੍ਰਦੇਸ਼ਾਂ ਵਿੱਚ ਜਾਣੇ ਸ਼ੁਰੂ ਹੋ ਗਏ ਸਨ। 1901 ਤੱਕ ਪੰਜਾਬ ਦੇ ਕਿਸਾਨਾਂ ਦੀ 4 ਲੱਖ 13 ਹਜ਼ਾਰ ਏਕੜ ਜ਼ਮੀਨ ਵਿਕ ਚੁੱਕੀ ਸੀ। ਉਸ ਸਮੇਂ ਪੰਜਾਬ ਵਿੱਚ ਖੇਤੀ ਦਾ ਧੰਦਾ ਬਹੁਤਾ ਲਾਹੇਵੰਦ ਨਹੀਂ ਸੀ। ਪਹਿਲੇ ਹਿੰਦੀ ਕੈਨੇਡਾ ਵਿੱਚ 1903-04 ਵਿੱਚ ਸ਼ਾਂਤ ਮਹਾਂਸਾਗਰ ਦੇ ਕੱਢੇ ਗਏ ਅਤੇ ਉੱਥੋਂ ਅਮਰੀਕਾ ਵੱਲ ਲੰਘ ਗਏ। ਭਾਰਤੀ ਜੋ ਕੈਨੇਡਾ ਅਤੇ ਅਮਰੀਕਾ ਵਿੱਚ ਗਏ ਹੋਏ ਸਨ ਉਹ ਵਧੇਰੇ ਮੱਧ ਸ਼੍ਰੇਣੀ ਦੇ ਪੇਂਡੂ ਕਿਸਾਨ ਸਨ। 1905 ਵਿੱਚ ਕੈਨੇਡਾ ਵਿੱਚ 45 ਪਰਵਾਸੀ ਭਾਰਤੀ ਪੁੱਜੇ। 1906 ਵਿੱਚ ਉਹਨਾਂ ਦੀ ਸੰਖਿਆ ਵੱਧ ਕੇ 387 ਹੋ ਗਈ ਸੀ। 1907 ਵਿੱਚ ਵੱਡੀ ਛਾਲ ਮਾਰ ਕੇ ਇਹ ਤਦਾਦ 2124 ਤੇ 1908 ਵਿੱਚ ਹੋਰ ਵਧਕੇ 2623 ਹੋ ਗਈ ਸੀ।[1] ਭਾਰਤੀਆਂ ਦੀ ਲਗਾਤਾਰ ਕੈਨੇਡਾ ਵਿੱਚ ਵੱਧ ਰਹੀ ਗਿਣਤੀ ਨੇ ਉੱਥੋਂ ਦੇ ਨਾਗਰਿਕਾਂ ਨੂੰ ਚਿੰਤਤ ਕਰ ਦਿੱਤਾ ਸੀ। ਉੱਥੋਂ ਦੀ ਸਰਕਾਰ ਪਰਵਾਸੀ ਲੋਕਾਂ ਦਾ ਦਾਖਲਾ ਰੋਕਣ ਲਈ ਹਰ ਹੀਲਾ ਵਰਤਣ ਲੱਗੀ। 1909 ਵਿੱਚ ਕੇਵਲ 6 ਹਿੰਦੀ ਕੈਨੇਡਾ ਪਹੁੰਚ ਸਕੇ ਸਨ।

1908 ਵਿੱਚ ਕੈਨੇਡਾ ਸਰਕਾਰ ਨੇ ਭਾਰਤੀਆਂ ਦੇ ਕੈਨੇਡਾ ਵਿੱਚ ਦਾਖਲੇ 'ਤੇ ਪਾਬੰਦੀ ਲਾ ਦਿੱਤੀ। ਇਸ ਦਾ ਕਾਰਨ ਗੋਰੇ ਮਜ਼ਦੂਰਾਂ ਵਿੱਚ ਭਾਰਤੀਆਂ ਪ੍ਰਤੀ ਵੱਧ ਰਹੀ ਈਰਖਾ ਸੀ। ਸਰਕਾਰ ਨੇ 9 ਮਈ, 1910 ਨੂੰ ਇੱਕ ਨਵਾਂ ਫੈਸਲਾ ਕਰ ਦਿੱਤਾ, ਜਿਸ ਨਾਲ ਕੈਨੇਡਾ ਵਿੱਚ ਕੇਵਲ ਉਹੋ ਵਿਦੇਸ਼ੀ ਆ ਸਕਦੇ ਸਨ, ਜੋ ਆਪਣੇ ਦੇਸ਼ ਤੋਂ ਸਿੱਧੀ ਕੈਨੇਡਾ ਦੀ ਟਿਕਟ ਲੈ ਕੇ ਆਉਣ ਅਤੇ ਉਹਨਾਂ ਪਾਸ 200 ਡਾਲਰ ਨਕਦ ਵੀ ਹੋਣ, ਜਦੋਂ ਕਿ ਪਹਿਲਾਂ ਇਹ ਸ਼ਰਤ ਕੇਵਲ 25 ਡਾਲਰਾਂ ਦੀ ਸੀ। ਇਹਨਾਂ ਸ਼ਰਤਾਂ ਨੇ ਭਾਰਤੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਸਮੇਂ ਹਿੰਦੁਸਤਾਨ ਤੋਂ ਕੋਈ ਵੀ ਸਮੁੰਦਰੀ ਜਹਾਜ਼ ਸਿੱਧਾ ਕੈਨੇਡਾ ਨਹੀਂ ਜਾਂਦਾ ਸੀ।

ਕੈਨੇਡਾ ਸਰਕਾਰ ਨੇ ਜਿੱਥੇ ਹਿੰਦੋਸਤਾਨੀਆਂ ਦੇ ਦਾਖਲੇ 'ਤੇ ਪਾਬੰਦੀ ਲਾਈ, ਉੱਥੇ ਇਹ ਪਾਬੰਦੀ ਵੀ ਲਾ ਦਿੱਤੀ ਕਿ ਕੋਈ ਵੀ, ਜੋ ਇਸ ਤੋਂ ਪਹਿਲਾਂ ਕੈਨੇਡਾ ਵਿੱਚ ਆਬਾਦ ਹੋ ਚੁੱਕਿਆ ਹੈ, ਉਹ ਵੀ ਆਪਣੇ ਪਰਿਵਾਰ ਨੂੰ ਭਾਰਤ ਤੋਂ ਇੱਥੇ ਨਹੀਂ ਲਿਆ ਸਕਦਾ। ਟੱਬਰਾਂ ਲਈ ਮੁਕੱਦਮੇ ਲੜਨ ਦੀ ਪਹਿਲੀ ਪਹਿਲ ਭਾਈ ਹੀਰਾ ਸਿੰਘ ਨੇ ਕੀਤੀ। ਉਹ 1911 ਦੇ ਸ਼ੁਰੂ ਵਿੱਚ ਭਾਰਤ ਤੋਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਲੈ ਕੇ ਆਏ। ਵੈਨਕੂਵਰ ਉਤਰਣ ਲੱਗੇ ਤਾਂ ਉਹਨਾਂ ਨੂੰ ਰੋਕ ਲਿਆ ਗਿਆ। ਬਾਅਦ ਵਿੱਚ ਉਹਨਾਂ ਦੇ ਪਰਿਵਾਰ ਨੂੰ ਜ਼ਮਾਨਤ 'ਤੇ ਉਤਾਰ ਲਿਆ ਗਿਆ। ਫਿਰ ਉੱਥੇ ਵੱਸਦੇ ਹਿੰਦੀਆਂ ਨੇ ਖਾਲਸਾ ਦੀਵਾਨ ਸੁਸਾਇਟੀ ਅਤੇ ਹਿੰਦੁਸਤਾਨ ਐਸੋਸੀਏਸ਼ਨ ਦੀ ਅਗਵਾਈ ਹੇਠ ਪਰਿਵਾਰ ਲਿਆਉਣ ਲਈ ਜੱਦੋ

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 36.

ਜਹਿਦ ਕੀਤੀ। ਉਹਨਾਂ ਦਰਖਾਸਤਾਂ ਦਿੱਤੀਆਂ, ਅਦਾਲਤਾਂ ਦੇ ਦਰਵਾਜ਼ੇ ਖੜਕਾਏ। ਇਹਨਾਂ ਦੋਹਾਂ ਜੱਥੇਬੰਦੀਆਂ ਨੇ 15 ਦਸੰਬਰ, 1911 ਨੂੰ ਆਪਣੇ ਮਾਮਲਿਆਂ ਦੇ ਹੱਲ ਲਈ ਔਟਾਵਾ ਸਰਕਾਰ ਤੱਕ ਪਹੁੰਚ ਕੀਤੀ। ਪਰ ਕੋਈ ਵੀ ਸਾਰਥਕ ਸਿੱਟਾ ਨਾ ਨਿਕਲਿਆ। ਭਾਰਤੀਆਂ ਨੂੰ ਇਹ ਪੂਰੀ ਤਰ੍ਹਾਂ ਮਹਿਸੂਸ ਹੋ ਗਿਆ ਕਿ ਜਿੰਨਾਂ ਚਿਰ ਤੱਕ ਉਹ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦੀਆਂ ਜੰਜ਼ੀਰਾਂ ਨਹੀਂ ਤੋੜਨਗੇ ਉਦੋਂ ਤੱਕ ਉਹਨਾਂ ਦੇ ਦੁੱਖਾਂ ਦਾ ਅੰਤ ਨਹੀਂ ਹੋ ਸਕਦਾ।

ਭਾਰਤੀਆਂ ਨੇ ਅਮਰੀਕਾ ਵਿੱਚ ਵੀ ਲਗਭਗ ਉਸੇ ਸਮੇਂ ਪਰਵਾਸ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਸਮੇਂ ਉਹ ਕੈਨੇਡਾ ਵਿੱਚ ਗਏ ਸਨ। 1906 ਤੱਕ ਕੇਵਲ 271 ਭਾਰਤੀ ਪਰਵਾਸੀ ਅਮਰੀਕਾ ਪੁੱਜੇ ਸਨ। 1907 ਵਿੱਚ 1072 ਭਾਰਤੀ ਪਰਵਾਸੀ ਪੁੱਜੇ ਅਤੇ 1908 ਵਿੱਚ ਇਹਨਾਂ ਦੀ ਗਿਣਤੀ ਵਧਕੇ 1710 ਹੋ ਗਈ ਸੀ। ਇਸ ਸਾਲ ਦੇ ਆਖੀਰ ਵਿੱਚ ਪਰਵਾਸੀ ਅਫ਼ਸਰ ਭਾਰਤੀਆਂ 'ਤੇ ਸਖਤ ਹੋ ਗਏ ਸਨ ਅਤੇ ਉਹਨਾਂ ਨੂੰ ਦਾਖਲੇ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਪਰੰਤੂ 1909 ਤੇ 1910 ਦੇ ਮਗਰਲੇ ਹਿੱਸੇ ਵਿੱਚ ਇਸ ਵਿੱਚ ਥੋੜ੍ਹੀ ਢਿੱਲ ਦਿੱਤੀ ਗਈ, ਕਿਉਂਕਿ ਸਾਨਫਰਾਂਸਿਸਕੋ ਦੇ ਨੇੜੇ ਇੱਕ ਰੇਲ ਲਾਈਨ ਦੀ ਉਸਾਰੀ ਲਈ ਮਜ਼ਦੂਰਾਂ ਦੀ ਜ਼ਰੂਰਤ ਸੀ। 1910 ਸਾਲ ਦੌਰਾਨ 428 ਭਾਰਤੀ ਪਰਵਾਸੀਆਂ ਨੂੰ ਅਮਰੀਕਾ ਵਿੱਚ ਦਾਖਲਾ ਮਿਲਿਆ।[1]

ਅਮਰੀਕਾ ਦੀ ਪ੍ਰੈਸ ਨੇ ਹਿੰਦ ਦੀ ਕੌਮੀ ਆਜ਼ਾਦੀ ਦੀ ਲਹਿਰ ਦੀ ਪ੍ਰਸੰਸਾ ਕਰਨੀ ਸ਼ੁਰੂ ਕੀਤੀ ਅਤੇ ਬਰਤਾਨਵੀ ਜ਼ਬਰ ਸਬੰਧੀ ਲੇਖ ਛਾਪਣੇ ਸ਼ੁਰੂ ਕੀਤੇ। ਹਿੰਦੁਸਤਾਨੀਆਂ ਦੇ ਆਮਦ ਨੂੰ ਉਤਸ਼ਾਹਿਤ ਕਰਨ ਲਈ ਇੰਡੋ ਅਮਰੀਕਨ ਸੁਸਾਇਟੀ ਬਣਾਈ ਗਈ। ਇਸ ਸੁਸਾਇਟੀ ਤੋਂ ਇਲਾਵਾ ਨਿਊਯਾਰਕ ਬਾਰ ਐਸੋਸੀਏਸ਼ਨ ਨੇ ਅਮਰੀਕਾ ਆਏ ਹਿੰਦੀ ਦੇਸ਼ ਭਗਤਾਂ ਤੇ ਵਿਦਿਆਰਥੀਆਂ ਲਈ ਇੰਡੀਆ ਹਾਊਸ ਬਣਾਇਆ। ਇਸ ਸੁਸਾਇਟੀ ਦੇ ਸੱਦੇ ਉੱਤੇ ਜਿੱਥੇ ਬਹੁਤ ਸਾਰੇ ਵਿਦਿਆਰਥੀ ਹਿੰਦ ਵਿੱਚੋਂ ਅਮਰੀਕਾ ਗਏ, ਜਿਵੇਂ ਸੁਰਿੰਦਰ ਮੋਹਨ ਬੋਸ, ਸੰਤ ਤੇਜਾ ਸਿੰਘ ਮਸਤੂਆਣਾ, ਅਤੇ ਸ੍ਰੀ ਹਰੀ ਸਿੰਘ ਚੀਮਾ ਆਦਿ। ਉੱਥੇ ਅੰਗਰੇਜ਼ੀ ਹਕੂਮਤ ਦੇ ਬਾਗੀ ਸ੍ਰੀ ਤਾਰਕਨਾਥ ਦਾਸ, ਲਾਲਾ ਰਾਮਨਾਥ ਪੁਰੀ ਖੇਮਕਰਨ, ਲਾਲਾ ਠਾਕਰ ਦਾਸ ਧੂਰੀ ਅਤੇ ਮੌਲਵੀ ਬਰਕਤ ਉੱਲਾ ਆਦਿ ਦੇਸ਼ ਭਗਤ ਵੀ ਨਿਊਯਾਰਕ ਪੁੱਜ ਕੇ ਇਸ ਸੁਸਾਇਟੀ ਵਿੱਚ ਜਾ ਰਲੇ ਅਤੇ ਨਿਊਯਾਰਕ ਦੇ ਇੰਡੀਆ ਹਾਊਸ ਵਿੱਚ ਦਾਖਲ ਹੋ ਗਏ।[2] ਪਰ ਇਹ ਸੁਸਾਇਟੀ 1909 ਵਿੱਚ ਟੁੱਟ ਗਈ। ਇੰਡੀਆ ਹਾਊਸ ਦੇ ਬੰਦ ਹੋ ਜਾਣ ਪਿੱਛੋਂ ਗਏ ਤਕਰੀਬਨ ਸਾਰੇ ਹਿੰਦੀ ਸ਼ਾਂਤ ਸਾਗਰ ਦੇ ਕੰਢੇ ਉੱਤੇ ਕੈਨੇਡਾ ਤੇ ਅਮਰੀਕਾ ਦੇ ਸੂਬਿਆਂ ਵਿੱਚ ਜਾ ਇਕੱਠੇ ਹੋਏ। ਇਹ ਹਿੰਦੀ ਲੋਕ ਕੈਲੇਫੋਰਨੀਆ ਰਿਆਸਤ ਵਿੱਚ ਸਾਨਫਰਾਂਸਿਸਕੋ ਅਤੇ ਸਟੋਕਟਨ, ਉਰੇਗਨ ਅਤੇ ਵਾਸ਼ਿੰਗਟਨ ਰਿਆਸਤਾਂ ਵਿੱਚ ਪੋਰਟਲੈਂਡ ਅਤੇ ਸੇਂਟਜਾਨ ਅਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ

1. ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ, 45-46 ਦਾ ਸੰਖੇਪ
2. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 25

ਵੈਨਕੂਵਰ ਅਤੇ ਵਿਕਟੋਰੀਆ ਚਲੇ ਗਏ ਅਤੇ ਮਿਹਨਤ ਮਜ਼ਦੂਰੀ ਕਰਨ ਲੱਗ ਗਏ। ਅਮਰੀਕਾ ਵਿੱਚ ਗਏ ਹੋਏ ਕਈ ਭਾਰਤੀਆਂ ਨੇ ਉੱਦਮ ਕਰਕੇ ਸਮਾਜਿਕ ਅਤੇ ਰਾਜਸੀ ਜਾਗ੍ਰਤੀ ਪੈਦਾ ਕਰਨ ਲਈ ਕਈ ਅਖਬਾਰ ਅਤੇ ਪੈਂਫਲਿਟ ਛਾਪਣੇ ਸ਼ੁਰੂ ਕੀਤੇ। ਆਜ਼ਾਦੀ ਕਾ ਸਰਕੂਲਰ ਨਾਮ ਦਾ ਅਖਬਾਰ ਵੀ ਭਾਰਤ ਦੀਆਂ ਫੌਜਾਂ ਨੂੰ ਬਰਤਾਨਵੀ ਰਾਜ ਖਿਲਾਫ਼ ਭੜਕਾਉਣ ਲਈ ਵੰਡਿਆ ਜਾਂਦਾ ਸੀ। ਅਮਰੀਕਾ ਵਿੱਚ ਉਸ ਸਮੇਂ ਕਈ ਸੰਸਥਾਵਾਂ ਭਾਰਤੀ ਲੋਕਾਂ ਦੇ ਹਿੱਤਾਂ ਦੀ ਰਖਵਾਲੀ ਲਈ ਅਤੇ ਉਹਨਾਂ ਵਿੱਚ ਰਾਜਸੀ ਜਾਗਰਤੀ ਪੈਦਾ ਕਰਨ ਲਈ ਕਾਰਜਸ਼ੀਲ ਸਨ।

1912 ਦੇ ਸ਼ੁਰੂ ਵਿੱਚ ਪੋਰਟਲੈਂਡ ਵਿਖੇ ਹਿੰਦੀਆਂ ਦਾ ਇੱਕ ਇਕੱਠ ਕੀਤਾ ਗਿਆ ਅਤੇ 'ਦੀ ਹਿੰਦੋਸਤਾਨ ਐਸੋਸੀਏਸ਼ਨ' ਨਾਮ ਦੀ ਜੱਥੇਬੰਦੀ ਬਣਾਈ ਗਈ। ਪੋਰਟਲੈਂਡ ਵਿਖੇ ਇੱਕ ਮਕਾਨ ਕਿਰਾਏ 'ਤੇ ਲੈ ਕੇ ਐਸੋਸੀਏਸ਼ਨ ਦਾ ਦਫ਼ਤਰ ਬਣਾਇਆ ਗਿਆ। ਇਸ ਐਸੋਸੀਏਸ਼ਨ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਗੁਰੂਦੱਤ ਕੁਮਾਰ (ਜੀ.ਡੀ. ਕੁਮਾਰ) ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਚੁਣੇ ਗਏ। ਇਸ ਐਸੋਸੀਏਸ਼ਨ ਵੱਲੋਂ 'ਹਿੰਦੁਸਤਾਨ' ਨਾਂਮ ਦਾ ਸਪਤਾਹਿਕ ਪਰਚਾ ਉਰਦੂ ਵਿੱਚ ਕੱਢਣ ਦਾ ਫੈਸਲਾ ਵੀ ਲਿਆ ਗਿਆ। ਪਰੰਤੂ ਕੁਝ ਸਮੇਂ ਬਾਅਦ ਜੀ.ਡੀ. ਕੁਮਾਰ ਬਿਮਾਰ ਹੋ ਗਿਆ, ਪਰਚਾ ਨਾ ਕੱਢਿਆ ਜਾ ਸਕਿਆ ਅਤੇ ਹੌਲੀ-ਹੌਲੀ ਹਫ਼ਤਾਵਰੀ ਮੀਟਿੰਗਾਂ ਦਾ ਕੰਮ ਵੀ ਰੁਕਦਾ ਜਾਪਣ ਲੱਗਿਆ। ਇਸ ਸਮੇਂ ਲਾਲਾ ਠਾਕਰ ਦਾਸ ਧੂਰੀ ਪੋਰਟਲੈਂਡ ਆਏ ਹੋਏ ਸਨ। ਉਹਨਾਂ ਦੀ ਸਲਾਹ 'ਤੇ ਲਾਲਾ ਹਰਦਿਆਲ ਨੂੰ ਕੈਲੀਫੋਰਨੀਆ ਤੋਂ ਬੁਲਾਉਣ ਦਾ ਫੈਸਲਾ ਹੋ ਗਿਆ।

ਲਾਲਾ ਹਰਦਿਆਲ 25 ਮਾਰਚ, 1913 ਨੂੰ ਸੇਂਟਜਾਨ ਪਹੁੰਚੇ। ਉਹਨਾਂ ਦੇ ਨਾਲ ਭਾਈ ਪਰਮਾਨੰਦ (ਲਾਹੌਰ) ਵੀ ਸਨ। ਏਥੇ ਕਾਂਸ਼ੀ ਰਾਮ ਦੇ ਉੱਦਮ ਨਾਲ ਇੱਕ ਮੀਟਿੰਗ ਕੀਤੀ ਗਈ। ਫਿਰ ਵੱਖ-ਵੱਖ ਥਾਂਈਂ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਤੋਂ ਪਿੱਛੋਂ 31 ਮਾਰਚ ਨੂੰ ਬਰਾਈਡਲਵਿਲ, 7 ਅਪ੍ਰੈਲ ਨੂੰ ਲਿੰਟਲ ਅਤੇ 14 ਅਪ੍ਰੈਲ ਨੂੰ ਰਿਆਸਤ ਵਾਸ਼ਿੰਗਟਨ ਦੇ ਕਸਬੇ ਵਾਨਾ (ਵਿਆਨਾ) ਵਿਖੇ ਮੀਟਿੰਗਾਂ ਕਰਕੇ ਬ੍ਰਾਂਚਾਂ ਕਾਇਮ ਕੀਤੀਆਂ ਗਈਆਂ। ਫਿਰ 21 ਅਪ੍ਰੈਲ, 1913 ਨੂੰ ਆਸਟੋਰੀਆ ਵਿਖੇ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ 'ਤੇ ਭਰਵੀਂ ਮੀਟਿੰਗ ਹੋਈ, ਜਿਸ ਵਿੱਚ ਬਰਾਈਡਲਵਿਲ, ਪੋਰਟਲੈਂਡ, ਵਾਨਾ, ਸੇਂਟਜਾਨ, ਲਿੰਟਨ ਆਦਿ ਬ੍ਰਾਂਚਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਇਸ ਸਮੇਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਦਾ ਸਰਬਸੰਮਤੀ ਨਾਲ ਗ਼ਠਨ ਕੀਤਾ ਗਿਆ।

ਇਸ ਸਮੇਂ ਹੇਠ ਲਿਖੇ ਅਹੁਦੇਦਾਰ ਚੁਣੇ ਗਏ:
ਪ੍ਰਧਾਨ- ਬਾਬਾ ਸੋਹਣ ਸਿੰਘ ਭਕਨਾ
ਮੀਤ-ਪ੍ਰਧਾਨ-ਬਾਬਾ ਕੇਸਰ ਸਿੰਘ ਠੱਠਗੜ੍ਹ
ਜਰਨਲ ਸਕੱਤਰ-ਲਾਲਾ ਹਰਦਿਆਲ
ਸੰਯੁਕਤ ਸਕੱਤਰ-ਲਾਲਾ ਠਾਕਰ ਦਾਸ ਧੂਰੀ
ਖ਼ਜ਼ਾਨਚੀ-ਪੰਡਤ ਕਾਂਸ਼ੀ ਰਾਮ ਮੜੌਲੀ

ਜੱਥੇਬੰਦਕ ਸਕੱਤਰ-ਮੁਨਸ਼ੀ ਕਰੀਮ ਬਖਸ਼ ਅਤੇ ਮੁਨਸ਼ੀ ਰਾਮ

ਵਿਚਾਰ ਕਰਨ ਤੋਂ ਬਾਅਦ ਇਸ ਪਾਰਟੀ ਦੇ ਹੇਠ ਲਿਖੇ ਬੁਨਿਆਦੀ ਅਸੂਲ ਪ੍ਰਵਾਨ ਕੀਤੇ ਗਏ।[1]

1. ਉਦੇਸ਼- ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਕਰਕੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉੱਤੇ ਕੌਮੀ ਜ਼ਮਹੂਰੀ ਹਕੂਮਤ ਕਾਇਮ ਕਰਨਾ ਹੈ।
2. ਪਾਰਟੀ ਦਾ ਹੈੱਡ ਕੁਆਟਰ ਸਾਨਫਰਾਂਸਿਸਕੋ (ਕੈਲੇਫੋਰਨੀਆ) ਵਿੱਚ ਰਹੇਗਾ।
3. ਪਾਰਟੀ ਵੱਲੋਂ ਇੱਕ ਹਫ਼ਤੇਵਾਰੀ ਅਖਬਾਰ ਜਾਰੀ ਕੀਤਾ ਜਾਵੇਗਾ, ਜਿਸ ਦਾ ਨਾਂ 'ਗ਼ਦਰ' ਹੋਵੇਗਾ।
4. ਪਾਰਟੀ ਦੇ ਦਫ਼ਤਰ, ਪ੍ਰੈਸ ਤੇ ਅਖਬਾਰ ਵਿੱਚ ਕੰਮ ਕਰਨ ਵਾਲੇ ਕਿਸੇ ਕਰਮਚਾਰੀ ਨੂੰ ਤਨਖਾਹ ਨਹੀਂ ਮਿਲੇਗੀ। ਉਹਨਾਂ ਨੂੰ ਕੇਵਲ ਸਧਾਰਨ ਰੋਟੀ ਕੱਪੜਾ ਮਿਲੇਗਾ।
5. ਪਾਰਟੀ ਦੀ ਚੋਣ ਸਲਾਨਾ ਹੋਇਆ ਕਰੇਗੀ।
6. ਪਾਰਟੀ ਦੀ ਇੱਕ ਪ੍ਰਬੰਧਕ ਕਮੇਟੀ ਹੋਵੇਗੀ, ਜੋ ਅਖ਼ਬਾਰ, ਪ੍ਰੈਸ ਅਤੇ ਦਫ਼ਤਰ ਦੇ ਕੰਮ ਨੂੰ ਚਲਾਵੇਗੀ।
7. ਐਗਜ਼ੈਕਟਿਵ ਕਮੇਟੀ ਆਪਣੇ ਵਿੱਚੋਂ ਤਿੰਨ ਮੈਂਬਰਾਂ ਦਾ ਇੱਕ ਕਮਿਸ਼ਨ ਚੁਣੇਗੀ ਜਿਸ ਦੇ ਹੱਥ ਵਿੱਚ ਪਾਰਟੀ ਦੀ ਰਾਜਸੀ ਤਾਕਤ ਹੋਵੇਗੀ ਅਤੇ ਉਹ ਖੁਫ਼ੀਆ ਕੰਮ ਦਾ ਜ਼ਿੰਮੇਵਾਰ ਹੋਵੇਗਾ।
8. ਹਰ ਇੱਕ ਮੈਂਬਰ ਪਾਰਟੀ ਨੂੰ ਘੱਟੋ-ਘੱਟ ਇੱਕ ਡਾਲਰ ਮਾਹਵਾਰੀ ਚੰਦਾ ਦੇਵੇਗਾ।
9. ਪਾਰਟੀ ਵਿੱਚ ਮਜ਼ਹਬੀ ਬਹਿਸ ਨੂੰ ਕੋਈ ਥਾਂ ਨਹੀਂ ਹੋਵੇਗੀ। ਹਰ ਇੱਕ ਮੈਂਬਰ ਨੂੰ ਆਪਣਾ ਨਿੱਜੀ ਮਹਜ਼ਬੀ ਨਿਸ਼ਚਾ ਰੱਖਣ ਦਾ ਅਧਿਕਾਰ ਹੋਵੇਗਾ। ਹਰ ਹਿੰਦੁਸਤਾਨੀ ਭਾਵੇਂ ਉਸ ਦਾ ਮਜ਼ਹਬ ਕੋਈ ਵੀ ਹੋਵੇ, ਪਾਰਟੀ ਦਾ ਮੈਂਬਰ ਬਣ ਸਕੇਗਾ।
10. ਹਰ ਇੱਕ ਪਾਰਟੀ ਦੇ ਸਿਪਾਹੀ ਦਾ ਫਰਜ਼ ਹੋਵੇਗਾ ਕਿ ਦੁਨੀਆਂ ਦੇ ਭਾਵੇਂ ਕਿਸੇ ਹਿੱਸੇ ਵਿੱਚ ਗੁਲਾਮੀ ਦੇ ਵਿਰੁੱਧ ਜੰਗ ਛਿੜੇ, ਤਾਂ ਉਹ ਉਸ ਨਾਲ ਨਾ ਸਿਰਫ਼ ਹਮਦਰਦੀ ਰੱਖੇ ਬਲਕਿ ਉਸ ਵਿੱਚ ਹਿੱਸਾ ਲਵੇ।

ਪਾਰਟੀ ਦੇ ਗੁਪਤ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਪੰਡਤ ਕਾਂਸ਼ੀ ਰਾਮ ਗੁਪਤ ਕਮਿਸ਼ਨ ਦੇ ਮੈਂਬਰ ਚੁਣੇ ਗਏ। ਐਸੋਸੀਏਸ਼ਨ ਵੱਲੋਂ ਪਹਿਲੀ ਨਵੰਬਰ, 1913 ਨੂੰ 'ਗ਼ਦਰ' ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਲਾਲਾ ਹਰਦਿਆਲ ਪਰਚੇ ਦੇ ਸੰਚਾਲਕ ਅਤੇ

---

1. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 3

ਪਹਿਲੇ ਸੰਪਾਦਕ ਸਨ। ਉਹ ਉਰਦੂ ਵਿੱਚ ਲਿਖਦੇ ਅਤੇ ਉਹਨਾਂ ਦੀਆਂ ਲਿਖਤਾਂ ਅਨੁਵਾਦ ਕਰਕੇ ਪੰਜਾਬੀ ਵਿੱਚ ਛਪਦੀਆਂ ਸਨ। ਪੰਜਾਬੀ ਵਿੱਚ ਗ਼ਦਰ ਦਸੰਬਰ 1913 ਵਿੱਚ ਛਪਣਾ ਸ਼ੁਰੂ ਹੋਇਆ। ਅਖਬਾਰ ਦੇ ਸਰਵਰਕ ਦੇ ਦੋਹਾਂ ਨੁਕਰਾਂ 'ਤੇ 'ਬੰਦੇ ਮਾਤਰਮ' ਲਿਖਿਆ ਹੁੰਦਾ ਸੀ ਅਤੇ ਵਿਚਕਾਰ ਗੁਰਬਾਣੀ ਦੀਆਂ ਤੁਕਾਂ ਥੋੜ੍ਹੀਆਂ ਲੋਕ ਮੁਹਾਵਰੇ ਅਨੁਸਾਰ ਬਦਲ ਕੇ ਲਿਖੀਆਂ ਹੁੰਦੀਆਂ ਸਨ:

ਜੇ ਚਿਤ ਪ੍ਰੇਮ ਖੇਲਣ ਦਾ ਚਾਓ।
ਸਿਰ ਧਰ ਤਲੀ ਗਲੀ ਮੇਰੀ ਆਓ॥

ਗ਼ਦਰ ਦੇ ਪਹਿਲੇ ਅੰਕ ਵਿੱਚ ਛਪਿਆ ਮੁੱਖ ਲੇਖ ਇਸ ਤਰ੍ਹਾਂ ਸ਼ੁਰੂ ਹੋਇਆ ਸੀ, "ਅੱਜ ਪਹਿਲੀ ਨਵੰਬਰ ਸੰਨ 1913 ਨੂੰ ਭਾਰਤ ਦੀ ਤਵਾਰੀਖ ਵਿੱਚ ਇੱਕ ਨਵਾਂ ਸੰਮਤ ਚੱਲਦਾ ਹੈ, ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ਼ ਵਿੱਚੋਂ ਦੇਸ਼ੀ ਜ਼ੁਬਾਨ ਵਿੱਚ ਜੰਗ ਛਿੜਦੀ ਹੈ। ਅੱਜ ਦਾ ਦਿਨ ਸ਼ੁਭ ਹੈ ਕਿ ਅੰਗਰੇਜ਼ੀ ਜ਼ੁਲਮ ਦੀ ਜੜ੍ਹ ਉਖਾੜਨ ਵਾਲਾ ਅੱਖਰ ਉਰਦੂ ਤੇ ਗੁਰਮੁਖੀ ਅਖ਼ਬਾਰ ਉੱਤੇ ਜ਼ਾਹਰ ਹੁੰਦਾ ਹੈ। ਘਰ ਤੋਂ ਦਸ ਹਜ਼ਾਰ ਮੀਲ ਦੂਰ ਪਰਦੇਸ਼ ਵਿੱਚ ਇਸ ਅਖਬਾਰ ਦਾ ਛਪਣਾ ਇੱਕ ਅਜੇਹਾ ਕੰਮ ਹੈ, ਜਿਸ 'ਤੇ ਨਿਗਾ ਮਾਰਨ 'ਤੇ ਦਿਲ ਵਿੱਚ ਖੁਸ਼ੀ ਭਰੀ ਨਹੀਂ ਸਮਾਉਂਦੀ।'[1]

ਗ਼ਦਰ ਅਖ਼ਬਾਰ ਵਿੱਚ 'ਜ਼ਰੂਰਤ ਹੈ' ਦਾ ਇਸ਼ਤਿਹਾਰ ਛਪਦਾ ਸੀ:

ਜ਼ਰੂਰਤ ਹੈ
ਨਿਡਰ ਬਹਾਦਰ ਸਿਪਾਹੀਆਂ ਦੀ
ਹਿੰਦੋਸਤਾਨ ਵਿੱਚ ਗ਼ਦਰ ਮਚਾਉਣ ਦੇ ਲਈ
ਤਨਖਾਹ : ਮੌਤ
ਇਨਾਮ : ਸ਼ਹੀਦੀ
ਪੈਨਸ਼ਨ : ਆਜ਼ਾਦੀ
ਕਾਰਜ ਖੇਤਰ : ਹਿੰਦੋਸਤਾਨ

"ਸਾਡਾ ਨਾਓਂ ਕੀ ਹੈ? ਗ਼ਦਰ। ਕੰਮ ਕੀ ਹੈ? ਗ਼ਦਰ। ਸਾਡਾ ਨਾਮ, ਸਾਡਾ ਕੰਮ ਇੱਕ ਹੀ ਹੈ। ਕੋਈ ਪੁੱਛ-ਗਿੱਛ ਦੀ ਲੋੜ ਨਹੀਂ। ...ਕਿੱਥੇ ਗ਼ਦਰ ਹੋਵੇਗਾ? ਭਾਰਤ ਵਿੱਚ। ਕਦੋਂ ਹੋਵੇਗਾ? ਥੋੜ੍ਹੇ ਬਰਸਾਂ ਵਿੱਚ। ਕਿਉਂ ਹੋਵੇਗਾ? ਕਿਉਂਕਿ ਹੁਣ ਅੰਗਰੇਜ਼ਾਂ ਦੇ ਜ਼ੁਲਮਾਂ ਤੋਂ ਖ਼ਲਕਤ ਦੁਖੀ ਹੋ ਗਈ ਹੈ, ਆਜ਼ਾਦੀ ਦੀ ਖਾਤਰ ਲੜ੍ਹ ਮਰਨ ਨੂੰ ਤਿਆਰ ਹੈ।"

31 ਦਸੰਬਰ, 1913 ਨੂੰ ਸੈਕਰਾਮੈਂਟੋ ਵਿੱਚ ਗ਼ਦਰ ਪਾਰਟੀ ਵੱਲੋਂ ਵਿਸ਼ਾਲ ਇਕੱਤਰਤਾ ਹੋਈ। ਇਸ ਸਮੇਂ ਪਾਰਟੀ ਸਰਬ ਅਮਰੀਕਨ ਬਣ ਗਈ। ਕੈਲੇਫੋਰਨੀਆ ਵੱਲੋਂ ਬਾਬਾ ਜਵਾਲਾ ਸਿੰਘ ਨੂੰ ਜੱਥੇਬੰਦੀ ਵਿੱਚ ਦੂਸਰੇ ਮੀਤ-ਪ੍ਰਧਾਨ ਲੈ ਲਿਆ ਗਿਆ। ਹਿੰਦੀ ਐਸੋਸੀਏਸ਼ਨ ਦੇ ਪਹਿਲਾ ਚੁਣੇ ਹੋਏ ਨੁਮਾਇੰਦਿਆਂ ਤੋਂ ਇਲਾਵਾ ਬਾਬਾ ਵਿਸਾਖਾ ਸਿੰਘ ਦਦੇਹਰ, ਭਾਈ ਸੰਤੋਖ ਸਿੰਘ, ਕਰਤਾਰ ਸਿੰਘ ਸਰਾਭਾ, ਭਾਈ

1. ਮੇਲਾ ਗ਼ਦਰ ਸ਼ਤਾਬਦੀ ਦਾ ਸੋਵੀਨਾਰ 2013, ਪੰਨਾ 7

ਚੰਨਣ ਸਿੰਘ ਚੂਹੜ ਚੱਕ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਅਰੂੜ ਸਿੰਘ, ਭਾਈ ਪਿਰਥੀ ਸਿੰਘ, ਭਾਈ ਕਰਮ ਸਿੰਘ ਚੀਮਾ ਅਤੇ ਪੰਡਤ ਜਗਤ ਰਾਮ ਕਾਰਜਕਾਰੀ ਦੇ ਮੈਂਬਰ ਬਣਾਏ ਗਏ।

8 ਦਸੰਬਰ, 1913 ਨੂੰ ਗ਼ਦਰ ਗੁਰਮੁਖੀ ਅੱਖਰਾਂ ਵਿੱਚ ਵੀ ਛਾਪਣਾ ਸ਼ੁਰੂ ਕਰ ਦਿੱਤਾ ਗਿਆ। ਇਸ ਤੋਂ ਪਿੱਛੋਂ ਹੋਰ ਭਾਰਤੀ ਭਾਸ਼ਾਵਾਂ ਹਿੰਦੀ, ਗੁਜਰਾਤੀ, ਬੰਗਾਲੀ, ਪਸ਼ਤੋ ਅਤੇ ਨਿਪਾਲੀ ਆਦਿ ਵਿੱਚ ਵੀ ਕੁਝ ਖਾਸ ਅੰਕ ਛਾਪੇ ਗਏ। ਸ਼ੁਰੂ ਸ਼ੁਰੂ ਵਿੱਚ ਇਸ ਸਪਤਾਹਿਕ ਪਰਚੇ ਦਾ ਨਾਂ 'ਗ਼ਦਰ' ਸੀ, ਪਰ ਅ੍ਰਪੈਲ 1914 ਤੋਂ ਇਸ ਦਾ ਨਾਂ 'ਹਿੰਦੋਸਤਾਨ ਗ਼ਦਰ' (ਹਫ਼ਤਾਵਰੀ) ਹੋ ਗਿਆ। ਇਸੇ ਪਰਚੇ ਦੇ ਨਾਂ ਉੱਤੇ ਹੀ ਹਿੰਦੀ ਪੈਸੇਫ਼ਿਕ ਐਸੋਸੀਏਸ਼ਨ ਦਾ ਨਾਂ ਗ਼ਦਰ ਪਾਰਟੀ ਹੋ ਗਿਆ ਅਤੇ ਪਾਰਟੀ ਦੇ ਹੈਡਕੁਆਰਟਰ ਯੁਗਾਂਤਰ ਆਸ਼ਰਮ ਦਾ ਨਾਂ ਵੀ 'ਗ਼ਦਰ ਆਸ਼ਰਮ' ਪ੍ਰਸਿੱਧ ਹੋ ਗਿਆ। ਗ਼ਦਰ ਪਾਰਟੀ ਦੀ ਚੜ੍ਹਤ ਸਮੇਂ ਗ਼ਦਰ ਪਰਚੇ ਦੀ ਛਪਣ ਗਿਣਤੀ ਲੱਖਾਂ ਵਿੱਚ ਪੁੱਜ ਗਈ। ਅਮਰੀਕਾ ਅਤੇ ਕੈਨੇਡਾ ਤੋਂ ਬਿਨਾਂ ਗ਼ਦਰ ਅਖ਼ਬਾਰ ਭਾਰਤ, ਸ਼ਿਆਮ, ਮਲਾਇਆ, ਚੀਨ, ਹਾਂਗਕਾਂਗ ਵਿੱਚ ਭੇਜਿਆ ਜਾਂਦਾ ਸੀ। ਇਨ੍ਹਾਂ ਦੇਸ਼ਾਂ ਵਿੱਚ ਗ਼ਦਰ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਗ਼ਦਰ ਅਖਬਾਰ ਨੇ ਅਹਿਮ ਯੋਗਦਾਨ ਪਾਇਆ। ਸ਼ੰਘਾਈ, ਹਾਂਗਕਾਂਗ, ਸ਼ਿਆਮ ਅਤੇ ਫਿਲਪਾਈਨ ਵਿੱਚ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਕਾਇਮ ਹੋ ਗਈਆਂ।

ਕਾਮਾਗਾਟਾਮਾਰੂ ਜਹਾਜ਼ 4 ਅ੍ਰਪੈਲ, 1914 ਨੂੰ ਹਾਂਗਕਾਂਗ ਤੋਂ ਵੈਨਕੂਵਰ ਲਈ ਰਵਾਨਾ ਹੋਇਆ ਅਤੇ 23 ਮਈ, 1914 ਨੂੰ ਵੈਨਕੂਵਰ ਪਹੁੰਚ ਗਿਆ। ਦੋ ਮਹੀਨੇ ਜਹਾਜ਼ ਦੇ ਮੁਸਾਫ਼ਿਰਾਂ ਦੀ ਖੱਜਲ ਖੁਆਰੀ ਹੁੰਦੀ ਰਹੀ ਅਤੇ 23 ਜੁਲਾਈ, 1914 ਨੂੰ ਜਹਾਜ਼ ਵਾਪਸੀ ਸਫ਼ਰ ਲਈ ਕੈਨੇਡਾ ਤੋਂ ਤੁਰ ਪਿਆ। 29 ਸਤੰਬਰ ਨੂੰ ਜਹਾਜ਼ ਕਲਕੱਤਾ ਦੀ ਬਜਬਜ ਘਾਟ ਬੰਦਰਗਾਹ 'ਤੇ ਆ ਪੁੱਜਿਆ। ਜਹਾਜ਼ ਦੇ ਮੁਸਾਫ਼ਿਰਾਂ ਨੂੰ ਘਾਟ 'ਤੇ ਉਤਰਨ 'ਤੇ ਪਹਿਲਾਂ ਤੋਂ ਹੀ ਪੰਜਾਬ ਲੈ ਕੇ ਜਾਣ ਲਈ ਤਿਆਰ ਖੜੀ ਗੱਡੀ ਵਿੱਚ ਬੈਠਣ ਲਈ ਆਖਿਆ ਗਿਆ। ਜਹਾਜ਼ ਦੇ ਕੁਝ ਮੁਸਾਫ਼ਿਰ ਜਿਨ੍ਹਾਂ ਵਿੱਚ 21 ਮੁਸਲਮਾਨ ਯਾਤਰੀ ਵੀ ਸਨ, ਗੱਡੀ ਵਿੱਚ ਬੈਠ ਗਏ। ਬਾਕੀ 300 ਤੋਂ ਵਧੇਰੇ ਮੁਸਾਫ਼ਿਰ ਪੈਦਲ ਹੀ ਜਲੂਸ ਦੀ ਸ਼ਕਲ ਵਿੱਚ ਕਲਕੱਤਾ ਸ਼ਹਿਰ ਵੱਲ ਹੋ ਤੁਰੇ। ਪੁਲਿਸ ਨੇ ਮੁਸਾਫ਼ਿਰਾਂ ਤੇ ਅੰਧਾਧੁੰਦ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। 19 ਮੁਸਾਫ਼ਿਰ ਅਤੇ ਇੱਕ ਰਾਹਗੀਰ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਤਿੰਨ ਪੁਲਿਸ ਕਰਮਚਾਰੀ ਵੀ ਮਾਰੇ ਗਏ (ਵੱਖ-ਵੱਖ ਲੇਖਕਾਂ ਦੇ ਵੇਰਵਿਆਂ ਵਿੱਚ ਥੋੜ੍ਹਾ-ਬਹੁਤਾ ਫ਼ਰਕ ਹੈ)। 200 ਤੋਂ ਵਧੇਰੇ ਮੁਸਾਫ਼ਿਰ ਫੜ ਲਏ ਗਏ, ਕੁਝ ਭੱਜਣ ਵਿੱਚ ਕਾਮਯਾਬ ਰਹੇ।

ਵੈਨਕੂਵਰ ਵਿਖੇ ਕਾਮਾਗਾਟਾਮਾਰੂ ਜਹਾਜ਼ ਦੇ ਯਾਤਰੀਆਂ ਨਾਲ ਬਰਤਾਨਵੀ ਸਾਮਰਾਜ ਦੀ ਕੈਨੇਡੀਅਨ ਹਕੂਮਤ ਨੇ ਅਤਿ ਨਿੰਦਣਯੋਗ ਸਲੂਕ ਕੀਤਾ। ਉਸ ਤੋਂ ਵੀ ਵੱਧ ਕੇ ਅੰਗਰੇਜ਼ ਹਕੂਮਤ ਨੇ ਵਾਪਸ ਦੇਸ਼ ਪੁੱਜੇ ਯਾਤਰੀਆਂ ਨਾਲ ਕਲਕੱਤਾ ਦੇ ਬਜਬਜਘਾਟ 'ਤੇ ਗੋਲੀਬਾਰੀ ਕਰਕੇ ਬਹੁਤ ਨਿੰਦਣਯੋਗ ਕਾਰਵਾਈ ਕੀਤੀ।

ਕਾਮਾਗਾਟਾਮਾਰੂ ਦੀ ਨਿੰਦਣਯੋਗ ਕਾਰਵਾਈ ਦੇ ਘਟਨਾਕ੍ਰਮ ਨੇ ਲੋਕ ਰੋਹ ਨੂੰ ਬਹੁਤ ਪ੍ਰਚੰਡ ਕੀਤਾ।

ਪਹਿਲੇ ਵਿਸ਼ਵ ਯੁੱਧ ਦੇ ਸਮੇਂ ਬਰਤਾਨਵੀ ਹਕੂਮਤ 4 ਅਗਸਤ, 1914 ਨੂੰ ਜੰਗ ਵਿੱਚ ਕੁੱਦ ਪਈ। ਜੰਗ ਛਿੜਦਿਆਂ ਸਾਰ ਹੀ ਬਹੁਤ ਸਾਰੇ ਗ਼ਦਰੀ ਆਗੂ ਅਤੇ ਵਰਕਰ ਸਾਨਫਰਾਂਸਿਸਕੋ ਆਸ਼ਰਮ ਪੁੱਜ ਗਏ। ਆਪਸੀ ਵਿਚਾਰ-ਵਟਾਂਦਰੇ ਕੀਤੇ। ਗ਼ਦਰੀਆਂ ਨੇ ਇਸ ਮੌਕੇ ਨੂੰ ਦੇਸ਼ ਪਰਤ ਕੇ ਗ਼ਦਰ ਮਚਾਉਣ ਲਈ ਢੁੱਕਵਾਂ ਸਮਝਿਆ। 5 ਅਗਸਤ, 1914 ਦੇ ਗ਼ਦਰ ਅਖਬਾਰ ਵਿੱਚ ਐਲਾਨ-ਇ-ਜੰਗ ਛਾਪ ਦਿੱਤਾ ਗਿਆ। ਪਾਰਟੀ ਨੇ 9 ਅਗਸਤ ਨੂੰ ਫਰੈਜ਼ਨੋ ਅਤੇ 10 ਅਗਸਤ ਨੂੰ ਸੈਕਰਾਮੈਂਟੋ ਵਿਖੇ ਇਸ ਐਲਾਨ-ਇ-ਜੰਗ ਬਾਰੇ ਵਿਚਾਰ ਕਰਨ ਲਈ ਹਿੰਦੀਆਂ ਦੀਆਂ ਕਾਨਫਰੰਸਾਂ ਕੀਤੀਆਂ। ਸੈਕਰਾਮੈਂਟੋ ਮੀਟਿੰਗ ਵਿੱਚ 5000 ਹਿੰਦੀ ਸ਼ਾਮਲ ਹੋਏ। ਫਰੈਜ਼ਨੋ ਅਤੇ ਸੈਕਰਾਮੈਂਟੋ ਮੀਟਿੰਗਾਂ ਵਿੱਚ ਐਲਾਨੇ-ਜੰਗ- ਦੇ ਮਤੇ ਪਾਸ ਕੀਤੇ ਗਏ। ਕਰਤਾਰ ਸਿੰਘ ਸਰਾਭਾ ਤਾਂ ਇਹਨਾਂ ਮੀਟਿੰਗਾਂ ਤੋਂ ਪਹਿਲਾਂ ਹੀ ਰਘਬਰ ਦਿਆਲ ਗੁਪਤਾ ਨਾਲ ਦੇਸ਼ ਲਈ ਰਵਾਨਾ ਹੋ ਚੁੱਕਿਆ ਸੀ। ਸਭ ਤੋਂ ਪਹਿਲਾਂ 22 ਅਗਸਤ ਨੂੰ ਵੈਨਕੂਵਰ ਤੋਂ ਇੱਕ ਜਹਾਜ਼ 26 ਮੁਸਾਫ਼ਿਰ ਲੈ ਕੇ ਤੁਰਿਆ, ਜਿਸ ਵਿੱਚ ਕੈਨੇਡਾ ਸਰਕਾਰ ਦੀ ਰਿਪੋਰਟ ਅਨੁਸਾਰ 11 ਹਿੰਦੀ ਖਤਰਨਾਕ ਸਨ, ਜਿਨ੍ਹਾਂ ਵਿੱਚੋਂ ਭਾਈ ਜਵੰਦ ਸਿੰਘ ਨੰਗਲ, ਭਾਈ ਬੀਰ ਸਿੰਘ ਬਾਹੋਵਾਲ ਅਤੇ ਭਾਈ ਹਰੀ ਸਿੰਘ ਸੂੰਢ ਵਰਣਨਯੋਗ ਹਨ। ਅਮਰੀਕਾ ਵਿੱਚ ਲੀਡਰ ਤੇ ਵਰਕਰ ਸਾਨਫਰਾਂਸਿਸਕੋ ਵਿੱਚ ਇੱਕਠੇ ਹੋਏ 'ਤੇ ਕੰਮ ਵੰਡਕੇ ਦੇਸ਼ ਜਾਣ ਦੀਆਂ ਤਿਆਰੀਆਂ ਕਰਨ ਲੱਗੇ। ਇੱਥੋਂ ਸਭ ਤੋਂ ਪਹਿਲਾਂ ਕੋਰੀਆ ਨਾਮੀ ਜਹਾਜ਼ 29 ਅਗਸਤ, 1914 ਨੂੰ 60-70 ਲੀਡਰਾਂ ਤੇ ਵਰਕਰਾਂ ਨੂੰ ਲੈ ਕੇ ਤੁਰਿਆ। ਇਸ ਜੱਥੇ ਵਿੱਚ ਭਾਈ ਕੇਸਰ ਸਿੰਘ ਮੀਤ ਪ੍ਰਧਾਨ, ਭਾਈ ਜਵਾਲਾ ਸਿੰਘ ਠੱਠੀਆਂ ਮੀਤ-ਪ੍ਰਧਾਨ, ਭਾਈ ਨਿਧਾਨ ਸਿੰਘ ਚੁੱਘਾ, ਮਾਸਟਰ ਊਧਮ ਸਿੰਘ ਕਸੇਲ, ਭਾਈ ਰੂੜ ਸਿੰਘ ਚੂਹੜਚੱਕ, ਭਾਈ ਈਸ਼ਰ ਸਿੰਘ ਮਰਹਾਣਾ, ਪੰਡਤ ਜਗਤ ਰਾਮ ਹਰਿਆਣਾ, ਭਾਈ ਪਿਰਥੀ ਸਿੰਘ ਲਾਲੜੂ, ਭਾਈ ਪਿਆਰਾ ਸਿੰਘ ਲੰਗੇਰੀ ਆਦਿ ਆਗੂ ਤੇ ਮੈਂਬਰ ਸ਼ਾਮਲ ਸਨ।[1] ਵੱਖ-ਵੱਖ ਜਹਾਜ਼ਾਂ ਰਾਹੀਂ ਹੋਰ ਗ਼ਦਰੀ ਵੀ ਵਹੀਰਾਂ ਘੱਤਕੇ ਦੇਸ਼ ਲਈ ਚੱਲ ਪਏ।

ਸਰਕਾਰੀ ਰਿਪੋਰਟਾਂ ਅਨੁਸਾਰ 13 ਅਕਤੂਬਰ, 1914 ਤੋਂ 25 ਫ਼ਰਵਰੀ, 1915 ਦੇ ਵਿਚਕਾਰ 2312 ਗ਼ਦਰੀਆਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ। ਗ਼ਦਰ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ 1914 ਵਿੱਚ 8000 ਪੰਜਾਬੀ ਵਿਦੇਸ਼ਾਂ ਤੋਂ ਦੇਸ਼ ਪਰਤੇ। ਉਹਨਾਂ ਵਿੱਚੋਂ 400 ਨੂੰ ਕੈਦ ਕਰ ਲਿਆ ਗਿਆ ਅਤੇ 2500 ਨੂੰ ਪਿੰਡਾਂ ਵਿੱਚ ਜੂਹਬੰਦ ਕਰ ਦਿੱਤਾ ਗਿਆ। ਪੁਲਿਸ ਦੀ ਨਜ਼ਰ ਤੋਂ ਬਚੇ ਹੋਏ ਗ਼ਦਰੀਆਂ ਨੇ ਦੇਸ਼ ਪਰਤ ਕੇ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਦੇਸ਼ ਪਰਤੇ ਗ਼ਦਰੀਆਂ ਵੱਲੋਂ ਮਾਝੇ, ਮਾਲਵੇ ਅਤੇ ਦੁਆਬੇ ਵਿੱਚ ਮੀਟਿੰਗਾਂ ਕਰਕੇ ਆਪਣੇ ਪ੍ਰੋਗਰਾਮ ਉਲੀਕ ਲਏ ਗਏ। ਮਾਝੇ ਵਿੱਚ ਦਦੇਹਰ, ਵਲਟੋਹਾ ਅਤੇ ਝਾੜ ਸਾਹਿਬ;

1. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 163

ਮਾਲਵੇ ਵਿੱਚ ਨਾਰੰਗਵਾਲ, ਢੁੱਡੀਕੇ ਅਤੇ ਲੋਹਟਬੱਧੀ, ਦੁਆਬੇ ਵਿੱਚ ਸੰਘਵਾਲ ਅਤੇ ਜੰਡਿਆਲਾ ਮੰਜਕੀ ਗ਼ਦਰੀਆਂ ਦੇ ਮੁੱਖ ਕੇਂਦਰ ਸਨ। ਲਾਢੋਵਾਲ ਅਤੇ ਲੋਹਟਬੱਧੀ ਵਿਖੇ ਗ਼ਦਰੀਆਂ ਨੇ ਬੰਬ ਬਨਾਉਣ ਦੇ ਕਾਰਖਾਨੇ ਸਥਾਪਿਤ ਕੀਤੇ।

ਗ਼ਦਰੀ ਯੋਧੇ ਆਪਣੀਆਂ ਤਿਆਰੀਆਂ ਵਿੱਚ ਜੁਟੇ ਹੋਏ ਸਨ ਕਿ ਇਸੇ ਸਮੇਂ 27 ਨਵੰਬਰ, 1914 ਨੂੰ ਫੇਰੂ ਸ਼ਹਿਰ ਦਾ ਸਾਕਾ ਵਾਪਰ ਗਿਆ। ਇਸ ਸਾਕੇ ਵਿੱਚ ਪੁਲਿਸ ਨਾਲ ਮੁਕਾਬਲਾ ਕਰਦੇ ਹੋਏ ਦੋ ਗ਼ਦਰੀ ਚੰਦਾ ਸਿੰਘ ਵੜੈਚ (ਲੁਧਿਆਣਾ) ਅਤੇ ਧਿਆਨ ਸਿੰਘ ਬੰਗਸੀਪੁਰਾ ਸ਼ਹੀਦ ਹੋ ਗਏ। ਇਸ ਸਾਕੇ ਦੌਰਾਨ 7 ਗ਼ਦਰੀ ਸੂਰਮੇ ਪੰਡਤ ਕਾਂਸ਼ੀ ਰਾਮ ਮੜੌਲੀ ਖ਼ਜ਼ਾਨਚੀ ਗ਼ਦਰ ਪਾਰਟੀ, ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ, ਭਾਈ ਰਹਿਮਤ ਅਲੀ ਵਜ਼ੀਦ ਕੇ, ਭਾਈ ਬਖਸ਼ੀਸ਼ ਸਿੰਘ ਖਾਨਪੁਰ, ਭਾਈ ਲਾਲ ਸਿੰਘ ਸਾਹਿਬਾਣਾ, ਭਾਈ ਜਗਤ ਸਿੰਘ ਬਿੰਝਲ ਅਤੇ ਭਾਈ ਧਿਆਨ ਸਿੰਘ ਉਮਰਪੁਰਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਏ। ਇਹਨਾਂ ਨੂੰ ਬਾਅਦ ਵਿੱਚ ਫਾਂਸੀ ਚਾੜ੍ਹਕੇ ਸ਼ਹੀਦ ਕਰ ਦਿੱਤਾ ਗਿਆ। ਫੇਰੂ ਸ਼ਹਿਰ ਦਾ ਸਾਕਾ ਗ਼ਦਰ ਪਾਰਟੀ ਲਈ ਬਹੁਤ ਭਾਰੀ ਸੱਟ ਸੀ।

ਗ਼ਦਰੀਆਂ ਨੂੰ ਧਨ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਨਾ ਚਾਹੁੰਦੇ ਹੋਏ ਵੀ ਕੁਝ ਡਾਕੇ ਮਾਰਨੇ ਪਏ। ਹਥਿਆਰ ਖਰੀਦਣ, ਗ਼ਦਰੀ ਸਾਹਿਤ ਛਾਪਣ, ਗੁਪਤ ਅੱਡੇ ਕਾਇਮ ਕਰਨ, ਲਾਹੌਰ ਅਤੇ ਅੰਮ੍ਰਿਤਸਰ ਸ਼ਹਿਰਾਂ ਵਿੱਚ ਕਈ-ਕਈ ਮਕਾਨ ਕਿਰਾਏ 'ਤੇ ਲੈਣ ਲਈ ਪੈਸਿਆਂ ਦੀ ਸਖ਼ਤ ਜ਼ਰੂਰਤ ਸੀ। ਗ਼ਦਰੀਆਂ ਨੇ ਉੱਤਰੀ ਭਾਰਤ ਦੀਆਂ ਛਾਉਣੀਆਂ ਵਿੱਚ ਜਾ ਕੇ ਪਿਸ਼ਾਵਰ ਤੋਂ ਬਨਾਰਸ ਤੱਕ ਕਈ ਥਾਂਈਂ ਫੌਜਾਂ ਨਾਲ ਸਬੰਧ ਸਥਾਪਿਤ ਕੀਤੇ। ਇਸ ਦਾ ਜ਼ਿਕਰ ਗ਼ਦਰੀ-ਕਾਵਿ ਵਿੱਚ ਵੀ ਆਉਂਦਾ ਹੈ:

ਕਰੋ ਪਲਟਨਾਂ ਨੂੰ ਖਬਰਦਾਰ ਜਾ ਕੇ,
ਸੁੱਤੇ ਪਏ ਕਿਉਂ ਤੇਗ ਚਲਾਨ ਵਾਲੇ।
ਮੁਸਲਮਾਨ ਪਠਾਨ ਬਲਵਾਨ ਡੋਗਰ,
ਸਿੰਘ ਸੂਰਮੇ ਯੁੱਧ ਮਚਾਨ ਵਾਲੇ।
ਤਾਕਤ ਕੋਈ ਨਾ ਬੜੀ ਫਰੰਗੀਆਂ ਦੀ,
ਮਿਲ ਕੇ ਕਰਨ ਹੱਲਾ ਹਿੰਦੁਸਤਾਨ ਵਾਲੇ।
ਹਿੰਦੁਸਤਾਨੀਆਂ ਮੋਰਚੇ ਫ਼ਤਹਿ ਕੀਤੇ,
ਬਰਮਾ, ਮਿਸਰ ਤੇ ਚੀਨ, ਸੁਡਾਨ ਵਾਲੇ।

ਗ਼ਦਰ ਪਾਰਟੀ ਵੱਲੋਂ ਆਪਣੀਆਂ ਤਿਆਰੀਆਂ ਮੁਕੰਮਲ ਕਰਕੇ 21 ਫ਼ਰਵਰੀ, 1915 ਦਾ ਦਿਨ ਗ਼ਦਰ ਮਚਾਉਣ ਲਈ ਰੱਖਿਆ ਗਿਆ। ਪਰ ਪਾਰਟੀ ਦੇ ਗ਼ਦਾਰ ਕਿਰਪਾਲ ਸਿੰਘ ਨੇ ਇਹ ਸੂਚਨਾ ਅੰਗਰੇਜ਼ ਸਰਕਾਰ ਤੱਕ ਪੁੱਜਦੀ ਕਰ ਦਿੱਤੀ। ਪਰ ਜਦ ਗ਼ਦਰੀਆਂ ਨੂੰ ਆਪਣੀ ਗੁਪਤ ਸੂਚਨਾ ਲੀਕ ਹੋਣ ਦੀ ਭਿਣਕ ਪਈ ਤਾਂ ਉਹਨਾਂ ਗ਼ਦਰ ਦੀ ਤਾਰੀਖ 21 ਫ਼ਰਵਰੀ ਦੀ ਥਾਂ 19 ਫ਼ਰਵਰੀ, 1915 ਬਦਲ ਕੇ ਕਰ ਲਈ। ਪਰ ਇਸ ਬਾਰੇ ਵੀ ਮੁਖ਼ਬਰ ਕਿਰਪਾਲ ਸਿੰਘ ਨੂੰ ਪਤਾ ਲੱਗ ਗਿਆ ਅਤੇ

ਉਸ ਨੇ ਬਦਲੀ ਮਿਤੀ ਦੀ ਸੂਚਨਾ ਵੀ ਅੰਗਰੇਜ਼ ਹਕੂਮਤ ਨੂੰ ਦੇ ਦਿੱਤੀ। ਇਸ ਦੇ ਨਾਲ ਹੀ ਗ਼ਦਰੀ ਆਗੂਆਂ ਅਤੇ ਵਰਕਰਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਗ਼ਦਰੀਆਂ ਵੱਲੋਂ ਇਨਕਲਾਬ ਲਿਆਉਣ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ। ਗ਼ਦਰੀਆਂ ਉੱਪਰ ਪਹਿਲਾ ਲਾਹੌਰ ਸਾਜ਼ਿਸ਼ ਕੇਸ 1915 ਬਾਦਸ਼ਾਹ ਬਨਾਮ ਅਨੰਦ ਕਿਸ਼ੋਰ ਅਤੇ ਹੋਰ ਸਿਰਲੇਖ ਅਧੀਨ ਸੈਂਟਰਲ ਜੇਲ੍ਹ ਲਾਹੌਰ ਵਿੱਚ 26 ਅਪ੍ਰੈਲ, 1915 ਨੂੰ ਸ਼ੁਰੂ ਹੋਇਆ ਅਤੇ 13 ਸਤੰਬਰ, 1915 ਨੂੰ ਫੈਸਲਾ ਸੁਣਾਇਆ ਗਿਆ। ਇਸ ਕੇਸ ਵਿੱਚ 82 ਦੋਸ਼ੀ ਸ਼ਾਮਲ ਕੀਤੇ ਗਏ, 65 ਹਾਜ਼ਰ ਹੋਏ। ਇਹਨਾਂ ਵਿੱਚੋਂ 24 ਨੂੰ ਫ਼ਾਂਸੀ, 27 ਨੂੰ ਉਮਰ ਕੈਦ ਅਤੇ 6 ਨੂੰ ਘੱਟ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਹੋਈਆਂ। ਬਾਅਦ ਵਿੱਚ 24 ਫ਼ਾਂਸੀ ਵਾਲੇ ਗ਼ਦਰੀਆਂ ਵਿੱਚੋਂ 17 ਗ਼ਦਰੀਆਂ ਦੀ ਫ਼ਾਂਸੀ ਤੋੜਕੇ ਲਾਰਡ ਹਾਰਡਿੰਗ ਦੇ ਦਖਲ ਦੇਣ 'ਤੇ ਉਹਨਾਂ ਨੂੰ ਸ਼ਜਾ ਉਮਰ ਕੈਦ ਕਾਲੇ ਪਾਣੀ ਹੋਈ। 16 ਨਵੰਬਰ, 1915 ਨੂੰ ਸੱਤ ਸੂਰਬੀਰਾਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ, ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟੀ, ਬਖਸੀਸ਼ ਸਿੰਘ, ਸੁਰੈਣ ਸਿੰਘ ਵੱਡਾ ਅਤੇ ਸੁਰੈਣ ਸਿੰਘ ਛੋਟਾ ਤਿੰਨੇ ਪਿੰਡ ਗਿੱਲਵਾਲੀ, ਜ਼ਿਲ੍ਹਾ ਅੰਮ੍ਰਿਤਸਰ ਨੂੰ ਫ਼ਾਂਸੀ ਚਾਹੜਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਤੋਂ ਇਲਾਵਾ ਗ਼ਦਰੀਆਂ ਉਪਰ ਹੋਰ ਬਹੁਤ ਸਾਰੇ ਕੇਸ ਚਲਾਏ ਗਏ।

1) ਪਹਿਲਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ-1915-16
2) ਦੂਜਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ-1916-17
3) ਤੀਜਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ-ਮਾਰਚ 1917
4) ਚੌਥਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ-ਮਈ 1917
5) ਮਾਂਡਲੇ/ਬਰਮਾ ਸਾਜਿਸ਼ ਕੇਸ-1916
6) ਦੂਜਾ ਬਰਮਾ ਸਾਜਿਸ਼ ਕੇਸ-1917
7) ਮੰਡੀ ਸਾਜਿਸ਼ ਕੇਸ-1917
8) ਬਨਾਰਸ ਸਾਜਿਸ਼ ਕੇਸ
9) ਸਾਨਫਰਾਂਸਿਸਕੋ ਜਾਂ ਹਿੰਦੂ ਜਰਮਨ ਸਾਜਿਸ਼ ਕੇਸ (1917-18) ਸਮੇਤ ਹੋਰ ਬਹੁਤ ਸਾਰੇ ਕੇਸ ਚਲਾਏ ਗਏ।

ਵੱਖ-ਵੱਖ ਸਾਜਿਸ਼ ਕੇਸਾਂ ਤਹਿਤ ਫਾਂਸੀ ਚੜ੍ਹਕੇ, ਵੱਖ-ਵੱਖ ਜੇਲ੍ਹਾਂ ਵਿੱਚ ਪੁਲਿਸ ਦਾ ਤਸ਼ੱਦਦ ਦਾ ਸ਼ਿਕਾਰ ਹੋ ਕੇ ਅਤੇ ਕਈ ਮੁਕਾਬਲਿਆਂ ਦੌਰਾਨ ਸੈਂਕੜੇ ਗ਼ਦਰੀਆਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਹੋਰ ਸੈਂਕੜਿਆਂ ਦੀ ਤਦਾਦ ਵਿੱਚ ਗ਼ਦਰੀਆਂ ਨੇ ਦੇਸ਼ ਅਤੇ ਵਿਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਉਮਰ ਕੈਦਾਂ ਭੋਗੀਆਂ ਅਤੇ ਅੰਡੇਮਾਨ ਕਾਲੇ ਪਾਣੀ ਜਿਹੀਆਂ ਨਰਕ-ਕੁੰਭੀ ਜੇਲ੍ਹਾਂ ਵਿੱਚ ਸਖ਼ਤ ਸਜ਼ਾਵਾਂ ਭੋਗੀਆਂ। ਅੰਡੇਮਾਨ ਜੇਲ੍ਹ ਦੀਆਂ ਭੁੱਖ ਹੜਤਾਲਾਂ ਦੌਰਾਨ ਅੱਠ ਗ਼ਦਰੀ ਸ਼ਹੀਦ ਹੋ ਗਏ ਅਤੇ ਕਈ ਹੋਰ ਪੁਲਿਸ ਨਾਲ ਹੋਏ ਮੁਕਾਬਲਿਆਂ ਵਿੱਚ ਸ਼ਹਾਦਤ ਦਾ ਜਾਮ ਪੀ ਗਏ।

ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਪਰਦੇਸ਼ਾਂ ਅੰਦਰ ਕਰੋੜਾਂ ਰੁਪਏ ਦੀਆਂ

ਜਾਇਦਾਦਾਂ ਨੂੰ ਲੱਤਾਂ ਮਾਰਕੇ ਦੇਸ਼ ਵਾਪਸ ਪਰਤੇ ਗ਼ਦਰੀ ਸੂਰਬੀਰਾਂ ਦੀ ਦੇਣ ਬਹੁਤ ਵੱਡਮੁੱਲੀ ਹੈ। ਪੰਜਾਬ ਦੀ ਧਰਤੀ ਦੇ ਚੱਪੇ-ਚੱਪੇ 'ਤੇ ਇਨ੍ਹਾਂ ਦੀਆਂ ਕਰਨੀਆਂ ਦੀ ਮੁਹਰ ਛਾਪ ਹੈ। ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਸਭ ਤੋਂ ਜ਼ਿਆਦਾ ਕੁਰਬਾਨੀਆਂ ਦੇਣ ਅਤੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਨੂੰ ਪ੍ਰਚੰਡ ਕਰਨ ਵਿੱਚ ਗ਼ਦਰੀ ਬਾਬਿਆਂ ਦਾ ਰੋਲ ਸ਼ਰੋਮਣੀ ਹੈ। ਪਰ ਦੇਸ਼ ਦੀ ਸੱਤਾ 'ਤੇ ਕਾਬਜ਼ ਸਿਆਸੀ ਧਿਰਾਂ ਅੱਜ ਤੱਕ ਅਜਿਹੇ ਬਹਾਦਰ ਸੰਘਰਸ਼ਸ਼ੀਲ ਯੋਧਿਆਂ ਦੀ ਕੁਰਬਾਨੀ ਨੂੰ ਨਜ਼ਰ ਅੰਦਾਜ਼ ਹੀ ਕਰਦੀਆਂ ਰਹੀਆਂ ਹਨ।

ਇਸੇ ਕਰਕੇ ਹੀ ਪ੍ਰਸਿੱਧ ਸਾਹਿਤਕਾਰ ਹਰਨਾਮ ਸਿੰਘ ਸ਼ਾਨ ਲਿਖਦੇ ਹਨ, '1857 ਦੇ ਗ਼ਦਰ' ਤੋਂ ਬਾਅਦ ਬਰਤਾਨਵੀ ਰਾਜ ਨੂੰ ਮਾਰ ਮੁਕਾਉਣ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਸਤੇ ਚੱਲੀਆਂ ਲਹਿਰਾਂ ਨੂੰ ਠੱਲਣ ਲਈ ਬਰਤਾਨਵੀ ਸਰਕਾਰ ਵੱਲੋਂ ਦਿੱਤੀਆਂ ਗਈਆਂ ਘੋਰ ਸਜ਼ਾਵਾਂ, ਉਮਰ ਕੈਦਾਂ ਤੇ ਫ਼ਾਂਸੀਆਂ ਦਾ ਸਭ ਤੋਂ ਵੱਧ ਛਾਂਦਾ ਵੀ ਇਸੇ ਪਹਿਲੀ ਤੇ ਅਦੁੱਤੀ ਲਹਿਰ ਦੇ ਹਿੱਸੇ ਆਇਆ।[1]

1. ਦੇਸ਼ ਸੇਵਕ 15 ਅਗਸਤ, 1997

# ਬਾਬਾ ਸੋਹਣ ਸਿੰਘ ਭਕਨਾ

ਬਾਬਾ ਸੋਹਣ ਸਿੰਘ ਭਕਨਾ ਉਹਨਾਂ ਇਨਕਲਾਬੀਆਂ ਵਿੱਚੋਂ ਸਨ, ਜਿਨ੍ਹਾਂ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਗ਼ਦਰ ਪਾਰਟੀ ਦੀ ਨੀਂਹ ਰੱਖੀ। ਉਹਨਾਂ ਦਾ ਮਿਸ਼ਨ ਹਥਿਆਰਬੰਦ ਇਨਕਲਾਬ ਰਾਹੀਂ ਮਹਿਜ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੇ ਕਬਜੇ ਤੋਂ ਮੁਕਤ ਕਰਵਾਉਣਾ ਹੀ ਨਹੀਂ ਸੀ, ਸਗੋਂ ਇੱਥੇ ਬਰਾਬਰੀ ਅਤੇ ਨਿਆਂ ਦੇ ਅਧਾਰ ਉੱਤੇ ਧਰਮ ਨਿਰਪੱਖ ਜਮਹੂਰੀ ਗਣਰਾਜ ਦੀ ਸਥਾਪਨਾ ਕਰਨਾ ਵੀ ਸੀ। ਬਾਬਾ ਸੋਹਣ ਸਿੰਘ ਭਕਨਾ ਨੇ ਜ਼ਿੰਦਗੀ ਭਰ ਦੱਬੇ ਕੁੱਚਲੇ ਲੋਕਾਂ ਲਈ ਸੰਘਰਸ਼ ਕੀਤਾ। ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਜੀ ਦਾ ਜਨਮ 4 ਜਨਵਰੀ, 1870 ਈ: ਨੂੰ ਆਪਣੇ ਨਾਨਕੇ ਪਿੰਡ ਖੋਤਰਾ ਖ਼ੁਰਦ ਵਿਖੇ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਉਹਨਾਂ ਦਾ ਜੱਦੀ ਪਿੰਡ ਭਕਨਾ ਅੰਮ੍ਰਿਤਸਰ ਤੋਂ 16 ਕਿਲੋਮੀਟਰ ਦੀ ਦੂਰੀ 'ਤੇ ਚੜ੍ਹਦੇ ਪਾਸੇ ਵੱਲ ਵੱਸਿਆ ਹੋਇਆ ਹੈ। ਆਪਣੇ ਪਿੰਡ ਦੇ ਨਾਂ 'ਤੇ ਹੀ ਭਕਨਾ ਸ਼ਬਦ ਬਾਬਾ ਜੀ ਦੇ ਨਾਂ ਨਾਲ ਜੁੜ ਗਿਆ। ਸੋਹਣ ਸਿੰਘ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸੀ। ਉਹਨਾਂ ਦੇ ਪਿਤਾ ਸ.ਕਰਮ ਸਿੰਘ ਸ਼ੇਰਗਿੱਲ ਤਕੜੇ ਜ਼ਿੰਮੀਂਦਾਰ ਸਨ ਅਤੇ ਉਹਨਾਂ ਕੋਲ 65 ਏਕੜ ਜ਼ਮੀਨ ਸੀ। ਰਾਮ ਕੌਰ ਉਹਨਾਂ ਦੀ ਦੂਜੀ ਪਤਨੀ ਸੀ। ਉਹਨਾਂ ਦੀ ਪਹਿਲੀ ਪਤਨੀ ਦਾ ਨਾਮ ਹਰਿ ਕੌਰ ਸੀ। ਪਹਿਲੀ ਪਤਨੀ ਦੀ ਕੁੱਖੋਂ ਸੰਤਾਨ ਨਾ ਹੋਣ ਕਰਕੇ ਆਪਣੀ ਪਤਨੀ ਦੇ ਬਹੁਤ ਜ਼ੋਰ ਪਾਉਣ 'ਤੇ ਸ. ਕਰਮ ਸਿੰਘ ਜੀ ਦੂਸਰਾ ਵਿਆਹ ਕਰਵਾਉਣ ਲਈ ਸਹਿਮਤ ਹੋ ਗਏ, ਤਾਂ ਜੋ ਖਾਨਦਾਨ ਅੱਗੇ ਚੱਲਦਾ ਰਹੇ। ਅਜੇ ਬਾਲ ਸੋਹਣ ਸਿੰਘ ਮਸਾਂ ਸਾਲ ਕੁ ਦਾ ਹੀ ਸੀ ਕਿ ਉਸ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਬਾਬਾ ਸੋਹਣ ਸਿੰਘ ਭਕਨਾ ਜੀਵਨ ਸੰਗਰਾਮ ਵਿੱਚ ਲਿਖਦੇ ਹਨ, "ਪਿਤਾ ਜੀ ਦੇ ਚਲਾਣੇ ਪਿੱਛੋਂ ਦਾਦੀ ਜੀ ਨੇ ਜ਼ਮੀਨ ਦਾ ਬੰਦੋਬਸਤ ਆਪਣੇ ਹੱਥ ਵਿੱਚ ਲੈ ਲਿਆ ਅਤੇ ਮੇਰੇ ਧਰਮ ਮਾਤਾ ਜੀ ਨੇ ਘਰ ਦਾ। ਮੇਰੇ ਜਨਨੀ ਮਾਤਾ ਉਹਨਾਂ ਦੇ ਕਹੇ ਅਨੁਸਾਰ ਘਰ ਦਾ ਕੰਮ ਕਾਰ ਕਰਦੇ। ਮੇਰੀ ਧਰਮ ਮਾਤਾ ਅਤੇ ਜਨਨੀ ਮਾਤਾ ਦਾ ਆਪੋ ਵਿੱਚ ਭੈਣਾਂ ਵਾਲਾ ਸਲੂਕ ਸੀ। ਕਿਸੇ ਓਪਰੇ ਆਦਮੀ ਨੂੰ ਇਹ ਪਤਾ ਹੀ ਨਹੀਂ ਸੀ ਲੱਗਦਾ ਕਿ ਇਨ੍ਹਾਂ ਦਾ ਦੁਨਿਆਵੀ ਰਿਸ਼ਤਾ ਕੀ ਸੀ। ਮੇਰਾ ਪਾਲਣ ਪੋਸ਼ਣ ਮੇਰੇ ਧਰਮ ਮਾਤਾ ਕਰਦੇ ਸੀ ਅਤੇ ਮੈਂ ਉਹਨਾਂ ਨੂੰ ਹੀ ਮਾਤਾ ਖਿਆਲ ਕਰਦਾ ਸੀ। ਮੇਰੇ ਧਰਮ ਮਾਤਾ ਬੜੇ ਨਰਮ ਨਿਰਮਲ ਸੁਭਾਅ ਵਾਲੇ ਸਨ।[1] ਉਹਨਾਂ ਦੀ ਧਰਮ ਮਾਤਾ ਦਾ ਨਾਮ ਹਰਿ ਕੌਰ ਸੀ।

ਸੋਹਣ ਸਿੰਘ ਨੇ ਸ਼ੁਰੂ ਵਿੱਚ ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਪੰਜ ਗ੍ਰੰਥੀ, ਦਸ ਗ੍ਰੰਥੀ ਅਤੇ ਭਗਤ ਬਾਣੀ ਪੜ੍ਹੀਆਂ। 10 ਸਾਲ ਦੀ ਉਮਰ ਵਿੱਚ ਸੋਹਣ

---

1. ਜੀਵਨ ਸੰਗਰਾਮ ਅਤੇ ਹੋਰ ਲਿਖਤਾਂ, ਸੰਪਾਦਕ ਮਲਵਿੰਦਰ ਜੀਤ ਸਿੰਘ ਵੜੈਚ, ਪੰਨਾ 19-20

ਸਿੰਘ ਦੀ ਸ਼ਾਦੀ ਪਿੰਡ ਜੰਡਿਆਲਾ ਜ਼ਿਲ੍ਹਾ ਲਾਹੌਰ ਦੇ ਸ. ਖੁਸਹਾਲ ਸਿੰਘ ਦੀ ਸਪੁੱਤਰੀ ਬਿਸ਼ਨ ਕੌਰ ਨਾਲ ਹੋ ਗਈ। ਜਦੋਂ ਸੋਹਣ ਸਿੰਘ 11 ਸਾਲ ਦਾ ਹੋਇਆ ਤਾਂ ਉਸ ਸਮੇਂ ਪਿੰਡ ਵਿੱਚ ਪ੍ਰਾਇਮਰੀ ਸਕੂਲ ਖੁੱਲ੍ਹਿਆ। ਇਸ ਸਮੇਂ ਉਹਨਾਂ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਇੱਥੋਂ ਦੇ ਫ਼ਾਰਸੀ ਸਕੂਲ ਵਿੱਚ ਉਹਨਾਂ ਨੇ ਪੰਜਵੀਂ ਜਮਾਤ ਤੱਕ ਪੜ੍ਹਾਈ ਕੀਤੀ। ਇਹੋ ਹੀ ਸਕੂਲੀ ਵਿੱਦਿਆ ਸੀ, ਜੋ ਉਹ ਪ੍ਰਾਪਤ ਕਰ ਸਕੇ ਸਨ। ਸਾਰੀ ਉਮਰ ਉਨ੍ਹਾਂ ਨੂੰ ਉਚੇਰੀ ਪੜ੍ਹਾਈ ਦੀ ਅਣਹੋਂਦ ਦਾ ਝੋਰਾ ਰਿਹਾ।

ਘਰ ਦੀ ਚੰਗੀ ਆਰਥਿਕ ਹਾਲਤ ਹੋਣ ਕਰਕੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਸੋਹਣ ਸਿੰਘ ਬੁਰੀ ਸੰਗਤ ਵਿੱਚ ਫਸ ਗਏ। ਉਸ ਨੇ ਘਰ ਦੀ ਨਗਦੀ ਖ਼ਤਮ ਕਰਕੇ 32 ਏਕੜ ਜ਼ਮੀਨ ਵੀ ਗਹਿਣੇ ਧਰ ਦਿੱਤੀ। ਸ਼ਰਾਬ ਪੀਣੀ, ਮਾਸ-ਖਾਣਾ ਅਤੇ ਸ਼ਿਕਾਰ ਖੇਡਣਾ ਉਸ ਦੇ ਸ਼ੁਗਲ ਬਣ ਗਏ ਸਨ। ਯਾਰ ਲੋਕ ਅਰਥਾਤ ਵੈਲੀਆਂ ਦੀ ਜੁੰਡਲੀ ਉਸ ਦੇ ਦੁਆਲੇ ਰਹਿੰਦੀ। ਬਾਬਾ ਜੀ ਆਪਣੀ ਸਵੈ-ਜੀਵਨੀ 'ਜੀਵਨ ਸੰਗਰਾਮ' ਵਿੱਚ ਲਿਖਦੇ ਹਨ, "ਇਸ ਬੁਰੀ ਸੁਸਾਇਟੀ ਵਿੱਚ ਮੈਂ ਜੀਵਨ ਦੇ ਕੀਮਤੀ 10 ਸਾਲ ਬਰਬਾਦ ਕੀਤੇ ਤੇ ਨਾਲ ਧੰਨ-ਦੌਲਤ ਵੀ। ਇਸ ਤਰ੍ਹਾਂ 25 ਸਾਲਾਂ ਦਾ ਹੋ ਕੇ 26 ਵੇਂ ਸਾਲ ਦੇ ਸ਼ੁਰੂ ਵਿੱਚ ਮੇਰੇ ਜੀਵਨ ਵਿੱਚ ਇੱਕ ਨਵਾਂ ਪੜਾਅ ਆਇਆ ਤੇ ਜੀਵਨ ਦਾ ਨਵਾਂ ਦੌਰ ਸ਼ੁਰੂ ਹੋਇਆ।[1]

ਇਹ ਪਲਟਾਅ ਲਿਆਉਣ ਵਾਲੇ ਮਹਾਂਪੁਰਸ਼ ਸਨ ਬਾਬਾ ਕੇਸਰ ਸਿੰਘ ਜੀ ਅਤੇ ਸਮਾਂ ਸੀ 1896 ਦਾ। 1896 ਈ: ਦੇ ਸ਼ੁਰੂ ਵਿੱਚ ਸੋਹਣ ਸਿੰਘ ਦਾ ਮੇਲ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਨਾਲ ਹੋਇਆ, ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਸੋਹਣ ਸਿੰਘ ਨੇ ਸਾਰੀਆਂ ਮਾੜੀਆਂ ਆਦਤਾਂ ਛੱਡ ਦਿੱਤੀਆਂ। ਬਾਬਾ ਸੋਹਣ ਸਿੰਘ ਉਹਨਾਂ ਦੇ ਧਾਰਮਿਕ ਦੀਵਾਨਾਂ ਵਿੱਚ ਹਿੱਸਾ ਲੈਣ ਲੱਗ ਪਏ। ਬਾਬਾ ਕੇਸਰ ਸਿੰਘ ਹੌਲੇ-ਮੁਹੱਲੇ ਦਾ ਤਿਉਹਾਰ ਪਿੰਡ ਭਕਨੇ ਵਿੱਚ ਹਰ ਸਾਲ ਮਨਾਉਂਦੇ ਸਨ। ਜਿਸ ਦੇ ਪ੍ਰਬੰਧਾਂ ਦਾ ਵਧੇਰੇ ਖਰਚਾ ਸੋਹਣ ਸਿੰਘ ਦੁਆਰਾ ਕੀਤਾ ਜਾਂਦਾ। ਇਸ ਤਰ੍ਹਾਂ ਕੁਝ ਸਾਲਾਂ ਵਿੱਚ ਉਹਨਾਂ ਦੀ ਆਰਥਿਕ ਹਾਲਤ ਡਾਵਾਂਡੋਲ ਹੋ ਗਈ।

ਆਰਥਿਕ ਹਾਲਤ ਡਾਵਾਂਡੋਲ ਹੋਣ 'ਤੇ ਹੋਰਨਾਂ ਪੰਜਾਬੀਆਂ ਦੀ ਤਰ੍ਹਾਂ ਬਾਬਾ ਸੋਹਣ ਸਿੰਘ ਭਕਨਾ ਵੀ ਰੁਜ਼ਗਾਰ ਦੀ ਤਲਾਸ਼ ਵਿੱਚ 3 ਫ਼ਰਵਰੀ, 1909 ਨੂੰ ਘਰੋਂ ਅਮਰੀਕਾ ਜਾਣ ਲਈ ਤੁਰਿਆ ਅਤੇ 4 ਅਪ੍ਰੈਲ ਨੂੰ ਉਸ ਦਾ ਜਹਾਜ਼ ਅਮਰੀਕਾ ਦੇ ਪੱਛਮੀ ਤੱਟ 'ਤੇ ਸਿਆਟਲ ਬੰਦਰਗਾਹ 'ਤੇ ਜਾ ਲੱਗਿਆ। ਅਮਰੀਕਾ ਪਹੁੰਚਣ 'ਤੇ ਦੋ-ਭਾਸ਼ੀਏ ਵਜੋਂ ਉਸ ਦੀ ਮਦਦ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਕਾਹਰੀ ਸਾਹਰੀ ਨੇ ਕੀਤੀ ਅਤੇ ਬਾਬਾ ਸੋਹਣ ਸਿੰਘ ਨੂੰ 5 ਅਪ੍ਰੈਲ, 1909 ਨੂੰ ਅਮਰੀਕਾ ਉਤਰਣ ਦੀ ਆਗਿਆ ਮਿਲ ਗਈ। ਬਾਬਾ ਜੀ ਪਹਿਲੀ ਰਾਤ ਬਾਬੂ ਹਰਨਾਮ ਸਿੰਘ ਕੋਲ ਹੀ ਰਹੇ। ਆਪਣੇ ਗੁਜ਼ਾਰੇ ਲਈ ਭਕਨਾ ਨੇ ਪੋਰਟਲੈਂਡ ਕਸਬੇ ਦੀ ਮੋਨਾਰਕ ਨਾਂ ਦੀ ਲੱਕੜ ਮਿੱਲ ਵਿੱਚ ਮਜ਼ਦੂਰ ਵਜੋਂ ਆਪਣੇ ਜੀਵਨ-ਪੰਧ ਦੀ ਸ਼ੁਰੂਆਤ ਕਰ

1. ਜੀਵਨ ਸੰਗਰਾਮ ਅਤੇ ਹੋਰ ਲਿਖਤਾਂ, ਸੰਪਾਦਕ ਮਲਵਿੰਦਰ ਜੀਤ ਸਿੰਘ ਵੜੈਚ, ਪੰਨਾ 22

ਲਈ। ਸ਼ੁਰੂ 'ਚ ਉਸ ਨੂੰ ਇਹ ਕੰਮ ਕਰਨਾ ਬਹੁਤ ਔਖਾ ਲੱਗਿਆ ਕਿਉਂਕਿ ਉਹ ਜਿਸਮਾਨੀ ਜਾਂ ਭਾਰੇ ਕੰਮ ਦਾ ਆਦੀ ਨਹੀਂ ਸੀ, ਪਰ ਆਹਿਸਤਾ-ਆਹਿਸਤਾ ਉਹ ਇਸ ਦਾ ਆਦੀ ਹੋ ਗਿਆ। ਦੋ ਸਾਲਾਂ ਵਿੱਚ ਉਸ ਨੇ ਐਨੇ ਕੁ ਪੈਸੇ ਕਮਾ ਲਏ, ਜਿਨ੍ਹਾਂ ਨਾਲ ਉਹ ਆਪਣੇ ਦੋਸਤਾਂ ਤੋਂ ਲਏ ਉਧਾਰ ਮੋੜ ਸਕਦਾ ਸੀ ਅਤੇ ਆਪਣੇ ਪਰਿਵਾਰ ਲਈ ਵੀ ਕੁਝ ਪੈਸੇ ਬਚਾ ਸਕਦਾ ਸੀ।[1] ਵਿਦੇਸ਼ਾਂ ਤੋਂ ਗਏ ਹੋਏ ਕਾਮੇ ਅਮਰੀਕੀ ਮਜ਼ਦੂਰਾਂ ਦੇ ਮੁਕਾਬਲੇ ਬਹੁਤ ਘੱਟ ਤਨਖਾਹਾਂ ਲੈ ਕੇ ਕੰਮਾਂ 'ਤੇ ਲੱਗ ਜਾਂਦੇ ਸਨ। ਸ਼ੁਰੂ ਵਿੱਚ ਤਾਂ ਅਮਰੀਕਾ ਦੇ ਲੋਕਾਂ ਨੇ ਇਸ ਵੱਲ ਧਿਆਨ ਨਾ ਦਿੱਤਾ। ਜਦੋਂ ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਦਾਖਲੇ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਤਾਂ ਭਾਰਤੀਆਂ ਨੇ ਅਮਰੀਕਾ ਵੱਲ ਰੁੱਖ ਕਰ ਲਿਆ। 1912 ਤੱਕ ਬਹੁਤ ਸਾਰੇ ਭਾਰਤੀ ਬ੍ਰਿਟਿਸ਼ ਕੋਲੰਬੀਆ ਤੋਂ ਵਾਸ਼ਿੰਗਟਨ, ਮੌਨਟਾਨਾਂ ਅਤੇ ਉੱਤਰੀ ਡਕੋਟਾ ਦੇ ਰਾਜਾਂ ਵਿੱਚ ਚਲੇ ਗਏ ਸਨ। ਅਮਰੀਕਾ ਵਿੱਚ ਭਾਰਤੀਆਂ ਤੋਂ ਇਲਾਵਾ ਜਾਪਾਨੀ ਅਤੇ ਚੀਨੀ ਲੋਕ ਵੀ ਵੱਡੀ ਗਿਣਤੀ ਵਿੱਚ ਪਹੁੰਚ ਚੁੱਕੇ ਸਨ। ਅਮਰੀਕਾ ਵਿੱਚ ਏਸ਼ੀਆਈ ਲੋਕਾਂ ਦਾ ਦਾਖਲਾ ਰੋਕਣ ਲਈ ਲੀਗ ਬਣ ਚੁੱਕੀ ਸੀ। ਅਮਰੀਕਾ ਵਿੱਚ ਭਾਰਤੀ ਪਰਵਾਸੀਆਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਉੱਥੇ ਭਾਰਤੀਆਂ ਨੂੰ ਹਿੰਦੂ ਗੁਲਾਮ ਜਾਂ ਕਾਲੇ ਕਹਿ ਕੇ ਬੁਲਾਇਆ ਜਾਂਦਾ ਸੀ। ਬਾਬਾ ਸੋਹਣ ਸਿੰਘ ਨੂੰ ਵੀ ਇਸੇ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਇੱਕ ਵਾਰ ਬਾਬਾ ਸੋਹਣ ਸਿੰਘ, ਸੰਤ ਤੇਜਾ ਸਿੰਘ ਮਸਤੂਆਣਾ, ਊਧਮ ਸਿੰਘ ਕਸੇਲ ਅਤੇ ਕੁਝ ਹੋਰ ਸਾਥੀ ਇੱਕ ਅਮਰੀਕਨ ਹੋਟਲ ਵਿੱਚ ਖਾਣਾ ਖਾਣ ਚਲੇ ਗਏ। ਗੁਲਾਮ ਦੇਸ਼ ਦੇ ਬਾਸ਼ਿੰਦੇ ਹੋਣ ਕਰਕੇ ਉਹਨਾਂ ਨੂੰ ਉੱਥੇ ਖਾਣਾ ਖਾਣ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਘਟਨਾਵਾਂ ਸਦਕਾ ਅਮਰੀਕਾ ਗਏ ਹਿੰਦੀਆਂ ਵਿੱਚ ਜਾਗ੍ਰਿਤੀ ਆਉਣ ਲੱਗ ਪਈ ਸੀ। 1911 ਵਿੱਚ ਸੇਂਟ ਜਾਹਨ ਕਸਬੇ ਵਿੱਚ ਅਮਰੀਕਨ ਮਜ਼ਦੂਰਾਂ ਨੇ ਹਿੰਦੁਸਤਾਨੀਆਂ ਉੱਪਰ ਹਮਲਾ ਕਰ ਦਿੱਤਾ। ਉਹਨਾਂ ਦੀ ਮਾਰ ਕੁਟਾਈ ਕੀਤੀ ਅਤੇ ਆਰਥਿਕ ਨੁਕਸਾਨ ਵੀ ਕੀਤਾ। ਹਿੰਦੁਸਤਾਨੀ ਇਕੱਠੇ ਹੋ ਕੇ ਪੋਰਟ ਲੈਂਡ ਬ੍ਰਿਟਿਸ਼ ਕੌਂਸਲ ਕੋਲ ਗਏ, ਪਰ ਉਹਨਾਂ ਦੀ ਕੋਈ ਸੁਣਵਾਈ ਨਾ ਹੋਈ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਭਾਰਤੀਆਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਭਾਰਤੀਆਂ ਦੀ ਦੁਰਦਸ਼ਾ ਦਾ ਕਾਰਨ ਉਹਨਾਂ ਦੀ ਗੁਲਾਮੀ ਹੈ। ਭਾਰਤੀ ਲੋਕ ਗੁਲਾਮੀ ਦੇ ਦਾਗ ਧੋਣ ਲਈ ਜਥੇਬੰਦ ਹੋਣੇ ਸ਼ੁਰੂ ਹੋ ਗਏ।

1912 ਦੇ ਸ਼ੁਰੂ ਵਿੱਚ ਅਮਰੀਕਾ ਦੇ ਪੱਛਮੀ ਤੱਟ 'ਤੇ ਕੰਮ ਕਰ ਰਹੇ ਭਾਰਤੀਆਂ ਦੀ ਇੱਕ ਵਿਸ਼ਾਲ ਇਕੱਤਰਤਾ ਹੋਈ। ਇਸ ਇਕੱਤਰਤਾ ਵਿੱਚ ਸੇਂਟ ਜਾਹਨ ਤੋਂ ਪੰਡਤ ਕਾਂਸ਼ੀ ਰਾਮ ਅਤੇ ਉਹਨਾਂ ਦੇ ਸਾਥੀ, ਬਰਾਈਡਿਲ ਵਿਲ ਤੋਂ ਹਰਨਾਮ ਸਿੰਘ ਟੁੰਡੀਲਾਟ ਅਤੇ ਉਹਨਾਂ ਦੇ ਸਾਥੀ, ਮੋਨਾਰਕ ਮਿੱਲ ਤੋਂ ਸੋਹਣ ਸਿੰਘ, ਭਾਈ ਊਧਮ ਸਿੰਘ ਕਸੇਲ ਅਤੇ ਪੋਰਟਲੈਂਡ ਵਿੱਚ ਕੰਮ ਕਰਨ ਵਾਲੇ ਉਹਨਾਂ ਦੇ

---

1. ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ ਜਹਿਦ, ਡਾ. ਪ੍ਰਿਥਵੀ ਰਾਜ ਕਾਲੀਆ, ਪੰਨਾ 249.

ਹੋਰ ਸਾਥੀ ਸ਼ਾਮਲ ਹੋਏ। ਇਸ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜੱਥੇਬੰਦੀ ਕਾਇਮ ਕੀਤੀ ਜਾਵੇ ਅਤੇ ਪੋਰਟਲੈਂਡ ਵਿੱਚ ਇੱਕ ਮਕਾਨ ਕਿਰਾਏ 'ਤੇ ਲੈ ਕੇ ਜੱਥੇਬੰਦੀ ਦਾ ਦਫ਼ਤਰ ਖੋਲ੍ਹਿਆ ਜਾਵੇ। ਸਰਬਸੰਮਤੀ ਨਾਲ ਚੋਣ ਕੀਤੀ ਗਈ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਜੀ.ਡੀ. (ਗੁਰੂ ਦੱਤ) ਕੁਮਾਰ ਜਨਰਲ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਖ਼ਜ਼ਾਨਚੀ ਚੁਣੇ ਗਏ। ਉਰਦੂ ਵਿੱਚ ਹਿੰਦੁਸਤਾਨ ਨਾਂ ਦਾ ਸਪਤਾਹਿਕ ਪਰਚਾ ਕੱਢਣ ਦਾ ਫੈਸਲਾ ਵੀ ਹੋਇਆ। ਇਸ ਅਖ਼ਬਾਰ ਦਾ ਉਦੇਸ਼ ਹਿੰਦੁਸਤਾਨ ਦੀ ਆਜ਼ਾਦੀ ਦੇ ਹੱਕ ਵਿੱਚ ਅਤੇ ਗੁਲਾਮੀ ਦੇ ਵਿਰੁੱਧ ਇਨਕਲਾਬ ਲਈ ਤਿਆਰੀ ਕਰਨਾ ਮਿਥਿਆ ਗਿਆ। ਇਸ ਐਸੋਸੀਏਸ਼ਨ ਦਾ ਉਦੇਸ਼ ਅਮਰੀਕਾ ਵਿੱਚ ਕੰਮ ਕਰ ਰਹੇ ਭਾਰਤੀ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਵੀ ਸੀ। 1912 ਦੇ ਸਿਆਲ ਵਿੱਚ ਮੋਨਾਰਕ ਮਿੱਲ ਇੱਕ ਮਹੀਨੇ ਵਾਸਤੇ ਬੰਦ ਹੋ ਗਈ। ਭਾਈ ਸੋਹਣ ਸਿੰਘ ਭਕਨਾ ਤੇ ਭਾਈ ਊਧਮ ਸਿੰਘ ਕਸੇਲ ਇੱਥੋਂ ਭਾਈ ਕੇਸਰ ਸਿੰਘ ਠੱਠਗੜ੍ਹ ਪਾਸ ਅਸਟੋਰੀਆ ਚਲੇ ਗਏ। ਵਿਚਾਰ-ਵਟਾਂਦਰੇ ਤੋਂ ਬਾਅਦ ਇੱਥੇ ਵੀ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਕਾਇਮ ਹੋ ਗਈ। ਜਿਸ ਦੇ ਪ੍ਰਧਾਨ ਭਾਈ ਕੇਸਰ ਸਿੰਘ, ਸਕੱਤਰ ਮੁਨਸ਼ੀ ਕਰੀਮ ਬਖ਼ਸ਼ ਤੇ ਖਜਾਨਚੀ ਸ੍ਰੀ ਮੁਨਸ਼ੀ ਰਾਮ ਚੁਣੇ ਗਏ। ਇਹ ਸਭਾ ਪੋਰਟਲੈਂਡ ਵਾਲੀ ਐਸੋਸੀਏਸ਼ਨ ਦੀ ਸ਼ਾਖ ਬਣਾਈ ਗਈ।[1] ਇਸ ਐਸੋਸੀਏਸ਼ਨ ਦੀਆਂ ਕੁਝ ਮੀਟਿੰਗਾਂ ਹੀ ਹੋਈਆਂ ਸਨ ਕਿ ਜੀ.ਡੀ. ਕੁਮਾਰ ਬਿਮਾਰ ਹੋ ਗਿਆ ਅਤੇ ਉਸ ਨੂੰ ਹਸਪਤਾਲ ਦਾਖਲ ਹੋਣਾ ਪੈ ਗਿਆ। ਜੀ.ਡੀ. ਕੁਮਾਰ ਦੀ ਬੀਮਾਰੀ ਸਦਕਾ ਅਖ਼ਬਾਰ ਕੱਢਣ ਦਾ ਕੰਮ ਸਿਰੇ ਨਾ ਚੜ੍ਹਿਆ ਅਤੇ ਐਸੋਸੀਏਸ਼ਨ ਦੀਆਂ ਮੀਟਿੰਗਾਂ ਦਾ ਕੰਮ ਵੀ ਮੱਧਮ ਪੈਣ ਲੱਗਿਆ। ਇਨ੍ਹੀਂ ਦਿਨੀਂ ਹੀ ਲਾਲਾ ਠਾਕਰ ਦਾਸ ਧੂਰੀ ਪੋਰਟਲੈਂਡ ਆਇਆ ਹੋਇਆ ਸੀ।

ਉਸ ਨੇ ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਪੰਡਤ ਕਾਂਸ਼ੀ ਰਾਮ ਨੂੰ ਸਲਾਹ ਦਿੱਤੀ ਕਿ ਕੈਲੇਫੋਰਨੀਆ ਤੋਂ ਲਾਲਾ ਹਰਦਿਆਲ ਨੂੰ ਬੁਲਾਕੇ ਪਾਰਟੀ ਦਾ ਕੰਮ ਉਸ ਦੇ ਸਪੁੱਰਦ ਕਰ ਦਿੱਤਾ ਜਾਵੇ। ਲਾਲਾ ਹਰਦਿਆਲ ਨਾਲ ਸੰਪਰਕ ਬਣਾਇਆ ਗਿਆ। ਉਹ 25 ਮਾਰਚ, 1913 ਨੂੰ ਸੇਂਟ ਜਾਨ ਪਹੁੰਚ ਗਏ। ਉਹਨਾਂ ਦੇ ਨਾਲ ਭਾਈ ਪਰਮਾਨੰਦ ਲਾਹੌਰ ਵਾਲੇ ਵੀ ਸਨ। ਪੰਡਤ ਕਾਂਸ਼ੀ ਰਾਮ ਨੇ ਸੁਨੇਹੇ ਲਾ ਕੇ ਆਸ-ਪਾਸ ਦੀਆਂ ਮਿੱਲਾਂ ਵਿੱਚ ਕੰਮ ਕਰਦੇ ਹਿੰਦੀਆਂ ਨੂੰ ਸੱਦ ਲਿਆ। 25 ਮਾਰਚ ਨੂੰ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਲਾਲਾ ਹਰਦਿਆਲ ਨੇ ਵਿਚਾਰ ਪੇਸ਼ ਕੀਤੇ ਕਿ ਇਨਕਲਾਬੀ ਲੀਹਾਂ ਉੱਪਰ ਕੰਮ ਹੋਣਾ ਚਾਹੀਦਾ ਹੈ। ਇਸ ਤੋਂ ਪਿੱਛੋਂ 31 ਮਾਰਚ, 1913 ਨੂੰ ਬਰਾਈਡਲਵਿਲ, 7 ਅ੍ਰਪੈਲ ਨੂੰ ਲਿਨਟਲ ਅਤੇ 14 ਅ੍ਰਪੈਲ ਨੂੰ ਰਿਆਸਤ ਵਾਸ਼ਿੰਗਟਨ ਦੇ ਕਸਬੇ ਵਾਨਾ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਇਸ ਦੌਰ ਦੀ ਅਗਲੀ ਮੀਟਿੰਗ 21 ਅ੍ਰਪੈਲ, 1913 ਨੂੰ ਅਸਟੋਰੀਆ ਦੀ ਇੱਕ ਆਰਾ ਮਿੱਲ ਵਿੱਚ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ ਹੋਈ, ਜਿਸ ਵਿੱਚ

1. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 91

ਬਰਾਈਡਲਵਿਲ, ਪੋਰਟਲੈਂਡ, ਵਾਨਾ, ਸੇਂਟਜਾਨ ਅਤੇ ਲਿਨਟਲ ਆਦਿ ਇਲਾਕਿਆਂ ਤੋਂ ਪ੍ਰਤੀਨਿਧੀ ਸ਼ਾਮਲ ਹੋਏ। ਲਾਲਾ ਹਰਦਿਆਲ ਅਤੇ ਕਈ ਹੋਰਨਾਂ ਸਾਥੀਆਂ ਦੇ ਭਾਸ਼ਨਾਂ ਪਿੱਛੋਂ ਬੁਨਿਆਦੀ ਮਤਾ ਪਾਸ ਕੀਤਾ ਗਿਆ। ਹੇਠ ਲਿਖੇ ਫੈਸਲੇ ਸਰਬ ਸੰਮਤੀ ਨਾਲ ਲਏ ਗਏ।[1]

1) ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਦੇ ਨਾਂ ਵਿੱਚ ਥੋੜ੍ਹੀ ਤਬਦੀਲੀ ਕਰਕੇ ਨਵਾਂ ਨਾਂ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਰੱਖਿਆ ਗਿਆ।
2) ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਤੇ ਆਜ਼ਾਦੀ ਪਿੱਛੋਂ ਆਜ਼ਾਦੀ ਤੇ ਬਰਾਬਰੀ ਦੇ ਅਧਾਰ 'ਤੇ ਲੋਕ ਰਾਜ ਸਥਾਪਿਤ ਕਰਨਾ ਹੋਵੇਗਾ।
3) ਪਾਰਟੀ ਦਾ ਇੱਕ ਹਫ਼ਤਾਵਰੀ ਅਖ਼ਬਾਰ ਹਿੰਦੀ ਜ਼ੁਬਾਨਾਂ ਵਿੱਚ ਨਿਕਲੇਗਾ, ਜਿਸ ਦਾ ਨਾਂ 1857 ਦੀ ਯਾਦ ਵਿੱਚ 'ਗ਼ਦਰ' ਅਖਬਾਰ ਹੋਵੇਗਾ।
4) ਪਾਰਟੀ ਦਾ ਦਫ਼ਤਰ ਸਾਨਫਰਾਂਸਿਸਕੋ (ਕੈਲੇਫੋਰਨੀਆ) ਵਿੱਚ ਹੋਵੇਗਾ।

ਅਹੁਦੇਦਾਰਾਂ ਦੀ ਚੋਣ ਇਸ ਪ੍ਰਕਾਰ ਹੋਈ; ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਭਾਈ ਕੇਸਰ ਸਿੰਘ ਠੱਠਗੜ੍ਹ ਮੀਤ-ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਲਾਲਾ ਠਾਕਰ ਦਾਸ ਧੂਰੀ ਸੰਯੁਕਤ ਸਕੱਤਰ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ, ਹਰਨਾਮ ਸਿੰਘ ਟੁੰਡੀਲਾਟ ਮੀਤ ਖਜ਼ਾਨਚੀ, ਮੁਨਸ਼ੀ ਰਾਮ ਅਤੇ ਕਰੀਮ ਬਖ਼ਸ਼ ਨੂੰ ਜੱਥੇਬਦਕ ਸਕੱਤਰ ਚੁਣਿਆ ਗਿਆ। 436 ਹਿਲ ਸਟਰੀਟ ਸਾਨਫਰਾਂਸਿਸਕੋ ਵਿੱਚ ਇੱਕ ਮਕਾਨ ਕਿਰਾਏ 'ਤੇ ਲੈ ਕੇ ਪਾਰਟੀ ਦਾ ਕੇਂਦਰੀ ਦਫ਼ਤਰ ਬਣਾਇਆ ਗਿਆ। ਪਿੱਛੋਂ ਇਹ ਦਫ਼ਤਰ 5 ਵੁੱਡ ਸਟਰੀਟ ਵਿੱਚ ਤਬਦੀਲ ਹੋ ਗਿਆ। ਪਹਿਲੀ ਨਵੰਬਰ 1913 ਨੂੰ ਗ਼ਦਰ ਨਾਂ ਦਾ ਸਪਤਾਹਿਕ ਪਹਿਲਾ ਪਰਚਾ ਉਰਦੂ ਵਿੱਚ ਕੱਢਿਆ ਗਿਆ। 8 ਦਸੰਬਰ, 1913 ਤੋਂ ਇਸ ਦਾ ਪ੍ਰਕਾਸ਼ਨ ਪੰਜਾਬੀ ਵਿੱਚ ਵੀ ਸ਼ੁਰੂ ਹੋ ਗਿਆ। ਗ਼ਦਰ ਅਖਬਾਰ ਛੇਤੀ ਹੀ ਅਮਰੀਕਾ ਦੇ ਪੱਛਮੀ ਕੰਢੇ ਦੀਆਂ ਰਿਆਸਤਾਂ ਤੋਂ ਇਲਾਵਾ ਕੈਨੇਡਾ, ਫਿਲਪਾਈਨ, ਫਿਜੀ, ਜਾਪਾਨ, ਸਿੰਘਾਪੁਰ, ਮਲਾਇਆ, ਬਰਮਾ, ਹਿੰਦੁਸਤਾਨ, ਪੂਰਬੀ ਅਫ਼ਰੀਕਾ ਅਤੇ ਕਈ ਹੋਰ ਦੇਸ਼ਾਂ ਵਿੱਚ ਭੇਜਿਆ ਜਾਣ ਲੱਗ ਪਿਆ। ਇਸੇ ਅਖਬਾਰ ਦੇ ਨਾਂ ਤੇ ਪਾਰਟੀ ਗ਼ਦਰ ਪਾਰਟੀ ਵਜੋਂ ਪ੍ਰਸਿੱਧ ਹੋ ਗਈ। 1914 ਦੇ ਸ਼ੁਰੂ ਵਿੱਚ ਬਾਬਾ ਸੋਹਣ ਸਿੰਘ ਭਕਨਾ ਨੇ ਮੋਨਾਰਕ ਮਿੱਲ ਵਾਲੀ ਆਪਣੀ ਨੌਕਰੀ ਛੱਡ ਦਿੱਤੀ ਅਤੇ ਪੂਰਾ ਸਮਾਂ ਹੀ ਪਾਰਟੀ ਨੂੰ ਦੇਣ ਲੱਗ ਪਏ। ਬਾਬਾ ਸੋਹਣ ਸਿੰਘ ਜੀ ਨੇ ਬਾਬਾ ਗਾਂਧਾ ਸਿੰਘ ਕੱਚਰਭੰਨ, ਕਰਤਾਰ ਸਿੰਘ ਦੁੱਕੀ ਲਤਾਲਾ ਅਤੇ ਕੁਝ ਹੋਰ ਸਾਥੀਆਂ ਨੂੰ ਨਾਲ ਲੈ ਕੇ ਅਮਰੀਕਾ ਦੀਪ ਵਿੱਚ ਘੁੰਮ-ਫਿਰਕੇ ਗ਼ਦਰ ਪਾਰਟੀ ਦਾ ਪ੍ਰਚਾਰ ਕੀਤਾ ਅਤੇ ਪਾਰਟੀ ਲਈ ਫੰਡ ਇਕੱਠਾ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਬਾਅਦ ਬਾਬਾ ਸੋਹਣ ਸਿੰਘ ਭਕਨਾ ਨੇ ਯੁਗਾਂਤਰ ਆਸ਼ਰਮ ਤੋਂ ਗ਼ਦਰ ਅਖ਼ਬਾਰ ਤੋਂ ਇਲਾਵਾ ਭਾਰਤੀਆਂ ਵਿੱਚ ਰਾਸ਼ਟਰੀ ਚੇਤੰਨਤਾ ਅਤੇ ਦੇਸ਼

1. ਜੀਵਨ ਸੰਗਰਾਮ ਤੇ ਹੋਰ ਲਿਖਤਾਂ, ਮਲਵਿੰਦਰ ਜੀਤ ਸਿੰਘ ਵੜੈਚ, ਪੰਨਾ 41

ਭਗਤੀ ਪੈਦਾ ਕਰਨ ਲਈ ਕਈ ਕਿਤਾਬਚੇ ਵੀ ਛਾਪੇ। ਅਖ਼ਬਾਰ ਦੇ ਮੁੱਖ ਪੰਨੇ ਉੱਤੇ ਕੋਈ ਮੁੱਲ ਜਾਂ ਚੰਦਾ ਨਹੀਂ ਲਿਖਿਆ ਹੁੰਦਾ ਸੀ, ਸਗੋਂ 'ਕੀਮਤ ਦੇਸ਼ ਭਗਤੀ' ਲਿਖੀ ਹੁੰਦੀ ਸੀ।

23 ਮਈ, 1914 ਨੂੰ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਪਹੁੰਚਿਆ। ਇਸ ਦੇ ਮੁਸਾਫਿਰਾਂ ਨੂੰ ਉੱਥੇ ਉਤਰਣ ਦੀ ਆਗਿਆ ਨਹੀਂ ਮਿਲੀ। 23 ਜੁਲਾਈ, 1914 ਨੂੰ ਵੈਨਕੂਵਰ ਤੋਂ ਹੀ ਜਹਾਜ਼ ਨੂੰ ਵਾਪਸੀ ਸਫ਼ਰ ਲਈ ਤੋਰ ਦਿੱਤਾ। ਇਸ ਤੋਂ ਪਹਿਲਾਂ ਹੀ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ 21 ਜੁਲਾਈ, 1914 ਨੂੰ ਸਾਨਫਰਾਂਸਿਸਕੋ ਤੋਂ ਰਵਾਨਾ ਹੋ ਗਏ ਸਨ ਅਤੇ ਉਹਨਾਂ ਦੀ ਡਿਊਟੀ ਜਹਾਜ਼ ਦੇ ਯੋਕੋਹਾਮਾ ਬੰਦਰਗਾਹ ਪਹੁੰਚਣ 'ਤੇ ਜਹਾਜ਼ ਦੇ ਮੁਸਾਫਿਰਾਂ ਨਾਲ ਗ਼ਦਰ ਪਾਰਟੀ ਦਾ ਪ੍ਰੋਗਰਾਮ ਸਾਂਝਾ ਕਰਨਾ ਅਤੇ ਹਿੰਦੁਸਤਾਨ ਜਾ ਕੇ ਅੰਗਰੇਜ਼ੀ ਰਾਜ ਤੇ ਖਾਤਮੇ ਲਈ ਉਹਨਾਂ ਨੂੰ ਤਿਆਰ ਕਰਨਾ ਸੀ। ਜਹਾਜ਼ ਦੇ ਮੁਸਾਫਿਰਾਂ ਤੱਕ ਹਥਿਆਰ ਅਤੇ ਗੋਲੀ ਸਿੱਕਾ ਪਹੁੰਚਾਉਣਾ ਸੀ, ਤਾਂ ਜੋ ਦੇਸ਼ ਜਾ ਕੇ ਉਹ ਹਥਿਆਰਬੰਦ ਇਨਕਲਾਬ ਲਿਆ ਸਕਣ। ਯੋਜਨਾ ਅਨੁਸਾਰ ਦੋ ਸੌ ਪਿਸਤੌਲ ਅਤੇ ਦੋ ਹਜ਼ਾਰ ਕਾਰਤੂਸ ਪੇਟੀਆਂ ਵਿੱਚ ਬੰਦ ਕਰਕੇ ਕਰਤਾਰ ਸਿੰਘ ਸਰਾਭਾ ਨੇ ਜਹਾਜ਼ ਵਿੱਚ ਪਹੁੰਚਾ ਦਿੱਤੀਆਂ ਸਨ। ਬਾਬਾ ਸੋਹਣ ਸਿੰਘ ਲਈ ਜਹਾਜ਼ ਵਿੱਚ ਇੱਕ ਕਮਰਾ ਪਹਿਲਾਂ ਹੀ ਰਾਖਵਾਂ ਕਰਵਾ ਲਿਆ ਗਿਆ ਸੀ। ਸੀ.ਆਈ.ਡੀ. ਦੀਆਂ ਨਜ਼ਰਾਂ ਤੋਂ ਬਚਦੇ ਹੋਏ ਬਾਬਾ ਜੀ ਜਹਾਜ਼ ਦੇ ਤੁਰਨ ਤੋਂ ਕੇਵਲ 15 ਮਿੰਟ ਪਹਿਲਾਂ ਜਹਾਜ਼ 'ਤੇ ਪਹੁੰਚੇ ਸਨ ਅਤੇ ਕਰਤਾਰ ਸਿੰਘ ਨੂੰ ਹੱਥ ਨਾਲ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿੱਚ ਗੁਪਤ ਤਰੀਕੇ ਨਾਲ ਪਹੁੰਚ ਗਏ ਸਨ। ਜਦੋਂ ਬਾਬਾ ਜੀ ਦਾ ਜਹਾਜ਼ ਯੋਕੋਹਾਮਾ ਪਹੁੰਚਿਆ ਤਾਂ ਗ਼ਦਰ ਪਾਰਟੀ ਦੇ ਉੱਥੇ ਪਹਿਲਾਂ ਤੋਂ ਹੀ ਤਿਆਰ ਬੰਦਿਆਂ ਨੇ ਹਥਿਆਰਾਂ ਵਾਲੀਆਂ ਪੇਟੀਆਂ ਸੰਭਾਲ ਲਈਆਂ ਸਨ ਅਤੇ ਸੋਹਣ ਸਿੰਘ ਉੱਥੇ ਇੱਕ ਹੋਟਲ ਵਿੱਚ ਜਾ ਠਹਿਰੇ। ਭਾਈ ਹਰਨਾਮ ਸਿੰਘ ਗੁੱਜਰਵਾਲ ਅਤੇ ਰਾਏ ਸਿੰਘ ਕਾਮਾਗਾਟਾਮਾਰੂ ਜਹਾਜ਼ ਕਮੇਟੀ ਦੇ ਸਕੱਤਰ ਉਹਨਾਂ ਨੂੰ ਹੋਟਲ ਵਿੱਚ ਮਿਲੇ। ਉਨ੍ਹਾਂ ਨਾਲ ਮਿਲਕੇ ਬਾਬਾ ਜੀ ਨੇ ਹਥਿਆਰਾਂ ਅਤੇ ਗੋਲੀ ਸਿੱਕਾ ਕਾਮਾਗਾਟਾਮਾਰੂ ਜਹਾਜ਼ ਵਿੱਚ ਪਹੁੰਚਾਉਣ ਦਾ ਪ੍ਰਬੰਧ ਕਰ ਦਿੱਤਾ। ਇਸ ਸਮੇਂ ਤੱਕ ਪਹਿਲਾਂ ਵਿਸ਼ਵ ਯੁੱਧ ਛਿੜ ਚੁੱਕਿਆ ਸੀ। ਜਰਮਨ ਪਣਡੁੱਬੀਆਂ ਤੋਂ ਜਹਾਜ਼ ਨੂੰ ਖਤਰਾ ਸੀ। ਬਾਬਾ ਜੀ ਨੇ ਜਰਮਨ ਕੌਂਸਲਰ ਦੇ ਅਧਿਕਾਰੀਆਂ ਨੂੰ ਮਿਲਕੇ ਕਾਮਾਗਾਟਾਮਾਰੂ ਦੀ ਸੁੱਰਖਿਆ ਦਾ ਪ੍ਰਬੰਧ ਕਰ ਦਿੱਤਾ।

ਬਾਬਾ ਸੋਹਣ ਸਿੰਘ ਅਜੇ ਕਾਮਾਗਾਟਾਮਾਰੂ ਨਾਲ ਸਬੰਧਿਤ ਕੰਮਾਂ ਤੋਂ ਹੀ ਵਿਹਲੇ ਹੋਏ ਸਨ ਕਿ ਕਰਤਾਰ ਸਿੰਘ ਸਰਾਭਾ ਨੇ ਉਹਨਾਂ ਨੂੰ ਹੋਟਲ ਵਿੱਚ ਮਿਲਕੇ ਇਤਲਾਹ ਦਿੱਤੀ ਕਿ ਪਾਰਟੀ ਨੇ ਹਿੰਦੁਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ ਹੈ। ਬਾਬਾ ਸੋਹਣ ਸਿੰਘ ਭਕਨਾ ਯੋਕੋਹਾਮਾ ਤੋਂ ਸ਼ੰਘਾਈ ਪਹੁੰਚ ਗਏ। ਸ਼ੰਘਾਈ ਵਿਖੇ ਉਹ ਡਾ. ਮਥਰਾ ਸਿੰਘ, ਜੋ ਬੰਬ ਬਣਾਉਣ ਵਿੱਚ ਮਾਹਿਰ ਸੀ ਅਤੇ ਉਸ ਦੇ ਸਾਥੀਆਂ ਨੂੰ ਮਿਲੇ। ਇੱਥੋਂ ਬਾਬਾ ਸੋਹਣ ਸਿੰਘ, ਭਾਈ ਗੁੱਜਰ ਸਿੰਘ ਭਕਨਾ

ਅਤੇ ਉਸ ਦੇ ਸਾਥੀਆਂ ਸਮੇਤ ਹਾਂਗਕਾਂਗ ਪਹੁੰਚ ਗਏ। ਰਸਤੇ ਵਿੱਚ ਪਿਨਾਂਗ ਵਿਖੇ ਬਾਬਾ ਜੀ ਨੂੰ ਬਜਬਜ ਘਾਟ 'ਤੇ ਵਾਪਰੇ ਕਾਂਡ ਬਾਰੇ ਪਤਾ ਚੱਲਿਆ। 13 ਅਕਤੂਬਰ, 1914 ਨੂੰ ਬਾਬਾ ਸੋਹਣ ਸਿੰਘ ਭਕਨੇ ਵਾਲਾ, ਨਾਮਸੰਗ ਜਹਾਜ਼ ਕੋਲਕਾਤਾ ਪਹੁੰਚਿਆ। ਇਸ ਵਿੱਚ 80 ਇਨਕਲਾਬੀ ਹੋਰ ਵੀ ਸਵਾਰ ਸਨ। ਕੋਲਕਾਤਾ ਪਹੁੰਚਦਿਆਂ ਸਾਰ ਹੀ ਬਾਬਾ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। 15 ਅਕਤੂਬਰ, 1914 ਨੂੰ ਉਹਨਾਂ ਨੂੰ ਕੋਲਕਾਤੇ ਤੋਂ ਪੰਜਾਬ ਭੇਜ ਦਿੱਤਾ ਗਿਆ। ਮੁੱਢਲੀ ਪੁੱਛ ਪੜਤਾਲ ਲਈ ਇੱਕ ਹਫ਼ਤਾ ਲੁਧਿਆਣੇ ਰੱਖਿਆ ਗਿਆ। ਲੁਧਿਆਣੇ ਵਿਖੇ ਪੁੱਛ-ਗਿੱਛ ਕਰਨ ਤੋਂ ਬਾਅਦ ਬਾਬਾ ਜੀ ਨੂੰ ਮੁਲਤਾਨ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਵਿੱਚ ਫਾਂਸੀ ਦੇਣ ਵਾਲੀ ਥਾਂ ਉਹਨਾਂ ਦੀ ਕਾਲ ਕੋਠੜੀ ਦੇ ਬਿਲਕੁੱਲ ਸਾਹਮਣੇ ਸੀ। ਸੋਹਣ ਸਿੰਘ ਲਈ ਅਜਿਹੀ ਕੋਠੜੀ ਦੀ ਚੋਣ ਜਾਣ-ਬੁੱਝ ਕੇ ਕੀਤੀ ਗਈ ਸੀ ਕਿ ਉਹ ਫਾਂਸੀ ਲੱਗਦੇ ਕੈਦੀਆਂ ਨੂੰ ਦੇਖ ਕੇ ਡਰ ਜਾਵੇਗਾ ਅਤੇ ਗ਼ਦਰ ਪਾਰਟੀ ਦੇ ਭੇਦ ਪੁਲਿਸ ਨੂੰ ਦੇ ਦੇਵੇਗਾ। ਸੋਹਣ ਸਿੰਘ ਕੋਲੋਂ ਗੁਪਤ ਭੇਦ ਲੈਣ ਲਈ ਪੁਲਿਸ ਨੇ ਪੂਰੀ ਵਾਹ ਲਾਈ। ਇੱਕ ਦਿਨ ਅਚਨਚੇਤ ਮੈਨੂੰ (ਬਾਬਾ ਜੀ) ਨੂੰ ਜੇਲ੍ਹ ਦੇ ਦਫ਼ਤਰ ਵਿੱਚ ਬੁਲਾਇਆ ਗਿਆ। ਸੀ.ਆਈ.ਡੀ. ਦੇ ਦੋ ਇੰਸਪੈਕਟਰ ਅਤੇ ਡਿਪਟੀ ਸੁਪਰਡੈਂਟ ਪੁਲਿਸ ਸੁੱਖਾ ਸਿੰਘ ਉੱਥੇ ਮੌਜੂਦ ਸਨ। ਉਨ੍ਹਾਂ ਨੇ ਮੈਨੂੰ ਕੁਰਸੀ ਉੱਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਫਿਰ ਸੁੱਖਾ ਸਿੰਘ ਨੇ ਮੈਨੂੰ ਇਸ ਤਰ੍ਹਾਂ ਕਹਿਣਾ ਸ਼ੁਰੂ ਕੀਤਾ "ਅਮਰੀਕਾ ਤੇ ਕੈਨੇਡਾ ਦੇ ਸਿੱਖਾਂ ਨੇ ਸਿੱਖ ਕੌਮ ਨੂੰ ਬਦਨਾਮ ਕੀਤਾ ਹੈ। ਸਰਕਾਰ ਅੰਗਰੇਜ਼ੀ ਦਾ ਸਾਰਾ ਭਰੋਸਾ ਸਿੱਖਾਂ ਤੋਂ ਉੱਠ ਗਿਆ ਹੈ। ਹਰਦਿਆਲ ਵਰਗੇ ਹਿੰਦੂਆਂ ਦੀ ਪੱਟੀ ਪੜ੍ਹਕੇ ਤੁਸਾਂ ਲੋਕਾਂ ਨੇ ਆਪਣੇ ਬਜ਼ੁਰਗਾਂ ਦੀ ਸਾਰੀ ਵਫ਼ਾਦਾਰੀ ਉੱਤੇ ਪਾਣੀ ਫੇਰ ਦਿੱਤਾ ਹੈ। ਹੁਣ ਉਹੋ ਹਿੰਦੂ ਜਗਤ ਰਾਮ ਆਦਿਕ ਆਪ ਤਾਂ ਬਿਆਨ ਦੇ ਕੇ ਨਿਕਲ ਗਏ ਹਨ ਅਤੇ ਇਸ ਸਾਰੀ ਸਾਜਿਸ਼ ਦਾ ਜ਼ਿੰਮੇਵਾਰ ਸਿੱਖਾਂ ਨੂੰ ਬਣਾਉਂਦੇ ਹਨ।"[1]

ਅਸਲ ਵਿੱਚ ਪੁਲਿਸ ਵਾਲੇ ਆਪਣੇ ਕੋਲੋਂ ਕਹਾਣੀ ਘੜ ਕੇ ਬਾਬਾ ਜੀ ਤੋਂ ਗ਼ਦਰ ਲਹਿਰ ਦੇ ਬਾਰੇ ਜਾਣਕਾਰੀਆਂ ਹਾਸਿਲ ਕਰਨਾ ਚਾਹੁੰਦੇ ਸਨ, ਜਦੋਂ ਕਿ ਗ਼ਦਰੀ ਜਗਤ ਰਾਮ ਬਾਰੇ ਜੋ ਸੀ. ਆਈ. ਡੀ. ਵਾਲਾ ਸੁੱਖਾ ਸਿੰਘ ਕਹਿ ਰਿਹਾ ਸੀ ਕੋਰੀ ਝੂਠ ਸੀ। ਇਹ ਪੁਲੀਸ ਵਾਲੇ ਹਿੰਦੂਆਂ ਸਿੱਖਾਂ ਵਿੱਚ ਫੁੱਟ ਪਾਉਣ ਦੀ ਚਾਲ ਚੱਲ ਰਹੇ ਸਨ। ਇਸ ਘਟਨਾ ਤੋਂ 15 ਕੁ ਦਿਨ ਪਿੱਛੋਂ ਸੀ.ਆਈ.ਡੀ. ਵਾਲਿਆਂ ਨੇ ਇੱਕ ਹੋਰ ਚਾਲ ਚੱਲੀ। ਪੁਲਿਸ ਨੇ ਉਸ ਦੇ ਮਿੱਤਰ ਸੁਰੈਣ ਸਿੰਘ ਰਾਹੀਂ ਉਸ ਦੀ ਮਾਤਾ ਦੀ ਜੇਲ੍ਹ ਵਿੱਚ ਲਿਆਕੇ ਮੁਲਾਕਾਤ ਕਰਵਾਈ ਤਾਂ ਜੋ ਮਾਂ ਦੀ ਮਮਤਾ ਦਾ ਵਾਸਤਾ ਪਾ ਕੇ ਉਸ ਕੋਲੋਂ ਗ਼ਦਰ ਲਹਿਰ ਬਾਰੇ ਜਾਣਿਆ ਜਾ ਸਕੇ। ਇਸ ਮੁਲਾਕਾਤ ਦੌਰਾਨ ਸੋਹਣ ਸਿੰਘ ਨੇ ਆਪਣੀ ਮਾਤਾ ਜੀ ਨੂੰ ਬਹੁਤ ਸਤਿਕਾਰ ਨਾਲ

1. ਗ਼ਦਰ ਲਹਿਰ ਦੀ ਕਹਾਣੀ ਗਦਰੀ ਬਾਬਿਆਂ ਦੀ ਜੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 53

ਕਿਹਾ, "ਮਾਤਾ ਜੀ ਮੈਂ ਤੁਹਾਡੀ ਕੁੱਖ ਵਿੱਚੋਂ ਜਨਮ ਲਿਆ ਹੈ, ਮੈਨੂੰ ਇਸ 'ਤੇ ਮਾਣ ਹੈ। ਮੈਂ ਤੁਹਾਡੇ ਜ਼ਜ਼ਬਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਜੇਕਰ ਮੈਂ ਮੁਖ਼ਬਰ ਬਣ ਜਾਵਾਂ ਮੇਰੀ ਜਾਨ ਤਾਂ ਬਚ ਜਾਵੇਗੀ, ਪਰ ਸੈਂਕੜੇ ਮਾਵਾਂ ਦੇ ਪੁੱਤਰ ਫਾਹੇ ਲੱਗ ਜਾਣਗੇ।" ਸੋਹਣ ਸਿੰਘ ਦੇ ਮਾਤਾ ਜੀ ਪੁੱਤਰ ਦਾ ਜਵਾਬ ਸੁਣਕੇ ਨਿਰ ਉੱਤਰ ਹੋ ਗਏ। ਉਹਨਾਂ ਸੋਹਣ ਸਿੰਘ ਦੇ ਸਿਰ 'ਤੇ ਹੱਥ ਫੇਰਕੇ ਆਸ਼ੀਰਵਾਦ ਦਿੱਤਾ ਅਤੇ ਉੱਥੋਂ ਚਲੇ ਗਏ। ਬਾਬਾ ਜੀ ਨੇ ਜੇਲ੍ਹ ਅਧਿਕਾਰੀਆਂ ਦੀਆਂ ਸਭ ਚਾਲਾਂ ਨਾਕਾਮ ਕਰ ਦਿੱਤੀਆਂ। ਬਾਬਾ ਜੀ ਨੇ ਪੁਲਿਸ ਅਧਿਕਾਰੀਆਂ ਨੂੰ ਵੰਗਾਰਦੇ ਹੋਏ ਕਹਿ ਦਿੱਤਾ। "ਮੈਨੂੰ ਤੋਪ ਅੱਗੇ ਉੱਡਣਾ ਪਵੇ ਜਾਂ ਫਾਂਸੀ ਲੱਗਣਾ ਪਵੇ ਜਾਂ ਹੋਰ ਜੋ ਤਕਲੀਫ਼ ਝੱਲਣੀ ਪਵੇ, ਮੈਂ ਖੁਸ਼ੀ ਨਾਲ ਕਬੂਲ ਕਰਾਂਗਾ। ਪਰ ਗ਼ਦਾਰ ਬਣਕੇ ਜੀਵਨ ਗੁਜ਼ਾਰਨ ਨਾਲੋਂ ਮੌਤ ਨੂੰ ਪਹਿਲ ਦਿੰਦਾ ਹਾਂ।"[1] ਮਾਰਚ 1915 ਵਿੱਚ ਬਾਬਾ ਜੀ ਦਾ ਚਲਾਨ ਮੁਲਤਾਨ ਤੋਂ ਸੈਂਟਰਲ ਜੇਲ੍ਹ ਲਾਹੌਰ ਦਾ ਹੋ ਗਿਆ।

ਫ਼ਰਵਰੀ 1915 ਵਿੱਚ ਗ਼ਦਰੀਆਂ ਦੀਆਂ ਇਨਕਲਾਬ ਲਿਆਉਣ ਦੀਆਂ ਸਕੀਮਾਂ ਇੱਕ ਗ਼ਦਾਰ ਕਿਰਪਾਲ ਸਿੰਘ ਦੇ ਅੰਗਰੇਜ਼ ਹਕੂਮਤ ਨੂੰ ਭੇਦ ਦੇਣ ਕਾਰਨ ਸਿਰੇ ਨਾ ਚੜ੍ਹ ਸਕੀਆਂ। ਥੋੜ੍ਹੇ ਅਰਸੇ ਵਿੱਚ ਹੀ ਬਹੁਤ ਸਾਰੇ ਗ਼ਦਰੀ ਗ੍ਰਿਫ਼ਤਾਰ ਕਰ ਲਏ ਗਏ। 26 ਅਪ੍ਰੈਲ, 1915 ਨੂੰ ਸੋਹਣ ਸਿੰਘ ਭਕਨਾ ਸਮੇਤ 82 ਆਦਮੀਆਂ ਉੱਪਰ ਲਾਹੌਰ ਸਾਜਿਸ਼ ਕੇਸ ਪਹਿਲਾ ਦਾ ਮੁਕੱਦਮਾ ਭਾਰਤੀ ਸੁਰੱਖਿਆ ਕਾਨੂੰਨ ਅਧੀਨ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਚਲਾ ਦਿੱਤਾ ਗਿਆ। ਮੁਕਦੱਮੇ ਦੀ ਸੁਣਵਾਈ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਬਣਾਇਆ ਗਿਆ। ਜਿਸ ਦੇ ਫੈਸਲੇ ਵਿਰੁੱਧ ਕਿਤੇ ਵੀ ਅਪੀਲ ਨਹੀਂ ਸੀ ਹੋ ਸਕਦੀ। ਏ.ਏ.ਇਰਵਨ. ਮੁੱਖ ਕਮਿਸ਼ਨਰ, ਟੀ.ਪੀ. ਐਲਿਸ ਵਿਸ਼ੇਸ ਕਮਿਸ਼ਨਰ ਅਤੇ ਸ਼ਿਓ ਨਰਾਇਣ ਵਿਸ਼ੇਸ਼ ਕਮਿਸ਼ਨਰ ਇਸ ਟ੍ਰਿਬਿਊਨਲ ਦੇ ਮੈਂਬਰ ਸਨ। 13 ਸਤੰਬਰ, 1915 ਨੂੰ ਲਾਹੌਰ ਸਾਜਿਸ਼ ਕੇਸ ਦਾ ਫੈਸਲਾ ਸੁਣਾਇਆ ਗਿਆ। ਜਿਸ ਵਿੱਚ 61 ਹਾਜ਼ਰ ਮੁਲਜ਼ਿਮਾਂ ਵਿੱਚੋਂ 24 ਨੂੰ ਫਾਂਸੀ ਅਤੇ ਜ਼ਮੀਨ ਜਾਇਦਾਦ ਜ਼ਬਤ, 27 ਨੂੰ ਉਮਰ ਕੈਦ ਅਤੇ ਜ਼ਮੀਨ ਜ਼ਾਇਦਾਦ ਜ਼ਬਤੀ ਅਤੇ 6 ਨੂੰ ਵੱਖ-ਵੱਖ ਮਿਆਦ ਦੀ ਕੈਦ ਦੀਆਂ ਸ਼ਜਾਵਾਂ ਦਿੱਤੀਆਂ ਗਈਆਂ। ਚਾਰ ਮੁਲਜ਼ਮ ਬਰੀ ਕਰ ਦਿੱਤੇ ਗਏ। ਜਿੰਨ੍ਹਾਂ ਵਿੱਚ ਕੇਦਾਰਨਾਥ ਸਹਿਗਲ, ਮਹਿਤਾ ਆਨੰਦ ਕਿਸ਼ੋਰ ਆਦਿ ਸ਼ਾਮਲ ਸਨ। ਫਾਂਸੀ ਲੱਗਣ ਵਾਲੇ 17 ਗ਼ਦਰੀਆਂ ਨੇ ਹਿੰਦੁਸਤਾਨ ਆ ਕੇ ਕਿਸੇ ਸਰਗਰਮੀ ਵਿੱਚ ਹਿੱਸਾ ਨਹੀਂ ਲਿਆ ਸੀ, ਕਿਉਂਕਿ ਉਹ ਆਉਂਦੇ ਹੀ ਜੇਲ੍ਹੀਂ ਡੱਕ ਦਿੱਤੇ ਗਏ ਸਨ। ਇਸ ਘੋਰ ਬੇਇਨਸਾਫ਼ੀ ਦੇ ਵਿਰੁੱਧ ਰਾਸ਼ਟਰਵਾਦੀ ਵਕੀਲ ਲਾਲਾ ਰਘੂਨਾਥ ਸਹਾਏ ਅਤੇ ਕੁਝ ਹੋਰਾਂ ਨੇ ਮੁਕਦੱਮੇ ਦੇ ਫੈਸਲੇ ਦੀਆਂ ਫਾਇਲਾਂ ਅਲਾਹਾਬਾਦ ਲਿਜਾਕੇ ਉੱਘੇ ਵਕੀਲ ਪੰਡਤ ਮੋਤੀ ਲਾਲ ਨਹਿਰੂ ਅੱਗੇ ਪੇਸ਼ ਕੀਤੀਆਂ।

ਕਾਗਜ਼ਾਂ ਦੀ ਪੜਤਾਲ ਕਰਕੇ ਉਹ ਕਹਿਣ ਲੱਗੇ ਕਿ 24 ਆਦਮੀਆਂ ਵਿੱਚੋਂ 17 ਅਜਿਹੀਆਂ ਨੂੰ ਮੌਤ ਦੀ ਸ਼ਜਾ ਦੇ ਦਿੱਤੀ ਗਈ ਹੈ, ਜਿਹੜੇ ਹਿੰਦੁਸਤਾਨ ਦੀ

1. ਗ਼ਦਰ ਲਹਿਰ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 57

ਜ਼ਮੀਨ 'ਤੇ ਉਤਰੇ ਹੀ ਨਹੀਂ, ਤੇ ਜਹਾਜ਼ਾਂ ਤੋਂ ਹੀ ਫੜੇ ਗਏ ਹਨ। ਇਹ ਵੱਡੀ ਕਾਨੂੰਨੀ ਕਮਜ਼ੋਰੀ ਸੀ। ਪੰਡਤ ਮੋਤੀ ਲਾਲ ਦੀ ਸਲਾਹ ਨਾਲ ਵਕੀਲਾਂ ਦਾ ਇੱਕ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਭਾਰਤੀ ਮੈਂਬਰਾਂ ਸਰ ਹਰਨਾਮ ਸਿੰਘ ਕਪੂਰਥਲਾ, ਸ੍ਰੀ ਮਦਨ ਮੋਹਨ ਮਾਲਵੀਆ ਅਤੇ ਸਰ ਇਮਾਮ ਅਲੀ ਮਦਰਾਸ ਨੂੰ ਮਿਲਿਆ। ਸਾਰਾ ਕੇਸ ਸਮਝਕੇ ਡੈਪੂਟੇਸ਼ਨ ਨੇ ਕਾਨੂੰਨੀ ਨੁਕਤੇ ਨਾਲ ਉਹਨਾਂ ਨੂੰ ਸਹਿਮਤ ਕਰ ਲਿਆ। ਫਿਰ ਇਹ ਡੈਪੂਟੇਸ਼ਨ ਵਾਇਸਰਾਏ ਲਾਰਡ ਹਾਰਡਿੰਗ ਨੂੰ ਵੀ ਮਿਲਿਆ ਤੇ ਉਸ ਨੇ ਉਸ ਕਾਨੂੰਨੀ ਕਮਜ਼ੋਰੀ ਦੀ ਬਿਨ੍ਹਾਂ 'ਤੇ ਉਹਨਾਂ 17 ਆਦਮੀਆਂ ਦੀ ਮੌਤ ਦੀ ਸ਼ਜਾ ਤੋੜ ਦਿੱਤੀ, ਪਰ ਉਮਰ ਕੈਦ ਕਾਲੇਪਾਣੀ ਅਤੇ ਜਾਇਦਾਦ ਜ਼ਬਤੀ ਕਾਇਮ ਰੱਖੀ।[1] ਪਹਿਲਾਂ ਬਾਬਾ ਜੀ ਨੂੰ ਲਾਹੌਰ ਸਾਜਿਸ਼ ਕੇਸ ਵਿੱਚ ਫਾਂਸੀ ਦੀ ਸਜ਼ਾ ਹੋਈ ਸੀ, ਜੋ ਹੁਣ ਉਮਰ ਕੈਦ ਕਾਲੇਪਾਣੀ ਵਿੱਚ ਤਬਦੀਲ ਹੋ ਗਈ ਸੀ।

16 ਨਵੰਬਰ, 1915 ਨੂੰ ਬਾਬਾ ਜੀ ਦੇ ਸਾਥੀਆਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖ਼ਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਛੋਟਾ ਅਤੇ ਵੱਡਾ ਦੋਵੇਂ ਪਿੰਡ ਗਿੱਲਵਾਲੀ ਫਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ। 25 ਨਵੰਬਰ, 1915 ਨੂੰ ਸ਼ਾਮ ਨੂੰ ਬਾਬਾ ਸੋਹਣ ਸਿੰਘ ਭਕਨਾ, ਅਤੇ ਉਹਨਾਂ ਦੇ ਸਾਥੀਆਂ ਨੂੰ ਬੇੜੀਆਂ ਲਗਾ ਕੇ ਲਾਹੌਰ ਦੇ ਮੀਆਂ ਮੀਰ ਸਟੇਸ਼ਨ ਤੋਂ ਗੱਡੀ ਚਾਹੜਕੇ ਕਲਕੱਤਾ ਭੇਜਿਆ ਗਿਆ। ਇੱਥੇ ਉਹਨਾਂ ਨੂੰ ਅਲੀਗੜ੍ਹ ਜੇਲ੍ਹ ਵਿੱਚ ਰੱਖਿਆ ਗਿਆ। 7 ਦਸੰਬਰ, 1915 ਨੂੰ ਬਾਬਾ ਜੀ ਨੂੰ ਹੋਰਨਾਂ ਗ਼ਦਰੀਆਂ ਨਾਲ ਐਸ.ਐਸ. ਮਹਾਰਾਜਾ ਜਹਾਜ਼ ਰਾਹੀਂ ਪੋਰਟ ਬਲੇਅਰ ਭੇਜ ਦਿੱਤਾ ਗਿਆ। 10 ਦਸੰਬਰ, 1915 ਨੂੰ ਗ਼ਦਰੀ ਕੈਦੀ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਪਹੁੰਚ ਗਏ। ਇਸ ਜੇਲ੍ਹ ਦਾ ਸੁਪਰਡੈਂਟ ਮੇਜਰ ਮਰੇ ਅਤੇ ਜੇਲ੍ਹਰ ਬੇਰੀ ਬਹੁਤ ਕੁਰੱਖਤ ਆਦਮੀ ਸਨ। ਜੇਲ੍ਹਰ ਬੇਰੀ ਆਪਣੇ ਆਪ ਨੂੰ ਖ਼ੁਦਾ ਸਮਝਦਾ ਸੀ। ਅੰਡੇਮਾਨ ਜੇਲ੍ਹ ਵਿੱਚ ਕੈਦੀਆਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਕੈਦੀਆਂ ਨੂੰ ਕੋਹਲੂ ਗੇੜਣ ਅਤੇ ਨਾਰੀਅਲ ਕੁੱਟਣ ਦੀ ਸਜ਼ਾ ਦਿੱਤੀ ਜਾਂਦੀ ਸੀ। ਭਕਨਾ ਅਤੇ ਹੋਰ ਸਿਆਸੀ ਕੈਦੀਆਂ ਨੇ ਜੇਲ੍ਹ ਅਧਿਕਾਰੀਆਂ ਦੇ ਨਜ਼ਾਇਜ਼ ਦਬਾਅ ਅੱਗੇ ਝੁੱਕਣ ਤੋਂ ਨਾਂਹ ਕਰ ਦਿੱਤੀ ਅਤੇ ਜੇਲ੍ਹ ਦੇ ਸਾਰੇ ਕੈਦੀਆਂ ਦੇ ਹੱਕਾਂ ਲਈ ਸੰਘਰਸ਼ ਵਿੱਢ ਦਿੱਤਾ। ਬਾਬਾ ਸੋਹਣ ਸਿੰਘ ਭਕਨਾ ਨੇ ਅੰਡੇਮਾਨ ਜੇਲ੍ਹ ਵਿੱਚ ਪੰਜ ਵਾਰ ਭੁੱਖ ਹੜਤਾਲ ਕੀਤੀ। 1921 ਵਿੱਚ ਸਰਕਾਰ ਨੇ ਅੰਡਮਾਨ ਜੇਲ੍ਹ ਨੂੰ ਤੋੜਣ ਦਾ ਐਲਾਨ ਕਰ ਦਿੱਤਾ ਅਤੇ ਰਾਜਸੀ ਕੈਦੀਆਂ ਨੂੰ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਸਮੇਂ ਬਾਬਾ ਸੋਹਣ ਸਿੰਘ ਭਕਨਾ ਨੂੰ ਹੋਰ ਗ਼ਦਰੀਆਂ ਬਾਬਾ ਜਵਾਲਾ ਸਿੰਘ ਠੱਠੀਆਂ, ਚੂਹੜ ਸਿੰਘ ਲੀਲ ਨਾਲ ਅਗਸਤ 1921 ਦੇ ਆਖੀਰ ਵਿੱਚ ਕੋਇੰਬਟੂਰ ਜੇਲ੍ਹ ਮਦਰਾਸ ਵਿੱਚ ਭੇਜ ਦਿੱਤਾ ਗਿਆ। ਪਹਿਲੀ ਜਨਵਰੀ 1923 ਨੂੰ ਇੱਥੋਂ ਯਰਵਾਦਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਇੱਥੇ ਗ਼ਦਰੀਆਂ ਨੂੰ ਦਸਤਾਰ ਦੀ ਥਾਂ ਟੋਪੀ ਪਹਿਣਨ ਲਈ ਕਿਹਾ ਗਿਆ। ਜੇਲ੍ਹ ਦਾ ਕਛਿਹਰਾ ਪਾਉਣਾ

---

1. ਜੀਵਨ ਸੰਗਰਾਮ ਅਤੇ ਹੋਰ ਲਿਖਤਾਂ, ਮਲਵਿੰਦਰ ਜੀਤ ਸਿੰਘ ਵੜੈਚ, ਪੰਨਾ 59-60.

ਕੈਦੀਆਂ ਲਈ ਲਾਜ਼ਮੀ ਸੀ। ਇਸ ਦੇ ਵਿਰੋਧ ਵਿੱਚ ਬਾਬਾ ਜੀ ਨੇ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਦਿੱਤੀ। ਪੂਰੇ ਇੱਕ ਮਹੀਨੇ ਪਿੱਛੋਂ ਸਰਕਾਰ ਦੇ ਹੁਕਮ 'ਤੇ ਬਾਬਾ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਦਸਤਾਰ ਸਜਾਉਣ ਅਤੇ ਕਛਿਹਰੇ ਪਹਿਣਨ ਦੀ ਆਗਿਆ ਦਿੱਤੀ ਗਈ। ਮੋਰਚਾ ਫ਼ਤਿਹ ਕਰਨ ਤੋਂ ਬਾਅਦ ਬਾਬਾ ਜੀ ਨੇ ਭੁੱਖ ਹੜਤਾਲ ਛੱਡ ਦਿੱਤੀ। ਦਸੰਬਰ 1927 ਵਿੱਚ ਸੋਹਣ ਸਿੰਘ ਜੀ ਨੂੰ ਯਾਰਵਾਦਾ ਜੇਲ੍ਹ ਤੋਂ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। 1929 ਵਿੱਚ ਸੋਹਣ ਸਿੰਘ ਨੇ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਹੱਕ ਵਿੱਚ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਦਿੱਤੀ। ਭਗਤ ਸਿੰਘ ਨੇ ਵੱਡੇਰੀ ਉਮਰ ਹੋਣ ਕਰਕੇ ਬਾਬਾ ਜੀ ਨੂੰ ਭੁੱਖ ਹੜਤਾਲ ਨਾ ਕਰਨ ਦੀ ਸਲਾਹ ਦਿੱਤੀ। ਭਗਤ ਸਿੰਘ ਦੇ ਰੋਕਣ 'ਤੇ ਬਾਬਾ ਜੀ ਨੇ ਮੁਸਕਰਾਉਂਦੇ ਹੋਏ ਕਿਹਾ "ਪੁੱਤਰਾ ਕੀ ਹੋਇਆ ਜੇ ਮੇਰੀ ਉਮਰ ਵੱਡੇਰੀ ਹੋ ਗਈ ਹੈ, ਪਰ ਮੇਰੇ ਅੰਦਰ ਦਾ ਇਨਕਲਾਬੀ ਸੋਹਣ ਸਿੰਘ ਹੁਣ ਵੀ ਤਕੜਾ ਜੁਆਨ ਹੈ।" ਇਸ ਹੜਤਾਲ ਦੌਰਾਨ ਹੀ ਭਗਤ ਸਿੰਘ ਦੇ ਸਾਥੀ ਜਤਿਨ ਦਾਸ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਇਸੇ ਜੇਲ੍ਹ ਵਿੱਚ ਹੀ ਬਾਬਾ ਜੀ ਨੇ ਜਾਤ-ਪਾਤ ਦੇ ਅਧਾਰ 'ਤੇ ਕੀਤੇ ਜਾਂਦੇ ਵਿਤਕਰੇ ਦੇ ਵਿਰੁੱਧ ਇੱਕ ਹੋਰ ਭੁੱਖ ਹੜਤਾਲ ਵੀ ਕੀਤੀ। ਜੇਲ੍ਹ ਵਿੱਚ ਜਦੋਂ ਲੰਗਰ ਵਰਤਾਇਆ ਜਾਂਦਾ ਸੀ ਤਾਂ ਜੱਟਾਂ-ਜ਼ਿਮੀਦਾਰਾਂ ਉੱਚੀ ਜਾਤ ਵਾਲਿਆਂ ਲਈ ਵੱਖਰੀ ਪੰਗਤ ਲੱਗਦੀ ਸੀ ਅਤੇ ਅਖੌਤੀ ਅਛੂਤ ਕਹੇ ਜਾਂਦੇ ਲੋਕਾਂ ਲਈ ਵੱਖਰੀ ਪੰਗਤ ਲਗਾਈ ਜਾਂਦੀ ਸੀ। ਬਾਬਾ ਜੀ ਨੇ ਇਸ ਵਿਤਕਰੇ ਦੇ ਖਿਲਾਫ਼ ਭੁੱਖ ਹੜਤਾਲ ਕਰ ਦਿੱਤੀ। ਬਾਬਾ ਜੀ ਛੂਤ-ਛਾਤ ਦੇ ਕੱਟੜ ਵਿਰੋਧੀ ਸਨ। ਉਹਨਾਂ ਹੜਤਾਲ ਉਦੋਂ ਹੀ ਖਤਮ ਕੀਤੀ ਜਦੋਂ ਇਸ ਨਾ ਬਰਾਬਰੀ ਦਾ ਖਾਤਮਾ ਹੋ ਗਿਆ ਅਤੇ ਸਭ ਲਈ ਇੱਕ ਸਾਂਝੀ ਪੰਗਤ ਸ਼ੁਰੂ ਹੋ ਗਈ।

ਉਮਰ ਕੈਦ ਆਮ ਕਰਕੇ 14 ਸਾਲ ਦੀ ਹੀ ਹੁੰਦੀ ਸੀ। ਪਰ ਬਾਬਾ ਜੀ 15 ਸਾਲ ਤੋਂ ਵੱਧ ਕੈਦ ਦੀ ਸਜ਼ਾ ਭੁਗਤ ਚੁੱਕੇ ਸਨ। ਪਰ ਸਰਕਾਰ ਉਹਨਾਂ ਦੀ ਰਿਹਾਈ ਨਹੀਂ ਕਰ ਰਹੀ ਸੀ। ਉਹਨਾਂ ਨੇ ਮਈ ਦੇ ਸ਼ੁਰੂ ਵਿੱਚ ਫਿਰ ਭੁੱਖ ਹੜਤਾਲ ਆਰੰਭ ਦਿੱਤੀ, ਜੋ 90 ਦਿਨ ਤੱਕ ਚੱਲਦੀ ਰਹੀ। ਉਹਨਾਂ ਦੀ ਰਿਹਾਈ ਸਬੰਧੀ ਜੇਲ੍ਹ ਤੋਂ ਬਾਹਰ ਵੀ ਅੰਦੋਲਨ ਸ਼ੁਰੂ ਹੋ ਗਿਆ। ਜਿਸ ਦੀਆਂ ਖਬਰਾਂ ਮੀਡੀਆ ਨੇ ਵੀ ਨਸ਼ਰ ਕੀਤੀਆਂ। ਜਨਤਕ ਦਬਾਅ ਅਤੇ ਪ੍ਰੈਸ ਵਿੱਚ ਚੱਲੀ ਮੁਹਿੰਮ ਦੇ ਸਿੱਟੇ ਵਜੋਂ ਅੰਗਰੇਜ਼ ਹਕੂਮਤ ਨੂੰ ਬਾਬਾ ਜੀ ਨੂੰ 21 ਜੁਲਾਈ, 1930 ਨੂੰ ਬਿਨਾਂ ਸ਼ਰਤ ਰਿਹਾਅ ਕਰਨਾ ਪਿਆ। ਇਸ ਸਮੇਂ ਤੱਕ ਬਾਬਾ ਸੋਹਣ ਸਿੰਘ ਭਕਨਾ ਲਗਾਤਾਰ 16 ਸਾਲ ਤੋਂ ਵੱਧ ਨਜ਼ਰਬੰਦੀ ਦੀ ਸਜ਼ਾ ਭੁਗਤ ਚੁੱਕੇ ਸਨ। ਇਸ ਰਿਹਾਈ ਤੋਂ ਬਾਅਦ ਲਾਹੌਰ ਅਤੇ ਅੰਮ੍ਰਿਤਸਰ ਦੇ ਲੋਕਾਂ ਨੇ ਬਾਬਾ ਜੀ ਦਾ ਹਾਰਦਿਕ ਸਵਾਗਤ ਕੀਤਾ। ਡੇਹਰਾ ਸਾਹਿਬ ਵਿਖੇ ਉਹਨਾਂ ਨੂੰ ਸਿਰੋਪਾ ਅਤੇ ਦਸਤਾਰ ਭੇਟ ਕੀਤੀ ਗਈ। ਉਹਨਾਂ ਨੂੰ ਕਾਂਗਰਸ, ਅਕਾਲੀ ਦਲ ਅਤੇ ਹੋਰ ਕਈ ਸੰਸਥਾਵਾਂ ਵੱਲੋਂ ਸਨਮਾਨਿਆ ਗਿਆ। ਦੋ ਦਹਾਕੇ ਬਾਅਦ ਜਦ ਉਹ ਪਿੰਡ ਵਾਪਸ ਪਰਤੇ ਤਾਂ ਹਾਲਾਤ ਬਹੁਤ ਬਦਲੇ ਹੋਏ ਸਨ। ਉਹਨਾਂ ਦੀ ਜੇਲ੍ਹ ਯਾਤਰਾ ਦੌਰਾਨ ਹੀ ਦਾਦੀ ਜੀ ਅਤੇ ਦੋਵੇਂ ਮਾਤਾਵਾਂ ਅਕਾਲ ਚਲਾਣਾ

ਕਰ ਗਈਆਂ ਸਨ।

ਬਾਬਾ ਜੀ ਵਿੱਦਿਆ ਦਾ ਮਹੱਤਵ ਸਮਝਦੇ ਸਨ। ਉਹਨਾਂ ਪਿੰਡ ਦੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਕੇ ਆਪਣੀ ਹਵੇਲੀ ਵਾਲੀ ਜਗ੍ਹਾ ਲੜਕੀਆਂ ਦਾ ਸਕੂਲ ਖੋਲ੍ਹਣ ਲਈ ਦੇ ਦਿੱਤੀ। ਜਿਸ ਵਿੱਚ ਬੱਚੀਆਂ ਨੂੰ 5ਵੀਂ ਤੱਕ ਪੰਜਾਬੀ ਪੜ੍ਹਾਈ ਜਾਂਦੀ ਅਤੇ ਕਿੱਤਾ-ਮੁੱਖੀ ਸਿੱਖਿਆ ਦਾ ਵੀ ਪ੍ਰਬੰਧ ਸੀ। ਬਾਬਾ ਜੀ ਨੇ ਆਪਣੀ 17 ਵਿੱਘੇ ਜ਼ਮੀਨ ਵਿੱਚ ਕਿਰਤੀ ਕਿਸਾਨ ਆਸ਼ਰਮ ਖੋਲ੍ਹਿਆ, ਜਿਸ ਵਿੱਚ ਬੱਚਿਆਂ ਦੀ ਪੜ੍ਹਾਈ ਤੋਂ ਇਲਾਵਾ ਉਹਨਾਂ ਦੇ ਰਹਿਣ-ਸਹਿਣ ਦਾ ਵੀ ਪ੍ਰਬੰਧ ਸੀ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੇ 12 ਬੱਚੇ ਇਸ ਆਸ਼ਰਮ ਵਿੱਚ ਭੇਜ ਦਿੱਤੇ। ਸਰਕਾਰ ਬਾਬਾ ਜੀ ਦੇ ਇਸ ਆਸ਼ਰਮ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਸੀ। ਸੀ.ਆਈ.ਡੀ. ਵਾਲੇ ਉਹਨਾਂ ਦੀ ਨਿਗਰਾਨੀ ਕਰਦੇ ਸੀ। ਪਰ ਚੋਰੀ-ਛਿਪੇ ਇਨਕਲਾਬੀ ਮਫਰੂਰ ਬਾਬਾ ਜੀ ਨੂੰ ਮਿਲਦੇ ਅਤੇ ਸਲਾਹ ਮਸ਼ਵਰੇ ਹੁੰਦੇ ਰਹਿੰਦੇ। ਬਾਬਾ ਜੀ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਹਮਣੇ ਡੇਅਰੀ ਖੋਲ੍ਹ ਲਈ, ਤਾਂ ਜੋ ਵਿਦਿਆਰਥੀਆਂ ਨਾਲ ਮੇਲ-ਮਿਲਾਪ ਵਧਾਕੇ ਉਹਨਾਂ ਵਿੱਚ ਦੇਸ਼ ਭਗਤੀ ਦੀ ਚਿਣਗ ਜਗਾਈ ਜਾ ਸਕੇ। ਪਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਨੇ ਪੁਲਿਸ ਨਾਲ ਮਿਲਕੇ ਬਾਬਾ ਜੀ ਉੱਪਰ ਮੁਕੱਦਮਾ ਚਲਾ ਦਿੱਤਾ। ਬਾਬਾ ਜੀ ਨੂੰ ਤਿੰਨ ਮਹੀਨੇ ਲਈ ਕੈਦ ਦੀ ਸਜ਼ਾ ਹੋ ਗਈ। 1931 ਵਿੱਚ ਬਾਬਾ ਜੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਬਣ ਗਏ ਅਤੇ ਕਾਂਗਰਸ ਦੀ ਅਗਵਾਈ ਵਾਲੇ ਅੰਦੋਲਨਾਂ ਵਿੱਚ ਹਿੱਸਾ ਲੈਣ ਕਾਰਨ ਛੇ ਮਹੀਨੇ ਜੇਲ੍ਹ ਵਿੱਚ ਰਹੇ। ਪਰ ਛੇਤੀ ਹੀ ਇਸ ਪਾਰਟੀ ਦੀਆਂ ਨਰਮਾਈ ਵਾਲੀਆਂ ਨੀਤੀਆਂ ਤੋਂ ਉਹਨਾਂ ਦਾ ਮੋਹ ਭੰਗ ਹੋ ਗਿਆ ਅਤੇ ਉਹ ਕਾਂਗਰਸ ਦਾ ਸਾਥ ਛੱਡਕੇ ਕਿਰਤੀ ਗਰੁੱਪ ਵਿੱਚ ਸ਼ਾਮਲ ਹੋ ਗਏ।[1]

1936 ਈ: ਵਿੱਚ ਕੁਝ ਦੇਸ਼ ਭਗਤਾਂ ਨੂੰ ਕਾਲੇ ਪਾਣੀ ਦੀ ਸਜ਼ਾ ਦੇ ਕੇ ਅੰਡੇਮਾਨ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਬਾਬਾ ਗੁਰਮੁਖ ਸਿੰਘ ਲਲਤੋਂ, ਧਨਵੰਤਰੀ ਅਤੇ ਹੋਰ ਦੇਸ਼ ਭਗਤਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, ਜਦੋਂ ਬਾਬਾ ਸੋਹਣ ਸਿੰਘ ਭਕਨਾ ਨੂੰ ਇਸ ਹੜਤਾਲ ਬਾਰੇ ਪਤਾ ਲੱਗਿਆਂ ਤਾਂ ਉਹਨਾਂ ਨੇ ਜ਼ਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਇਹ ਭੁੱਖ ਹੜਤਾਲ ਉਦੋਂ ਤੱਕ ਜਾਰੀ ਰਹੀ, ਜਦੋਂ ਤੱਕ ਅੰਡੇਮਾਨ ਟਾਪੂਆਂ ਵਿੱਚੋਂ ਸਜ਼ਾ ਯਾਫਤਾ ਦੇਸ਼ ਭਗਤਾਂ ਦੀ ਭੁੱਖ ਹੜਤਾਲ ਚੱਲੀ। ਬਾਬਾ ਸੋਹਣ ਸਿੰਘ ਨੇ ਲਾਹੌਰ, ਚੜ੍ਹਿੱਕ, ਛੀਨਾ ਅਤੇ ਅੰਮ੍ਰਿਤਸਰ ਦੇ ਕਿਸਾਨ ਮੋਰਚਿਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। 1938 ਦੇ ਕਿਸਾਨ ਮੋਰਚੇ ਵਿੱਚ ਉਹਨਾਂ ਹਰਨਾਮ ਸਿੰਘ ਕਸੇਲ ਅਤੇ ਜਥੇਦਾਰ ਊਧਮ ਸਿੰਘ ਨਾਗੋਕੇ ਨਾਲ ਮਿਲਕੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਅਤੇ ਬਿਰਧ ਅਵਸਥਾ ਹੋਣ ਦੇ ਬਾਵਜੂਦ ਅੰਗਰੇਜ਼ੀ ਪੁਲਿਸ ਦੀਆਂ ਡਾਂਗਾਂ ਆਪਣੇ ਤਨ 'ਤੇ ਸਹਾਰੀਆਂ। ਇਸ ਮੋਰਚੇ ਦੌਰਾਨ ਉਹਨਾਂ ਨੂੰ ਛੇ ਮਹੀਨੇ ਲਈ ਕੈਦ

1. ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜ ਵਿਰੋਧੀ ਜੱਦੋ ਜਹਿਦ, ਡਾ. ਕਾਲੀਆ, ਪੰਨਾ 262.

ਦੀ ਸਜ਼ਾ ਹੋ ਗਈ। ਜੋ ਉਹਨਾਂ ਸ਼ਾਹਪੁਰ ਜੇਲ੍ਹ ਵਿੱਚ ਕੱਟੀ। 1939 ਵਿੱਚ ਬਾਬਾ ਕੇਸਰ ਸਿੰਘ ਦੀ ਅਗਵਾਈ ਹੇਠ ਲਾਹੌਰ ਕਿਸਾਨ ਮੋਰਚਾ ਲੱਗਿਆ। ਇਸ ਮੋਰਚੇ ਦੌਰਾਨ ਬਾਬਾ ਸੋਹਣ ਸਿੰਘ ਭਕਨਾ ਨੂੰ 9 ਮਹੀਨੇ ਦੀ ਸਜ਼ਾ ਹੋਈ। ਮਾਰਚ 1940 ਵਿੱਚ ਬਾਬਾ ਜੀ ਸਰਬ ਹਿੰਦ ਕਿਸਾਨ ਸਭਾ ਦੇ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਰਾਮਪੁਰਾ (ਆਂਧਰਾ ਪ੍ਰਦੇਸ਼) ਗਏ। ਇਸ ਸਮਾਗਮ ਸਮੇਂ ਬਾਬਾ ਜੀ ਨੂੰ ਸਰਬ ਹਿੰਦ ਕਿਸਾਨ ਸਭਾ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਕਿਸਾਨਾਂ ਨੂੰ ਲਾਮਬੰਦ ਕਰਨ ਲਈ ਦੇਸ਼ ਵਿਆਪੀ ਦੌਰੇ ਕਰ ਰਹੇ ਸਨ। ਬਿਹਾਰ ਦੇ ਦੌਰੇ ਦੌਰਾਨ ਉਹਨਾਂ ਨੂੰ 9 ਅਗਸਤ, 1940 ਨੂੰ ਗਯਾ ਵਿਖੇ 'ਚੰਗਿਆੜੀ' ਅਖ਼ਬਾਰ ਦੇ ਦਫ਼ਤਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਨੂੰ ਗਯਾ ਅਤੇ ਰਾਜਨਪੁਰ ਦੀਆਂ ਜੇਲ੍ਹਾਂ ਵਿੱਚ ਕੈਦ ਰੱਖਣ ਤੋਂ ਬਾਅਦ ਅਕਤੂਬਰ 1940 ਵਿੱਚ ਦਿਉਲੀ ਕੈਂਪ, ਜ਼ਿਲ੍ਹਾ ਕੋਟਾ ਰਾਜਸਥਾਨ ਦੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਅਕਤੂਬਰ 1941 ਵਿੱਚ ਦਿਉਲੀ ਕੈਂਪ ਵਿਖੇ ਇਤਿਹਾਸਿਕ ਭੁੱਖ ਹੜਤਾਲ ਹੋਈ। ਜਿਸ ਵਿੱਚ ਬਾਬਾ ਸੋਹਣ ਸਿੰਘ ਜੀ ਸਮੇਤ 320 ਇਨਕਲਾਬੀਆਂ ਨੇ ਹਿੱਸਾ ਲਿਆ। ਹੜਤਾਲ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਨੇ ਦਿਉਲੀ ਕੈਂਪ ਤੋੜਕੇ ਸਭ ਇਨਕਲਾਬੀਆਂ ਨੂੰ ਆਪੋ-ਆਪਣੇ ਸੂਬਿਆਂ ਵਿੱਚ ਭੇਜ ਦਿੱਤਾ। ਇਸ ਸਮੇਂ ਬਾਬਾ ਜੀ ਨੂੰ ਸਾਥੀਆਂ ਸਮੇਤ ਪੰਜਾਬ ਦੀ ਗੁਜਰਾਤ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਪਹਿਲੀ ਅਪ੍ਰੈਲ, 1943 ਨੂੰ ਬਾਬਾ ਜੀ ਦੀ ਗੁਜਰਾਤ ਜੇਲ੍ਹ 'ਚੋਂ ਰਿਹਾਈ ਹੋਈ। ਇੱਥੋਂ ਉਹ ਸਿੱਧੇ ਆਪਣੇ ਪਿੰਡ ਪਹੁੰਚੇ ਜਿੱਥੇ ਕਿ ਦੋ ਤੋਂ ਚਾਰ ਅਪ੍ਰੈਲ 1943 ਤੱਕ ਸਰਬਹਿੰਦ ਕਿਸਾਨ ਸਭਾ ਦਾ ਸਮਾਗਮ ਹੋ ਰਿਹਾ ਸੀ। ਬਾਬਾ ਜੀ ਨੇ ਇਸ ਕਾਨਫਰੰਸ ਦੀ ਪ੍ਰਧਾਨਗੀ ਕੀਤੀ।

ਕਿਸਾਨ ਸਭਾ ਦੇ ਅੰਦੋਲਨਾਂ ਤੋਂ ਇਲਾਵਾ ਬਾਬਾ ਸੋਹਣ ਸਿੰਘ ਜੀ ਨੇ ਰਾਜਸੀ ਕੈਦੀਆਂ ਦੀ ਰਿਹਾਈ ਲਈ ਕੈਦੀ ਛੁਡਾਓ ਕਮੇਟੀ ਵਿੱਚ ਵੀ ਕਾਰਜ ਕੀਤੇ। ਇਸ ਸਮੇਂ ਉਹਨਾਂ ਨੇ ਇੱਕ ਪੈਫਲੈਂਟ 'ਜ਼ਿੰਦਾ ਸ਼ਹੀਦ' ਲਿਖਿਆ। ਜਿਸ ਕਾਰਨ ਉਹਨਾਂ ਉੱਪਰ ਮੁਕੱਦਮਾ ਚੱਲਿਆ ਅਤੇ ਉਹਨਾਂ ਨੂੰ ਪਿੰਡ ਵਿੱਚ ਜੂਹਬੰਦ ਕਰ ਦਿੱਤਾ ਗਿਆ। ਇੱਕ ਵਾਰ ਉਹਨਾਂ ਨੂੰ ਜੂਹਬੰਦੀ ਦੀ ਸ਼ਰਤ ਤੋੜ ਦਿੱਤੀ ਤਾਂ ਉਹਨਾਂ ਨੂੰ ਇੱਕ ਸਾਲ ਲਈ ਕੈਦ ਦੀ ਹੋਰ ਸਜ਼ਾ ਹੋ ਗਈ। 15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋਇਆ। ਦੇਸ਼ ਦੀ ਆਜ਼ਾਦੀ ਦੇ ਨਾਲ ਹੀ ਦੇਸ਼ ਦੋ ਭਾਗਾਂ ਭਾਰਤ ਅਤੇ ਪਾਕਿਸਤਾਨ ਵਿੱਚ ਵੰਡਿਆ ਗਿਆ। ਬਾਬਾ ਸੋਹਣ ਸਿੰਘ ਜੀ ਨੂੰ ਇਸਦਾ ਬਹੁਤ ਦੁੱਖ ਹੋਇਆ। ਕਿਉਂਕਿ ਗ਼ਦਰ ਪਾਰਟੀ ਦੇ ਬਿਨਾਂ ਕਿਸੇ ਮਹਜ਼ਬੀ ਵਿਤਕਰੇ ਦੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ ਸਨ। ਇਸ ਸਮੇਂ ਥਾਂ-ਥਾਂ ਫਿਰਕੂ ਫਸਾਦ ਹੋਏ। ਬਾਬਾ ਜੀ ਨੇ ਇਸ ਸਮੇਂ ਫਿਰਕੂ ਇਕਸੁਰਤਾ ਬਣਾਈ ਰੱਖਣ ਲਈ ਆਪਣੇ ਇਲਾਕੇ ਵਿੱਚ ਅਣਥਕ ਯਤਨ ਕੀਤੇ।

ਦੇਸ਼ ਆਜ਼ਾਦ ਹੋਣ ਉਪਰੰਤ ਬਾਬਾ ਸੋਹਣ ਸਿੰਘ ਭਕਨਾ ਕਮਿਊਨਿਸਟ ਪਾਰਟੀ ਵਿੱਚ ਵਧੇਰੇ ਸਰਗਰਮ ਹੋ ਗਏ ਸਨ। 1948 ਵਿੱਚ ਦੇਸ਼ ਦੀ ਹਕੂਮਤ ਨੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਉੱਪਰ ਪਾਬੰਦੀ ਲਗਾ ਦਿੱਤੀ। ਮਾਰਚ 1948

ਵਿੱਚ ਆਜ਼ਾਦ ਭਾਰਤ ਦੀ ਪੁਲਿਸ ਨੇ ਉਹਨਾਂ ਸਮੇਤ ਸੋਹਣ ਸਿੰਘ ਜੋਸ਼ ਅਤੇ 7-8 ਹੋਰ ਕਮਿਊਨਿਸਟ ਸਾਥੀਆਂ ਨੂੰ ਕਿਰਤੀ ਕਿਸਾਨ ਆਸ਼ਰਮ ਭਕਨਾ ਤੋਂ ਗ੍ਰਿਫਤਾਰ ਕਰਕੇ ਯੋਲ ਕੈਂਪ (ਜ਼ਿਲ੍ਹਾ ਕਾਂਗੜਾ) ਵਿੱਚ ਨਜ਼ਰਬੰਦ ਕਰ ਦਿੱਤਾ। ਇਸ ਜੇਲ੍ਹ ਵਿੱਚ ਬਾਬਾ ਜੀ ਨੇ ਆਜ਼ਾਦ ਭਾਰਤ ਵਿੱਚ ਜੇਲ੍ਹ ਪ੍ਰਸ਼ਾਸ਼ਨ ਵੱਲੋਂ ਕੈਦੀਆਂ ਨਾਲ ਕੀਤੇ ਜਾ ਰਹੇ ਵਤੀਰੇ ਦੇ ਵਿਰੁੱਧ ਭੁੱਖ ਹੜਤਾਲ ਰੱਖ ਦਿੱਤੀ। ਇਸ ਸਬੰਧੀ ਸੰਤ ਵਿਸਾਖਾ ਸਿੰਘ ਦਦੇਹਰ ਪ੍ਰਧਾਨ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਿੱਲੀ ਜਾ ਕੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਿਲੇ ਤਾਂ 8 ਮਈ, 1948 ਨੂੰ ਬਾਬਾ ਸੋਹਣ ਸਿੰਘ ਭਕਨਾ ਅਤੇ ਉਹਨਾਂ ਦੇ ਸਾਥੀਆਂ ਦੀ ਰਿਹਾਈ ਹੋਈ। ਬਾਬਾ ਜੀ ਆਖਰੀ ਦਮ ਤੱਕ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਰਹੇ। ਉਹਨਾਂ ਨੇ ਸਰਕਾਰੀ ਸਹੂਲਤਾਂ ਅਤੇ ਆਜ਼ਾਦੀ ਘੁਲਾਟੀਏ ਵਾਲੀ ਪੈਨਸ਼ਨ ਲੈਣ ਤੋਂ ਵੀ ਕੋਰੀ ਨਾਂਹ ਕਰ ਦਿੱਤੀ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵੱਲੋਂ ਪਹਾੜਾਂ ਉੱਪਰ ਸਰਕਾਰੀ ਰਿਹਾਇਸ਼ ਦੀ ਸਹੂਲਤ ਦੀ ਪੇਸ਼ਕਸ ਹਲੀਮੀ ਨਾਲ ਠੁਕਰਾ ਦਿੱਤੀ ਸੀ।[1]

1952 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਬਾਬਾ ਸੋਹਣ ਸਿੰਘ ਭਕਨਾ ਤਰਨਤਾਰਨ ਅਸੰਬਲੀ ਹਲਕੇ ਤੋਂ ਕਮਿਊਨਿਸਟ ਪਾਰਟੀ ਦੀ ਟਿਕਟ 'ਤੇ ਚੋਣ ਲੜੇ ਸਨ, ਪਰ ਕਾਂਗਰਸੀ ਉਮੀਦਵਾਰ ਗੁਰਦਿਆਲ ਸਿੰਘ ਢਿੱਲੋਂ ਕੋਲੋਂ ਹਾਰ ਗਏ। ਬਾਬਾ ਵਿਸਾਖਾ ਸਿੰਘ ਦਦੇਹਰ ਦੀ ਪ੍ਰਧਾਨਗੀ ਹੇਠ 8 ਦਸੰਬਰ, 1954 ਨੂੰ ਜਲੰਧਰ ਵਿਖੇ ਯਾਦਗਾਰ ਬਣਾਉਣ ਦਾ ਨਿਰਣਾ ਲਿਆ ਗਿਆ। ਇਸ ਫੈਸਲੇ ਮੁਤਾਬਿਕ 23 ਦੇਸ਼ ਭਗਤਾਂ ਦੀ ਇੱਕ ਯਾਦਗਾਰ ਕਮੇਟੀ ਬਣਾਈ ਗਈ। ਯਾਦਗਾਰ ਕਮੇਟੀ ਨੇ ਯਾਦਗਾਰ ਬਣਾਉਣ ਤੋਂ ਇਲਾਵਾ ਗ਼ਦਰ ਪਾਰਟੀ ਦਾ ਸੰਪੂਰਨ ਇਤਿਹਾਸ ਲਿਖਵਾਕੇ ਛਪਵਾਉਣ ਦਾ ਫੈਸਲਾ ਵੀ ਕੀਤਾ ਅਤੇ ਇਸ ਕੰਮ ਲਈ ਇੱਕ ਗ਼ਦਰ ਇਤਿਹਾਸ ਕਮੇਟੀ ਵੀ ਬਣਾਈ ਗਈ, ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਅਤੇ ਸਕੱਤਰ ਗੁਰਚਰਨ ਸਿੰਘ ਸੈਂਸਰਾ ਨੂੰ ਬਣਾਇਆ ਗਿਆ।[2] ਇਸ ਇਤਿਹਾਸ ਕਮੇਟੀ ਵੱਲੋਂ ਗ਼ਦਰ ਪਾਰਟੀ ਦਾ ਇਤਿਹਾਸ (ਪਹਿਲਾ ਹਿੱਸਾ 1912-17) ਖੋਜ ਕਾਰਜਾਂ ਨੂੰ ਨੇਪਰੇ ਚਾੜ੍ਹਦੇ ਹੋਏ 1961 ਵਿੱਚ ਪਾਠਕਾਂ ਦੇ ਹੱਥਾਂ ਵਿੱਚ ਪੇਸ਼ ਕਰ ਦਿੱਤਾ ਗਿਆ।

ਬਾਬਾ ਵਿਸਾਖਾ ਸਿੰਘ ਦਦੇਹਰ ਦੀ ਪ੍ਰਧਾਨਗੀ ਹੇਠ ਬਣੀ ਯਾਦਗਾਰ ਕਮੇਟੀ ਨੇ 16 ਦਸੰਬਰ, 1955 ਨੂੰ ਜਲੰਧਰ ਸ਼ਹਿਰ ਵਿੱਚ ਲੁਧਿਆਣਾ ਜਲੰਧਰ ਜੀ.ਟੀ.ਰੋਡ. 'ਤੇ ਇੱਕ ਰਿਹਾਇਸ਼ੀ ਇਮਾਰਤ ਯਾਦਗਾਰ ਬਣਾਉਣ ਲਈ ਖਰੀਦ ਲਈ। ਗ਼ਦਰੀ ਬਾਬਿਆਂ ਨੇ ਯਾਦਗਾਰ ਦੇ ਵਿਸਥਾਰ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਦੇਸ਼ਾਂ ਵਿਦੇਸ਼ਾਂ ਤੋਂ ਉਗਰਾਹੀ ਸ਼ੁਰੂ ਕਰ ਦਿੱਤੀ ਗਈ। ਪਰ 5 ਦਸੰਬਰ, 1957 ਨੂੰ ਬਾਬਾ

1. ਬਾਬਾ ਸੋਹਣ ਸਿੰਘ ਭਕਨਾ, ਜਸਵੰਤ ਸਿੰਘ ਜਸ, ਪੰਨਾ 230
2. ਸੰਤ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਪੰਨਾ 116 ਅਤੇ ਗ਼ਦਰ ਲਹਿਰ ਦੀ ਗਾਥਾ, ਵਰਿਆਮ ਸਿੰਘ ਸੰਧੂ, ਪੰਨਾ 131

ਵਿਸਾਖਾ ਸਿੰਘ ਦਦੇਹਰ ਅਕਾਲ ਚਲਾਣਾ ਕਰ ਗਏ। 16 ਫ਼ਰਵਰੀ, 1958 ਨੂੰ ਉਹਨਾਂ ਦੀ ਥਾਂ ਬਾਬਾ ਸੋਹਣ ਸਿੰਘ ਭਕਨਾ ਨੂੰ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਅਤੇ ਮਾਸਟਰ ਹਰੀ ਸਿੰਘ ਧੂਤ ਨੂੰ ਬਾਬਾ ਗੁਰਮੁਖ ਸਿੰਘ ਦੀ ਥਾਂ ਐਕਟਿੰਗ ਸਕੱਤਰ ਚੁਣ ਲਿਆ ਗਿਆ। ਕਿਉਂਕਿ ਬਾਬਾ ਗੁਰਮੁਖ ਸਿੰਘ ਅਤੇ ਬਾਬਾ ਕਰਮ ਸਿੰਘ ਚੀਮਾ ਵਿਦੇਸ਼ ਵਿੱਚ ਉਗਰਾਹੀ ਕਰਨ ਲਈ ਜਾ ਰਹੇ ਸਨ।[1]

ਬਾਬਾ ਸੋਹਣ ਸਿੰਘ ਜੀ ਨੇ ਆਪਣੀ ਪਿੰਡ ਵਾਲੀ 10 ਏਕੜ ਜ਼ਮੀਨ ਵੀ ਇਸ ਕਮੇਟੀ ਦੇ ਨਾਮ ਕਰ ਦਿੱਤੀ। 17 ਨਵੰਬਰ, 1959 ਨੂੰ ਦੇਸ਼ ਭਗਤ ਯਾਦਗਾਰ ਹਾਲ ਦੀ ਨੀਂਹ ਪੱਥਰ ਰੱਖਣ ਮੌਕੇ ਵਿਸ਼ਾਲ ਇਕੱਠ ਹੋਇਆ, ਜਿਸ ਵਿੱਚ ਪ੍ਰਸਿੱਧ ਦੇਸ਼ ਭਗਤ ਤੇ ਉਹਨਾਂ ਦੇ ਪਰਿਵਾਰਾਂ ਸਮੇਤ ਬੇਅੰਤ ਅਗਾਂਹਵਧੂ ਲੋਕ ਇਕੱਠੇ ਹੋਏ। ਬਾਬਾ ਸੋਹਣ ਸਿੰਘ ਭਕਨਾ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਆਖਿਆ, "ਅੱਜ ਅਸੀਂ ਭਾਰਤੀ ਬਿਨਾਂ ਕਿਸੇ ਧਾਰਮਿਕ ਅਤੇ ਜਾਤੀ ਭੇਦ-ਭਾਵ ਦੇ ਇੱਕ ਦੇਸ਼ ਅਤੇ ਇੱਕ ਰਾਸ਼ਟਰ ਹੋਣ ਦੇ ਨਾਤੇ ਇੱਕ ਮਹਾਨ ਕੰਮ ਲਈ ਇਕੱਤਰ ਹੋਏ ਹਾਂ, ਜੋ ਕਿ ਭਾਰਤ ਦੀ ਰਾਸ਼ਟਰੀ ਕ੍ਰਾਂਤੀ ਦੇ ਨਾਲ ਡੂੰਘਾ ਸਬੰਧ ਰੱਖਦਾ ਹੈ। ਇਹ ਕ੍ਰਾਂਤੀ ਅਲੱਗ-ਅਲੱਗ ਤਰੀਕਿਆਂ ਨਾਲ ਵਿਦੇਸ਼ੀ ਹਕੂਮਤ ਵਿਰੁੱਧ ਕੀਤੀ ਗਈ। ਅਸੀਂ ਕ੍ਰਾਂਤੀ ਵਿੱਚ ਭਾਰਤ ਦੀ ਸੁਤੰਤਰਤਾ ਲਈ ਫ਼ਾਂਸੀ ਚੜ੍ਹਕੇ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਅਤੇ ਜੇਲ੍ਹਾਂ ਦੇ ਤਸੀਹੇ ਸਹਿਣ ਵਾਲੇ ਵੀਰਾਂ ਦੇ ਸਾਹਮਣੇ ਆਪਣਾ ਸਿਰ ਝੁਕਾਉਂਦੇ ਹਾਂ।[2]

ਮੌਜੂਦਾ ਸਮੇਂ ਦੇਸ਼ਭਗਤ ਯਾਦਗਾਰ ਹਾਲ ਨਾਂ ਦੀ ਸ਼ਾਨਦਾਰ ਇਮਾਰਤ ਸੁਸ਼ੋਭਿਤ ਹੈ। ਜਿੱਥੇ ਮੁੱਖ ਦਫ਼ਤਰ, ਆਡੀਟੋਰੀਅਮ, ਵਿਸ਼ਾਲ ਲਾਇਬਰੇਰੀ, ਬਾਬਾ ਗੁਰਮੁਖ ਸਿੰਘ ਹਾਲ, ਰਿਹਾਇਸ਼ੀ ਇਮਾਰਤਾਂ ਬਣੀਆਂ ਹੋਈਆਂ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਗ਼ਦਰੀਆਂ ਦੀਆਂ ਜੀਵਨੀਆਂ, ਡਾਇਰੀਆਂ, ਗ਼ਦਰ ਲਹਿਰ ਦਾ ਇਤਿਹਾਸ, ਹੋਰ ਇਨਕਲਾਬੀ ਲਹਿਰਾਂ ਬਾਰੇ ਸਾਹਿਤ ਪ੍ਰਕਾਸ਼ਿਤ ਕਰਕੇ ਸ਼ਲਾਘਾਯੋਗ ਕਾਰਜ ਕੀਤਾ ਜਾ ਰਿਹਾ ਹੈ। ਗ਼ਦਰੀ ਬਾਬਿਆਂ ਨੂੰ ਇਹੋ ਹੀ ਸੱਚੀ-ਸੁੱਚੀ ਸਰਧਾਂਜਲੀ ਹੈ।

1960 ਵਿੱਚ ਪੰਡਤ ਜਵਹਰ ਲਾਲ ਨਹਿਰੂ ਕਾਂਗਰਸ ਦੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਲੰਧਰ ਪੁੱਜੇ ਹੋਏ ਸਨ। ਬਾਬਾ ਜੀ ਦੀ ਅਗਵਾਈ ਵਿੱਚ ਕੁਝ ਕਮਿਊਨਿਸਟ ਆਗੂ ਉਹਨਾਂ ਨੂੰ ਮਿਲਣ ਗਏ ਅਤੇ ਬਾਬਾ ਸੋਹਣ ਸਿੰਘ ਜੀ ਨੇ ਕਾਮਰੇਡ ਤੇਜਾ ਸਿੰਘ ਸੁੰਤਤਰ ਦੀ ਰਿਹਾਈ ਦੀ ਮੰਗ ਉਹਨਾਂ ਕੋਲ ਰੱਖੀ। ਇਸ ਮੰਗ 'ਤੇ ਗੌਰ ਕਰਦਿਆਂ ਪੰਡਤ ਜਵਾਹਰ ਲਾਲ ਨਹਿਰੂ, ਜੋ ਉਸ ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਸਨ ਨੇ ਤੇਜਾ ਸਿੰਘ ਸੁਤੰਤਰ ਦੇ ਵਾਰੰਟ ਮਨਸੂਖ ਕਰਵਾਏ ਅਤੇ ਉਹਨਾਂ ਦੀ ਰਿਹਾਈ ਹੋ ਗਈ। 1961 ਦੇ ਕਰੀਬ ਬਾਬਾ ਜੀ ਦੀ ਧਰਮ ਪਤਨੀ ਬਿਸ਼ਨ ਕੌਰ ਦਾ ਦੇਹਾਂਤ ਹੋ ਗਿਆ। ਬਾਬਾ ਜੀ ਨੇ ਆਪਣੀ ਸਵੈ-ਜੀਵਨੀ ਜੀਵਨ ਸੰਗਰਾਮ ਵਿੱਚ ਆਪਣੀ ਪਤਨੀ ਦੀ ਬਹੁਤ ਸ਼ਲਾਘਾ ਕੀਤੀ ਹੈ।

---

1. ਗ਼ਦਰ ਲਹਿਰ ਦੀ ਗਾਥਾ, ਵਰਿਆਮ ਸਿੰਘ ਸੰਧੂ, ਪੰਨਾ 132.
2. ਗ਼ਦਰ ਲਹਿਰ ਦੀ ਗਾਥਾ, ਵਰਿਆਮ ਸਿੰਘ ਸੰਧੂ, ਪੰਨਾ 132

ਬਾਬਾ ਜੀ ਨੇ ਬੱਚਿਆਂ ਦੀ ਪੜ੍ਹਾਈ ਲਈ ਆਪਣੇ ਪਿੰਡ ਵਿਖੇ ਜਨਤਾ ਹਾਈ ਸਕੂਲ ਖੋਲ੍ਹਿਆ ਸੀ। ਜਿਸ ਲਈ ਉਹਨਾਂ ਨੇ ਆਪਣੀ ਜ਼ਮੀਨ ਦਿੱਤੀ ਸੀ ਅਤੇ ਆਰਥਿਕ ਸਹਾਇਤਾ ਵੀ ਕੀਤੀ ਸੀ। 1965 ਵਿੱਚ ਇਹ ਸਕੂਲ ਪੰਜਾਬ ਸਰਕਾਰ ਦੇ ਪ੍ਰਬੰਧ ਹੇਠ ਕਰਵਾ ਦਿੱਤਾ ਸੀ। ਅੱਜਕੱਲ੍ਹ ਇਹ ਸਕੂਲ ਬਾਬਾ ਜੀ ਦੇ ਨਾਮ 'ਤੇ ਬਣਿਆ ਹੋਇਆ ਹੈ। ਮਹਾਨ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ 21 ਦਸੰਬਰ, 1968 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ। ਉਹਨਾਂ ਕਈ ਦਹਾਕੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਉਹਨਾਂ 26 ਸਾਲ ਤੋਂ ਵੱਧ ਸਮਾਂ ਸਮੇਤ ਕਾਲੇ ਪਾਣੀ ਵੱਖ-ਵੱਖ ਜੇਲ੍ਹਾਂ ਵਿੱਚ ਗੁਜ਼ਾਰਿਆ। ਉਹਨਾਂ ਆਪਣੀ ਜ਼ਿੰਦਗੀ ਦੇ ਪਿਛਲੇ 25 ਸਾਲ ਕਿਰਤੀ ਕਿਸਾਨਾਂ ਦੇ ਹਿੱਤਾਂ ਨੂੰ ਸਮਰਪਿਤ ਕੀਤੇ। ਪਿੰਡ ਭਕਨਾ ਕਲਾਂ ਤੋਂ ਢੰਡ-ਕਸੇਲ ਨੂੰ ਜਾਂਦੀ ਸੜਕ ਉੱਪਰ ਬਾਬਾ ਸੋਹਣ ਸਿੰਘ ਭਕਨਾ ਦੀ ਸਮਾਧੀ ਬਣੀ ਹੋਈ ਹੈ। ਬਾਬਾ ਜੀ ਦੇ ਸਮਾਧ ਦੇ ਨੇੜੇ ਹੀ ਪੱਥਰ ਦੇ ਲੱਗੇ ਸ਼ਿਲਾਲੇਖ ਉੱਪਰ ਗ਼ਦਰ ਪਾਰਟੀ ਦੀ ਸਥਾਪਨਾ ਬਾਰੇ ਬਾਬਾ ਜੀ ਦਾ ਸੁਨੇਹਾ ਉਕਰਿਆ ਹੋਇਆ ਹੈ, "ਨੌਜਵਾਨੋ ਉੱਠੋ, ਯੁੱਗ ਪਲਟ ਰਿਹਾ ਹੈ, ਆਪਣੇ ਕਰਤੱਵ ਨੂੰ ਪੂਰਾ ਕਰੋ।" ਬਾਬਾ ਸੋਹਣ ਸਿੰਘ ਜੀ ਦਾ ਆਖਰੀ ਬਿਆਨ ਜੋ ਉਹਨਾਂ 27 ਨਵੰਬਰ 1968 ਨੂੰ ਦਿੱਤਾ, ਦੇ ਕੁਝ ਅੰਸ਼ ਇਸ ਪ੍ਰਕਾਰ ਹਨ।

"ਮੈਂ ਦੇਸ਼ ਕੌਮ ਤੇ ਮਨੁੱਖ ਜਾਤੀ ਦਾ ਧੰਨਵਾਦੀ ਹਾਂ। ਮੇਰਾ ਸਾਰਾ ਜੀਵਨ ਉਹਨਾਂ ਦੀ ਸੇਵਾ ਵਿੱਚ ਲੰਘਿਆ ਹੈ। ਆਰੰਭ ਵਿੱਚ ਮੈਂ ਕੌਮੀ ਜ਼ਜ਼ਬੇ ਤੋਂ ਸ਼ਰਸ਼ਾਰ ਹੋ ਕੇ ਦੇਸ਼ ਦੀ ਆਜ਼ਾਦੀ ਲਈ ਜੁੱਟਿਆ ਸਾਂ। ਇਸ ਲਈ ਮੈਨੂੰ ਨਾਮਧਾਰੀ ਤਹਿਰੀਕ ਤੇ ਕਾਂਗਰਸ ਤੋਂ ਬੜੀ ਪ੍ਰੇਰਨਾ ਮਿਲੀ ਸੀ। ਉਮਰ ਕੈਦ ਹੋਣ 'ਤੇ ਮੈਂ ਜੇਲ੍ਹ ਦੇ ਅੰਦਰ ਹੀ ਰੂਸੀ ਇਨਕਲਾਬ ਬਾਰੇ ਜਾਣਕਾਰੀ ਹਾਸਲ ਕੀਤੀ। ਸੋਵੀਅਤ ਇਨਕਲਾਬ ਨੇ ਮੇਰੇ ਉਪਰ ਡੂੰਘਾ ਪ੍ਰਭਾਵ ਪਾਇਆ ਤੇ ਮੇਰੇ ਖਿਆਲਾਂ ਵਿੱਚ ਅਹਿਮ ਤਬਦੀਲੀ ਲਿਆਂਦੀ। ਰੂਸੀ ਇਨਕਲਾਬ ਦੇ ਪ੍ਰਭਾਵ ਹੇਠਾਂ ਮੈਂ ਪੂਰਨ ਤੌਰ 'ਤੇ ਕੌਮਾਂਤਰੀ ਵਿਚਾਰਾਧਾਰਾ ਅਪਣਾ ਲਈ। ਇਸ ਦੇ ਲਈ ਮੈਂ ਉਹਨਾਂ ਸਾਥੀਆਂ ਦਾ ਬਹੁਤ ਮਸ਼ਕੂਰ ਹਾਂ ਜਿਨ੍ਹਾਂ ਨੇ ਸਟੱਡੀ ਸਰਕਲਾਂ ਅਤੇ ਬਹਿਸ-ਮੁਹਾਸਬਿਆਂ ਰਾਹੀਂ ਮੈਨੂੰ ਮਾਰਕਸਵਾਦ ਤੋਂ ਜਾਣੂ ਕਰਵਾਇਆ, ਤੇ ਇਸ ਨਾਲ ਲੈਸ ਕਰਨ ਦੀ ਕੋਸ਼ਿਸ਼ ਕੀਤੀ। ਮੈਨੂੰ ਗਾਂਧੀਵਾਦ ਨਾਲ ਸਖ਼ਤ ਵਿਰੋਧ ਹੈ, ਕਿਉਂਕਿ ਇਹ ਦੇਸ਼ ਦੇ ਮਾਮਲਿਆਂ ਨੂੰ ਹੱਲ ਨਹੀਂ ਕਰ ਸਕਿਆ।"[1]

1. ਜੀਵਨਗਾਥਾ, ਬਾਬਾ ਸੋਹਣ ਸਿੰਘ ਭਕਨਾ, ਸੋਹਨ ਸਿੰਘ ਜੋਸ਼ ਪੰਨਾ 76.

# ਭਾਈ ਸੰਤੋਖ ਸਿੰਘ ਕਿਰਤੀ

ਭਾਈ ਸੰਤੋਖ ਸਿੰਘ ਲਾਲਾ ਹਰਦਿਆਲ ਤੋਂ ਪਿੱਛੋਂ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਬਣੇ ਅਤੇ ਲੰਮਾਂ ਸਮਾਂ ਇਸ ਅਹੁਦੇ 'ਤੇ ਰਹੇ। ਉਹਨਾਂ 1915 ਦੇ ਗ਼ਦਰ ਦੇ ਅਸਫ਼ਲ ਰਹਿਣ ਪਿੱਛੋਂ ਗ਼ਦਰ ਪਾਰਟੀ ਨੂੰ ਮੁੜ ਤੋਂ ਜਥੇਬੰਦ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਵੱਖ-ਵੱਖ ਮੁਹਾਜਾਂ 'ਤੇ ਕੰਮ ਕਰਨ ਤੋਂ ਬਾਅਦ ਉਹਨਾਂ ਦੇਸ਼ ਪਰਤ ਕੇ ਅੰਮ੍ਰਿਤਸਰ ਤੋਂ ਮਾਸਿਕ ਕਿਰਤੀ ਰਸਾਲੇ ਦੀ ਸ਼ੁਰੂਆਤ ਕੀਤੀ।

ਭਾਈ ਸੰਤੋਖ ਸਿੰਘ ਦਾ ਜਨਮ 1892 ਈ: ਵਿੱਚ ਸਿੰਘਾਪੁਰ ਵਿਖੇ ਸ. ਜਵਾਲਾ ਸਿੰਘ ਅਤੇ ਸਰਦਾਰਨੀ ਰਾਮ ਕੌਰ ਦੇ ਗ੍ਰਹਿ ਵਿਖੇ ਹੋਇਆ। ਸਰਦਾਰ ਜਵਾਲਾ ਸਿੰਘ ਧਰਦਿਓ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ, ਪਰ ਸਿੰਘਾਪੁਰ ਵਿਖੇ ਹਾਰਬਰ ਪੁਲਿਸ ਦੇ ਮੁਲਾਜ਼ਮ ਸਨ। ਮੁੱਢਲੀ ਵਿੱਦਿਆ ਲਈ ਸੰਤੋਖ ਸਿੰਘ ਨੂੰ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਭੇਜਿਆ ਗਿਆ, ਜਿੱਥੋਂ ਉਹਨਾਂ 1898 ਤੋਂ 1903 ਤੱਕ ਵਿੱਦਿਆ ਪ੍ਰਾਪਤ ਕੀਤੀ। 1903 ਵਿੱਚ ਉਹਨਾਂ ਦੇ ਪਿਤਾ ਪੈਨਸ਼ਨ ਲੈ ਕੇ ਜੱਦੀ ਪਿੰਡ ਧਰਦਿਓ ਅੰਮ੍ਰਿਤਸਰ ਪਰਿਵਾਰ ਸਮੇਤ ਆ ਕੇ ਰਹਿਣ ਲੱਗ ਪਏ। ਪਿੰਡ ਪਰਤਣ 'ਤੇ ਸੰਤੋਖ ਸਿੰਘ ਨੂੰ ਮਹਿਤਾ ਨੰਗਲ ਦੇ ਡਿਸਟ੍ਰਿਕਟ ਬੋਰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਲਾ ਦਿੱਤਾ ਗਿਆ। ਉਹਨਾਂ ਅਗਲੇਰੀ ਪੜ੍ਹਾਈ ਖਾਲਸਾ ਕਾਲਜੀਏਟ ਸਕੂਲ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਕਾਲਜ ਦੀ ਪੜ੍ਹਾਈ ਦੌਰਾਨ ਉਹਨਾਂ ਕੋਲ ਅੰਗਰੇਜ਼ੀ ਦੇ ਸ਼ਬਦਾਂ ਦਾ ਬਹੁਤ ਭੰਡਾਰ ਸੀ। ਇਸ ਕਰਕੇ ਕਾਲਜ ਦੇ ਸਹਿਪਾਠੀਆਂ ਨੇ ਉਹਨਾਂ ਦਾ ਨਾਂ 'ਮਿਸਟਰ ਡਿਕਸ਼ਨਰੀ ਸਿੰਘ' ਰੱਖ ਦਿੱਤਾ। ਉਹਨਾਂ ਨੇ ਆਪਣੇ ਪਿਤਾ ਜੀ ਦੀ ਇੱਛਾ ਅਨੁਸਾਰ 1909 ਵਿੱਚ ਸ਼ਾਹਪੁਰ, ਜ਼ਿਲ੍ਹਾ ਅੰਮ੍ਰਿਤਸਰ ਦੀ ਨਿਵਾਸੀ ਬੀਬੀ ਕੇਸਰ ਕੌਰ ਨਾਲ ਵਿਆਹ ਕਰਵਾ ਲਿਆ।

1911 ਵਿੱਚ ਉਹ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਇੰਗਲੈਂਡ ਚਲੇ ਗਏ। ਉਹ ਕੁਝ ਸਮਾਂ ਇੰਗਲੈਂਡ ਰਹਿ ਕੇ ਕੈਨੇਡਾ ਪਹੁੰਚ ਗਏ। ਉੱਥੇ ਉਹਨਾਂ ਕੁਝ ਸਮੇਂ ਲਈ ਆਰਾ ਮਿੱਲ ਵਿੱਚ ਕੰਮ ਕੀਤਾ। ਬਾਹਰਲੇ ਦੇਸ਼ਾਂ ਦੇ ਆਜ਼ਾਦ ਵਾਤਾਵਰਣ ਅਤੇ ਵਿਦੇਸ਼ਾਂ ਵਿੱਚ ਭਾਰਤੀਆਂ ਦੀ ਹੋ ਰਹੀ ਦੁਰਦਸ਼ਾ ਨੇ ਉਹਨਾਂ ਦੀ ਆਤਮਾ ਨੂੰ ਝੰਜੋੜਿਆ। 1911 ਵਿੱਚ ਭਾਈ ਸੰਤੋਖ ਸਿੰਘ ਕੈਨੇਡਾ ਤੋਂ ਅਮਰੀਕਾ ਚਲੇ ਗਏ। ਉਸ ਸਮੇਂ ਅਮਰੀਕਾ ਦੇ ਪ੍ਰਾਂਤ ਕੈਲੇਫੋਰਨੀਆ ਵਿੱਚ ਸਟਾਕਟਨ ਤੋਂ 80 ਕੁ ਮੀਲ ਦੀ ਦੂਰੀ 'ਤੇ ਸਟਾਕਟਨ ਸ਼ਹਿਰ ਦੇ ਨੇੜੇ ਹੋਲਟਵਿਲ ਵਿੱਚ ਬਾਬਾ ਜੁਆਲਾ ਸਿੰਘ ਅਤੇ ਵਿਸਾਖਾ ਸਿੰਘ ਦਦੇਹਰ ਸਾਹਿਬ ਨੇ 500 ਏਕੜ ਜ਼ਮੀਨ ਸਰਕਾਰ ਤੋਂ ਲੀਜ਼ 'ਤੇ ਲੈ ਕੇ ਆਪਣਾ ਫਾਰਮ ਬਣਾਇਆ ਹੋਇਆ ਸੀ ਅਤੇ ਉਹਨਾਂ ਨੂੰ 'ਆਲੂਆਂ ਦੇ ਬਾਦਸ਼ਾਹ' ਵਜੋਂ ਜਾਣਿਆਂ ਜਾਂਦਾ ਸੀ। ਉਹਨਾਂ ਦਾ ਫ਼ਾਰਮ ਜ਼ਰੂਰਤਮੰਦ ਭਾਰਤੀਆਂ ਲਈ ਸ਼ਰਨਗਾਹ ਸੀ। ਭਾਈ ਸੰਤੋਖ ਸਿੰਘ ਵੀ ਭਾਈ ਜੁਆਲਾ ਸਿੰਘ ਦੇ ਫ਼ਾਰਮ ਵਿਖੇ ਪਹੁੰਚੇ ਤੇ ਬਾਬਾ ਜੀ ਨੂੰ ਮਿਲੇ। ਕਿਉਂਕਿ ਬਾਬਾ ਜੁਆਲਾ ਸਿੰਘ

ਤੇ ਸੰਤੋਖ ਸਿੰਘ ਇੱਕੋ ਇਲਾਕੇ ਬਿਆਸ ਦੇ ਲਾਗਲੇ ਪਿੰਡਾਂ ਦੇ ਰਹਿਣ ਵਾਲੇ ਸਨ, ਜਲਦੀ ਹੀ ਇਹਨਾਂ ਦੀ ਨੇੜਤਾ ਬਹੁਤ ਵੱਧ ਗਈ। ਭਾਈ ਸੰਤੋਖ ਸਿੰਘ ਫਾਰਮ ਵਿੱਚ ਬਾਬਾ ਜੁਆਲਾ ਸਿੰਘ ਦੇ ਕੰਮਾਂ ਵਿੱਚ ਹੱਥ ਵਟਾਉਣ ਲੱਗ ਪਿਆ।[1]

ਭਾਰਤੀ ਮਜ਼ਦੂਰਾਂ ਨੇ ਜਦ ਅਮਰੀਕਾ ਵਿੱਚ ਗੋਰੇ ਮਜ਼ਦੂਰਾਂ ਦੀ ਥਾਂ ਲੈਣੀ ਸ਼ੁਰੂ ਕਰ ਦਿੱਤੀ ਤਾਂ ਗੋਰੇ ਮਜ਼ਦੂਰਾਂ ਵਿੱਚ ਭਾਰਤੀ ਮਜ਼ਦੂਰਾਂ ਪ੍ਰਤੀ ਈਰਖਾ ਪੈਦਾ ਹੋਣ ਲੱਗ ਪਈ। ਪਰਵਾਸੀ ਪੰਜਾਬੀ ਵੀ ਆਪਸ ਵਿੱਚ ਵਿਚਾਰਾਂ ਕਰਨ ਲੱਗੇ। ਜਵਾਲਾ ਸਿੰਘ ਦਾ ਫਾਰਮ ਅਮਰੀਕਾ ਦੀਪ ਵਿੱਚ ਪ੍ਰਸਿੱਧ ਇਨਕਲਾਬੀ ਕੇਂਦਰ ਸੀ। ਇੱਥੇ ਬਾਬਾ ਵਿਸਾਖਾ ਸਿੰਘ ਤੇ ਬਾਬਾ ਜੁਆਲਾ ਸਿੰਘ ਵੀ ਭਾਰਤੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰਾਂ ਕਰਦੇ। ਆਖਰਕਾਰ ਦੋਨਾਂ ਵਿਚਕਾਰ ਹਰ ਰੋਜ਼ ਦੀ ਵਿਚਾਰ ਚਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਕ ਲੈਣ ਦੇ ਫੈਸਲੇ 'ਤੇ ਆ ਮੁੱਕੀ। ਫੈਸਲੇ ਲੈਣ ਲਈ ਜਦੋਂ ਗੁਰਬਾਣੀ ਦਾ ਆਸਰਾ ਲੈਂਦਿਆਂ ਬਾਬਾ ਵਿਸਾਖਾ ਸਿੰਘ ਨੇ ਅਰਦਾਸਾ ਸੋਧ ਕੇ ਵਾਕ ਲਿਆ ਤਾਂ ਸ਼ਬਦ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨ ਕੀਜੈ॥

(ਸਲੋਕ ਵਾਰਾਂ ਤੇ ਵਧੀਕ, ਮਹਲਾ1, ਆਦਿ ਗ੍ਰੰਥ, ਪੰਨਾ 1412)

ਸੁਣਦੇ ਸਾਰ ਬਾਬਾ ਜਵਾਲਾ ਸਿੰਘ ਤੇ ਵਿਸਾਖਾ ਸਿੰਘ ਨੇ ਗਲਵੱਕੜੀ ਪਾਈ। ਫਿਰ ਦੋਵੇਂ ਭਾਈ ਸੰਤੋਖ ਸਿੰਘ ਦੇ ਗਲੇ ਲੱਗ ਮਿਲੇ, ਜਿਹੜੇ ਪੜ੍ਹਾਈ ਲਈ ਗਏ, ਉਨ੍ਹੀਂ ਦਿਨੀਂ ਛੁੱਟੀਆਂ ਕੱਟਣ ਇਹਨਾਂ ਦੇ ਫਾਰਮ ਵਿੱਚ ਆਏ ਹੋਏ ਸਨ। ਖੁਸ਼ੀ ਨਾਲ ਭਰਪੂਰ ਬਾਬਾ ਜਵਾਲਾ ਸਿੰਘ ਨੇ ਸਾਥੀਆਂ ਨੂੰ ਕਿਹਾ, "ਦੇਸ਼ ਭਗਤੀ ਅਤੇ ਦੇਸ਼ ਆਜ਼ਾਦੀ ਦੇ ਘੋਲ ਵਿੱਚ ਈਸ਼ਵਰ ਭਗਤੀ ਸ਼ਾਮਲ ਹੈ। ਜੋ ਬੰਦਾ ਮਾਲਾ ਫੇਰਦਾ, ਭਜਨ ਕਰਦਾ, ਪਾਠਾਂ ਵਿੱਚ ਅੱਠੇ ਪਹਿਰ ਰੁੱਝਾ ਰਹਿੰਦਾ ਹੈ, ਪਰ ਜੇ ਉਸ ਦੇ ਦਿਲ ਵਿੱਚ ਦੇਸ਼ ਦੀ ਆਜ਼ਾਦੀ ਲਈ ਤੜਪ ਨਹੀਂ ਤਾਂ ਉਸ ਦਾ ਭਜਨ ਕਰਨਾ ਨਿਰਾ ਪਾਖੰਡ ਹੈ।" ਬਾਬਾ ਵਿਸਾਖਾ ਸਿੰਘ ਨੇ ਤੁਰੰਤ ਬਾਬਾ ਜਵਾਲਾ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਹੁੰਦਿਆਂ ਕਿਹਾ, "ਮੈਨੂੰ ਅੱਜ ਤੁਹਾਡੇ ਸਿਧਾਂਤਾਂ ਉੱਪਰ ਪੂਰਾ ਨਿਸ਼ਚਾ ਹੋ ਗਿਆ ਹੈ। ਸੱਚਾ ਭਜਨ ਉਹੀ ਹੈ, ਜੋ ਦੇਸ਼ ਦੀ ਗੁਲਾਮੀ ਨੂੰ ਇੱਕ ਛਿਨ ਲਈ ਵੀ ਪ੍ਰਵਾਨ ਕਰਨ ਲਈ ਤਿਆਰ ਨਾ ਹੋਵੇ।" ਇਹਨਾਂ ਗੱਲਾਂ ਦਾ ਭਾਈ ਸੰਤੋਖ ਸਿੰਘ ਧਰਦਿਓ ਉੱਪਰ ਵੀ ਗਹਿਰਾ ਅਸਰ ਹੋਇਆ ਉਸ ਨੇ ਪੜ੍ਹਾਈ ਵਿੱਚ ਹੀ ਛੱਡ ਕੇ ਦੇਸ਼ ਲਈ ਮਰ ਮਿੱਟਣ ਦਾ ਮਨ ਬਣਾ ਲਿਆ ਅਤੇ ਸਾਥੀਆਂ ਅੱਗੇ ਕੋਈ ਯੋਜਨਾ ਬਣਾਉਣ ਦੀ ਤੀਬਰ ਇੱਛਾ ਪ੍ਰਗਟ ਕੀਤੀ।[2]

---

1. ਇਨਕਲਾਬੀ ਸੂਝ ਦਾ ਸਫ਼ਰ, ਤੇਜਿੰਦਰ ਵਿਰਲੀ, ਪੰਨਾ 16.
2. ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਜੀਵਨ ਅਤੇ ਹੱਥ-ਲਿਖਤਾਂ, ਚਰੰਜੀ ਲਾਲ ਕੰਗਣੀਵਾਲ, ਪੰਨਾ 22 ਅਤੇ ਸੰਤ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਪੰਨਾ 34-35.

ਦਸੰਬਰ 1910 ਵਿੱਚ ਪੋਹ ਸੁਦੀ ਸੱਤਵੀਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਨੂੰ ਵੱਡੇ ਪੱਧਰ ਉੱਤੇ ਮਨਾਉਣ ਦਾ ਫੈਸਲਾ ਹੋਇਆ। ਅਮਰੀਕਾ ਵਿੱਚ ਵਸਦੇ ਭਾਰਤੀਆਂ ਨੂੰ ਸੱਦਾ ਪੱਤਰ ਭੇਜਿਆ ਗਿਆ। ਭਾਰਤੀਆਂ ਨੇ ਇਹ ਗੁਰਪੁਰਬ ਬੜੇ ਉਤਸ਼ਾਹ ਨਾਲ ਮਨਾਇਆ। ਸਮਾਪਤੀ ਸਮੇਂ ਬਾਬਾ ਵਿਸਾਖਾ ਸਿੰਘ ਨੇ ਅਰਦਾਸ ਕੀਤੀ ਅਤੇ ਸਾਰੇ ਸੱਜਣਾਂ ਨੂੰ ਅਪੀਲ ਕੀਤੀ ਕਿ ਸਾਡੇ ਕੋਲ ਵਿਚਾਰ-ਵਟਾਂਦਰਾ ਕਰਨ ਤੇ ਮਿਲ ਬੈਠਣ ਦੀ ਕੋਈ ਸਾਂਝੀ ਥਾਂ ਨਹੀਂ ਹੈ। ਮੇਰੀ ਬੈਂਕ ਦੀ ਪਾਸਬੁੱਕ ਵਿੱਚ ਜਿੰਨ੍ਹਾਂ ਰੁਪਈਆ ਹੈ, ਮੈਂ ਇਸੇ ਮੰਤਵ ਲਈ ਸੰਗਤ ਹਵਾਲੇ ਕਰਦਾ ਹਾਂ। ਸਾਨੂੰ ਛੇਤੀ ਹੈ ਸਟਾਕਟਨ, ਸ਼ਹਿਰ ਵਿੱਚ ਸੁੰਦਰ ਗੁਰਦੁਆਰਾ ਬਣਾਉਣਾ ਚਾਹੀਦਾ ਹੈ।" ਕੋਲ ਬੈਠੇ ਬਾਬਾ ਜੁਆਲਾ ਸਿੰਘ ਨੇ ਵੱਡੀ ਰਕਮ ਅਰਦਾਸ ਕਰਾ ਦਿੱਤੀ। ਇਸ ਤਰ੍ਹਾਂ ਕਰਕੇ ਸਾਰੀ ਸੰਗਤ ਨੇ ਮਾਇਆ ਅਰਦਾਸ ਕਰਵਾਈ। ਮੌਕੇ 'ਤੇ ਹੀ ਇੱਕ ਲੱਖ ਤੋਂ ਵੱਧ ਡਾਲਰ ਇਕੱਠੇ ਹੋ ਗਏ। ਗੁਰਦੁਆਰਾ ਕਮੇਟੀ ਬਣਾਈ ਗਈ, ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਅਤੇ ਖ਼ਜ਼ਾਨਚੀ ਬਾਬਾ ਵਿਸਾਖਾ ਸਿੰਘ ਬਣਾਏ ਗਏ।[1]

ਦੂਜੇ ਦਿਨ ਬਾਬਾ ਜਵਾਲਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਰਾਜਸੀ ਜਲਸਾ ਹੋਇਆ, ਸਟੇਜ ਦਾ ਸੰਚਾਲਣ ਭਾਈ ਸੰਤੋਖ ਸਿੰਘ ਨੇ ਕੀਤਾ। ਇਸ ਜਲਸੇ ਵਿੱਚ ਅਮਰੀਕਾ ਦੇ ਹਿੰਦੀਆਂ ਤੋਂ ਇਲਾਵਾ ਦੂਜੇ ਮੁਲਕਾਂ ਦੇ ਉੱਘੇ ਸੱਜਣਾਂ ਨੂੰ ਸੱਦਾ ਪੱਤਰ ਭੇਜਿਆ ਗਿਆ ਸੀ। ਲਾਲਾ ਹਰਦਿਆਲ ਨੇ ਆਪਣੇ ਭਾਸ਼ਣ ਵਿੱਚ ਭਾਰਤ ਦੀ ਦੁਰ ਹਾਲਤ ਦਾ ਨਕਸ਼ਾ ਪੇਸ਼ ਕਰਦਿਆਂ ਸੁਤੰਤਰਤਾ ਸੰਗਰਾਮ ਲਈ ਮਦਦ ਦੀ ਅਪੀਲ ਕੀਤੀ। ਇੱਥੇ ਸਥਾਨਕ ਕਮੇਟੀ ਦਾ ਗਠਨ ਕੀਤਾ ਗਿਆ ਤੇ ਕਮੇਟੀ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਅਤੇ ਖ਼ਜ਼ਾਨਚੀ ਭਾਈ ਸੰਤੋਖ ਸਿੰਘ ਬਣਾਏ ਗਏ। ਸ. ਕਰਮ ਸਿੰਘ ਇਸ ਦੇ ਸਰਗਰਮ ਮੈਂਬਰ ਬਣੇ।[2]

ਗੁਰਦੁਆਰੇ ਲਈ ਕਾਇਮ ਕੀਤੀ ਕਮੇਟੀ ਨੇ ਸਟਾਕਟਨ ਸ਼ਹਿਰ ਵਿੱਚ ਨੱਬੇ ਹਜ਼ਾਰ ਡਾਲਰ ਨਾਲ ਇੱਕ ਮਕਾਨ ਖ਼ਰੀਦ ਕੇ ਸ਼ਾਨਦਾਰ ਗੁਰਦੁਆਰਾ ਬਣਾ ਲਿਆ। ਭਾਈ ਸੰਤੋਖ ਸਿੰਘ ਦੀ ਅਗਵਾਈ ਹੇਠ ਬਣੇ ਗੁਰਦੁਆਰੇ ਦੀ ਇਹ ਇੱਕ ਖਾਸੀਅਤ ਸੀ ਕਿ ਇਹ ਸਾਰੇ ਧਰਮਾਂ ਦੇ ਲੋਕਾਂ ਲਈ ਖੁੱਲ੍ਹਾ ਸੀ। ਜਾਤ, ਭਾਸ਼ਾ, ਧਰਮ, ਫਿਰਕੇ ਤੇ ਨਸਲੀ ਵਿਤਕਰਿਆਂ ਤੋਂ ਉੱਪਰ ਇਹ ਗੁਰਬਾਣੀ ਦੇ ਸਿਧਾਂਤਕ ਫ਼ਲਸਫ਼ੇ ਅਨੁਸਾਰ ਸਾਰਿਆਂ ਦਾ ਸਾਂਝਾ ਸੀ। ਅਸਲ ਵਿੱਚ ਇਹ ਗੁਰਦੁਆਰਾ ਭਾਰਤੀਆਂ ਦੀ ਸਮਾਜਕ ਤੇ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਸੀ। ਉਸ ਸਮੇਂ ਸਟਾਕਟਨ ਖਾਲਸਾ ਦੀਵਾਨ ਦਾ ਸਕੱਤਰ ਨੌਜਵਾਨ ਸੰਤੋਖ ਸਿੰਘ ਸੀ, ਜਿਸ ਨੇ ਇਸ ਗੁਰਦੁਆਰੇ ਨੂੰ ਮਾਨਵੀ ਰੰਗ ਵਿੱਚ ਰੰਗਣ ਦਾ ਇਤਿਹਾਸਕ ਫੈਸਲਾ ਲਿਆ ਸੀ। ਇਸ ਦੀ ਉਸਾਰੀ

---

1 ਗ਼ਦਰੀ ਬਾਬਾ ਜਵਾਲਾ ਸਿੰਘ ਜੀਵਨ ਅਤੇ ਹੱਥ ਲਿਖਤਾਂ, ਚਰੰਜੀਲਾਲ ਕੰਗਣੀਵਾਲ, ਪੰਨਾ 23 ਅਤੇ ਸੰਤ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਪੰਨਾ 38.

2. ਗ਼ਦਰੀ ਬਾਬਾ ਜਵਾਲਾ ਸਿੰਘ ਜੀਵਨ ਅਤੇ ਹੱਥ ਲਿਖਤਾਂ, ਚਰੰਜੀਲਾਲ ਕੰਗਣੀਵਾਲ, ਪੰਨਾ 34 ਅਤੇ ਸੰਤ ਬਾਬਾ ਵਿਸਾਖਾ ਸਿੰਘ ਦਦੇਹਰ, ਬਿਕਰਮ ਸਿੰਘ ਘੁੰਮਣ, ਪੰਨਾ 38.

ਦੇ ਫੈਸਲੇ ਵਾਲੇ ਦਿਨ 40 ਤੋਂ ਵੱਧ ਮੁਸਲਮਾਨ ਉੱਥੇ ਮੋਢੇ ਨਾਲ ਮੋਢਾ ਜੋੜ ਕੇ ਪੰਜਾਬੀਆਂ ਲਈ ਇਕੱਠੇ ਹੋਏ ਸਨ। (ਕਿਰਤੀ ਜੂਨ 1927)[1]

ਸਰਦਾਰ ਜਵਾਲਾ ਸਿੰਘ, ਸ. ਸੰਤੋਖ ਸਿੰਘ, ਸ. ਕਰਮ ਸਿੰਘ ਚੀਮਾ ਕੈਲੇਫੋਰਨੀਆ ਦੇ ਵੱਖ-ਵੱਖ ਭਾਗਾਂ ਵਿੱਚ ਰਹਿੰਦੇ ਭਾਰਤੀਆਂ ਦੇ ਡੇਰਿਆਂ ਉੱਤੇ ਜਾਂਦੇ ਅਤੇ ਉਹਨਾਂ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਦੇ। ਵਿਸਾਖਾ ਸਿੰਘ ਕਮੇਟੀ ਦੇ ਕੇਂਦਰ ਹੋਲਟਵਿਲ ਫਾਰਮ ਵਿੱਚ ਰਹਿ ਕੇ ਕੰਮ ਕਰਦੇ। 1913 ਵਿੱਚ ਗ਼ਦਰ ਪਾਰਟੀ ਦੇ ਕਾਇਮ ਹੋ ਜਾਣ 'ਤੇ ਇਹ ਕਮੇਟੀ ਉਸ ਵਿੱਚ ਸ਼ਾਮਲ ਕਰ ਲਈ ਗਈ।[2] ਦਸੰਬਰ 1913 ਵਿੱਚ ਗ਼ਦਰ ਪਾਰਟੀ ਵੱਲੋਂ ਕਾਨਫਰੰਸ ਕੀਤੀ ਗਈ, ਜਿਸ ਵਿੱਚ ਕੈਲੇਫੋਰਨੀਆ ਤੋਂ ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸੰਤੋਖ ਸਿੰਘ, ਸੰਤ ਵਿਸਾਖਾ ਸਿੰਘ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਅਰੂੜ ਸਿੰਘ, ਭਾਈ ਚੰਨਣ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ, ਭਾਈ ਕਰਮ ਸਿੰਘ ਚੀਮਾ, ਭਾਈ ਕਰਤਾਰ ਸਿੰਘ ਦੁੱਕੀ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਭਗਤ ਸਿੰਘ ਦੂਜਾ ਨਾਂ ਗਾਂਧਾ ਸਿੰਘ ਕੱਚਰਭੰਨ ਅਤੇ ਹੋਰ ਅਨੇਕਾਂ ਸਾਥੀ ਸ਼ਾਮਲ ਹੋਏ। ਪਾਰਟੀ ਵੱਲੋਂ ਪ੍ਰਧਾਨ ਭਾਈ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ ਅਤੇ ਆਰਗੇਨਾਇਜ਼ਰ ਸਕੱਤਰ ਮੁਨਸ਼ੀ ਰਾਮ ਸ਼ਾਮਲ ਹੋਏ। ਕਾਨਫਰੰਸ ਵਿੱਚ ਪਾਰਟੀ ਨੂੰ ਸਰਬ ਅਮਰੀਕੀ ਬਣਾਉਣ ਦਾ ਫੈਸਲਾ ਹੋਇਆ ਤੇ ਨਵੀਂ ਚੋਣ ਹੋਈ, ਜਿਸ ਵਿੱਚ ਉਹ ਪਹਿਲੇ ਅਹੁਦੇਦਾਰ ਆਪਣਿਆਂ-ਆਪਣਿਆਂ ਅਹੁਦਿਆਂ 'ਤੇ ਮੁੜ ਚੁਣੇ ਗਏ, ਕੈਲੇਫੋਰਨੀਆ ਵੱਲੋਂ ਭਾਈ ਜਵਾਲਾ ਸਿੰਘ ਨੂੰ ਮੀਤ ਪ੍ਰਧਾਨ ਲੈ ਲਿਆ ਗਿਆ। ਅਹੁਦੇਦਾਰਾਂ ਤੋਂ ਇਲਾਵਾ ਭਾਈ ਸੰਤੋਖ ਸਿੰਘ, ਭਾਈ ਕਰਤਾਰ ਸਿੰਘ ਸਰਾਭਾ, ਭਾਈ ਅਰੂੜ ਸਿੰਘ, ਭਾਈ ਪਿਰਥੀ ਸਿੰਘ, ਪੰਡਤ ਜਗਤ ਰਾਮ, ਭਾਈ ਕਰਮ ਸਿੰਘ ਚੀਮਾ, ਭਾਈ ਨਿਧਾਨ ਸਿੰਘ ਚੁੱਘਾ, ਸੰਤ ਵਿਸਾਖਾ ਸਿੰਘ, ਪੰਡਤ ਮੁਨਸ਼ੀ ਰਾਮ, ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਆਦਿ ਇੰਤਜ਼ਾਮੀਆਂ ਕਮੇਟੀ ਵਿੱਚ ਲਏ ਗਏ।[3]

ਲਾਲਾ ਹਰਦਿਆਲ ਨੂੰ ਮਾਰਚ 1914 ਦੇ ਅੰਤ ਵਿੱਚ ਖ਼ੁਫੀਆ ਤੌਰ 'ਤੇ ਅਮਰੀਕਾ ਤੋਂ ਸਵਿਟਜਰਲੈਂਡ ਭੇਜ ਦਿੱਤਾ ਗਿਆ। ਇਸ ਸਮੇਂ ਗ਼ਦਰ ਪਾਰਟੀ ਵੱਲੋਂ ਲਾਲਾ ਹਰਦਿਆਲ ਦੀ ਜਗ੍ਹਾ ਭਾਈ ਸੰਤੋਖ ਸਿੰਘ ਨੂੰ ਪਾਰਟੀ ਦਾ ਸਕੱਤਰ ਬਣਾ ਦਿੱਤਾ ਗਿਆ ਅਤੇ ਉਹਨਾਂ ਨੂੰ ਤਿੰਨ ਮੈਂਬਰੀ ਗੁਪਤ ਕਮਿਸ਼ਨ ਵਿੱਚ ਵੀ ਸ਼ਾਮਲ ਕਰ ਲਿਆ ਗਿਆ। ਪਾਰਟੀ ਦਫ਼ਤਰ ਦਾ ਸਾਰਾ ਕੰਮ ਸੰਤੋਖ ਸਿੰਘ ਨੇ ਸਾਂਭ ਲਿਆ। ਇਸ ਸਮੇਂ ਪਾਰਟੀ ਨੇ ਫੌਜੀ ਸਿਖਲਾਈ ਦਾ ਪ੍ਰੋਗਰਾਮ ਬਣਾਇਆ। ਦੋ ਜਰਨੈਲ ਕਰਤਾਰ ਸਿੰਘ ਸਰਾਭਾ ਤੇ ਮਾਸਟਰ ਊਧਮ ਸਿੰਘ ਚੁਣੇ ਗਏ। ਕਰਤਾਰ ਸਿੰਘ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲਈ ਇੱਕ ਜਰਮਨ ਕੰਪਨੀ ਕੋਲ

---

1. ਇਨਕਲਾਬੀ ਸੂਝ ਦਾ ਸਫ਼ਰ, ਡਾ. ਤੇ ਜਿੰਦਰ ਵਿਰਲੀ, ਪੰਨਾ 22
2. ਸੰਤ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਪੰਨਾ 38
3. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 97-98

ਸਾਨਫਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ। ਇਹ ਜਰਮਨ ਕੌਂਸਲਰ ਨਾਲ ਪਹਿਲੀ ਗੱਲਬਾਤ ਸੀ-ਜਿਹੜੀ ਭਾਈ ਸੰਤੋਖ ਸਿੰਘ ਰਾਹੀਂ ਹੋਈ। ਫੌਜੀ ਕੰਮ ਸਿੱਖਣ ਵਾਲੇ ਜੱਥੇ ਨੂੰ ਮਾਸਟਰ ਊਧਮ ਸਿੰਘ ਦੇ ਸਪੁਰਦ ਕੀਤਾ ਗਿਆ। ਜਿਹੜਾ ਭਾਈ ਸੰਤੋਖ ਸਿੰਘ ਤੇ ਭਾਈ ਜਵਾਲਾ ਸਿੰਘ ਦੇ ਫਾਰਮਾਂ 'ਤੇ ਕੰਮ ਸਿੱਖਣ ਲੱਗਾ।[1] 5 ਜੁਲਾਈ, 1914 ਨੂੰ ਬੰਬ ਬਣਾਉਣ ਵਾਲਾ ਵਿਸਫੋਟ ਹਰਨਾਮ ਸਿੰਘ ਦੇ ਹੱਥ ਵਿੱਚ ਹੀ ਫਟ ਗਿਆ। ਉਹਨਾਂ ਦਾ ਹੱਥ ਉੱਡ ਗਿਆ ਅਤੇ ਬਾਂਹ ਉਪਰ ਤੱਕ ਕੱਟਣੀ ਪਈ, ਉਦੋਂ ਤੋਂ ਉਹਨਾਂ ਦਾ ਨਾਮ ਹਰਨਾਮ ਸਿੰਘ ਟੁੰਡੀਲਾਟ ਪੈ ਗਿਆ। ਹਰਨਾਮ ਸਿੰਘ ਲੰਮਾ ਸਮਾਂ ਹਸਪਤਾਲ ਵਿੱਚ ਰਹੇ। ਉਹਨਾਂ ਦੀ ਗੈਰ-ਹਾਜ਼ਰੀ ਵਿੱਚ ਭਾਈ ਸੰਤੋਖ ਸਿੰਘ ਤੇ ਰਾਮਚੰਦਰ ਪਿਸ਼ਾਵਰੀ ਨੂੰ ਸਾਂਝੇ ਤੌਰ 'ਤੇ ਗ਼ਦਰ ਦੇ ਐਡੀਟਰ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ, ਜੋ ਉਹਨਾਂ ਬਾਖੂਬੀ ਨਿਭਾਈਆਂ।[2]

ਗ਼ਦਰ ਪਾਰਟੀ ਵੱਲੋਂ 5 ਅਗਸਤ, 1914 ਦੇ ਗ਼ਦਰ ਅਖਬਾਰ ਵਿੱਚ ਐਲਾਨ-ਇ-ਜੰਗ ਛਾਪਕੇ ਗ਼ਦਰੀਆਂ ਨੂੰ ਦੇਸ਼ ਪਰਤਣ ਲਈ ਕਹਿ ਦਿੱਤਾ ਗਿਆ। ਇਸ ਸਮੇਂ ਬਹੁਤ ਸਾਰੇ ਗ਼ਦਰੀ ਵੱਖ-ਵੱਖ ਜਹਾਜ਼ਾਂ ਵਿੱਚ ਸਵਾਰ ਹੋ ਕੇ ਦੇਸ਼ ਪਰਤ ਆਏ। ਭਾਈ ਸੋਹਣ ਸਿੰਘ ਭਕਨਾ ਦੇ ਦੇਸ਼ ਚਲੇ ਜਾਣ ਪਿੱਛੋਂ ਭਾਈ ਭਗਵਾਨ ਸਿੰਘ ਨੂੰ ਗ਼ਦਰ ਪਾਰਟੀ ਦਾ ਪ੍ਰਧਾਨ ਚੁਣ ਲਿਆ ਗਿਆ ਸੀ ਅਤੇ ਸੰਤੋਖ ਸਿੰਘ ਨੇ ਸਕੱਤਰ ਵੱਜੋਂ ਪਾਰਟੀ ਦਾ ਕੰਮ ਕਰਨਾ ਜਾਰੀ ਰੱਖਿਆ ਹੋਇਆ ਸੀ। ਦੇਸ਼ ਗ਼ਦਰ ਕਰਨ ਵਾਲਿਆਂ ਨੂੰ ਭੇਜਕੇ ਗ਼ਦਰ ਪਾਰਟੀ ਦੀ ਐਗਜ਼ੈਕਟਿਵ ਕਮੇਟੀ ਦੇ ਫੈਸਲੇ ਅਨੁਸਾਰ ਪੰਡਤ ਸੋਹਣ ਲਾਲ ਪਾਠਕ (ਪੱਟੀ) ਦੀ ਡਿਊਟੀ ਸਿਆਮ ਰਾਹੀਂ ਹੋ ਕੇ ਬਰਮਾ ਜਾਣ ਲਈ ਲਾਈ ਗਈ। ਭਾਈ ਸੰਤੋਖ ਸਿੰਘ ਜਨਰਲ ਸਕੱਤਰ ਨੇ ਸਿਆਮ, ਸਿੰਘਾਪੁਰ, ਮਲਾਇਆ ਤੇ ਬਰਮਾ ਦੇ ਕੰਮਾਂ ਦੀ ਦੇਖ-ਭਾਲ ਤੇ ਸਹਾਇਤਾ ਕਰਨ ਅਤੇ ਅਗਵਾਈ ਦੇਣੀ ਸੀ। ਭਾਈ ਭਗਵਾਨ ਸਿੰਘ ਪ੍ਰਧਾਨ ਗ਼ਦਰ ਪਾਰਟੀ ਨੇ ਚੀਨ, ਜਾਪਾਨ, ਅਤੇ ਮਨੀਲਾ ਆਦਿ ਵਿੱਚੋਂ ਵਰਕਰ ਤੇ ਫੰਡ ਇਕੱਠਾ ਕਰਕੇ ਸੰਤੋਖ ਸਿੰਘ ਦੀ ਸਹਾਇਤਾ ਵਾਸਤੇ ਭੇਜਣੇ ਸਨ। ਪੰਡਤ ਸੋਹਣ ਲਾਲ ਸਤੰਬਰ 1914 ਵਿੱਚ ਬੈਕਾਂਕ ਪੁੱਜ ਗਏ। ਅਗਲੇ ਮਹੀਨੇ ਭਾਈ ਸੰਤੋਖ ਸਿੰਘ ਵੀ ਪੰਡਤ ਆਤਮਾ ਰਾਮ ਜਾਹਮਣ (ਲਾਹੌਰ) ਅਤੇ ਸ੍ਰੀ ਸ਼ਿਵਦਿਆਲ ਕਪੂਰ ਘਣੂੰਪੁਰ ਕਾਲੇ ਨੂੰ ਸ਼ੰਘਾਈ ਤੋਂ ਨਾਲ ਲੈ ਕੇ ਬੈਕਾਂਕ ਆ ਗਏ। ਭਾਈ ਸੰਤੋਖ ਸਿੰਘ ਅਤੇ ਪੰਡਤ ਸੋਹਣ ਲਾਲ ਨੇ ਸਿਆਮ ਵਿੱਚ ਪਾਰਟੀ ਦੇ ਕੰਮ ਨੂੰ ਬਹੁਤ ਉਤਸ਼ਾਹ ਦਿੱਤਾ ਅਤੇ ਪਾਰਟੀ ਵਰਕਰਾਂ ਦੇ ਹੌਸਲੇ ਵਧਾ ਦਿੱਤੇ। ਸਿਆਮ ਤੋਂ ਗ਼ਦਰੀ ਲੀਡਰ ਫ਼ਰਵਰੀ 1915 ਨੂੰ ਬਰਮਾ ਜਾਣੇ ਸ਼ੁਰੂ ਹੋਏ।[3]

ਸ਼ੰਘਾਈ ਤੋਂ ਆਤਮਾ ਰਾਮ, ਸਾਨਫਰਾਂਸਿਸਕੋ ਤੋਂ ਗ਼ਦਰ ਪਾਰਟੀ ਦੇ ਨੇਤਾਵਾਂ ਸੰਤੋਖ ਸਿੰਘ ਅਤੇ ਭਗਵਾਨ ਸਿੰਘ ਅਤੇ ਮਨੀਲਾ ਤੋਂ ਸੋਹਣ ਲਾਲ ਪਾਠਕ ਦੇ ਯਤਨਾਂ ਨਾਲ ਸਿਆਮ ਵਿੱਚ ਗ਼ਦਰ ਪਾਰਟੀ ਦੀ ਸ਼ਾਖਾ ਕਾਇਮ ਹੋ ਚੁੱਕੀ ਸੀ। ਵਿਉਂਤ

---

1. ਜੀਵਨ ਸੰਗਰਾਮ ਤੇ ਹੋਰ ਲਿਖਤਾਂ, ਮਲਵਿੰਦਰਜੀਤ ਸਿੰਘ ਵੜੈਚ, ਪੰਨਾ 50.
2. ਇਨਕਲਾਬੀ ਸੂਝ ਦਾ ਸਫ਼ਰ, ਤੇਜਿੰਦਰ ਵਿਰਲੀ, ਪੰਨਾ 38.
3. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 242.

ਅਨੁਸਾਰ ਭਾਰਤ ਵਿੱਚ ਬਰਤਾਨਵੀ ਰਾਜ ਵਿਰੁੱਧ ਜੂਝਣ ਲਈ 10,000 ਭਾਰਤੀਆਂ ਨੂੰ ਫੌਜੀ ਸਿਖਲਾਈ ਦਿੱਤੀ ਜਾਣੀ ਸੀ। ਬੈਕਾਂਕ ਦੇ ਨੇੜੇ ਪਕੋਹ ਉਨ੍ਹਾਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ।[1]

ਸਿਆਮ ਬਰਮਾ ਮੁਹਿੰਮ ਦੇ ਮੁੱਖ ਨੇਤਾ ਸਨ: ਭਾਈ ਸੰਤੋਖ ਸਿੰਘ (ਦੂਜਾ ਨਾਂ ਨਿਹਾਲ ਸਿੰਘ), ਸੋਹਨ ਲਾਲ ਪਾਠਕ ਅਤੇ ਹਰਨਾਮ ਸਿੰਘ ਕਾਹਰੀ ਸਾਹਰੀ ਸਨ। ਇਹ ਮੀਟਿੰਗਾਂ ਕਰਦੇ ਤੇ ਭਰੋਸੇਯੋਗ ਬੰਦਿਆਂ ਨੂੰ ਅਤੇ ਮੁਸਲਮਾਨ ਫੌਜੀਆਂ ਨੂੰ ਪ੍ਰਭਾਵਿਤ ਕਰਨ ਲਈ ਗ਼ਦਰੀ ਸਾਹਿਤ ਤੇ ਫਤਵਾ ਪੁੱਜਦਾ ਕਰਦੇ ਸਨ। ਫਤਵਾ ਭਾਰਤੀ ਕਾਜ਼ ਲਈ ਮੁਸਲਮਾਨ ਫੌਜੀਆਂ ਨੂੰ ਆਪਣੀ ਧਿਰ ਬਣਾਉਣ ਦਾ ਵੱਡਾ ਹਥਿਆਰ ਸੀ।[2] ਸ੍ਰੀ ਸੋਹਨ ਲਾਲ ਪਾਠਕ ਅਤੇ ਸ੍ਰੀ ਹਰਨਾਮ ਸਿੰਘ ਕਾਹਰੀ ਸਾਹਰੀ ਜਲਦੀ ਹੀ ਬਰਮਾ ਵਿੱਚ ਕੰਮ ਕਰਨ ਚਲੇ ਗਏ ਅਤੇ ਭਾਈ ਸੰਤੋਖ ਸਿੰਘ ਜੋ ਨਿਹਾਲ ਸਿੰਘ ਦੇ ਫਰਜ਼ੀ ਨਾਂ ਹੇਠ ਕੰਮ ਕਰਦੇ ਸਨ, ਪਾਖੋ ਦੇ ਹੈਡਕੁਵਾਟਰ ਦੇ ਇੰਚਾਰਜ ਬਣਕੇ ਸਿਆਮ-ਬਰਮਾ ਦੀ ਸਕੀਮ ਨੂੰ ਚਲਾਉਣ ਲੱਗ ਪਏ।

ਭਾਈ ਸੰਤੋਖ ਸਿੰਘ ਸਿਆਮ ਬਰਮਾ ਸਕੀਮ ਦਾ ਮਾਇਕ ਪ੍ਰਬੰਧ ਕਰਨ ਤੋਂ ਇਲਾਵਾ ਬੰਗਕੌਕ ਦੇ ਜਰਮਨ ਏਜੰਟ ਨਾਲ ਤਾਲਮੇਲ ਰੱਖਦੇ, ਉਹਨਾਂ ਦਾ ਉੱਤਰੀ ਸਿਆਮ ਵਿੱਚ ਪਾਖੋ ਹੈਡਕੁਵਾਟਰ ਸੀ, ਜਿੱਥੇ ਉਹ ਇੱਕ ਫੌਜੀ ਸਲਾਹਕਾਰ ਨਾਲ ਮਿਲਕੇ ਹਿੰਦ ਨੂੰ ਮੁਹਿੰਮਾਂ ਭੇਜਦਾ ਅਤੇ ਅਮਰੀਕਾ ਤੋਂ ਆਉਣ ਵਾਲੇ ਹਥਿਆਰਾਂ ਅਤੇ ਦਾਰੂ-ਸਿੱਕੇ ਨੂੰ ਲੈਣ ਅਤੇ ਲੁਕਾਉਣ ਦਾ ਪ੍ਰਬੰਧ ਕਰ ਰਹੇ ਸਨ।[3]

ਭਾਈ ਸੰਤੋਖ ਸਿੰਘ ਸਿਆਮ ਤੋਂ ਇਲਾਵਾ ਮਲਾਇਆ ਅਤੇ ਸਿੰਘਾਪੁਰ ਗ਼ਦਰ ਦੇ ਕਾਰਜ ਲਈ ਸੁਸਾਇਟੀਆਂ ਬਣਾਉਣ ਆਏ ਸਨ ਅਤੇ ਸੰਨ 1914 ਦੇ ਪਿਛਲੇ ਪੱਖ ਵਿੱਚ ਸ਼ੰਘਾਈ ਸਨ। ਸਿਆਮ ਬਰਮਾ ਦੀ ਸਕੀਮ ਵਿੱਚ ਹਿੱਸਾ ਲੈਣ ਤੋਂ ਇਲਾਵਾ ਭਾਈ ਸੰਤੋਖ ਸਿੰਘ ਦੀਆਂ ਧੁਰ ਪੂਰਬ ਦੇ ਹੋਰ ਦੇਸ਼ਾਂ ਵਿੱਚ ਵੀ ਸਰਗਰਮੀਆਂ ਸਨ।[4]

ਗ਼ਦਰੀਆਂ ਦੀ ਸਿਆਮ ਬਰਮਾ ਦੀ ਯੋਜਨਾ ਵੀ ਸਿਰੇ ਨਾ ਚੜ੍ਹ ਸਕੀ। ਸਰਕਾਰ ਨੂੰ ਇਸ ਯੋਜਨਾ ਦਾ ਜਲਦੀ ਹੀ ਪਤਾ ਲੱਗ ਗਿਆ। ਬਹੁਤ ਸਾਰੇ ਗ਼ਦਰੀ ਗ੍ਰਿਫਤਾਰ ਕਰ ਲਏ ਗਏ। ਪਰ ਸੰਤੋਖ ਸਿੰਘ ਬਰਤਾਨਵੀ ਸਾਮਰਾਜੀਆ ਦੇ ਬਰਮਾ ਵਿੱਚ ਵਿਛਾਏ ਜਾਲ ਦੀ ਪਕੜ ਵਿੱਚ ਆਉਣੋਂ ਬਚ ਗਿਆ ਸੀ ਅਤੇ ਲੰਬਾ ਰਸਤਾ ਤਹਿ ਕਰਕੇ ਇੰਡੋਚਾਈਨਾ ਹੁੰਦਾ ਹੋਇਆ ਚੀਨ ਅਤੇ ਜਾਪਾਨ ਦੇ ਰਸਤੇ ਅਕਤੂਬਰ 1916 ਨੂੰ ਵਾਪਸ ਅਮਰੀਕਾ ਪੁੱਜ ਗਿਆ ਸੀ। ਸਿਆਮ ਵਿੱਚੋਂ ਪੁਲੀਸ ਦੇ ਹੱਥੋਂ ਬਚਣ ਦੀ ਕਥਾ ਦਾ ਵੇਰਵਾ ਗ਼ਦਰੀ ਬਾਬਾ ਹਰਜਾਪ ਸਿੰਘ ਨੇ ਇਸ ਪ੍ਰਕਾਰ ਦਿੱਤਾ ਹੈ, "ਪੁਲਿਸ ਇਹਨਾਂ ਨੂੰ ਗ੍ਰਿਫਤਾਰ ਕਰਨ ਦੇ ਲਈ ਉਹਨਾਂ ਦੇ ਮਕਾਨ ਤੇ ਗਈ,

---

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਣ ਸਿੰਘ ਜੋਸ਼, ਪੰਨਾ 225.
2. ਹਿੰਦੁਸਤਾਨ ਨੂੰ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ ਸੋਹਣ ਸਿੰਘ ਜੋਸ਼, ਪੰਨਾ 227.
3. ਗ਼ਦਰ ਪਾਰਟੀ ਲਹਿਰ, ਜਗਜੀਤ ਸਿੰਘ, ਪੰਨਾ 365.
4. ਉਹੀ, ਪੰਨਾ 284

ਪਰ ਭਾਈ ਜੀ ਨੂੰ ਪਹਿਲਾਂ ਹੀ ਖ਼ਬਰ ਮਿਲ ਚੁੱਕੀ ਸੀ ਤੇ ਉਹ ਜੰਗਲ ਨੂੰ ਤੁਰ ਗਏ ਸਨ। ਪੁਲਿਸ ਵੀ ਆਪ ਦੇ ਮਗਰ ਮਗਰ ਤੁਰ ਪਈ। ਦੇਵਨੇਤ ਉਸ ਦਿਨ ਮੀਂਹ ਤੇ ਹਨੇਰੀ ਦੀ ਇਹ ਹਾਲਤ ਸੀ ਕਿ ਸਾਰਾ ਜੰਗਲ ਪਾਣੀ ਨਾਲ ਸਮੁੰਦਰ ਬਣਿਆ ਹੋਇਆ ਸੀ। ਭਾਈ ਜੀ ਅੱਗੇ-ਅੱਗੇ ਭੱਜੇ ਜਾਂਦੇ ਸਨ ਤੇ ਪੁਲਿਸ ਡਿੱਗਦੀ ਢਹਿੰਦੀ ਆਪ ਦਾ ਪਿੱਛਾ ਕਰ ਰਹੀ ਸੀ। ਕੁਝ ਦੂਰ ਜਾ ਕੇ ਇੱਕ ਨਦੀ ਆ ਗਈ। ਨਦੀ ਮੀਂਹ ਕਰਕੇ ਬਹੁਤ ਚੜ੍ਹੀ ਹੋਈ ਸੀ। ਆਪ ਤੈਰਨਾ ਵੀ ਨਹੀਂ ਸੀ ਜਾਣਦੇ। ਉਸ ਸਮੇਂ ਆਪ ਦੇ ਸਾਹਮਣੇ ਦੋ ਹੀ ਖ਼ਿਆਲ ਸਨ। ਗ੍ਰਿਫ਼ਤਾਰ ਹੋ ਕੇ ਫ਼ਾਂਸੀ ਚੜ੍ਹ ਜਾਣਾ ਜਾਂ ਨਦੀ ਪਾਰ ਕਰਕੇ ਮੁੜ ਦੇਸ਼ ਦੀ ਖਾਤਰ ਕੰਮ ਕਰਨ ਦੀ ਧੁੰਦਲੀ ਜਿਹੀ ਆਸ। ਆਖਰ ਆਪ ਨੇ ਦੂਜੇ ਕੰਮ ਲਈ ਰੱਬ 'ਤੇ ਡੋਰ ਛੱਡ ਨਦੀ ਵਿੱਚ ਛਾਲ ਮਾਰ ਦਿੱਤੀ। ਪਾਣੀ ਆਪ ਦੀ ਛਾਤੀ ਦੇ ਬਰਾਬਰ ਵਗ ਰਿਹਾ ਸੀ। ਆਪ ਨਦੀ ਪਾਰ ਕਰਨ ਵਿੱਚ ਕਾਮਯਾਬ ਹੋ ਗਏ। ਉਦੋਂ ਤੱਕ ਪੁਲਿਸ ਵੀ ਕੰਢੇ 'ਤੇ ਆ ਗਈ। ਪੁਲਿਸ ਅਜੇ ਇਹ ਫੈਸਲਾ ਨਹੀਂ ਸੀ ਕਰ ਸਕੀ ਕਿ ਨਦੀ ਪਾਰ ਕਰਕੇ ਵੀ ਭਾਈ ਜੀ ਦਾ ਪਿੱਛਾ ਕੀਤਾ ਜਾਵੇ ਕਿ ਪਾਣੀ ਪਿੱਛੋਂ ਬਹੁਤ ਜ਼ੋਰ ਦੀ ਆ ਜਾਣ ਨਾਲ ਨਦੀ ਵਿੱਚ ਕਾਂਗ ਆ ਗਈ। ਇਸ ਲਈ ਪੁਲਿਸ ਆਪ ਦਾ ਪਿੱਛਾ ਨਾ ਕਰ ਸਕੀ ਤੇ ਆਪ ਬਚਦੇ ਬਚਾਉਂਦੇ ਜਾਪਾਨ ਪੁੱਜ ਗਏ ਅਤੇ ਉੱਥੋਂ ਅਮਰੀਕਾ ਵਿੱਚ।[1]

ਭਾਈ ਸੰਤੋਖ ਸਿੰਘ ਨਵੰਬਰ 1916 ਵਿੱਚ ਯੁਗੰਤਰ ਆਸ਼ਰਮ ਪਹੁੰਚ ਗਏ। ਗ਼ਦਰ ਪਾਰਟੀ ਦੇ ਪ੍ਰਧਾਨ ਭਾਈ ਭਗਵਾਨ ਸਿੰਘ ਅਤੇ ਮੀਤ-ਪ੍ਰਧਾਨ ਬਰਕਤ ਉੱਲਾ ਵੀ ਆਸ਼ਰਮ ਪੁੱਜ ਚੁੱਕੇ ਸਨ। ਇਸ ਸਮੇਂ ਰਾਮ ਚੰਦਰਾ ਗ਼ਦਰ ਅਖਬਾਰ ਦਾ ਸੰਪਾਦਕ ਅਤੇ ਮੈਨੇਜ਼ਰ ਸੀ, ਜੋ ਆਪਣੇ ਆਪ ਨੂੰ ਸਭ ਕੁਝ ਸਮਝਣ ਲੱਗ ਪਿਆ ਸੀ। ਇਸ ਸਮੇਂ ਗ਼ਦਰ ਪਾਰਟੀ ਵਿੱਚ ਬੜੀ ਭਾਰੀ ਫੁੱਟ ਪੈ ਗਈ। ਇਸ ਸਮੇਂ ਪਹਿਲਾ ਵਿਸ਼ਵ ਯੁੱਧ ਵੀ ਚੱਲ ਰਿਹਾ ਸੀ। 7 ਅਪ੍ਰੈਲ, 1917 ਨੂੰ ਅਮਰੀਕਾ ਇਤਿਹਾਦੀ ਤਾਕਤਾਂ ਦੀ ਧਿਰ ਬਣਕੇ ਪਹਿਲੇ ਵਿਸ਼ਵ ਯੁੱਧ ਵਿੱਚ ਸ਼ਾਮਲ ਹੋ ਗਿਆ ਸੀ। ਅਮਰੀਕਨ ਸਰਕਾਰ ਨੇ ਅੰਗਰੇਜ਼ ਬਸਤੀਵਾਦੀ ਹੁਕਮਰਾਨਾਂ ਦੇ ਦਬਾਉ ਹੇਠ ਜਰਮਨ ਦੂਤਵਾਸ ਦੇ ਅਧਿਕਾਰੀਆਂ ਅਤੇ ਬਹੁਤ ਸਾਰੇ ਗ਼ਦਰੀਆਂ ਨੂੰ ਇੰਡੋ ਜਰਮਨ ਸਾਜਿਸ਼ ਕੇਸ (ਸਾਨਫਰਾਂਸਿਸਕੋ ਕੇਸ) ਵਿੱਚ ਸ਼ਾਮਲ ਕਰਕੇ ਗ੍ਰਿਫਤਾਰ ਕਰ ਲਿਆ ਸੀ। ਇਸ ਕੇਸ ਅਧੀਨ 8 ਅਪ੍ਰੈਲ ਨੂੰ ਭਾਈ ਸੰਤੋਖ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। 20 ਨਵੰਬਰ, 1917 ਨੂੰ ਮੁਕੱਦਮੇ ਦੀ ਸੁਣਵਾਈ ਸਾਨਫਰਾਂਸਿਸਕੋ ਦੀ ਸੰਘੀ ਜ਼ਿਲ੍ਹਾ ਅਦਾਲਤ ਵਿੱਚ ਸ਼ੁਰੂ ਹੋਈ। ਮੁਕੱਦਮੇ ਦੀ ਸੁਣਵਾਈ ਦੌਰਾਨ ਹੀ 23 ਅਪ੍ਰੈਲ, 1918 ਨੂੰ ਗ਼ਦਰੀ ਰਾਮ ਸਿੰਘ ਧਲੇਤਾ ਨੇ ਰਾਮ ਚੰਦਰ 'ਤੇ ਗੋਲੀਆਂ ਚਲਾਕੇ ਉਸ ਨੂੰ ਕੋਰਟ ਕੰਪਲੈਕਸ ਵਿੱਚ ਮਾਰ ਦਿੱਤਾ। ਕੋਰਟ ਵਿੱਚ ਹੀ ਅਮਰੀਕੀ ਮਾਰਸ਼ਲ ਹੋਲੋਹਾਨ ਨੇ ਰਾਮ ਸਿੰਘ ਧੁਲੇਤਾ ਨੂੰ ਵੀ ਹਲਾਕ ਕਰ ਦਿੱਤਾ। ਅਮਰੀਕੀ ਜ਼ਿਲ੍ਹਾ ਸਰਕਾਰੀ ਵਕੀਲ ਪ੍ਰੈਸਟਨ ਨੇ 25 ਅਪ੍ਰੈਲ, 1918 ਨੂੰ ਕਿਹਾ ਕਿ ਰਾਮ ਚੰਦਰ ਦੇ ਕਤਲ ਦੇ ਸਹਿਯੋਗ ਦੇ ਤੌਰ 'ਤੇ ਸੰਤੋਖ ਸਿੰਘ ਉੱਤੇ ਸੰਘੀ ਅਦਾਲਤ ਵਿੱਚ ਮੁਕਦੱਮਾ ਚਲਾਇਆ

1. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 109.

ਜਾਵੇ।[1] ਇਸ ਕਤਲ ਕੇਸ ਦੀ ਸਾਰੀ ਜ਼ਿੰਮੇਵਾਰੀ ਭਾਈ ਸੰਤੋਖ ਸਿੰਘ ਦੇ ਸਿਰ ਪਾਈ ਗਈ, ਪਰ ਸੁੰਦਰ ਸਿੰਘ ਘਾਲੀ ਮਗਰੋਂ, ਸੋਚ ਵਿਚਾਰ ਕੇ, ਆਪਣੇ ਪਹਿਲੇ ਬਿਆਨ ਤੋਂ ਮੁਕਰ ਗਿਆ ਸੀ ਅਤੇ ਸੰਤੋਖ ਸਿੰਘ ਵਿਰੁੱਧ ਕਤਲ ਵਿੱਚ ਸਹਾਈ ਹੋਣ ਦਾ ਕੋਈ ਮੁਕੱਦਮਾ ਨਹੀਂ ਚਲਾਇਆ ਜਾ ਸਕਿਆ ਸੀ।[2]

ਸਾਨਫਰਾਂਸਿਸਕੋ ਕੇਸ ਵਿੱਚ ਸ਼ਾਮਲ ਵਿਅਕਤੀਆਂ ਵਿੱਚੋਂ 29 ਨੂੰ ਦੋਸ਼ੀ ਕਰਾਰ ਦੇ ਦਿੱਤਾ ਗਿਆ। ਇਸ ਕੇਸ ਵਿੱਚ ਤਾਰਕਨਾਥ ਦਾਸ ਨੂੰ 22 ਮਹੀਨੇ ਅਤੇ ਸੰਤੋਖ ਸਿੰਘ ਨੂੰ 21 ਮਹੀਨੇ ਦੀ ਅਤੇ ਹੋਰਨਾਂ ਨੂੰ ਇਸ ਤੋਂ ਘੱਟ ਮਿਆਦ ਦੀ ਸਜ਼ਾ ਹੋਈ। ਭਾਈ ਸੰਤੋਖ ਸਿੰਘ ਨੂੰ ਕੈਦ ਕੱਟਣ ਲਈ ਮੈਕਨੀਲਜ਼ ਟਾਪੂ ਭੇਜ ਦਿੱਤਾ ਗਿਆ।

ਭਾਈ ਭਗਵਾਨ ਸਿੰਘ, ਭਾਈ ਸੰਤੋਖ ਸਿੰਘ ਅਤੇ ਭਾਈ ਗੋਪਾਲ ਸਿੰਘ ਨੂੰ ਹਿੰਦੂ ਸਾਜਿਸ਼ ਕੇਸ਼ ਦੀ ਸਜ਼ਾ ਭੁਗਤਣ ਦੇ ਪਿੱਛੋਂ ਰਿਹਾਅ ਹੋਣ 'ਤੇ ਜੇਲ੍ਹ ਦੇ ਦਰਵਾਜ਼ੇ ਉੱਤੇ ਹੀ ਮਹਿਕਮਾ ਇੰਮੀਗਰੇਸ਼ਨ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਮਹਿਕਮਾ ਇੰਮੀਗ੍ਰੇਸ਼ਨ ਇਸ ਮੁਕੱਦਮੇ ਰਾਹੀਂ ਇੰਨਾਂ ਨੂੰ ਅਮਰੀਕਾ ਵਿੱਚੋਂ ਜਲਾਵਤਨ ਕਰਨਾ ਚਾਹੁੰਦਾ ਸੀ। ਗ਼ਦਰ ਪਾਰਟੀ ਵੱਲੋਂ ਭਾਈ ਭਗਵਾਨ ਸਿੰਘ ਨੂੰ ਦਸ ਹਜ਼ਾਰ, ਭਾਈ ਸੰਤੋਖ ਸਿੰਘ ਅਤੇ ਭਾਈ ਗੋਪਾਲ ਸਿੰਘ ਨੂੰ ਇੱਕ-ਇੱਕ ਹਜ਼ਾਰ ਨਗਦ ਡਾਲਰ ਹਾਜ਼ਰ ਜ਼ਮਾਨਤ ਉੱਤੇ ਰਿਹਾਅ ਕਰਾ ਲਿਆ ਗਿਆ।[3]

ਰਿਹਾਈ ਉਪਰੰਤ ਸੰਤੋਖ ਸਿੰਘ ਗ਼ਦਰ ਪਾਰਟੀ ਦੇ ਪੁਨਰਗਠਨ ਲਈ ਸਰਗਰਮ ਹੋ ਗਏ ਸਨ। 1919 ਵਿੱਚ ਗ਼ਦਰ ਪਾਰਟੀ ਨੂੰ ਮੁੜ ਜੱਥੇਬੰਦ ਕੀਤਾ ਗਿਆ। ਇਸ ਦੇ ਨਵੇਂ ਚੁਣੇ ਅਹੁਦੇਦਾਰ ਸਨਃ ਪ੍ਰਧਾਨ-ਹਰਜਾਪ ਸਿੰਘ, ਜਨਰਲ ਸਕੱਤਰ-ਸੰਤੋਖ ਸਿੰਘ, ਸੁਰਿੰਦਰ ਨਾਥ ਕਾਰ ਨੂੰ ਇੰਡੀਪੈਡੈਂਟ ਹਿੰਦੁਸਤਾਨ ਦਾ ਸੰਪਾਦਕ, ਜਦ ਕਿ ਆਇਰਸ਼ ਪਾਰਟੀ ਦੇ ਐਡਵਰਡ ਗੈਮਨਜ਼ ਨੂੰ ਸਹਾਇਕ ਸੰਪਾਦਕ ਬਣਾਇਆ ਗਿਆ। ਮਾਰਚ 1920 ਵਿੱਚ ਗ਼ਦਰੀ ਦੁਬਾਰਾ ਪੁਰਾਣੇ ਯੁਗਾਂਤਰ ਆਸ਼ਰਮ ਵਿੱਚ ਚਲੇ ਗਏ ਅਤੇ ਇਨਕਲਾਬੀ ਸਾਹਿਤ ਛਾਪਣਾ ਸ਼ੁਰੂ ਕਰ ਦਿੱਤਾ।

ਹੁਣ ਹਕੀਕਤ ਵਿੱਚ ਗ਼ਦਰ ਪਾਰਟੀ ਸੰਤੋਖ ਸਿੰਘ ਅਤੇ ਸੁਰਿੰਦਰ ਨਾਥ ਕਾਰ ਦੇ ਰਸੂਖ ਹੇਠ ਕੰਮ ਕਰਦੀ ਸੀ, ਜੋ ਕਮਿਊਨਿਸਟ ਬਣ ਗਏ ਸਨ। ਸੰਤੋਖ ਸਿੰਘ ਅਤੇ ਰਤਨ ਸਿੰਘ ਥਾਂ-ਥਾਂ ਜਾ ਕੇ ਪੁਰਾਣੀਆਂ ਇਕਾਈਆਂ ਨੂੰ ਮੁੜ ਸੁਰਜੀਤ ਕਰਨ ਅਤੇ ਫੰਡ ਉਗਰਾਉਣ ਦਾ ਕੰਮ ਕਰ ਰਹੇ ਸਨ। ਇੰਡੀਪੈਂਡੈਟ ਹਿੰਦੁਸਤਾਨ ਦਾ ਪਹਿਲਾ ਅੰਕ ਸਤੰਬਰ 1920 ਵਿੱਚ ਛਪਿਆ।[4]

ਮੈਕਨੀਲਜ਼ ਟਾਪੂ ਦੀ ਕੈਦ ਦੇ ਦੌਰਾਨ ਭਾਈ ਸੰਤੋਖ ਸਿੰਘ ਜੀ ਦਾ ਮੇਲ ਜੋਲ ਮਾਰਕਸੀ ਵਿਚਾਰਾਂ ਦੇ ਧਾਰਨੀ ਅਮਰੀਕਨ ਇਨਕਲਾਬੀਆਂ ਨਾਲ ਹੋ ਚੁੱਕਿਆ

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 275
2. ਉਹੀ, ਪੰਨਾ 275
3. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 100
4. ਗ਼ਦਰ ਲਹਿਰ ਅਤੇ ਹਿੰਦੋਸਤਾਨ ਦੀ ਸਾਮਰਾਜ ਵਿਰੋਧੀ ਜੱਦੋ ਜਹਿਦ, ਸੰਪਾਦਕ: ਡਾ. ਪ੍ਰਿਥਵੀ ਰਾਜ ਕਾਲੀਆ, ਪੰਨਾ 532

ਸੀ। ਗ਼ਦਰ ਪਾਰਟੀ ਵੱਲੋਂ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਭਾਈ ਸੰਤੋਖ ਸਿੰਘ ਨੂੰ ਰੂਸ ਜਾ ਕੇ ਉੱਥੋਂ ਦੀ ਖੇਤੀ, ਸਨਅਤ, ਵਿੱਦਿਆ, ਸਿਹਤ ਅਤੇ ਹੋਰ ਖੇਤਰਾਂ ਦੇ ਅਧਿਐਨ ਕਰਨ ਲਈ ਭੇਜਿਆ ਗਿਆ। ਦੋਵੇਂ ਗ਼ਦਰੀ ਆਗੂ 24 ਸਤੰਬਰ, 1922 ਨੂੰ ਮਾਸਕੋ ਪੁੱਜੇ। ਉਹਨਾਂ ਰੂਸ ਪੁੱਜ ਕੇ ਰੂਸੀ ਇਨਕਲਾਬ ਦੇ ਪਏ ਪ੍ਰਭਾਵਾਂ ਨੂੰ ਨੇੜੇ ਤੋਂ ਤੱਕਿਆ ਅਤੇ ਗਹਿਰਾ ਅਧਿਐਨ ਕੀਤਾ। ਦੋਵੇਂ ਆਗੂ 5 ਨਵੰਬਰ ਤੋਂ 5 ਦਸੰਬਰ, 1922 ਤੱਕ ਕਮਿਊਨਿਸਟ ਇੰਟਰਨੈਸ਼ਨਲ ਦੀ ਹੋਈ ਚੌਥੀ ਕਾਨਫਰੰਸ ਵਿੱਚ ਡੈਲੀਗੇਟ ਵਜੋਂ ਸ਼ਾਮਲ ਹੋਏ। ਇਸ ਕਾਨਫਰੰਸ ਪਿੱਛੋਂ ਭਾਈ ਸੰਤੋਖ ਸਿੰਘ ਅਤੇ ਰਤਨ ਸਿੰਘ ਨੇ ਭਾਰਤ ਦੀ ਆਜ਼ਾਦੀ ਲਈ ਮਾਰਕਸਵਾਦੀ ਵਿਚਾਰਧਾਰਾ ਨੂੰ ਅਪਣਾ ਲਿਆ। ਕੁਝ ਮਹੀਨੇ ਸੋਵੀਅਤ ਰੂਸ ਰਹਿਣ ਤੋਂ ਪਿੱਛੋਂ ਸੰਤੋਖ ਸਿੰਘ ਕਾਬਲ ਪਹੁੰਚ ਗਏ। ਕਾਬਲ ਵਿੱਚ ਉਹ ਗ਼ਦਰੀ ਨੇਤਾਵਾਂ ਮਾਸਟਰ ਊਧਮ ਸਿੰਘ ਕਸੇਲ ਅਤੇ ਬਾਬਾ ਗੁਰਮੁਖ ਸਿੰਘ ਜੀ ਨੂੰ ਮਿਲੇ। ਇਹਨਾਂ ਆਗੂਆਂ ਨੇ ਕਾਬਲ ਵਿੱਚ ਤਕੜਾ ਇਨਕਲਾਬੀ ਕੇਂਦਰ ਸਥਾਪਤ ਕੀਤਾ ਹੋਇਆ ਸੀ। ਕੁਝ ਸਮਾਂ ਇੱਥੇ ਰੁਕਣ ਤੋਂ ਪਿੱਛੋਂ ਉਹ ਸਤੰਬਰ 1923 ਵਿੱਚ ਗੁਰਦਿੱਤ ਸਿੰਘ ਦੇ ਫ਼ਰਜ਼ੀ ਨਾਂ ਹੇਠ, ਹਿੰਦੁਸਤਾਨ ਆਉਂਦੇ ਸਮੇਂ ਸ਼ਾਹਕਦਰ ਦੇ ਸੁਤੰਤਰ ਖਿੱਤੇ ਵਿੱਚੋਂ ਗ੍ਰਿਫਤਾਰ ਕਰ ਲਿਆ ਗਿਆ। ਉਸਨੂੰ ਹੱਥਕੜੀਆਂ ਲਾ ਕੇ ਪੰਜਾਬ ਲਿਆਂਦਾ ਗਿਆ।

ਸੰਤੋਖ ਸਿੰਘ ਅਮਰੀਕਾ, ਸਿਆਮ ਅਤੇ ਬਰਮਾ ਵਿੱਚ ਆਪਣੀਆਂ ਸਾਬਕਾ ਬਰਤਾਨਵੀ ਵਿਰੋਧੀ ਸਰਗਰਮੀਆਂ ਕਾਰਨ ਆਪਣੀ ਅਸਲੀਅਤ ਜ਼ਾਹਰ ਨਹੀਂ ਸੀ ਕਰਨੀ ਚਾਹੁੰਦਾ। ਉਸ ਦੀ ਸ਼ਨਾਖਤ ਕਰਨ ਲਈ ਉਸ ਨੂੰ ਖੁਫ਼ੀਆ ਮਹਿਕਮੇ ਕੋਲ ਭੇਜ ਦਿੱਤਾ ਗਿਆ। ਪੁਲਿਸ ਨੇ ਉਹਦੇ ਨਾਮ ਦੇ ਥਹੁ ਪਤੇ ਦਾ ਸੁਰਾਗ ਕੱਢਣ ਲਈ ਤਸ਼ੱਦਦੀ ਤੌਰ ਤਰੀਕਿਆਂ ਦੀ ਵਰਤੋਂ ਕੀਤੀ, ਪਰ ਉਹ ਆਪਣੇ ਪੈਂਤੜੇ 'ਤੇ ਅਡੋਲ ਟਿਕਿਆ ਰਿਹਾ। ਉਸ ਨੂੰ ਹੱਥਕੜੀਆਂ ਤੇ ਬੇੜੀਆਂ ਵਿੱਚ ਜਕੜ ਕੇ ਪਿੰਡ ਧਰਦਿਓ ਲਿਆਂਦਾ ਗਿਆ, ਜਿੱਥੇ ਉਸ ਦੇ ਨਗਰ ਨਿਵਾਸੀਆਂ ਵੱਲੋਂ ਬਤੌਰ ਸੰਤੋਖ ਸਿੰਘ ਉਸ ਦੀ ਪਛਾਣ ਕੀਤੀ ਗਈ।[1] ਉਹਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ, ਪਰ ਕੁਝ ਸਮੇਂ ਬਾਅਦ ਨਵੰਬਰ 1923 ਵਿੱਚ ਉਹਨਾਂ ਨੂੰ 10,000 ਰੁਪਏ ਦੀ ਜ਼ਮਾਨਤ 'ਤੇ ਰਿਹਾਅ ਕਰਕੇ ਆਪਣੇ ਪਿੰਡ ਧਰਦਿਓ ਵਿੱਚ ਜੂਹ ਬੰਦ ਕਰ ਦਿੱਤਾ ਗਿਆ। ਮਈ 1925 ਵਿੱਚ ਉਹਨਾਂ ਦੀ ਜੂਹਬੰਦੀ ਖਤਮ ਹੋਈ।

ਕਿਰਤੀ ਪਰਚਾ ਸ਼ੁਰੂ ਕਰਨ ਲਈ 1924 ਵਿੱਚ ਭਾਈ ਸੰਤੋਖ ਸਿੰਘ, ਕਰਮ ਸਿੰਘ ਚੀਮਾ, ਮਾਸਟਰ ਊਧਮ ਸਿੰਘ ਕਸੇਲ ਅਤੇ ਇੰਦਰ ਸਿੰਘ ਦੀ ਸੁਰਸਿੰਘ ਪਿੰਡ 'ਚ ਇੱਕ ਗੁਪਤ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਭਾਗ ਲੈਣ ਲਈ ਮਾਸਟਰ ਊਧਮ ਸਿੰਘ ਕਸੇਲ ਕਾਬਲ ਤੋਂ ਉਚੇਚੇ ਤੌਰ 'ਤੇ ਆਏ। ਕਿਰਤੀ ਦਾ ਸੰਪਾਦਕੀ ਬੋਰਡ ਬਣਿਆ। ਇੱਥੇ ਹੀ ਭਾਈ ਸੰਤੋਖ ਸਿੰਘ ਨੂੰ ਕਿਰਤੀ ਦਾ ਮੋਢੀ ਸੰਪਾਦਕ ਬਣਾਇਆ ਗਿਆ। ਭਾਈ ਭਾਗ ਸਿੰਘ ਨੂੰ ਮੈਨੇਜ਼ਰ ਅਤੇ ਕਰਮ ਸਿੰਘ ਕਿਰਤੀ ਨੂੰ ਸਹਾਇਕ ਮੈਨੇਜਰ ਬਣਾਇਆ ਗਿਆ। ਇਸ ਮੀਟਿੰਗ 'ਚ ਹੀ ਫੈਸਲਾ ਹੋਇਆ ਕਿ

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 352

ਸੰਤ ਬਾਬਾ ਵਿਸਾਖਾ ਸਿੰਘ, ਤੇਜਾ ਸਿੰਘ ਚੂਹੜਕਾਣਾ ਨੂੰ ਨਾਲ ਲੈ ਕੇ ਗ਼ਦਰੀਆਂ ਨਾਲ ਜੇਲ੍ਹਾਂ 'ਚ ਮੁਲਾਕਾਤ ਕਰਨਗੇ। ਗ੍ਰਿਫਤਾਰ ਗ਼ਦਰੀਆਂ ਦੇ ਪਰਿਵਾਰਾਂ ਦੀ ਸਾਰ ਲੈਣਗੇ।[1]

ਭਾਈ ਸੰਤੋਖ ਸਿੰਘ ਜੀ ਦੀ ਜੂਹਬੰਦੀ ਕਾਰਨ ਕਿਰਤੀ ਦੀ ਸ਼ੁਰੂਆਤ ਥੋੜ੍ਹਾ ਪਛੜਕੇ ਹੋਈ। ਕਿਰਤੀ ਦਾ ਪਹਿਲਾ ਅੰਕ 19 ਫਰਵਰੀ, 1926 ਨੂੰ ਮਾਰਕੀਟ ਵਿੱਚ ਆਇਆ। ਇਹ ਭਾਈ ਹਰਦਿੱਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਨਾਮ ਅਧੀਨ ਰਣਜੀਤ ਪ੍ਰੈਸ ਥੜ੍ਹਾ ਸਾਹਿਬ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ ਸੀ। ਕਿਰਤੀ ਦਾ ਪ੍ਰਕਾਸ਼ਨ ਇੱਕ ਵੱਡੀ ਸਿਆਸੀ ਘਟਨਾ ਸੀ।

ਅੰਗਰੇਜ਼ ਸਰਕਾਰ ਕਿਰਤੀ ਨੂੰ ਇੱਕ ਇਤਰਾਜਯੋਗ ਪਰਚਾ ਸਮਝਦੀ ਸੀ। ਪਰਚਾ ਆਪਣੇ ਇਨਕਲਾਬੀ ਉਦੇਸ਼ਾਂ ਵਿੱਚ ਪ੍ਰਤੱਖ ਸੀ। ਕਿਰਤੀ ਨੇ ਬਜਬਜਘਾਟ ਦੇ ਸਾਕੇ, ਜ਼ਲ੍ਹਿਆਂਵਾਲੇ ਬਾਗ਼ ਦੇ ਸਾਕੇ ਅਤੇ ਗੁਰੂ ਕੇ ਬਾਗ ਦੇ ਮੋਰਚੇ ਦੀਆਂ ਇਤਿਹਾਸਿਕ ਘਟਨਾਵਾਂ ਨੂੰ ਲੋਕ ਮਨਾਂ ਵਿੱਚ ਚੇਤੇ ਰੱਖਣ ਲਈ ਲਿਖਤਾਂ ਲਿਖੀਆਂ। ਕਿਰਤੀ 1914-15 ਦੇ ਗ਼ਦਰ ਪਾਰਟੀ ਦੇ ਆਦਰਸ਼ਾਂ ਅਤੇ ਨਿਸ਼ਾਨਿਆਂ ਦੀ ਵਕਾਲਤ ਕਰਦਾ ਸੀ ਅਤੇ ਭਾਰਤ ਦੀ ਆਜ਼ਾਦੀ ਦੀ ਜੱਦੋ ਜਹਿਦ ਵਿੱਚ ਹਥਿਆਰਬੰਦ ਘੋਲ ਦੀ ਹਮਾਇਤ ਕਰਦਾ ਸੀ। ਇਹ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਸੀ।

ਅਕਤੂਬਰ 1926 ਦੇ ਕਿਰਤੀ ਅੰਕ ਵਿੱਚ ਭਾਈ ਸੰਤੋਖ ਸਿੰਘ ਲਿਖਦੇ ਹਨ, "ਜੇਕਰ ਕਿਰਤੀ ਸ਼੍ਰੇਣੀ ਆਪਣੇ ਨਿਸ਼ਾਨੇ ਤੋਂ ਖੁੱਝ ਗਈ ਤਾਂ ਹਿੰਦੋਸਤਾਨ ਦੀ ਆਜ਼ਾਦੀ ਦਾ ਦਿਨ ਵੀ ਪਿੱਛੇ ਪੈ ਜਾਵੇਗਾ। ਹਿੰਦੋਸਤਾਨ ਦੀ ਕਿਰਤੀ ਸ਼੍ਰੇਣੀ ਨੂੰ ਇਹ ਅਨੁਭਵ ਕਰ ਲੈਣਾ ਚਾਹੀਦਾ ਹੈ ਕਿ ਅੱਜ ਤੱਕ ਇਹ ਸੰਸਾਰ ਕਿਰਤੀ ਲਹਿਰ ਵਿੱਚ ਸਭ ਤੋਂ ਪਿੱਛੇ ਪਈ ਹੋਈ ਹੈ। ਇਹ ਆਮ ਚਰਚਾ ਹੈ ਕਿ ਜਦੋਂ ਹਿੰਦੁਸਤਾਨ ਦੇ ਕਿਰਤੀਆਂ ਨੇ ਆਪਣਾ ਫਰਜ਼ ਪੂਰਾ ਕੀਤਾ ਤਾਂ ਸੰਸਾਰ ਉਪਰ ਨਵਾਂ ਸੂਰਜ ਚੜ੍ਹੇਗਾ।"[2]

ਸੰਤੋਖ ਸਿੰਘ ਲਿਖਣ ਅਤੇ ਅਧਿਐਨ ਕਰਨ ਵਿੱਚ ਬਹੁਤ ਮਿਹਨਤ ਕਰਦੇ ਸਨ। ਬਰਤਾਨਵੀ ਸਰਕਾਰ ਉਹਨਾਂ ਨੂੰ ਅਤਿਅੰਤ ਖਤਰਨਾਕ ਆਦਮੀ ਸਮਝਦੀ ਸੀ। ਸੰਤੋਖ ਸਿੰਘ ਤਪਦਿਕ ਦੇ ਰੋਗ ਦਾ ਸ਼ਿਕਾਰ ਹੋ ਗਏ ਸਨ। ਭਾਈ ਸੰਤੋਖ ਸਿੰਘ ਸਖ਼ਤ ਬਿਮਾਰੀ ਦੀ ਹਾਲਤ ਵਿੱਚ ਵੀ ਜੋਸ਼ ਨੂੰ ਕੋਲ ਬਿਠਾਕੇ ਲੇਖ ਲਿਖਾਉਂਦੇ ਰਹੇ ਅਤੇ ਨਾਲ ਨਾਲ ਮਾਰਕਸਵਾਦ ਦਾ ਗਿਆਨ ਵੀ ਦਿੰਦੇ ਰਹੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਹਨਾਂ ਦੀ ਰਿਹਾਇਸ਼ ਦਾ ਸੁਚੱਜਾ ਪ੍ਰਬੰਧ ਅੰਮ੍ਰਿਤਸਰ ਦੇ ਸਿੱਖ ਮਿਸ਼ਨਰੀ ਕਾਲਜ ਵਿੱਚ ਕੀਤਾ ਹੋਇਆ ਸੀ।[3]

ਭਾਈ ਸੰਤੋਖ ਸਿੰਘ 19 ਮਈ, 1927 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ। ਸਿਰਮੌਰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨੇ ਉਸ ਨੂੰ

---

1. ਵਿਰਸਾ ਅੰਕ ਨੰਬਰ: 17, ਅਕਤੂਬਰ 2009, ਪੰਨਾ 10
2. ਗ਼ਦਰੀ ਯੋਧਾ ਭਾਈ ਸੰਤੋਖ ਸਿੰਘ: ਜੀਵਨ ਅਤੇ ਲਿਖਤਾਂ, ਪੰਨਾ 35
3. ਆਜ਼ਾਦੀ ਦੇ ਸੁੱਚੇ ਵਣਜ਼ਾਰੇ, ਸਵਰਨ ਸਿੰਘ, ਪੰਨਾ 87.

ਪੁਰਜਾ-ਪੁਰਜਾ ਕਰਕੇ ਸ਼ਹੀਦ ਹੋਏ ਆਖਿਆ। ਸੰਤੋਖ ਸਿੰਘ ਨੇ ਭਾਰਤ ਵਿੱਚ ਆਜ਼ਾਦੀ ਅਤੇ ਪ੍ਰੋਲੋਤਾਰੀ ਜ਼ਮਹੂਰੀਅਤ ਦੇ ਉਦੇਸ਼ ਵਾਸਤੇ ਲਗਨ ਅਤੇ ਸਵੈ-ਸਮਰਪਣ ਦੀ ਮਿਸਾਲ ਕਾਇਮ ਕੀਤੀ।

# ਲਾਲਾ ਹਰਦਿਆਲ

ਲਾਲਾ ਹਰਦਿਆਲ ਗ਼ਦਰ ਲਹਿਰ ਦੇ ਪਹਿਲੇ ਜਨਰਲ ਸਕੱਤਰ ਸਨ। ਉਹਨਾਂ ਦਾ ਜਨਮ ਦਿੱਲੀ ਦੇ ਚੀਰੇਖਾਨਾ ਮੁਹੱਲੇ ਵਿੱਚ ਵਸਦੇ ਕਾਇਸਥ ਪਰਿਵਾਰ ਵਿੱਚ 14 ਅਕਤੂਬਰ, 1884 ਈ: ਨੂੰ ਹੋਇਆ। ਉਹਨਾਂ ਦੇ ਪਿਤਾ ਸ੍ਰੀ ਗੌਰੀ ਦਿਆਲ ਮਾਥੁਰ ਦਿੱਲੀ ਦੀਆਂ ਜ਼ਿਲ੍ਹਾ ਕਚਿਹਰੀਆਂ ਵਿੱਚ ਰੀਡਰ ਸਨ। ਉਹਨਾਂ ਦੀ ਮਾਤਾ ਭੋਲੀ ਰਾਣੀ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ। ਆਪਣੀ ਮਾਤਾ ਕੋਲੋਂ ਉਹਨਾਂ ਬਚਪਨ ਵਿੱਚ ਰਾਮਾਇਣ ਅਤੇ ਮਹਾਂਭਾਰਤ ਦੀਆਂ ਕਹਾਣੀਆਂ ਸੁਣੀਆਂ। ਉਹਨਾਂ ਦੇ ਪਿਤਾ ਗੌਰੀ ਦਿਆਲ ਮਾਥੁਰ ਉਰਦੂ ਅਤੇ ਫ਼ਾਰਸੀ ਦੇ ਵਿਦਵਾਨ ਸਨ। ਇਸ ਪ੍ਰਕਾਰ ਲਾਲਾ ਜੀ ਨੂੰ ਵਿਦਵਤਾ ਦਾ ਵਰਦਾਨ ਵਿਰਾਸਤ ਵਿੱਚ ਹੀ ਮਿਲ ਗਿਆ ਸੀ। ਲਾਲਾ ਹਰਦਿਆਲ ਆਪਣੇ ਮਾਤਾ ਪਿਤਾ ਦੀ ਛੇਵੀਂ ਸੰਤਾਨ ਸਨ। ਲਾਲਾ ਹਰਦਿਆਲ ਨੇ ਦਸਵੀਂ ਤੱਕ ਦੀ ਪੜ੍ਹਾਈ ਕ੍ਰਿਸ਼ਚੀਅਨ ਮਿਸ਼ਨ ਸਕੂਲ ਵਿੱਚੋਂ ਪ੍ਰਾਪਤ ਕੀਤੀ ਸੀ। ਉਹਨਾਂ ਸੇਂਟ ਸਟੀਫਨ ਕਾਲਜ ਦਿੱਲੀ ਤੋਂ 1903 ਵਿੱਚ ਬੀ.ਏ. ਦਾ ਇਮਤਿਹਾਨ ਵਜ਼ੀਫਾ ਪ੍ਰਾਪਤ ਕਰਕੇ ਪਾਸ ਕੀਤਾ। ਇਸ ਤੋਂ ਪਿੱਛੋਂ ਉਹਨਾਂ ਲਾਹੌਰ ਦੇ ਸਰਕਾਰੀ ਕਾਲਜ ਵਿੱਚ ਦਾਖਲਾ ਲੈ ਲਿਆ। ਇੱਥੋਂ ਉਹਨਾਂ ਨੇ ਪਹਿਲਾਂ ਅੰਗਰੇਜ਼ੀ ਦੀ ਐਮ.ਏ. ਅਤੇ ਬਾਅਦ ਵਿੱਚ ਇਤਿਹਾਸ ਦੀ ਐਮ.ਏ. ਕੀਤੀ। ਉਹ ਪੜ੍ਹਾਈ ਵਿੱਚ ਬਹੁਤ ਹੀ ਹੁਸ਼ਿਆਰ ਸਨ। ਇਤਿਹਾਸ ਦੀ ਐਮ.ਏ. ਕਰਨ ਸਮੇਂ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਦੇ ਪਿੱਛਲੇ ਸਾਰੇ ਰਿਕਾਰਡ ਤੋੜ ਦਿੱਤੇ ਅਤੇ ਆਉਣ ਵਾਲੇ ਬਹੁਤ ਸਾਰੇ ਸਾਲਾਂ ਵਿੱਚ ਕੋਈ ਵੀ ਵਿਦਿਆਰਥੀ ਉਸ ਪੱਧਰ ਤੱਕ ਨਾ ਪਹੁੰਚ ਸਕਿਆ। ਲਾਲਾ ਹਰਦਿਆਲ ਦੀ ਯਾਦ ਸ਼ਕਤੀ ਕਮਾਲ ਦੀ ਸੀ, ਜੋ ਉਹ ਇੱਕ ਵਾਰ ਪੜ੍ਹ ਲੈਂਦੇ ਸਨ, ਸਾਰਾ ਹੀ ਯਾਦ ਹੋ ਜਾਂਦਾ ਸੀ। ਲਾਹੌਰ ਦੀ ਪੜ੍ਹਾਈ ਦੌਰਾਨ ਉਹਨਾਂ ਕਾਲਜ ਦੇ ਲਾਇਬਰੇਰੀਅਨ ਤੋਂ ਪੜ੍ਹਨ ਲਈ ਇੱਕ ਵਾਰ ਚਾਰ ਨਾਵਲ ਲਏ। ਉਹ ਸਾਰੇ ਨਾਵਲ ਪੜ੍ਹ ਕੇ ਦੂਸਰੇ ਦਿਨ ਲਾਇਬਰੇਰੀਅਨ ਨੂੰ ਵਾਪਸ ਕਰਨ ਚਲਾ ਗਿਆ। ਉਸ ਨੂੰ ਇਹ ਚਾਰੇ ਨਾਵਲ ਯਾਦ ਹੋ ਗਏ ਸਨ। ਕਾਲਜ ਲਾਇਬਰੇਰੀਅਨ ਹੈਰਾਨ ਰਹਿ ਗਿਆ। ਲਾਲਾ ਹਰਦਿਆਲ ਨੂੰ ਆਕਸਫੋਰਡ ਯੂਨੀਵਰਸਿਟੀ ਵਿੱਚ ਪੜ੍ਹਨ ਲਈ 200 ਸਟਰਲਿੰਗ ਸਲਾਨਾ ਦਾ ਵਜ਼ੀਫਾ ਤਿੰਨ ਸਾਲ ਲਈ ਦਿੱਤਾ ਗਿਆ। ਉਹਨਾਂ ਸਤੰਬਰ 1905 ਵਿੱਚ ਆਕਸਫੋਰਡ ਯੂਨੀਵਰਸਿਟੀ ਦੇ ਸੇਂਟ ਜੌਂਨ ਕਾਲਜ ਵਿੱਚ ਆਧੁਨਿਕ ਇਤਿਹਾਸ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ।

ਹਰਦਿਆਲ ਦਾ ਵਿਆਹ 17 ਸਾਲ ਦੀ ਉਮਰ ਵਿੱਚ ਬਰਨਾਲਾ ਸ਼ਹਿਰ ਦੀ ਵਸਨੀਕ ਲਾਲਾ ਗੋਪਾਲ ਚੰਦ ਦੀ ਸਪੁੱਤਰੀ ਬੀਬੀ ਸੁੰਦਰ ਨਾਲ ਹੋਇਆ। ਸੁੰਦਰ ਦੇ ਪਿਤਾ ਜੀ ਲਾਲਾ ਗੋਪਾਲ ਚੰਦ ਨਾਇਬ ਨਾਜ਼ਮ ਭਾਵ ਮੈਜਿਸਟਰੇਟ ਸਨ।[1] 1906 ਦੇ ਵਰ੍ਹੇ ਦੌਰਾਨ ਹਰਦਿਆਲ ਆਪਣੀ ਪਤਨੀ ਸੁੰਦਰ ਨੂੰ ਆਪਣੇ ਨਾਲ ਆਕਸਫੋਰਡ ਲੈ ਜਾਣ ਲਈ ਦੇਸ਼ ਪਰਤਿਆ ਅਤੇ ਜਲਦੀ ਹੀ ਪਤਨੀ ਸਮੇਤ ਵਾਪਸ ਚਲਾ

1. ਆਜ਼ਾਦੀ ਦੇ ਸੁੱਚੇ ਵਣਜਾਰੇ, ਸਵਰਨ ਸਿੰਘ, ਪੰਨਾ 87

ਗਿਆ। ਇੰਗਲੈਂਡ ਵਿੱਚ ਰਹਿਣ ਸਮੇਂ ਉਹਨਾਂ ਦਾ ਸੰਪਰਕ ਉੱਘੇ ਇਨਕਲਾਬੀ ਆਗੂਆਂ ਸੀ. ਐਫ. ਐਂਡਰਿਊਜ, ਸਿਆਮਾ ਜੀ ਕ੍ਰਿਸ਼ਨਾ ਵਰਮਾ ਅਤੇ ਭਾਈ ਪਰਮਾਨੰਦ ਨਾਲ ਹੋਇਆ। 1907 ਦੇ ਅੰਤਲੇ ਮਹੀਨਿਆਂ ਦੌਰਾਨ ਲਾਲਾ ਹਰਦਿਆਲ ਨੇ ਅੰਗਰੇਜ਼ ਸਰਕਾਰ ਦੇ ਵਜ਼ੀਫੇ ਨੂੰ ਲੱਤ ਮਾਰ ਦਿੱਤੀ ਅਤੇ ਉਹ ਦੇਸ਼ ਵਾਪਸ ਪਰਤ ਆਏ। 1907 ਈ: ਵਿੱਚ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਪ੍ਰਤੀ ਦਮਨਕਾਰੀ ਨੀਤੀ ਅਪਨਾਈ। ਜਿਸ ਦੇ ਵਿਰੋਧ ਵਿੱਚ 'ਪੱਗੜੀ ਸੰਭਾਲ ਜੱਟਾ' ਲਹਿਰ ਉੱਠੀ। ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਅਤੇ ਸ. ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਾਲਾ ਹਰਦਿਆਲ ਦੇ ਮਨ 'ਤੇ ਇਸ ਘਟਨਾ ਦਾ ਬਹੁਤ ਅਸਰ ਹੋਇਆ ਅਤੇ ਅੰਗਰੇਜ਼ ਸਰਕਾਰ ਦੇ ਕੱਟੜ ਵਿਰੋਧੀ ਬਣ ਗਏ। ਇਸ ਸਮੇਂ 'ਦਿ ਪੰਜਾਬੀ' ਨਾਂ ਦਾ ਅਖਬਾਰ ਅੰਗਰੇਜ਼ੀ ਵਿੱਚ ਲਾਲਾ ਲਾਜਪਤ ਰਾਏ ਜੀ ਦੀ ਮਾਲਕੀ ਅਧੀਨ ਲਾਹੌਰ ਤੋਂ ਛਪਦਾ ਸੀ। ਇਸ ਸਮੇਂ ਲਾਲਾ ਹਰਦਿਆਲ ਜੀ ਨੇ 'ਦਿ ਪੰਜਾਬੀ' ਦੇ 9 ਮਈ, 1908 ਦੇ ਅੰਕ ਦਾ ਸੰਪਾਦਨ ਕੀਤਾ। ਇਸੇ ਅਖਬਾਰ ਵਿੱਚ 'ਤਿਲਕ ਨੂੰ ਸ਼ਜਾ' ਸਿਰਲੇਖ ਅਧੀਨ ਕਈ ਲੇਖ ਕਿਸ਼ਤਾਂ ਵਿੱਚ ਅਖਬਾਰ ਵਿੱਚ ਛਪਦੇ ਰਹੇ।[1]

ਅਗਸਤ 1908 ਵਿੱਚ ਲਾਲਾ ਹਰਦਿਆਲ ਨੇ ਵਤਨ ਛੱਡ ਦਿੱਤਾ ਅਤੇ ਫਿਰ ਵਿਦੇਸ਼ ਲਈ ਰਵਾਨਾ ਹੋ ਗਿਆ। 1909 ਵਿੱਚ ਪੈਰਿਸ ਵਸਦੇ ਦੇਸ਼ ਭਗਤਾਂ ਨੇ ਇੱਕ ਕ੍ਰਾਂਤੀਕਾਰੀ ਰਸਾਲਾ ਛਾਪਣ ਦੀ ਵਿਉਂਤ ਬਣਾਈ। ਇਸ ਦੀ ਸੰਪਾਦਨਾ ਕਰਨ ਲਈ ਲਾਲਾ ਹਰਦਿਆਲ ਨੂੰ ਜ਼ੁੰਮੇਵਾਰੀ ਦਿੱਤੀ ਗਈ। ਇਸ ਅਖਬਾਰ ਦੇ ਸਾਰੇ ਖਰਚੇ ਮੈਡਮ ਭੀਕਾ ਜੀ ਰੁਸਤਮ ਜੀ ਕਾਮਾ (ਮੈਡਮ ਕਾਮਾ) ਅਤੇ ਹੋਰ ਦੇਸ਼ ਭਗਤਾਂ ਦੀ ਮਾਲੀ ਸਹਾਇਤਾ ਨਾਲ ਚੱਲਦੇ ਸਨ। 'ਬੰਦੇ ਮਾਤਰਮ' ਦੀ ਸੰਪਾਦਨਾ ਦਾ ਕੰਮ ਇੱਕ ਵਰ੍ਹੇ ਸਿਤੰਬਰ 1909 ਤੋਂ ਸਤੰਬਰ 1910 ਤੱਕ ਲਾਲਾ ਹਰਦਿਆਲ ਜੀ ਕਰਦੇ ਰਹੇ। ਹਰਦਿਆਲ ਨੂੰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਾ ਟੁੰਬਦੀਆਂ ਰਹਿੰਦੀਆਂ ਸਨ। ਲਾਲਾ ਹਰਦਿਆਲ ਜੀ ਨੇ ਬੰਦੇ ਮਾਤਰਮ ਅਖਬਾਰ ਦੇ ਪ੍ਰਵੇਸ਼ ਅੰਕ ਵਿੱਚ ਹੀ ਸ਼ਹੀਦ ਮਦਨ ਲਾਲ ਢੀਂਗਰਾ ਨੂੰ ਭਾਵ-ਭਿੰਨੀ ਸ਼ਰਧਾਂਜ਼ਲੀ ਪੇਸ਼ ਕੀਤੀ ਸੀ।

ਬੰਦੇ ਮਾਤਰਮ ਦੇ ਟਾਈਟਲ ਉੱਪਰ ਦੋ ਚਿੱਤਰ ਬਣੇ ਹੁੰਦੇ ਸਨ। ਇੱਕ ਭਾਰਤ ਦੇ ਤਿਰੰਗੇ ਝੰਡੇ ਦਾ, ਜਿਸਦੀ ਉਪਰਲੀ ਪੱਟੀ 'ਤੇ ਅੱਠ ਕਮਲ ਬਣੇ ਹੁੰਦੇ ਸਨ। ਵਿਚਕਾਰਲੀ ਪੱਟੀ ਉਪਰ ਦੇਵਨਾਗਰੀ (ਹਿੰਦੀ) ਅੱਖਰਾਂ ਵਿੱਚ ਬੰਦੇ ਮਾਤਰਮ ਲਿਖਿਆ ਹੁੰਦਾ ਸੀ ਅਤੇ ਹੇਠਲੀ ਪੱਟੀ 'ਤੇ ਸੂਰਜ ਅਤੇ ਚੰਨ ਬਣਾਏ ਹੁੰਦੇ ਸਨ। ਇਸ ਦੇ ਬਿਲਕੁੱਲ ਸਾਹਮਣੇ ਖਲੋਤੀ ਭਾਰਤ ਮਾਤਾ ਮਿਆਨ ਵਿੱਚੋਂ ਤਲਵਾਰ ਕੱਢਦੀ ਦਿਖਾਈ ਜਾਂਦੀ ਸੀ। ਭਾਰਤ ਮਾਤਾ ਦੇ ਪੈਰਾਂ ਕੋਲ ਦੇਵਨਾਗਰੀ ਅੱਖਰਾਂ ਵਿੱਚ ਸ੍ਰੀਮਦ ਭਗਵਤ ਗੀਤਾ ਦੇ ਦੂਜੇ ਅਧਿਆਏ ਦਾ ਤੇਤੀਵਾਂ ਸ਼ਲੋਕ ਲਿਖਿਆ ਹੁੰਦਾ ਸੀ। ਹਰਦਿਆਲ ਆਪਣੇ ਰਸਾਲੇ ਦਾ ਕੇਵਲ ਸੰਪਾਦਕ ਹੀ ਨਹੀਂ ਸੀ। ਉਹ ਤਾਂ ਆਪਣੇ ਆਪ ਨੂੰ ਇਸ ਦਾ ਅਟੁੱਟ ਅੰਗ ਸਮਝਦਾ ਸੀ।[2]

---

1. ਡਾ. ਹਰਦਿਆਲ ਇੱਕ ਪ੍ਰਯੋਗਸ਼ੀਲ ਬੁੱਧਜੀਵੀ ਅਤੇ ਰਾਜਨਾਇਕ, ਪੰਨਾ 129-130
2. ਡਾ. ਹਰਦਿਆਲ ਇੱਕ ਪ੍ਰਯੋਗਸ਼ੀਲ ਬੁੱਧਜੀਵੀ ਅਤੇ ਰਾਜਨਾਇਕ, ਪੰਨਾ 131-133

ਫ਼ਰਵਰੀ 1912 ਵਿੱਚ ਉਸ ਨੂੰ ਲੇਲੈਂਡ ਸਟੈਨਫੋਰਡ ਯੂਨੀਵਰਸਿਟੀ ਵਿੱਚ ਭਾਰਤੀ ਫ਼ਲਸਫੇ ਅਤੇ ਸੰਸਕ੍ਰਿਤ ਦੇ ਪ੍ਰੋਫੈਸਰ ਵਜੋਂ ਨੌਕਰੀ ਮਿਲ ਗਈ। ਉਸਨੇ ਮਾਰਚ 1912 ਦੇ ਸ਼ੈਸ਼ਨ ਦੌਰਾਨ ਕਈ ਲੈਕਚਰ ਦਿੱਤੇ। ਪਰ ਉਸੇ ਸਾਲ ਸਤੰਬਰ ਵਿੱਚ ਨੌਕਰੀ ਤੋਂ ਅਸਤੀਫਾ ਦੇ ਕੇ ਇਨਕਲਾਬੀ ਕੰਮ ਕਰਨ ਲਈ ਬਰਕਲੇ ਆ ਗਿਆ।[1] ਜਗ੍ਹਾ-ਜਗ੍ਹਾ ਖਿਲਰੇ ਇਨਕਲਾਬੀਆਂ ਨੂੰ ਇੱਕ ਲੜੀ ਵਿੱਚ ਪਰੋਣ ਦਾ ਕੰਮ ਲਾਲਾ ਹਰਦਿਆਲ ਜੀ ਦੀ ਅਗਵਾਈ ਵਿੱਚ ਬਰਕਲੇ ਦੇ ਬੁੱਧੀਜੀਵੀਆਂ ਨੇ ਸੰਭਾਲ ਲਿਆ। ਆਮ ਸਭਾਵਾਂ ਵਿੱਚ ਪਹਿਲੋ-ਪਹਿਲ ਲਾਲਾ ਹਰਦਿਆਲ ਹੀ ਮੁੱਖ ਤਕਰੀਰਾਂ ਕਰਿਆ ਕਰਦਾ ਸੀ। ਤਕਰੀਰਾਂ ਦੀ ਆਮ ਮੁਹਿੰਮ 25 ਮਾਰਚ, 1913 ਨੂੰ ਬਰਕਲੇ ਦੇ ਪੋਰਟਲੈਂਡ ਤੋਂ ਸ਼ੁਰੂ ਹੋਈ ਸੀ, ਜਿੱਥੇ ਭਾਈ ਪਰਮਾਨੰਦ ਦੀ ਪ੍ਰੇਰਨਾ ਅਤੇ ਆਸ਼ੀਰਵਾਦ ਲਾਲਾ ਹਰਦਿਆਲ ਨੂੰ ਮਿਲਿਆ ਸੀ। ਇਸ ਤੋਂ ਬਾਅਦ ਭਾਈ ਪਰਮਾਨੰਦ ਤਾਂ ਭਾਰਤ ਪਰਤ ਆਇਆ, ਪਰ ਲਾਲਾ ਹਰਦਿਆਲ, ਗੁਲਾਮ ਹੁਸੈਨ, ਰਾਮ ਚੰਦਰ ਪੇਸ਼ਾਵਰੀਆ, ਪੰਡਤ ਕਾਂਸ਼ੀ ਰਾਮ ਮੜੌਲੀ ਅਤੇ ਬਾਬਾ ਸੋਹਣ ਸਿੰਘ ਭਕਨਾ ਨੇ ਕੈਲੈਫੋਰਨੀਆ ਦਾ ਦੌਰਾ ਸ਼ੁਰੂ ਕਰਕੇ ਪੰਜਾਬੀਆਂ ਦੇ ਇਕੱਠਾ ਵਿੱਚ ਥਾਂ-ਥਾਂ ਤਕਰੀਰਾਂ ਕੀਤੀਆਂ। ਜਿਨ੍ਹਾਂ ਵਿੱਚ ਮੁੱਖ ਬੁਲਾਰਾ ਲਾਲਾ ਹਰਦਿਆਲ ਸੀ।[2] ਬਰਕਲੇ ਯੂਨੀਵਰਸਿਟੀ ਦਾ ਵਿਦਿਆਰਥੀ ਚੈਂਚੱਈਆ, ਜੋ ਬਾਅਦ ਵਿੱਚ ਗ਼ਦਰ ਲਹਿਰ ਦਾ ਸਰਗਰਮ ਕਾਰਕੁੰਨ ਬਣਿਆ, ਲਾਲਾ ਹਰਦਿਆਲ ਬਾਰੇ ਲਿਖਦਾ ਹੈ, 'ਹਰਦਿਆਲ ਉਸ ਸਮੇਂ ਯੂ.ਐਸ.ਏ. ਖਾਸਕਰ ਸਾਨਫਰਾਂਸਿਸਕੋ, ਜੋ ਕਈ ਜੱਥੇਬੰਦੀਆਂ ਦਾ ਸਦਰ ਮੁਕਾਮ ਸੀ ਵਿੱਚ ਕੰਮ ਕਰਦੀਆਂ ਬੇਸ਼ੁਮਾਰ ਵਿਦੇਸ਼ੀ ਇਨਕਲਾਬੀ ਜਥੇਬੰਦੀਆਂ ਵਿੱਚ ਸਭ ਤੋਂ ਪ੍ਰਸਿੱਧ ਇਨਕਲਾਬੀ ਸੀ। ਇਸ ਸਮੇਂ ਰੂਸ, ਆਇਰਲੈਂਡ, ਜਾਪਾਨ, ਤੁਰਕੀ, ਚੀਨ ਤੇ ਭਾਰਤ ਆਦਿ ਸਭਨਾਂ ਦੇਸ਼ਾਂ ਦੀਆਂ ਇਨਕਲਾਬੀ ਜਥੇਬੰਦੀਆਂ ਦਾ ਟਿਕਾਣਾ ਏਥੇ ਹੀ ਸੀ। ਹਰਦਿਆਲ ਇਹਨਾਂ ਸਭ ਜੱਥੇਬੰਦੀਆਂ ਦਾ ਮਹਾਨ ਮਿੱਤਰ, ਦਰਸ਼ਨਵੇਤਾ ਤੇ ਮਾਰਗਦਰਸ਼ਕ ਸੀ। ਉਸ ਦੇ ਭਾਸ਼ਨਾਂ ਵਿੱਚ ਬਹੁਤ ਸਾਰੇ ਬੁੱਧੀਜੀਵੀ ਹਾਜ਼ਰ ਹੁੰਦੇ ਸਨ।[3]

21 ਅਪ੍ਰੈਲ, 1913 ਨੂੰ ਭਾਈ ਕੇਸਰ ਸਿੰਘ ਠੱਠਗੜ੍ਹ ਦੇ ਡੇਰੇ ਭਰਵਾਂ ਇੱਕਠ ਹੋਇਆ। ਜਿਸ ਵਿੱਚ ਬਰਾਈਡਲਵਿਲ, ਪੋਰਟਲੈਂਡ, ਵਾਨਾ, ਸੇਂਟਜਾਨ ਅਤੇ ਲਿੰਟਨ ਦੇ ਨੁਮਾਇੰਦੇ ਸ਼ਾਮਲ ਹੋਏ। ਇਹ ਉਹ ਲੋਕ ਸਨ, ਜੋ ਖਾਣਾਂ, ਕਾਰਖਾਨਿਆਂ ਅਤੇ ਖੇਤੀ ਫਾਰਮਾਂ ਵਿੱਚ ਕੰਮ ਕਰਦੇ ਸਨ। ਇਸ ਇਕੱਤਰਤਾ ਵਿੱਚ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਨਾਂ ਦੀ ਜਥੇਬੰਦੀ ਕਾਇਮ ਕੀਤੀ ਗਈ। ਇਸ ਇਕੱਤਰਤਾ ਵਿੱਚ ਅਹੁਦੇਦਾਰਾਂ ਦੀ ਚੋਣ ਵੀ ਕੀਤੀ ਗਈ। ਜਿਸ ਵਿੱਚ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ, ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਚੁਣੇ ਗਏ। ਇੱਕ ਗੁਪਤ ਕਮਿਸ਼ਨ ਵੀ ਕਾਇਮ ਕੀਤਾ ਗਿਆ, ਜਿਸ ਦੇ ਵੀ ਇਹ ਤਿੰਨੇ ਮੈਂਬਰ ਬਣਾਏ ਗਏ। ਲਾਲਾ ਹਰਦਿਆਲ ਨੂੰ ਸਪਤਾਹਿਕ ਗ਼ਦਰ ਅਖਬਾਰ

---

1. ਵਿਰਸਾ ਅੰਕ ਨੰਬਰ:10, ਨਵੰਬਰ 1999, ਪੰਨਾ 54
2. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਬਾਬਾ ਭਗਤ ਸਿੰਘ ਬਿਲਗਾ, ਪੰਨਾ 27
3. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 113

ਦਾ ਮੁੱਖ ਸੰਪਾਦਕ ਵੀ ਨਿਯੁਕਤ ਕੀਤਾ ਗਿਆ। ਉਹਨਾਂ ਦੀ ਸੰਪਾਦਨਾ ਹੇਠ ਪਹਿਲੀ ਨਵੰਬਰ 1913 ਨੂੰ ਗ਼ਦਰ ਦਾ ਪਹਿਲਾ ਪਰਚਾ ਉਰਦੂ ਵਿੱਚ ਪ੍ਰਕਾਸ਼ਿਤ ਹੋਇਆ। ਗ਼ਦਰ ਦੇ ਪਹਿਲੇ ਅੰਕ ਦੇ ਸੰਪਾਦਕੀ ਵਿੱਚ ਲਿਖਿਆ ਗਿਆ ਸੀ, "ਅੱਜ ਦਾ ਦਿਨ 1 ਨਵੰਬਰ, 1913 ਭਾਰਤ ਦੇ ਇਤਿਹਾਸ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੈ, ਕਿਉਂਕਿ ਅੱਜ ਭਾਵੇਂ ਵਿਦੇਸ਼ੀ ਜ਼ਮੀਨ 'ਤੇ ਪਰੰਤੂ ਆਪਣੀ ਜ਼ੁਬਾਨ ਵਿੱਚ ਬਰਤਾਨਵੀ ਰਾਜ ਵਿਰੁੱਧ ਜੰਗ ਆਰੰਭ ਹੁੰਦੀ ਹੈ।" ਗ਼ਦਰ ਪਾਰਟੀ ਵਿੱਚ ਸ਼ਾਮਲ ਹੋਣ ਪਿੱਛੋਂ ਲਾਲਾ ਹਰਦਿਆਲ ਨੇ ਦਿੱਲੀ ਵਿੱਚ ਹੋਏ ਹਾਰਡਿੰਗ ਬੰਬ ਧਮਾਕੇ ਦੀ ਪਹਿਲੀ ਵਰੇ ਗੰਢ 'ਤੇ ਸ਼ਾਬਾਸ਼ ਸਿਰਲੇਖ ਹੇਠ ਇੱਕ ਕਿਤਾਬਚਾ ਉਰਦੂ ਵਿੱਚ ਛਾਪਿਆ, ਜਿਸਨੂੰ ਭਾਰਤ ਦੀ ਅੰਗਰੇਜ਼ ਸਰਕਾਰ ਨੇ ਅਰਾਜਕਤਾਵਾਦੀ ਸਮਝਕੇ ਜ਼ਬਤ ਕਰ ਲਿਆ।[1]

ਹਰਦਿਆਲ ਨੇ ਆਪਣੇ ਸਾਨਫਰਾਂਸਿਸਕੋ ਵਿੱਚ ਕਿਆਮ (ਰਹਿਣ ਦੇ ਸਮੇਂ) ਦੌਰਾਨ ਬਰਤਾਨਵੀ ਸਾਮਰਾਜਵਾਦ ਵਿਰੁੱਧ ਛੋਟੀਆਂ ਛੋਟੀਆਂ ਚੌਵਰਕੀਆਂ ਲਿਖੀਆਂ ਸਨ। ਉਨ੍ਹਾਂ ਵਿੱਚੋਂ ਕੁਝ ਉਸ ਨੂੰ ਅਮਰੀਕਾ ਵਿੱਚੋਂ ਕੱਢਣ ਤੋਂ ਪਹਿਲਾਂ ਅਤੇ ਕੁਝ ਬਾਅਦ ਵਿੱਚ ਛਾਪੀਆਂ ਗਈਆਂ ਸਨ। ਉਹਦਾ 32 ਪੰਨਿਆਂ ਦਾ ਇੱਕ ਛੋਟਾ ਜਿਹਾ ਕਿਤਾਬਚਾ 'ਨਵੇਂ ਯੁੱਗ ਦੇ ਨਵੇਂ ਆਦਰਸ਼' ਭਾਰਤ ਵਿੱਚ ਸਰਗਰਮ ਰਾਜਸੀ, ਸੰਪਰਦਾਇਕ ਤੇ ਧਾਰਮਿਕ ਸੰਸਥਾਵਾਂ 'ਤੇ ਜੱਥੇਬੰਦੀਆਂ ਦੀ ਤਿੱਖੀ ਆਲੋਚਨਾ ਸੀ। ਆਜ਼ਾਦੀ ਤੇ ਬਰਾਬਰੀ ਦੇ ਆਦਰਸ਼ ਉਹ ਦੀ ਆਲੋਚਨਾ ਦੀ ਕਸੌਟੀ ਸਨ ਤੇ ਉਹ ਇਹਨਾਂ ਸਭਨਾਂ ਜਥੇਬੰਦੀਆਂ ਨੂੰ ਇਸੇ ਕਸੌਟੀ 'ਤੇ ਪਰਖਦਾ ਹੋਇਆ, ਇਹਨਾਂ ਨੂੰ ਬੜੀਆਂ ਪਾਇਦਾਰ ਦਲੀਲਾਂ ਦੇ ਅਧਾਰ 'ਤੇ ਵਿਅਰਥ ਸਿੱਧ ਕਰਦਾ ਹੈ।[2]

25 ਮਾਰਚ, 1914 ਦੀ ਸ਼ਾਮ ਨੂੰ ਲਾਲਾ ਹਰਦਿਆਲ ਨੇ ਸਾਨਫ਼ਰਾਂਸਿਸਕੋ ਵਿਖੇ ਇੱਕ ਵਿਸ਼ਾਲ ਇਕੱਤਰਤਾ ਨੂੰ ਸੰਬੋਧਨ ਕਰਨਾ ਸੀ। ਲਾਲਾ ਜੀ ਦੇ ਸਮਾਗਮ ਵਾਲੀ ਥਾਂ 'ਤੇ ਪਹੁੰਚਣ ਤੋਂ ਪਹਿਲਾਂ ਹੀ ਸੀ.ਆਈ.ਡੀ. ਅਧਿਕਾਰੀ ਸਿਵਲ ਵਰਦੀ ਵਿੱਚ ਉੱਥੇ ਪਹੁੰਚੇ ਹੋਏ ਸਨ। ਉਹਨਾਂ ਨੇ ਲਾਲਾ ਜੀ ਤੋਂ ਗ੍ਰਿਫ਼ਤਾਰੀ ਵਾਰੰਟਾਂ 'ਤੇ ਦਸਤਾਖਤ ਕਰਵਾ ਲਏ ਅਤੇ ਅਗਲੇ ਦਿਨ ਦਫ਼ਤਰ ਵਿੱਚ ਪੇਸ਼ ਹੋਣ ਲਈ ਕਹਿ ਦਿੱਤਾ। ਲਾਲਾ ਹਰਦਿਆਲ ਜੀ ਨੇ ਮੀਟਿੰਗ ਵਿੱਚ ਜਾ ਕੇ ਇਸ ਤਾਜ਼ਾ ਘਟਨਾ ਦਾ ਜ਼ਿਕਰ ਕੀਤਾ। ਮੀਟਿੰਗ ਦੇ ਬੁਲਾਰੇ ਅਤੇ ਸਰੋਤੇ ਅਮਰੀਕਾ ਸਰਕਾਰ ਵੱਲੋਂ ਲਾਲਾ ਜੀ ਦੀ ਗ੍ਰਿਫਤਾਰੀ ਲਈ ਚੁੱਕੇ ਕਦਮਾਂ ਦੇ ਵਿਰੁੱਧ ਸਨ। 26 ਮਾਰਚ ਨੂੰ ਸਵੇਰੇ ਦੱਸ ਵਜੇ ਲਾਲਾ ਹਰਦਿਆਲ, ਰਘੁਬਰ ਦਿਆਲ ਗੁਪਤਾ ਨਾਲ ਪੁਲਿਸ ਚੌਕੀ ਗ੍ਰਿਫ਼ਤਾਰੀ ਦੇਣ ਲਈ ਪਹੁੰਚ ਗਏ। ਪੁਲੀਸ ਨੇ ਉਹਨਾਂ ਨੂੰ ਅਣਚਾਹੇ ਬਦੇਸ਼ੀ ਦੇ ਤੌਰ 'ਤੇ ਜ਼ਬਰਦਸਤੀ ਦੇਸ਼ ਵਿੱਚੋਂ ਬਾਹਰ ਕੱਢਣ ਲਈ ਗ੍ਰਿਫ਼ਤਾਰ ਕਰ ਲਿਆ। ਇਸੇ ਦਿਨ ਸਾਨਫਰਾਂਸਿਸਕੋ ਦੀ ਇੱਕ ਅਮੀਰ ਔਰਤ ਐਮਾ ਗੋਲਡਨ ਨੇ 1000 ਡਾਲਰ ਦੀ ਜ਼ਮਾਨਤ ਦੇ ਕੇ ਉਹਨਾਂ ਨੂੰ ਛੁਡਾਇਆ। ਅਦਾਲਤ ਵਿੱਚ ਲਾਲਾ ਜੀ ਦੀ ਅਗਲੀ ਪੇਸ਼ੀ 10 ਅ੍ਰਪੈਲ, 1914 ਨੂੰ ਸੀ। ਇਸ ਅਰਸੇ ਦੌਰਾਨ ਗ਼ਦਰ ਪਾਰਟੀ ਦੀ

1. ਡਾ. ਹਰਦਿਆਲ ਇੱਕ ਪ੍ਰਯੋਗਸ਼ੀਲ ਬੁੱਧਜੀਵੀ ਅਤੇ ਰਾਜਨਾਇਕ, ਪੰਨਾ 25
2. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ, ਜੋਸ਼, ਪੰਨਾ 119-120

ਇੰਤਜ਼ਾਮੀਆਂ ਕਮੇਟੀ ਨੇ ਫੈਸਲਾ ਕੀਤਾ ਕਿ ਚੁੱਪ-ਚਪੀਤੇ ਹਰਦਿਆਲ ਨੂੰ ਅਮਰੀਕਾ ਤੋਂ ਭੇਜ ਦਿੱਤਾ ਜਾਵੇ। ਅਮਰੀਕਾ ਛੱਡਣ ਤੋਂ ਬਾਅਦ ਹਰਦਿਆਲ ਲੋਸੈਨੇ (ਸਵਿਟਜ਼ਰਲੈਂਡ) ਆ ਗਿਆ ਸੀ। ਪਰ ਗ਼ਦਰ ਪਾਰਟੀ ਵਾਲੇ ਉਸ ਦੇ ਸਾਥੀ ਅਮਰੀਕਾ ਅਤੇ ਬਰਤਾਨਵੀਂ ਅਫ਼ਸਰਾਂ ਦੀਆਂ ਅੱਖਾਂ ਵਿੱਚ ਧੂੜ ਪਾਉਣ ਲਈ ਉਸ ਦੇ ਅਗਵਾ ਕੀਤੇ ਜਾਣ ਜਾਂ ਪੋਰਟਲੈਂਡ, ਔਰੇਗਾਨ ਰਾਹੀਂ ਵਾਸ਼ਿੰਗਟਨ ਵਿੱਚ ਜਾ ਕੇ ਆਪਣੇ ਮਾਮਲੇ ਦੀ ਸੁਣਵਾਈ ਦੀਆਂ ਤਿਆਰੀਆਂ ਦੇ ਕਿੱਸੇ ਘੜਦੇ ਰਹੇ।[1] ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿੱਛੋਂ ਸੰਤੋਖ ਸਿੰਘ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ ਸੀ।

ਲਾਲਾ ਜੀ ਦੇ ਸਵਿਟਜ਼ਰਲੈਂਡ ਚਲੇ ਜਾਣ ਪਿੱਛੋਂ ਗ਼ਦਰ ਪ੍ਰੈਸ ਨੇ ਉਹਨਾਂ ਦੀਆਂ ਲਿਖਤਾਂ ਉਰਦੂ ਅਤੇ ਹਿੰਦੀ ਵਿੱਚ ਛਾਪਕੇ ਹਜ਼ਾਰਾਂ ਦੀ ਗਿਣਤੀ ਵਿੱਚ ਮੁਫਤ ਵੰਡੀਆਂ। ਇਸ ਦੇ ਨਾਲ ਨਾਲ ਹਰਦਿਆਲ ਦੇ ਦੇਸ਼ ਨਿਕਾਲੇ 'ਤੇ ਰੋਸ ਇਕੱਠ ਵੀ ਹੋਏ। ਆਸਟੋਰੀਆ ਵਿੱਚ ਬਾਬਾ ਕੇਸਰ ਸਿੰਘ ਦੀ ਪ੍ਰਧਾਨਗੀ ਹੇਠ ਰੋਸ ਇਕੱਠ ਕੀਤਾ ਗਿਆ। ਜਿਸ ਨੂੰ ਬਾਬਾ ਸੋਹਣ ਸਿੰਘ ਭਕਨਾ, ਰਾਮ ਚੰਦਰ, ਮਾਸਟਰ ਊਧਮ ਸਿੰਘ, ਕਾਂਸ਼ੀ ਰਾਮ, ਰਾਮ ਰੱਖਾ, ਜਗਤ ਸਿੰਘ, ਕਰਤਾਰ ਸਿੰਘ ਸਰਾਭਾ, ਅਤੇ ਰੁਲੀਆ ਸਿੰਘ ਨੇ ਸੰਬੋਧਨ ਕੀਤਾ।[2] ਬਾਬਾ ਹਰਨਾਮ ਸਿੰਘ ਟੁੰਡੀਲਾਟ ਲਿਖਦੇ ਹਨ ਕਿ, "ਲਾਲਾ ਜੀ ਨੇ ਇਟਲੀ ਪਹੁੰਚ ਕੇ ਇੱਕ ਪੱਤਰ ਅਮਰੀਕਨ ਸਰਕਾਰ ਨੂੰ ਲਿਖ ਦਿੱਤਾ ਕਿ ਗ੍ਰਿਫ਼ਤਾਰੀ ਵਾਰੰਟ ਵਿੱਚ ਦਰਜ ਜ਼ੁਰਮ ਦੀ ਸਭ ਤੋਂ ਵੱਡੀ ਸ਼ਜਾ ਮੈਨੂੰ ਅਮਰੀਕਾ ਤੋਂ ਦੇਸ਼ ਨਿਕਾਲੇ ਦੀ ਹੋ ਸਕਦੀ ਸੀ, ਇਸ ਲਈ ਮੈਂ ਆਪਣੀ ਖ਼ੁਸ਼ੀ ਨਾਲ ਅਮਰੀਕਾ ਛੱਡ ਦਿੱਤਾ। ਇਸ ਲਈ ਮੇਰੀ ਇੱਕ ਹਜ਼ਾਰ ਡਾਲਰ ਦੀ ਨਕਦ ਜ਼ਮਾਨਤ ਵਾਪਸ ਕੀਤੀ ਜਾਵੇ। ਇਸ ਤਰ੍ਹਾਂ ਜ਼ਮਾਨਤ ਵੀ ਵਾਪਸ ਹੋ ਗਈ।[3] ਲਾਲਾ ਜੀ ਦੀ ਬਰਤਾਨਵੀ ਸਰਕਾਰ ਦੀ ਸ਼ਹਿ 'ਤੇ ਅਮਰੀਕਾ ਵਿੱਚ ਹੋਈ ਗ੍ਰਿਫ਼ਤਾਰੀ ਗ਼ਦਰ ਅਖ਼ਬਾਰ ਦੇ ਸਬੰਧ ਵਿੱਚ ਨਹੀਂ ਹੋਈ ਸੀ, ਸਗੋਂ ਉਸ ਦੇ ਕੁਝ ਸਾਲ ਪਹਿਲਾਂ ਅਮਰੀਕਾ ਵਿੱਚ ਦਾਖਲ ਹੋਣ ਵੇਲੇ ਰੂਸ ਦੇ ਜ਼ਾਰ ਦੇ ਵਿਰੁੱਧ ਕੀਤੀ ਤਕਰੀਰ ਦੇ ਸਬੰਧ ਵਿੱਚ ਸੀ।

ਲਾਲਾ ਹਰਦਿਆਲ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਨਾਵਾਂ ਨਾਲ ਵਿਦੇਸ਼ ਵਿੱਚ ਵਿਚਰਦੇ ਰਹੇ। ਪਹਿਲੀ ਸੰਸਾਰ ਜੰਗ ਦੇ ਖਾਤਮੇ ਪਿੱਛੋਂ ਉਹ ਦਸ ਸਾਲ ਲਈ ਸਵੀਡਨ ਵਿੱਚ ਰਹੇ ਅਤੇ ਉੱਥੇ ਭਾਰਤੀ ਫ਼ਲਸਫੇ ਕਲਾ ਅਤੇ ਸਾਹਿਤ ਜਿਹੇ ਵਿਸ਼ਿਆਂ 'ਤੇ ਲੈਕਚਰ ਦਿੱਤੇ। ਵਿਦੇਸ਼ਾਂ ਵਿੱਚ ਇਸ ਤਰ੍ਹਾਂ ਵਿਚਰਦਿਆਂ ਹਰਦਿਆਲ ਨੇ ਆਪਣੇ ਦੇਸ਼ ਪਰਤਣ ਲਈ ਯਤਨ ਵੀ ਕੀਤੇ। 1927 ਵਿੱਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੇ ਇਸ ਮੰਤਵ ਲਈ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨਾਲ ਸੰਪਰਕ ਕੀਤੇ ਅਤੇ ਹਰਦਿਆਲ ਉੱਤੋਂ ਪਾਬੰਦੀਆਂ ਹਟਾਉਣ ਲਈ ਸਰਕਾਰ ਨੂੰ ਬੇਨਤੀ ਕੀਤੀ। ਪਰ ਸਰਕਾਰ ਨੇ ਹਰਦਿਆਲ ਨੂੰ ਕਿਸੇ ਤਰ੍ਹਾਂ ਦੀ ਰਿਆਇਤ ਦੇਣ

1. ਡਾ. ਹਰਦਿਆਲ ਇੱਕ ਪ੍ਰਯੋਗਸ਼ੀਲ ਬੁੱਧੀਜੀਵੀ ਅਤੇ ਰਾਜਨਾਇਕ, ਪੰਨਾ 33
2. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਬਾਬਾ ਭਗਤ ਸਿੰਘ ਬਿਲਗਾ, ਪੰਨਾ 32
3. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਚੈਨ ਸਿੰਘ ਚੈਨ, ਪੰਨਾ 73

ਤੋਂ ਇਨਕਾਰ ਕਰ ਦਿੱਤਾ। ਉਸ ਦੀ ਦੇਸ਼ ਵਾਪਸੀ ਦਾ ਰਾਹ ਸਦਾ ਲਈ ਰੋਕੀ ਰੱਖਿਆ।[1]

ਲਾਲਾ ਹਰਦਿਆਲ ਅਸਧਾਰਣ ਬੌਧਿਕ ਯੋਗਤਾ ਦਾ ਮਾਲਕ ਸੀ। 1930 ਵਿੱਚ ਉਸ ਨੂੰ 'ਬੋਧੀਸਤਵ ਡੋਕਟਰਾਈਨ ਇਨ ਬੁੱਧਿਸਟ ਐਂਡ ਸੰਸਕ੍ਰਿਤ ਲਿਟਰੇਚਰਜ (Bodhisattva Doctrines in Buddhist and Sanskrit Literatures) ਸੋਧ ਗ੍ਰੰਥ ਲਿਖਣ ਤੇ ਲੰਡਨ ਯੂਨੀਵਰਸਿਟੀ ਨੇ ਪੀ.ਐਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ। 1932 ਵਿੱਚ ਇਸ ਦੀ ਪ੍ਰਕਾਸ਼ਨਾ ਹੋਈ।

ਇਸ ਗ੍ਰੰਥ ਦੇ ਸੱਤ ਕਾਂਡ ਹਨ, ਵਿਦਵਾਨ ਸੋਚ ਅਤੇ ਸਪੱਸ਼ਟ ਵਿਚਾਰ-ਪ੍ਰਗਟਾਵਾ ਇਸ ਦੀ ਖਾਸੀਅਤ ਹੈ। ਇਸ ਵਿੱਚ ਬੋਧੀ ਫ਼ਲਸਫੇ ਦੀ ਨਾ ਸਿਰਫ਼ ਬੀਤੇ ਦੀ ਅਹਿਮਿਅਤ ਸਗੋਂ ਅਜੋਕੇ ਮਾਇਨੇ ਦੀ ਵੀ ਵਿਆਖਿਆ ਕੀਤੀ ਗਈ ਹੈ।[2]

1934 ਵਿੱਚ ਲਾਲਾ ਹਰਦਿਆਲ ਦੀ ਪ੍ਰਸਿੱਧ ਪੁਸਤਕ 'ਹਿੰਟਸ ਫਾਰ ਸੈਲਫ਼ ਕਲਚਰ' ਛਪੀ। (hints for self-cultures) ਵਿੱਚ ਉਸ ਨੇ ਮਨੁੱਖੀ ਸੰਸ੍ਰਕਿਤੀ ਦੀਆਂ ਚਾਰ ਤੈਹਾਂ ਭਾਵ ਜਿਸਮਾਨੀ, ਬੌਧਿਕ, ਸੁਹਜਾਤਮਕ ਅਤੇ ਰੂਹਾਨੀ ਨੂੰ ਲੋਹੜੇ ਦੀ ਸਪੱਸ਼ਟਤਾ ਨਾਲ ਬਿਆਨ ਕੀਤਾ ਹੈ। ਸਰੋਤਾਂ ਦੀ ਵੰਨ-ਸੁਵੰਨਤਾ ਕਮਾਲ ਦੀ ਹੈ, ਜਿਨ੍ਹਾਂ ਵਿੱਚ ਹਵਾਲੇ ਅਤੇ ਟੂਕਾਂ ਲੈ ਕੇ ਉਸ ਨੇ ਆਪਣੀ ਦਲੀਲ ਦੇ ਤਾਣੇ ਵਿੱਚ ਜੜੇ ਹੋਏ ਹਨ। ਇਸ ਕਿਤਾਬ ਨੂੰ ਬਹੁਤ ਉਤਸ਼ਾਹ ਨਾਲ ਪੜ੍ਹਿਆ ਜਾਂਦਾ ਹੈ।[3] 44 ਮਹੀਨੇ ਤੁਰਕੀ ਅਤੇ ਜਰਮਨੀ ਵਿੱਚ, ਬਾਰਾਂ ਧਰਮ ਅਤੇ ਅੱਜਕਲ੍ਹ ਦੀ ਜ਼ਿੰਦਗੀ, ਖ਼ਿਆਲਾਤੇ ਹਰਦਿਆਲ (ਉਰਦੂ) ਅਤੇ ਲਾਲਾ ਹਰਦਿਆਲ ਦੀਆਂ ਚਿੱਠੀਆਂ ਵਿੱਚੋਂ ਤਰਕਸ਼ੀਲਤਾ ਪ੍ਰਤੀ ਉਹਨਾਂ ਦਾ ਦ੍ਰਿਸ਼ਟੀਕੋਣ ਪ੍ਰਗਟ ਹੁੰਦਾ ਹੈ। ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ, "ਉਹ ਕਦੇ ਵੀ ਲਕੀਰ ਦਾ ਫ਼ਕੀਰ ਨਾ ਬਣਿਆ, ਨਾ ਕਿਸੇ ਹੋਰ ਦੀ ਵਾਹੀ ਲਕੀਰ ਦਾ, ਨਾ ਆਪਣੀ ਦਾ। ਗਿਆਨ ਵਿਗਿਆਨ ਅਤੇ ਅਨੁਭਵ ਦੀ ਰੌਸ਼ਨੀ ਵਿੱਚ ਜੋ ਕੁਝ ਵੀ ਉਸਨੂੰ ਮਿੱਥ ਜਾਂ ਬੋਸੀਦਾ ਲੱਗਾ, ਉਸ ਨੂੰ ਵਗਾਂਹ ਮਾਰਨ ਲਈ ਇੱਕ ਛਿੰਣ ਵੀ ਨਾ ਲਾਈ।[4]

ਲਾਲਾ ਹਰਦਿਆਲ ਨੇ 1932 ਤੋਂ ਮਈ 1934 ਤੱਕ ਸਵੀਡਨ ਤੋਂ ਛਪਦੀ ਪੱਤ੍ਰਕਾ ਪਲਬਰੇਜ਼ ਵਿੱਚ 'ਸਮਾਜਵਾਦ ਦੇ ਮੋਢੀ' ਲੜੀ ਅਧੀਨ ਕਈ ਜੀਵਨੀਆਂ ਲਿਖ ਕੇ ਛਪਵਾਈਆਂ। ਉਹਨਾਂ 'ਕਾਰਲ ਮਾਰਕਸ-ਇੱਕ ਆਧੁਨਿਕ ਰਿਸ਼ੀ' ਕਿਤਾਬਚੇ ਵਿੱਚ ਉਸ ਨੂੰ ਮਨੁੱਖਤਾ ਹਿਤੈਸ਼ੀ ਨਾਇਕ ਵੱਜੋਂ ਪੇਸ਼ ਕੀਤਾ ਹੈ। ਲਾਲਾ ਹਰਦਿਆਲ ਅੰਗਰੇਜ਼ੀ, ਉਰਦੂ, ਪੰਜਾਬੀ, ਸੰਸਕ੍ਰਿਤ, ਪਾਲੀ, ਫ਼ਾਰਸੀ, ਜਰਮਨੀ, ਸਵੀਡਿਸ਼ ਅਤੇ ਕਈ ਹੋਰ ਭਾਸ਼ਾਵਾਂ ਜਾਣਦੇ ਸਨ। ਅਮਰੀਕਾ ਤੋਂ ਰਵਾਨਗੀ ਪਿੱਛੋਂ ਲਾਲਾ ਹਰਦਿਆਲ ਨੇ ਗ਼ਦਰ ਪਾਰਟੀ ਨਾਲ ਕੋਈ ਸਬੰਧ ਨਹੀਂ ਰੱਖਿਆ। ਜੀਵਨ ਦੇ ਅੰਤਲੇ ਸਮੇਂ ਮਹਾਨ

1. ਲਾਲਾ ਹਰਦਿਆਲ ਦੀਆਂ ਚੋਣਵੀਆਂ ਲਿਖਤਾਂ, ਲਾਲਾ ਹਰਦਿਆਲ, ਪੰਨਾ 9
2. ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਮਾਜਵਾਦ ਵਿਰੋਧੀ ਜੱਦੋ ਜਹਿਦ, ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ, ਪੰਨਾ 285
3. ਉਹੀ
4. ਲਾਲਾ ਹਰਦਿਆਲ ਚੋਣਵੀਆਂ ਲਿਖਤਾਂ, ਲਾਲਾ ਹਰਦਿਆਲ, ਪੰਨਾ 14

ਵਿਦਵਾਨ ਅਤੇ ਹੋਰਨਾਂ ਵਿੱਚ ਆਪਣੀਆਂ ਲਿਖਤਾਂ ਰਾਹੀਂ ਇਨਕਲਾਬੀ ਸਪਰਿਟ ਪੈਦਾ ਕਰਨ ਵਾਲੇ ਹਰਦਿਆਲ ਦੇ ਜੀਵਨ ਨੇ ਇਸ-ਕਦਰ ਪੁੱਠਾ ਗੇੜਾ ਕੱਟਿਆ ਕਿ ਉਹ ਜਰਮਨੀ ਅਤੇ ਤੁਰਕੀ ਵਿੱਚ 44 ਮਹੀਨੇ ਕਿਤਾਬ ਵਿੱਚ ਲਿਖਦੇ ਹਨ, ਹਿੰਦੁਸਤਾਨ ਮਿਸਰ ਤੇ ਹੋਰ ਪੂਰਬੀ ਦੇਸ਼ਾਂ ਦੀ ਮੁਕਤੀ ਬਰਤਾਨਵੀ ਆਦਰਸ਼ਾਂ ਨੂੰ ਆਪਣਾ ਲੈਣ ਵਿੱਚ ਹੀ ਹੈ।[1]

ਆਪਣੇ ਲੈਕਚਰਾਂ ਰਾਹੀਂ ਹਿੰਦੁਸਤਾਨੀਆਂ ਨੂੰ ਸਭ ਕੁਝ ਦਾਅ ਤੇ ਲਾ ਦੇਣ ਦੀ ਪ੍ਰੇਰਣਾ ਕਰਨ ਵਾਲੇ ਹਰਦਿਆਲ ਨੇ ਜੀਵਨ ਦੇ ਅੰਤਲੇ ਸਾਲਾਂ ਵਿੱਚ ਇਨਕਲਾਬੀ ਵਿਚਾਰਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਸੀ। ਲਾਲਾ ਹਰਦਿਆਲ ਨੇ 30 ਦਸੰਬਰ, 1935 ਨੂੰ ਬਰਤਾਨਵੀ ਸਰਕਾਰ ਨੂੰ ਆਮ ਮਾਫ਼ੀ ਲਈ ਪੱਤਰ ਭੇਜ ਦਿੱਤਾ ਸੀ। ਉਸਨੇ ਇੰਗਲੈਂਡ ਵਿੱਚ ਰਹਿਣ ਦੀ ਇੱਛਾ ਵੀ ਪ੍ਰਗਟਾਈ, ਪਰ ਸਰਕਾਰ ਨੇ ਸਹਿਮਤੀ ਨਾ ਦਿੱਤੀ। ਹਰਦਿਆਲ ਸਵੀਡਨ ਤੋਂ ਫਿਰ ਅਮਰੀਕਾ ਚਲਾ ਗਿਆ। 1938 ਵਿੱਚ ਬਰਤਾਨਵੀ ਹਕੂਮਤ ਨੇ ਉਹਨਾਂ ਨੂੰ ਦੇਸ਼ ਪਰਤਣ ਦੀ ਆਗਿਆ ਦਿੱਤੀ। ਪਰ ਅਮਰੀਕਾ ਦੇ ਫਿਲਾਡੇਲਫੀਆ ਨਗਰ ਵਿੱਚ ਹੀ ਉਹ 4 ਮਾਰਚ, 1939 ਨੂੰ ਅਕਾਲ ਚਲਾਣਾ ਕਰ ਗਏ।

---

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 312

# ਬਾਬਾ ਹਰਨਾਮ ਸਿੰਘ ਕਸੇਲ

ਉੱਘੇ ਗ਼ਦਰੀ ਯੋਧੇ ਹਰਨਾਮ ਸਿੰਘ ਕਸੇਲ ਦਾ ਜਨਮ 1884 ਈ: ਵਿੱਚ ਮਾਝੇ ਦੇ ਮਸ਼ਹੂਰ ਪਿੰਡ ਕਸੇਲ ਜ਼ਿਲ੍ਹਾ ਅੰਮ੍ਰਿਤਸਰ (ਹੁਣ ਜ਼ਿਲ੍ਹਾ ਤਰਨਤਾਰਨ) ਵਿਖੇ ਸ਼ੇਰ ਸਿੰਘ ਢਿੱਲੋਂ ਦੇ ਘਰ ਹੋਇਆ। ਹਰਨਾਮ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਮੌਲਵੀ ਨੂਰਦੀਨ ਪਾਸੋਂ ਪ੍ਰਾਪਤ ਕੀਤੀ। ਪਿੰਡ ਦੇ ਮੌਲਵੀ ਪਾਸੋਂ ਚਾਰ ਜਮਾਤਾਂ ਪੜ੍ਹਨ ਤੋਂ ਬਾਅਦ ਉਸ ਨੂੰ ਖਾਲਸਾ ਹਾਈ ਸਕੂਲ ਅੰਮ੍ਰਿਤਸਰ ਵਿੱਚ 1894-95 ਵਿੱਚ ਪੰਜਵੀਂ ਜਮਾਤ ਵਿੱਚ ਦਾਖਲ ਕਰਵਾ ਦਿੱਤਾ ਗਿਆ। 16-17 ਸਾਲ ਦੀ ਉਮਰ ਵਿੱਚ ਹਰਨਾਮ ਸਿੰਘ ਨੇ ਖਾਲਸਾ ਹਾਈ ਸਕੂਲ ਅੰਮ੍ਰਿਤਸਰ ਤੋਂ ਦਸਵੀਂ ਜਮਾਤ ਪਾਸ ਕੀਤੀ। ਇਸ ਤੋਂ ਪਿੱਛੋਂ ਜਲਦੀ ਹੀ ਪਿਤਾ ਸ਼ੇਰ ਸਿੰਘ ਨੇ ਹਰਨਾਮ ਸਿੰਘ ਦਾ ਵਿਆਹ ਕਰ ਦਿੱਤਾ। ਹਰਨਾਮ ਸਿੰਘ ਦੇ ਬਚਪਨ ਵਿੱਚ ਹੀ ਉਸ ਦੀ ਮਾਤਾ ਗੁਜ਼ਰ ਚੁੱਕੀ ਸੀ ਅਤੇ ਪਿਤਾ ਸ਼ੇਰ ਸਿੰਘ ਨੇ ਦੂਸਰਾ ਵਿਆਹ ਕਰਵਾ ਲਿਆ ਸੀ। ਮਤਰੇਈ ਮਾਂ ਹਰਨਾਮ ਸਿੰਘ ਅਤੇ ਉਸ ਦੀ ਭੈਣ ਨਾਲ ਚੰਗਾ ਵਤੀਰਾ ਨਹੀਂ ਕਰਦੀ ਸੀ। ਆਪਣੀ ਮਤਰੇਈ ਮਾਂ ਤੋਂ ਤੰਗ ਆਏ ਹਰਨਾਮ ਸਿੰਘ ਨੇ 1902 ਵਿੱਚ ਵਿਦੇਸ਼ ਜਾਣ ਦੀ ਯੋਜਨਾ ਬਣਾ ਲਈ। ਇੱਕ ਦਿਨ ਆਪਣੇ ਘਰੋਂ 60 ਰੁਪਏ ਚੋਰੀ ਕਰਕੇ ਹਰਨਾਮ ਸਿੰਘ ਪਿੰਡ ਦੇ ਹੀ ਬ੍ਰਾਹਮਣਾਂ ਦੇ ਮੁੰਡੇ ਨਾਲ ਰਲਕੇ ਕਸੇਲ ਤੋਂ ਅੰਮ੍ਰਿਤਸਰ ਪੁੱਜ ਗਿਆ। ਅੰਮ੍ਰਿਤਸਰ ਤੋਂ ਰੇਲ ਰਾਹੀਂ ਉਹ ਦੋਵੇਂ ਕਲੱਕਤਾ ਪਹੁੰਚ ਗਏ। ਕਲੱਕਤੇ ਤੋਂ ਅੱਗੇ ਉਹ ਸਮੁੰਦਰੀ ਜਹਾਜ਼ ਦੁਆਰਾ ਬਰਮਾ ਦੀ ਰਾਜਧਾਨੀ ਰੰਗੂਨ ਅਤੇ ਪੀਨਾਂਗ (ਮਲਾਇਆ) ਤੋਂ ਹੁੰਦਾ ਹੋਇਆ ਮਲਾਈ ਟਾਪੂ ਦੇ ਤੇਪਨ ਸ਼ਹਿਰ ਪੁੱਜ ਗਿਆ। ਤੇਪਨ ਸ਼ਹਿਰ ਵਿੱਚ ਉਹ ਡਾਕਖਾਨੇ ਵਿੱਚ ਨੌਕਰੀ ਕਰਨ ਲੱਗ ਪਿਆ।

ਡਾਕਖਾਨੇ ਵਿੱਚ ਨੌਕਰੀ ਕਰਦੇ ਸਮੇਂ ਉਸ ਕੋਲ ਪਿੰਡ ਤੋਂ ਇੱਕ ਚਿੱਠੀ ਪੁੱਜੀ, ਜਿਸ ਨਾਲ ਉਸ ਨੂੰ ਪਤਾ ਚੱਲਿਆ ਕਿ ਉਸ ਦੀ ਮਤਰੇਈ ਮਾਂ, ਚਾਚਾ ਮਾਨ ਸਿੰਘ, ਤਾਏ ਦੇ ਲੜਕੇ ਉਜਾਗਰ ਸਿੰਘ ਅਤੇ ਉਸ ਦੇ ਛੋਟੇ ਭਰਾ ਊਧਮ ਸਿੰਘ ਦੀ ਮੌਤ ਹੋ ਚੁੱਕੀ ਹੈ। ਆਪਣੇ ਰਿਸ਼ਤੇਦਾਰਾਂ ਦੀਆਂ ਮੌਤਾਂ ਬਾਰੇ ਜਾਣਕੇ ਉਸ ਦਾ ਮਨ ਬਹੁਤ ਉਦਾਸ ਹੋ ਗਿਆ ਅਤੇ ਉਸ ਨੇ ਡਾਕਖਾਨੇ ਦੀ ਨੌਕਰੀ ਛੱਡ ਦਿੱਤੀ। ਕੁਝ ਸਮੇਂ ਬਾਅਦ ਉਹ ਤੇਪਨ ਸ਼ਹਿਰ ਤੋਂ ਆਪਣੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪੁਰਾਣੇ ਸਹਿਪਾਠੀ ਨਰੈਣ ਸਿੰਘ ਨਾਲ ਚੀਨ ਦੇ ਸ਼ਹਿਰ ਸ਼ੰਘਾਈ ਪੁੱਜ ਗਿਆ। ਸ਼ੰਘਾਈ ਪਹੁੰਚਣ ਤੋਂ ਕੁਝ ਮਹੀਨੇ ਬਾਅਦ ਉਹ ਸੰਤਰ ਥਾਣੇ ਵਿੱਚ ਪੁਲਿਸ ਵਿੱਚ ਸਿਪਾਹੀ ਭਰਤੀ ਹੋ ਗਏ। ਉਹ ਪਹਿਲੀ ਅਪ੍ਰੈਲ 1903 ਨੂੰ ਸ਼ੰਘਾਈ ਮਿਊਸਪਲ ਕਮੇਟੀ ਵਿੱਚ ਉਵਰਸੀਅਰ ਲੱਗ ਗਏ। ਇਸ ਸਮੇਂ ਹੀ ਉਹਨਾਂ ਚੀਨੀ ਜ਼ੁਬਾਨ ਸਿੱਖੀ ਅਤੇ ਚੀਨੀ ਵਿਦਿਆਰਥੀਆਂ ਨੂੰ ਟਿਊਸ਼ਨ ਪੜ੍ਹਾਉਣ ਲੱਗ ਪਏ। ਉਹਨਾਂ ਆਪਣੇ ਯਤਨਾਂ ਨਾਲ ਸ਼ੰਘਾਈ ਮਿਊਸਪਲ ਕਮੇਟੀ ਤੋਂ ਜ਼ਮੀਨ ਪ੍ਰਾਪਤ ਕਰ ਲਈ। ਇਸ ਜ਼ਮੀਨ ਉਪਰ ਉਹਨਾਂ ਆਪਣੇ ਹਮਵਤਨੀਆਂ ਦੇ ਸਹਿਯੋਗ ਨਾਲ ਬਹੁਤ ਸ਼ਾਨਦਾਰ ਗੁਰਦੁਆਰਾ

ਬਣਾਇਆ। ਜਿੱਥੇ ਹਰ ਐਤਵਾਰ ਸੰਗਤਾਂ ਵੱਡੀ ਗਿਣਤੀ ਵਿੱਚ ਜੁੜਨ ਲੱਗ ਪਈਆਂ। ਬਾਬਾ ਹਰਨਾਮ ਸਿੰਘ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਸਰਗਰਮ ਮੈਂਬਰ ਸਨ। ਗੁਰਦੁਆਰੇ ਵਿੱਚ ਹੁੰਦੀਆਂ ਇੱਕਤਰਤਾਵਾਂ ਸਦਕਾ ਭਾਰਤੀਆਂ ਵਿੱਚ ਰਾਜਸੀ ਚੇਤਨਤਾ ਪੈਦਾ ਹੋਣ ਲੱਗ ਪਈ।

ਸ਼ੰਘਾਈ ਵਿੱਚ ਚੀਨੇ ਅਤੇ ਗੋਰੇ ਪੁਲਿਸ ਵਾਲਿਆਂ ਦੇ ਮੁਕਾਬਲੇ ਪੰਜਾਬੀ ਪੁਲਿਸ ਵਾਲਿਆਂ ਨੂੰ ਬਹੁਤ ਘੱਟ ਤਨਖਾਹ ਮਿਲਦੀ ਸੀ। ਜਿਸ ਕਰਕੇ ਪੰਜਾਬੀ ਪੁਲਿਸ ਵਾਲਿਆਂ ਨੇ ਤਨਖਾਹ ਵਧਾਉਣ ਲਈ ਹੜਤਾਲ ਕਰ ਦਿੱਤੀ। ਪੁਲਿਸ ਕਰਮੀ ਦੋ ਧੜਿਆਂ ਵਿੱਚ ਵੰਡੇ ਗਏ, ਇਸ ਲਈ ਹੜਤਾਲ ਮੁਕੰਮਲ ਕਾਮਯਾਬ ਨਾ ਹੋ ਸਕੀ। ਹੜਤਾਲ ਕਰਨ/ਕਰਵਾਉਣ ਵਾਲੇ ਮੋਢੀਆਂ ਨੂੰ ਸ਼ੰਘਾਈ ਤੋਂ ਡਿਪੋਟ ਕਰਨ ਦਾ ਫੈਸਲਾ ਹੋ ਗਿਆ। ਸ਼ੰਘਾਈ ਮਿਊਸਪਲ ਕਮੇਟੀ ਦੇ ਅਧਿਕਾਰੀਆਂ ਨੂੰ ਸ਼ੱਕ ਹੋ ਗਿਆ ਕਿ ਹੜਤਾਲ ਕਰਵਾਉਣ ਦੇ ਪਿੱਛੇ ਹਰਨਾਮ ਸਿੰਘ ਅਤੇ ਉਸ ਦੇ ਸਾਥੀਆਂ ਦਾ ਹੱਥ ਸੀ। ਇਸ ਕਰਕੇ ਹਰਨਾਮ ਸਿੰਘ ਨੂੰ ਨੌਕਰੀ ਤੋਂ ਹਟਾਉਣ ਲਈ 26-12-1909 ਨੂੰ ਮਹਿਕਮੇ ਨੇ ਛੇ ਮਹੀਨਿਆਂ ਦਾ ਨੋਟਿਸ ਭੇਜ ਦਿੱਤਾ ਕਿ 30 ਜੂਨ, 1910 ਤੋਂ ਬਾਅਦ ਮਹਿਕਮੇ ਨੂੰ ਤੁਹਾਡੀਆਂ ਸੇਵਾਵਾਂ ਦੀ ਕੋਈ ਲੋੜ ਨਹੀਂ ਹੈ। ਹਰਨਾਮ ਸਿੰਘ ਨੇ ਅਗਾਉਂ ਹੀ ਪਹਿਲੀ ਮਾਰਚ, 1910 ਨੂੰ ਨਗਰਪਾਲਿਕਾ ਦੀ ਨੌਕਰੀ ਛੱਡ ਦਿੱਤੀ।

ਹਰਨਾਮ ਸਿੰਘ ਐਸ.ਐਸ.ਚਾਈਨਾ ਜਹਾਜ਼ ਰਾਹੀਂ 15 ਮਾਰਚ, 1910 ਨੂੰ ਸ਼ੰਘਾਈ ਤੋਂ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਲਈ ਰਵਾਨਾ ਹੋ ਗਏ। ਅਪ੍ਰੈਲ ਦੇ ਆਖੀਰ ਵਿੱਚ ਉਹਨਾਂ ਦਾ ਜਹਾਜ਼ ਸਾਨਫਰਾਂਸਿਸਕੋ ਪਹੁੰਚ ਗਿਆ। ਅਮਰੀਕਾ ਪਹੁੰਚ ਕੇ ਉਹ ਸਟਾਕਟਨ ਸ਼ਹਿਰ ਵਿਖੇ ਕੰਮ 'ਤੇ ਲੱਗ ਗਏ। ਸਟਾਕਟਨ ਸ਼ਹਿਰ ਵਿੱਚ ਰਹਿਣ ਸਮੇਂ ਉਹਨਾਂ ਇੱਥੇ ਪਹਿਲਾਂ ਤੋਂ ਹੀ ਰਹਿ ਰਹੇ ਪੰਜਾਬੀਆਂ ਦੇ ਸਹਿਯੋਗ ਨਾਲ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਉਹਨਾਂ ਦੀ ਬੀ.ਏ. ਫ਼ਲ ਉਤਪਾਦਨ ਅਤੇ ਬਾਗਬਾਗੀ ਵਿਸ਼ਿਆਂ ਵਿੱਚ ਸੀ। ਅਮਰੀਕਾ ਵਿੱਚ ਉਹਨਾਂ ਫਲਾਂ ਦੇ ਬਾਗ ਠੇਕੇ 'ਤੇ ਲੈ ਲਏ, ਜਿਸ ਵਿੱਚ ਉਹਨਾਂ ਨੂੰ ਕਾਫੀ ਬੱਚਤ ਹੋਈ। ਇਸੇ ਸਮੇਂ ਅਮਰੀਕਾ ਵਿੱਚ ਗ਼ਦਰ ਪਾਰਟੀ ਬਣੀ ਅਤੇ ਗ਼ਦਰ ਅਖਬਾਰ ਵੀ ਸ਼ੁਰੂ ਹੋਇਆ। ਬਾਬਾ ਸੋਹਣ ਸਿੰਘ ਭਕਨਾ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਅਤੇ ਲਾਲਾ ਹਰਦਿਆਲ ਜਨਰਲ ਸਕੱਤਰ ਬਣੇ। ਬਾਬਾ ਜੀ ਦੀ ਸਵੈ ਜੀਵਨੀ 'ਆਪ ਬੀਤੀ ਆਪਣੀ ਹੱਥੀਂ' ਅਨੁਸਾਰ" ਅਸੀਂ ਕੁਝ ਆਦਮੀ ਪਾਰਟੀ ਦੇ ਲਾਈਫ਼ ਮੈਂਬਰ ਚੁਣੇ ਗਏ, ਭਾਵ ਇਨ੍ਹਾਂ ਲਾਈਫ਼ ਮੈਂਬਰਾਂ ਵਿੱਚੋਂ ਜਦ ਵੀ ਪਾਰਟੀ ਨੂੰ ਕਿਸੇ ਮੈਂਬਰ ਦੀ ਲੋੜ ਪਵੇ, ਉਹ ਫੌਰਨ ਪਾਰਟੀ ਦੇ ਕੰਮ ਲਈ ਤਿਆਰ ਹੋ ਜਾਵੇ।[1]

ਜਦੋਂ ਗ਼ਦਰ ਪਾਰਟੀ ਦੇ ਮੋਢੀ ਨੇਤਾ ਪਾਰਟੀ ਦੇ ਫੈਸਲੇ ਅਨੁਸਾਰ ਗ਼ਦਰ ਮਚਾਉਣ ਲਈ ਹਿੰਦੁਸਤਾਨ ਵਾਪਸ ਆ ਗਏ ਤਾਂ ਅਮਰੀਕਾ ਵਿੱਚ ਚੰਦ ਕੁ ਗ਼ਦਰੀ ਹੀ ਪਿੱਛੇ ਰਹਿ ਗਏ। ਉਹਨਾਂ ਵਿੱਚੋਂ ਵੀ ਗ਼ਦਰੀ ਪਾਰਟੀ ਦੀ ਕਾਰਜਕਾਰਨੀ ਦੇ

1. ਗ਼ਦਰ ਲਹਿਰ ਦੇ ਦੋ ਅਮਰ ਨਾਇਕ, ਕਿਰਪਾਲ ਸਿੰਘ ਕਸੇਲ, ਪੰਨਾ 38

ਫੈਸਲੇ ਅਨੁਸਾਰ ਭਾਈ ਭਗਵਾਨ ਪ੍ਰਧਾਨ ਗ਼ਦਰ ਪਾਰਟੀ, ਪਾਰਟੀ ਨੂੰ ਮਜ਼ਬੂਤ ਕਰਨ ਲਈ ਚੀਨ, ਜਾਪਾਨ, ਅਤੇ ਮਨੀਲਾ ਆਦਿ ਦੇਸ਼ਾਂ ਵਿੱਚ ਚਲੇ ਗਏ ਅਤੇ ਪਾਰਟੀ ਜਰਨਲ ਸਕੱਤਰ ਸੰਤੋਖ ਸਿੰਘ ਹੋਰਨਾਂ ਸਾਥੀਆਂ ਨਾਲ ਸਿਆਮ ਬਰਮਾ ਫਰੰਟ 'ਤੇ ਪਾਰਟੀ ਦਾ ਪ੍ਰਚਾਰ ਕਰਨ ਲਈ ਚਲੇ ਗਏ। ਇਸ ਸਮੇਂ ਰਾਮ ਚੰਦਰ ਜੋ ਗ਼ਦਰ ਪਾਰਟੀ ਦਾ ਐਡੀਟਰ ਸੀ, ਯੁਗੰਤਰ ਆਸ਼ਰਮ ਵਿੱਚ ਗਿਣਤੀ ਦੇ ਗ਼ਦਰੀਆਂ ਨਾਲ ਪਿੱਛੇ ਰਹਿ ਗਿਆ, ਜੋ ਆਪ ਹੁਦਰੀਆਂ 'ਤੇ ਉੱਤਰ ਆਇਆ। ਉਸ ਨੇ ਪਾਰਟੀ ਦਾ ਜਮਹੂਰੀ ਤਰੀਕਾਂ ਛੱਡ ਦਿੱਤਾ ਅਤੇ ਆਪ ਹੀ ਕਰਤਾ-ਧਰਤਾ ਬਣ ਬੈਠਾ।

ਅਮਰੀਕਾ ਦੀ ਹਕੂਮਤ ਨੇ ਗ਼ਦਰੀਆਂ ਉੱਪਰ ਸਾਨਫਰਾਂਸਿਸਕੋ ਸਾਜਿਸ਼ ਕੇਸ ਚਲਾ ਦਿੱਤਾ। ਇਸ ਕੇਸ ਦੀ ਸੁਣਵਾਈ ਦੌਰਾਨ ਹੀ 23 ਅਪ੍ਰੈਲ, 1918 ਨੂੰ ਰਾਮ ਸਿੰਘ ਧੁਲੇਤਾ ਨੇ ਰਾਮ ਚੰਦਰ ਨੂੰ ਕੋਰਟ ਵਿੱਚ ਹੀ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਰਾਮ ਸਿੰਘ ਧੁਲੇਤਾ ਨੂੰ ਉੱਥੇ ਮੌਜੂਦ ਮਾਰਸ਼ਲ ਵੱਲੋਂ ਮਾਰ ਦਿੱਤਾ ਗਿਆ। ਪਾਰਟੀ ਦੇ ਜ਼ਿੰਮੇਵਾਰ ਆਗੂਆਂ ਨੇ ਜੇਲ੍ਹ ਵਿੱਚ ਹੋਣ ਸਮੇਂ ਨਵੇਂ ਸੇਵਕਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਇਆ। ਉਹਨਾਂ ਆਪਣਾ ਜਾਤੀ ਰੁਪਈਆਂ ਪਾਰਟੀ ਦੇ ਨਾਮ ਜਮਾਂ ਕਰਵਾਕੇ ਸਾਂਝੀਆਂ ਲੋੜਾਂ ਨੂੰ ਪੂਰਾ ਕੀਤਾ। ਉਸ ਵੇਲੇ ਜਿਨ੍ਹਾਂ ਦੇਸ਼ ਭਗਤਾਂ ਅਜਿਹੀਆਂ ਕੁਰਬਾਨੀਆਂ ਕੀਤੀਆਂ, ਉਹਨਾਂ ਵਿੱਚ ਭਾਈ ਪੂਰਨ ਸਿੰਘ ਜੰਡਿਆਲਾ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਭਾਈ ਜਗਤ ਸਿੰਘ ਕੰਦੋਲਾ, ਸੰਤਾ ਸਿੰਘ ਗੰਡੀਵਿੰਡ, ਪ੍ਰੀਤਮ ਸਿੰਘ ਕਸੇਲ ਉਰਫ਼ ਹਰਨਾਮ ਸਿੰਘ ਅਤੇ ਹੋਰ ਸ਼ਾਮਲ ਸਨ।[1] ਬਾਬਾ ਹਰਨਾਮ ਸਿੰਘ ਕਸੇਲ 1920 ਵਿੱਚ ਸੈਕਰਾਮੈਂਟੋ ਕਮੇਟੀ ਦੇ ਮੈਂਬਰ ਬਣੇ ਅਤੇ ਉਹ ਗ਼ਦਰ ਪਾਰਟੀ ਦੇ ਵਿੱਚ ਸਰਗਰਮੀ ਨਾਲ, ਹਿੱਸਾ ਲੈਣ ਲੱਗ ਪਏ।[2]

ਸਤੰਬਰ 1920 ਵਿੱਚ ਹਿੰਦੁਸਤਾਨ ਗ਼ਦਰ ਪਾਰਟੀ ਵਲੋਂ ਅੰਗਰੇਜ਼ੀ ਵਿੱਚ ਇੰਡੀਪੈਂਡੈਂਟ ਇੰਡੀਆ ਨਾਂ ਦਾ ਮਾਸਿਕ ਰਸਾਲਾ ਸੁਰਿੰਦਰ ਨਾਥ ਕਾਰ ਦੀ ਸੰਪਾਦਨਾ ਹੇਠ ਜਾਰੀ ਕੀਤਾ ਗਿਆ। ਪਰ ਆਰਥਿਕ ਔਕੜਾਂ ਕਰਕੇ ਇਹ ਰਸਾਲਾ ਜਲਦੀ ਹੀ ਬੰਦ ਹੋ ਗਿਆ। ਗ਼ਦਰੀ ਦੇਸ਼ ਭਗਤ ਲੰਬੇ ਸਮੇਂ ਲਈ ਆਪਣਾ ਰਸਾਲਾ ਬੰਦ ਨਹੀਂ ਕਰ ਸਕਦੇ ਸਨ। ਪਰਚਾ ਹੀ ਉਹਨਾਂ ਕੋਲ ਮਾਧਿਅਮ ਸੀ, ਜਿਸ ਰਾਹੀਂ ਉਹ ਬਰਤਾਨਵੀ ਸਰਕਾਰ ਦੇ ਝੂਠ ਦਾ ਪਾਜ ਉਧੇੜ ਸਕਦੇ ਸਨ। ਇਸ ਤਰ੍ਹਾਂ ਦੀ ਪੈਦਾ ਹੋਈ ਸਥਿਤੀ ਨੂੰ ਵਿਚਾਰਨ ਲਈ ਗ਼ਦਰੀ ਦੇਸ਼ ਭਗਤ ਮੈਰੀਸ਼ਵਿਲ ਵਿੱਖੇ ਇਕੱਠੇ ਹੋਏ ਸਨ। ਇਸ ਮੀਟਿੰਗ ਵਿੱਚ ਸਰਗਰਮ ਤੌਰ 'ਤੇ ਸ਼ਿਰਕਤ ਕਰਨ ਵਾਲਿਆਂ ਵਿੱਚ ਨਿਰੰਜਨ ਸਿੰਘ ਪੰਡੋਰੀ, ਦਲੀਪ ਸਿੰਘ ਫਾਹਲਾ, ਹਰਨਾਮ ਸਿੰਘ ਕਸੇਲ, ਚੁੱਭੜ ਸਿੰਘ ਪਾਲਦੀ, ਗੋਪਾਲ ਸਿੰਘ ਸੋਹੀ, ਬਾਵਾ ਸਿੰਘ ਸਕਰੂਲੀ ਅਤੇ ਪੂਰਨ ਸਿੰਘ ਜੰਡਿਆਲਾ ਸ਼ਾਮਲ ਸਨ। ਉਹਨਾਂ ਨੇ ਕੇਂਦਰ ਨੂੰ ਸਰਗਰਮ ਕਰਕੇ ਅਤੇ ਫੰਡ ਇਕੱਠਾ ਕਰਨ ਦਾ ਫੈਸਲਾ ਕੀਤਾ। ਗ਼ਦਰੀ ਵੱਖ-ਵੱਖ ਟੋਲੀਆਂ ਬਣਾਕੇ ਆਰਾ ਮਿੱਲਾਂ ਵਿੱਚ

1. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 97

2. ਜੀਵਨੀ ਗ਼ਦਰੀ ਬਾਬਾ ਸ਼ਹੀਦ ਮਾ. ਉਧਮ ਸਿੰਘ ਕਸੇਲ, ਚਰੰਜੀ ਲਾਲ ਕੰਗਣੀਵਾਲ, ਪੰਨਾ 89

ਫੰਡ ਉਗਰਾਹੁਣ ਲਈ ਗਏ। ਥੋੜ੍ਹੇ ਸਮੇਂ ਵਿੱਚ ਹੀ ਉਹਨਾਂ ਨੇ 'ਸੰਯੁਕਤ ਰਾਜ ਹਿੰਦੁਸਤਾਨ' ਰਸਾਲੇ ਦੀ ਸ਼ੁਰੂਆਤ ਲਈ ਕਾਫੀ ਸਾਰੇ ਪੈਸੇ ਇਕੱਠੇ ਕਰ ਲਏ ਸਨ।

ਜੁਲਾਈ 1923 ਵਿੱਚ ਇਸ ਰਸਾਲੇ ਦਾ ਪਹਿਲਾ ਅੰਕ ਨਿਕਲਿਆ। ਇਸ ਦੇ ਸੰਪਾਦਕੀ ਵਿੱਚ ਕਿਹਾ ਗਿਆ ਸੀ ਕਿ ਇਹ (ਹਿੰਦੁਸਤਾਨ) ਬੜੀ ਤੇਜ਼ੀ ਨਾਲ ਆਪਣੀ ਸਿਆਸੀ ਮੰਜ਼ਿਲ 'ਤੇ ਪੁੱਜ ਰਿਹਾ ਹੈ। "ਸੰਯੁਕਤ ਰਾਜ ਹਿੰਦੁਸਤਾਨ" ਸੰਯੁਕਤ ਰਾਜ ਅਮਰੀਕਾ ਦੇ ਨਮੂਨੇ 'ਤੇ ਉਸਾਰਿਆ ਜਾਣਾ ਵਾਲਾ, ਲੋਕਾਂ ਦਾ, ਲੋਕਾਂ ਦੇ ਲਈ ਅਤੇ ਲੋਕਾਂ ਦੁਆਰਾ ਸਿਰਜਿਆ ਸੁਤੰਤਰ ਭਾਰਤੀ ਕੌਮੀ ਗਣਰਾਜ ਹੋਵੇਗਾ।[1]

ਬਾਬਾ ਹਰਨਾਮ ਸਿੰਘ ਜੀ ਦੀ ਸਵੈ ਜੀਵਨੀ ਅਨੁਸਾਰ, "1923 ਵਿੱਚ ਮੈਂ ਇੰਮਪੀਰੀਅਲ ਵੈਲੀ ਮੈਕਸੀਕੋ ਦੀ ਹੱਦ ਲਾਗੇ ਚਲਿਆ ਗਿਆ ਅਤੇ ਉੱਥੇ ਕਪਾਹ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ, ਜਿਸ ਵਿੱਚ ਕਾਫੀ ਆਮਦਨੀ ਹੋਈ। 1925 ਵਿੱਚ ਮੈਂ ਆਪਣੇ ਨਾਲ ਚਾਰ ਸਾਂਝੀ ਰਲਾ ਲਏ ਤੇ 1300 ਏਕੜ ਵਿੱਚ ਕਪਾਹ ਬੀਜੀ, ਜਿਹੜੀ ਬਹੁਤ ਚੰਗੀ ਹੋਈ। ਨਵੰਬਰ ਦੇ ਮਹੀਨੇ ਕਪਾਹ ਦੀ ਚੁਣਾਈ ਹੋ ਰਹੀ ਸੀ ਕਿ ਗ਼ਦਰ ਪਾਰਟੀ ਨੇ ਇੱਕ ਆਦਮੀ ਮੇਰੇ ਕੋਲ ਭੇਜਿਆ। ਜਿਸ ਨੇ ਕਿਹਾ ਕਿ ਮੈਨੂੰ 15 ਦਸੰਬਰ, 1925 ਨੂੰ ਸਾਨਫਰਾਂਸਿਸਕੋ ਸੱਦਿਆ ਗਿਆ ਹੈ। (ਸਾਨਫਰਾਂਸਿਸਕੋ ਪੁੱਜਣ 'ਤੇ) ਪੰਜ ਦਿਨ ਕਈ ਖੁਫ਼ੀਆ ਗੱਲਾਂ 'ਤੇ ਵਿਚਾਰ ਚਰਚਾ ਹੋਈ ਅਤੇ ਫਿਰ ਮੈਨੂੰ ਸ਼ਿਕਾਗੋ ਸ਼ਹਿਰ ਭੇਜਿਆ ਗਿਆ।[2]

ਦੋ ਦਿਨ ਸ਼ਿਕਾਗੋ ਠਹਿਰਨ ਤੋਂ ਪਿੱਛੋਂ ਉਹ ਇੱਕ ਹਫ਼ਤਾ ਕੁ ਨਿਊਯਾਰਕ ਰਹੇ ਅਤੇ ਕੁਝ ਸਮੇਂ ਪਿੱਛੋਂ ਮਾਸਕੋ ਪਹੁੰਚ ਗਏ। 1926 ਦੇ ਆਰੰਭ ਵਿੱਚ ਗ਼ਦਰ ਪਾਰਟੀ ਨੇ ਕਮਿਊਨਿਸਟ ਕੌਮਾਂਤਰੀ ਸਭਾ ਨਾਲ ਆਪਣੇ ਸਬੰਧ ਜ਼ਿਆਦਾ ਮਜ਼ਬੂਤ ਕਰਨ ਦਾ ਆਖਰੀ ਫੈਸਲਾ ਲੈ ਲਿਆ। ਇਸ ਸਮੇਂ ਹਰਜਾਪ ਸਿੰਘ ਮਾਹਿਲਪੁਰ ਦੀ ਅਗਵਾਈ ਹੇਠ ਰੂਸ ਗਏ ਡੈਪੂਟੇਸ਼ਨ ਵਿੱਚ ਆਪ ਸ਼ਾਮਲ ਹੋਏ ਅਤੇ ਰੂਸ ਇਨਕਲਾਬ ਦੇ ਪਿੱਛੋਂ ਦੇ ਹਾਲਾਤਾਂ ਦਾ ਜਾਇਜ਼ਾ ਲਿਆ। ਮਾਸਕੋ ਪੁੱਜ ਕੇ ਡੈਲੀਗੇਟ ਦੇ ਸਭ ਸਾਥੀ ਈਸਟਰਨ ਯੂਨੀਵਰਸਿਟੀ ਵਿੱਚ ਦਾਖਲ ਹੋ ਗਏ। ਉੱਥੋਂ ਰਾਜਾ ਮਹਿੰਦਰ ਪ੍ਰਤਾਪ ਨਾਲ ਵੀ ਉਸ ਦਾ ਚਿੱਠੀ ਪੱਤਰ ਹੁੰਦਾ ਰਿਹਾ ਸੀ। ਪਾਰਟੀ ਦੇ ਕੰਮ ਲਈ ਪਾਰਟੀ ਅਤੇ ਕੌਮਾਂਤਰਨ ਵੱਲੋਂ ਉਸ ਦੀ ਡਿਊਟੀ ਚੀਨ ਵਿੱਚ ਲਾ ਕੇ ਭੇਜ ਦਿੱਤਾ। ਜਿੱਥੋਂ ਉਹ 26 ਮਈ, 1927 ਨੂੰ ਬਿਸ਼ਨ ਸਿੰਘ ਬੁਰਜ ਰਾਏ ਕੇ ਤੇ ਸਾਉਣ ਸਿੰਘ ਭਡਾਣਾ ਨਾਲ ਕੈਂਨਟਨ ਹੁੰਦੇ ਹੋਏ ਹੰਕਾਊ ਪੁੱਜ ਗਏ। ਉਹ ਹੰਕਾਊ ਦੀ ਗ਼ਦਰ ਪਾਰਟੀ ਦੀ ਇਕਾਈ ਦਾ ਆਗੂ ਬਣ ਗਿਆ ਅਤੇ ਉੱਥੇ ਪਾਨ ਪੈਸੇਫਿਕ ਟ੍ਰੇਡ ਯੂਨੀਅਨ ਕਾਨਫਰੰਸ ਵਿੱਚ, ਗ਼ਦਰ ਪਾਰਟੀ ਦੇ ਨੁਮਾਇੰਦੇ ਵਜੋਂ, ਬਿਸ਼ਨ ਸਿੰਘ ਨਾਲ ਸ਼ਾਮਲ ਹੋਏ। ਸਤੰਬਰ 1928 ਵਿੱਚ ਉਹ ਇੰਦਰ ਸਿੰਘ ਟੂਟੋਮਾਜਰਾ ਅਤੇ ਭਾਈ ਰਤਨ ਸਿੰਘ

---

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 366-367 ਬਰੈਕਟ ਵਾਲੇ ਸ਼ਬਦ ਲੇਖਕ ਦੇ ਹਨ।
2. ਗ਼ਦਰ ਲਹਿਰ ਦੇ ਦੋ ਅਮਰ ਨਾਇਕ, ਕਿਰਪਾਲ ਸਿੰਘ ਕਸੇਲ, ਪੰਨਾ 40-41

ਰਾਏਪੁਰ ਡੱਬਾ ਦੇ ਨਾਲ ਪੀਕਿੰਗ ਛੱਡ ਕੇ ਮਨਚੂਰੀਆਂ ਚਲੇ ਗਏ। ਇੰਦਰ ਸਿੰਘ ਦੇ ਨਾਲ ਨਵੰਬਰ 1928 ਨੂੰ ਮਾਸਕੋ ਪੁੱਜ ਕੇ ਉਹਨਾਂ ਚੀਨ ਵਿਚਲੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ।[1]

ਰੂਸ ਵਿੱਚ ਰਹਿਣ ਸਮੇਂ 31 ਜੁਲਾਈ, 1930 ਨੂੰ ਉਸ ਦਾ ਰੂਸੀ ਲੜਕੀ ਲੁਦਮਿਲਾ ਨਾਲ ਪ੍ਰੇਮ ਵਿਵਾਹ ਹੋ ਗਿਆ। 15 ਮਾਰਚ, 1930 ਨੂੰ ਹਰਨਾਮ ਸਿੰਘ ਨੇ ਈਸਟਰਨ ਯੂਨੀਵਰਸਿਟੀ ਤੋਂ ਇਤਿਹਾਸ ਪਾਸ ਕਰ ਲਿਆ। ਹਰਨਾਮ ਸਿੰਘ ਨੂੰ ਰੂਸ ਵਿੱਚ ਪ੍ਰੀਤਮ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਉਸ ਦਾ ਰੂਸੀ ਨਾਮ ਅਰਲੋਵ ਸੀ। ਪ੍ਰੀਤਮ ਸਿੰਘ ਰੂਸ ਦੇ ਅਲਮਾਤਾ ਸ਼ਹਿਰ ਦੇ ਪਹਾੜਾਂ ਦੇ ਉੱਤੇ ਜੰਗਲੀ ਸੇਬ ਦੇ ਦਰੱਖਤਾਂ ਨੂੰ ਪਿਉਂਦ ਕਰਨ ਦਾ ਕੰਮ ਕਰਦੇ ਰਹੇ। ਫਿਰ ਉਸ ਦੀ ਬਦਲੀ ਸੈਨਫੋਫਿਕ ਇੰਸਚੀਟਿਊਟ (ਕੀਵ ਸ਼ਹਿਰ ਦੇ ਨੇੜੇ) ਹੋ ਗਈ। ਬਾਅਦ ਵਿੱਚ ਕੋਹ-ਕਾਫ਼ ਅਤੇ ਤਾਸ਼ਕੰਦ ਦੇ ਇਲਾਕਿਆਂ ਵਿੱਚ ਵੀ ਉਹਨਾਂ ਦੀ ਡਿਊਟੀ ਰਹੀ। ਜੁਲਾਈ 1935 ਵਿੱਚ ਉਹਨਾਂ ਨੂੰ ਮਾਸਕੋ ਸੱਦ ਲਿਆ ਗਿਆ। ਮਜ਼ਦੂਰਾਂ ਦੀ ਹਾਲਤ ਦਾ ਅਧਿਐਨ ਕਰਨ ਲਈ ਉਹਨਾਂ ਨੂੰ ਪਾਰਟੀ ਵੱਲੋਂ ਤਿੰਨ ਮਹੀਨੇ ਲਈ ਪੈਨਸਿਲਾਂ ਦੇ ਕਾਰਖਾਨੇ ਵਿੱਚ ਕੰਮ 'ਤੇ ਲਗਾਇਆ ਗਿਆ। ਬਾਅਦ ਵਿੱਚ ਉਹਨਾਂ ਨੂੰ ਪਾਰਟੀ ਵੱਲੋਂ ਰਾਜਨੀਤੀ ਵਿਗਿਆਨ ਦਾ ਅਧਿਐਨ ਕਰਨ ਦਾ ਹੁਕਮ ਜਾਰੀ ਹੋ ਗਿਆ। ਰੂਸ ਤੋਂ ਦੇਸ਼ ਵਾਪਸੀ ਸਮੇਂ ਉਹ ਪੈਰਿਸ ਪਹੁੰਚ ਗਏ। ਪੈਰਿਸ ਤੋਂ ਪਾਸਪੋਰਟ ਰਾਹੀਂ ਉਹ ਦੱਖਣੀ ਅਮਰੀਕਾ ਪਹੁੰਚ ਗਏ। ਪਾਸਪੋਰਟ ਗਲਤ ਸਾਬਿਤ ਹੋਣ 'ਤੇ ਉਹਨਾਂ ਨੂੰ ਵਾਪਸ ਪੈਰਿਸ ਭੇਜ ਦਿੱਤਾ ਗਿਆ। ਇੱਕ ਮਹੀਨੇ ਬਾਅਦ ਉਹਨਾਂ ਨੂੰ ਪੈਰਿਸ ਛੱਡ ਜਾਣ ਦਾ ਹੁਕਮ ਹੋਇਆ। ਫਿਰ ਉਹ ਅੱਠ ਮਹੀਨੇ ਬੈਲਜ਼ੀਅਮ ਦੇਸ਼ ਦੇ ਸ਼ਹਿਰ ਐਂਟਵਰਮ ਵਿੱਚ ਰਹੇ ਅਤੇ ਫਿਰ ਚੋਰੀ-ਛੁਪੇ ਪੈਰਿਸ ਪਹੁੰਚ ਗਏ। ਪੈਰਿਸ ਤੋਂ 15 ਅਗਸਤ, 1937 ਨੂੰ ਉਹ ਪਾਸਪੋਰਟ ਬਣਵਾ ਕੇ ਹਿੰਦੁਸਤਾਨ ਵਾਪਸ ਆ ਗਏ। ਦੇਸ਼ ਪਰਤਣ 'ਤੇ ਕਿਸੇ ਮੁਖਬਰ ਦੀ ਇਤਲਾਹ 'ਤੇ ਉਹਨਾਂ ਨੂੰ ਪਕੜ ਲਿਆ ਗਿਆ ਅਤੇ ਲਾਹੌਰ ਦੇ ਕਿਲ੍ਹੇ ਵਿੱਚ ਲਿਜਾ ਕੇ ਬਹੁਤ ਤਸੀਹੇ ਦਿੱਤੇ ਗਏ। ਕੁਝ ਸਮੇਂ ਬਾਅਦ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ।

7 ਮਾਰਚ, 1937 ਨੂੰ ਪੰਜਾਬ ਕਿਸਾਨ ਸਭਾ ਕਾਇਮ ਹੋਈ, ਜਿਸ ਦੇ ਪ੍ਰਧਾਨ ਉੱਘੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਸਨ। ਰਿਹਾਈ ਉਪਰੰਤ ਹਰਨਾਮ ਸਿੰਘ ਕਸੇਲ ਕਿਸਾਨ ਸਭਾ ਵਿੱਚ ਸਰਗਰਮ ਹੋ ਗਏ। ਕਿਸਾਨੀ ਮੰਗਾਂ ਦੇ ਸਬੰਧ ਵਿੱਚ ਹਰਨਾਮ ਸਿੰਘ ਕਸੇਲ ਅਤੇ ਊਧਮ ਸਿੰਘ ਨਾਗੋਕੇ ਦੀ ਅਗਵਾਈ ਹੇਠ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਮੈਮੋਰੰਡਮ ਦੇਣ ਲਈ 20 ਜੁਲਾਈ, 1938 ਨੂੰ ਕਿਸਾਨ ਮਾਰਚ ਜ਼ਲ੍ਹਿਆਂਵਾਲੇ ਬਾਗ਼ ਅੰਮ੍ਰਿਤਸਰ ਤੋਂ ਸ਼ੁਰੂ ਹੋਇਆ। ਜਦੋਂ ਜਲੂਸ ਭੰਡਾਰੀ ਪੁਲ ਤੋਂ ਅੱਗੇ ਵੱਧ ਰਿਹਾ ਸੀ ਤਾਂ ਪੁਲਿਸ ਕਪਤਾਨ ਦੀ ਰਹਿਨੁਮਾਈ ਹੇਠ ਜਲੂਸ 'ਤੇ ਭਾਰੀ ਲਾਠੀਚਾਰਜ ਕੀਤਾ ਗਿਆ। ਇਸ ਲਾਠੀਚਾਰਜ ਵਿੱਚ ਬਾਬਾ ਸੋਹਣ ਸਿੰਘ ਭਕਨਾ ਨੂੰ ਸਖਤ ਸੱਟਾਂ ਲੱਗੀਆਂ ਸਨ। ਹਰਨਾਮ ਸਿੰਘ ਨੂੰ ਮਾਰ ਕੁੱਟ

1. ਜੀਵਨੀ ਗ਼ਦਰੀ ਬਾਬਾ ਸ. ਊਧਮ ਸਿੰਘ ਕਸੇਲ, ਚਰੰਜੀਵਾਲ ਕੰਗਣੀਵਾਲ, ਪੰਨਾ 89

ਕੇ ਪੁਲ ਤੋਂ ਹੇਠਾਂ ਸੁੱਟ ਦਿੱਤਾ ਗਿਆ ਸੀ। ਊਧਮ ਸਿੰਘ ਨਾਗੋਕੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਇਸ ਲਾਠੀਚਾਰਜ ਦੌਰਾਨ 300 ਕਿਸਾਨ ਜ਼ਖਮੀ ਹੋਏ ਸਨ ਅਤੇ 21 ਜੁਲਾਈ ਨੂੰ 145 ਕਿਸਾਨ ਆਗੂ ਗ੍ਰਿਫਤਾਰ ਕਰ ਲਏ ਗਏ ਸਨ, ਜਿੰਨ੍ਹਾਂ ਵਿੱਚ ਬਾਬਾ ਸੋਹਣ ਸਿੰਘ ਭਕਨਾ, ਊਧਮ ਸਿੰਘ ਨਾਗੋਕੇ, ਹਰਨਾਮ ਸਿੰਘ ਕਸੇਲ, ਕਰਤਾਰ ਸਿੰਘ ਗਿੱਲ, ਗਹਿਲ ਸਿੰਘ ਛੱਜਲਵਿੰਡੀ, ਬਾਬਾ ਇੰਦਰ ਸਿੰਘ ਵੇਰਕਾ, ਰਾਮ ਸਿੰਘ ਮਜੀਠਾ, ਦਰਸ਼ਨ ਸਿੰਘ ਫੇਰੂਮਾਨ ਅਤੇ ਹੋਰ ਪ੍ਰਮੁੱਖ ਕਿਸਾਨ ਆਗੂ ਸਾਮਲ ਸਨ।[1]

ਇਸ ਤੋਂ ਬਾਅਦ ਰੋਜ਼ਾਨਾ 25 ਕਿਸਾਨਾਂ ਦਾ ਜੱਥਾ ਜ਼ਲ੍ਹਿਆਂਵਾਲੇ ਬਾਗ਼ ਤੋਂ ਚੱਲ ਕੇ ਕਚਹਿਰੀਆਂ ਵੱਲ ਜਾਂਦਾ ਰਿਹਾ ਅਤੇ ਗ੍ਰਿਫਤਾਰੀਆਂ ਦਿੰਦਾ ਰਿਹਾ। ਅੰਤ 9 ਅਗਸਤ, 1938 ਨੂੰ ਸਰਕਾਰੀ ਅਧਿਕਾਰੀਆਂ ਵੱਲੋਂ ਜ਼ਮੀਨ ਦਾ ਮਾਮਲਾ ਨਾ ਵਧਾਏ ਜਾਣ ਦੇ ਵਿਸ਼ਵਾਸ ਦਿਵਾਉਣ ਮਗਰੋਂ ਇਹ ਮੋਰਚਾ ਕਾਮਯਾਬੀ ਨਾਲ ਸਮਾਪਤ ਹੋਇਆ।

ਬਾਬਾ ਹਰਨਾਮ ਸਿੰਘ ਕਸੇਲ ਨੂੰ ਇੱਕ ਸਾਲ ਲਈ ਪਿੰਡ ਵਿੱਚ ਜੂਹਬੰਦ ਕਰ ਦਿੱਤਾ ਗਿਆ ਅਤੇ ਇੱਕ ਸਿਪਾਹੀ ਉਹਨਾਂ ਦੀ ਨਿਗਰਾਨੀ ਲਈ ਲਗਾ ਦਿੱਤਾ ਗਿਆ। ਬਾਬਾ ਹਰਨਾਮ ਸਿੰਘ ਰਾਤ-ਬਰਾਤੇ ਚੋਰੀ-ਛਿੱਪੇ ਲਾਗਲੇ ਪਿੰਡਾਂ ਵਿੱਚ ਰਹਿੰਦੇ ਬਾਬਾ ਸੋਹਣ ਸਿੰਘ ਭਕਨਾ ਅਤੇ ਕਰਤਾਰ ਸਿੰਘ ਗਿੱਲ ਬਾਸਰਕੇ ਨੂੰ ਮਿਲ ਕੇ ਕਿਰਤੀਆਂ ਕਿਸਾਨਾਂ ਦੇ ਮਾਮਲਿਆਂ ਬਾਰੇ ਵਿਚਾਰਾਂ ਕਰਦੇ ਰਹਿੰਦੇ ਸਨ। ਜੂਹਬੰਦੀ ਦੇ ਸਮੇਂ ਦੌਰਾਨ ਹੀ ਬਾਬਾ ਹਰਨਾਮ ਸਿੰਘ ਨੇ ਪਿੰਡ ਦੀਆਂ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜੂਹਬੰਦੀ ਖਤਮ ਹੁੰਦਿਆਂ ਹੀ ਬਾਬਾ ਹਰਨਾਮ ਸਿੰਘ ਮੁੜ ਰਾਜਸੀ ਗਤੀਵਿਧੀਆਂ ਵਿੱਚ ਸਰਗਰਮ ਹੋ ਗਏ। ਬਾਬਾ ਜੀ ਨੂੰ ਸ਼ੇਖੂਪੁਰੇ ਦੀ ਕਿਸਾਨ ਕਾਨਫਰੰਸ ਵਿੱਚ ਜੋਸ਼ੀਲੀ ਤਕਰੀਰ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਇਸ ਸਮੇਂ ਉਹਨਾਂ ਨੇ ਨੌਂ ਮਹੀਨੇ ਲਈ ਕੈਦ ਭੁਗਤੀ। ਦੂਸਰਾ ਵਿਸ਼ਵ ਯੁੱਧ ਛਿੜ ਜਾਣ 'ਤੇ ਅੰਗਰੇਜ਼ੀ ਸਰਕਾਰ ਨੇ ਵੱਖ-ਵੱਖ ਪਾਰਟੀਆਂ ਦੇ ਉਨ੍ਹਾਂ ਆਗੂਆਂ ਨੂੰ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ, ਜੋ ਹਿੰਦ ਸਰਕਾਰ ਵੱਲੋਂ ਭਾਰਤ ਨੂੰ ਯੁੱਧ ਦੀ ਭੱਠੀ ਵਿੱਚ ਜੋਰ ਧਿੰਗਾਣੇ ਸ਼ਾਮਲ ਕਰ ਲੈਣ ਦਾ ਵਿਰੋਧ ਕਰ ਰਹੇ ਸਨ। ਬਾਬਾ ਹਰਨਾਮ ਸਿੰਘ ਨੂੰ ਵੀ ਇਹਨਾਂ ਰਾਜਸੀ ਕੈਦੀਆਂ ਨਾਲ ਕਾਫੀ ਸਮਾਂ ਦਿਉਲੀ ਦੀ ਕੈਂਪ ਜੇਲ੍ਹ ਵਿੱਚ ਰੱਖਿਆ ਗਿਆ, ਜਿੱਥੇ ਕਈ ਸੂਬਿਆਂ ਦੇ ਰਾਜਸੀ ਵਰਕਰ ਨਜ਼ਰਬੰਦ ਕੀਤੇ ਗਏ ਸਨ। ਫਿਰ ਉਹਨਾ ਨੂੰ ਕੁਝ ਸਮਾਂ ਮੁਜ਼ੱਫਰਨਗਰ ਅਤੇ ਸਪੈਸ਼ਲ ਜ਼ੇਲ੍ਹ ਗੁਜਰਾਤ ਵਿੱਚ ਬਤੌਰ ਸਿਆਸੀ ਕੈਦੀ ਰੱਖਿਆ ਗਿਆ, ਜਿੱਥੋਂ ਉਹਨਾਂ ਨੂੰ 1944 ਦੇ ਆਖੀਰ ਵਿੱਚ ਰਿਹਾਅ ਕੀਤਾ ਗਿਆ।[2]

ਰਿਹਾਈ ਉਪਰੰਤ ਪਿੰਡ ਪਹੁੰਚਣ 'ਤੇ ਉਹਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਕੁਝ ਮਹੀਨੇ ਪਿੰਡ ਰਹਿਣ ਪਿੱਛੋਂ ਬਾਬਾ ਹਰਨਾਮ ਸਿੰਘ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਕੰਮਾਂ ਦੇ ਵਿੱਚ ਰੁੱਝ ਗਏ। ਸੰਤ ਬਾਬਾ ਵਿਸਾਖਾ ਸਿੰਘ

1. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਭਗਤ ਸਿੰਘ ਬਿਲਗਾ, ਪੰਨਾ 285

2. ਗ਼ਦਰ ਲਹਿਰ ਦੇ ਦੋ ਅਮਰ ਨਾਇਕ, ਕਿਰਪਾਲ ਸਿੰਘ ਕਸੇਲ, ਪੰਨਾ 71

ਇਸ ਕਮੇਟੀ ਦੇ ਪ੍ਰਧਾਨ ਸਨ ਅਤੇ ਬਾਬਾ ਹਰਨਾਮ ਸਿੰਘ ਨੇ ਬਤੌਰ ਸਕੱਤਰ ਕਾਰਜ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਜੀ ਨੇ ਆਪਣੇ ਜੀਵਨ ਦੇ ਅੰਤਲੇ ਕੁਝ ਸਾਲ ਆਪਣੇ ਜੱਦੀ ਪਿੰਡ ਵਿਖੇ ਉੱਘੇ ਸਾਹਿਤਕਾਰ ਇਤਿਾਸਕਾਰ ਕਿਰਪਾਲ ਸਿੰਘ ਕਸੇਲ ਦੇ ਪਰਿਵਾਰ ਨਾਲ ਗੁਜ਼ਾਰੇ। ਬਾਬਾ ਜੀ ਅੰਤਲੇ ਸਮੇਂ ਅਧਰੰਗ ਰੋਗ ਤੋਂ ਪੀੜਤ ਹੋ ਗਏ ਸਨ। ਬਾਬਾ ਹਰਨਾਮ ਸਿੰਘ ਜੀ 20 ਜਨਵਰੀ, 1963 ਨੂੰ ਅਕਾਲ ਚਲਾਣਾ ਕਰ ਗਏ। ਬਾਬਾ ਜੀ ਨਮਿਤ 3 ਫ਼ਰਵਰੀ, 1963 ਈ: ਨੂੰ ਪਿੰਡ ਕਸੇਲ ਵਿਖੇ ਸ਼ਰਧਾਂਜਲੀ ਸਮਾਗਮ ਹੋਇਆ, ਜਿਸ ਵਿੱਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਮੇਤ ਕਈ ਹੋਰ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਆਪਣੇ ਜੁਝਾਰੂ ਗ਼ਦਰੀ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ।

# ਹਰਨਾਮ ਸਿੰਘ ਟੁੰਡੀਲਾਟ

ਹਰਨਾਮ ਸਿੰਘ ਟੁੰਡੀਲਾਟ ਉੱਘੇ ਗ਼ਦਰੀ ਯੋਧੇ ਅਤੇ ਦੇਸ਼ ਭਗਤੀ ਦੇ ਜਜ਼ਬੇ ਵਾਲੇ ਪ੍ਰਸਿੱਧ ਕਵੀ ਹੋਏ ਹਨ। ਉਹਨਾਂ ਦੀਆਂ ਕਵਿਤਾਵਾਂ ਵਿੱਚ ਦੇਸ਼ ਪਿਆਰ ਅਤੇ ਗ਼ਦਰ ਪਾਰਟੀ ਦਾ ਪੂਰਾ ਪ੍ਰੋਗਰਾਮ ਉਲੀਕਿਆ ਮਿਲਦਾ ਹੈ। ਉਹਨਾਂ ਦਾ ਜਨਮ 26 ਅਕਤੂਬਰ, 1884 ਈਃ ਨੂੰ ਕੋਟਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸ. ਗੁਰਦਿੱਤ ਸਿੰਘ ਅਤੇ ਮਾਤਾ ਜੀਵਨੀ ਜੀ ਦੇ ਘਰ ਹੋਇਆ ਉਹਨਾਂ ਦੇ ਵੱਡੇ ਭਰਾ ਦਾ ਨਾਮ ਪ੍ਰਤਾਪ ਸਿੰਘ ਅਤੇ ਛੋਟੇ ਭਰਾ ਦਾ ਨਾਮ ਹਜ਼ਾਰਾ ਸਿੰਘ ਸੀ। ਉਹਨਾਂ ਨੇ ਪੰਜਵੀਂ ਤੱਕ ਵਿੱਦਿਆ ਪ੍ਰਾਪਤ ਕੀਤੀ। ਉਹ 28 ਨਵੰਬਰ, 1902 ਨੂੰ 25 ਨੰਬਰ ਪਲਟਨ ਵਿੱਚ ਪਿਸ਼ਾਵਰ ਜਾ ਕੇ ਭਰਤੀ ਹੋ ਗਏ। ਇਸ ਪਲਟਨ ਵਿੱਚ ਉਹਨਾਂ ਦਾ ਚਾਚਾ ਪਹਿਲਾ ਤੋਂ ਹੀ ਭਰਤੀ ਸੀ। ਉਸ ਸਮੇਂ ਫੌਜ ਵਿੱਚ ਤਨਖਾਹ ਕੇਵਲ 9 ਰੁਪਏ ਮਹੀਨਾ ਸੀ।[1] ਉਹਨਾਂ ਦੀ ਪਲਟਨ ਪਿਸ਼ਾਵਰ, ਸਿਆਲਕੋਟ ਅਤੇ ਰਾਵਲਪਿੰਡੀ ਛਾਉਣੀਆਂ ਵਿੱਚ ਰਹੀ। ਉਹਨਾਂ ਚਾਰ ਸਾਲ ਫੌਜ ਦੀ ਨੌਕਰੀ ਕੀਤੀ। ਉਹ 10 ਫ਼ਰਵਰੀ, 1906 ਨੂੰ ਫੌਜ ਦੀ ਨੌਕਰੀ ਛੱਡ ਕੇ ਪਿੰਡ ਆ ਗਏ। ਉਹ ਫੌਜ ਵਿੱਚ ਰਹਿੰਦਿਆਂ ਕਵਿਤਾ ਲਿਖਣ ਲੱਗ ਪਏ ਸਨ। ਪਲਟਨ ਵਿੱਚ ਉਹਨਾਂ ਦੀ ਡਿਊਟੀ ਡਾਕ ਵੰਡਣ 'ਤੇ ਲੱਗੀ ਰਹੀ।

19ਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਹੁਤ ਸਾਰੇ ਭਾਰਤੀ ਰੋਜ਼ਗਾਰ ਦੀ ਤਲਾਸ਼ ਵਿੱਚ ਵਿਦੇਸ਼ਾਂ ਵਿੱਚ ਗਏ। ਇਹਨਾਂ ਵਿੱਚ ਵਧੇਰੇ ਕਰਕੇ ਪੰਜਾਬੀ ਕਿਸਾਨ ਅਤੇ ਨਾਂਅ ਕਟੇ ਫੌਜੀ ਸਨ। ਹਰਨਾਮ ਸਿੰਘ ਵੀ ਆਪਣੇ ਦੋ ਹੋਰ ਦੋਸਤਾਂ ਸ਼ਿਵ ਸਿੰਘ ਅਤੇ ਖ਼ੁਸ਼ਹਾਲ ਸਿੰਘ ਨੂੰ ਨਾਲ ਲੈ ਕੇ 10 ਮਈ, 1906 ਨੂੰ ਘਰ ਤੋਂ ਕਲਕੱਤੇ ਨੂੰ ਰਵਾਨਾ ਹੋ ਗਏ। ਉੱਥੇ ਉਹ 26 ਜੂਨ, 1906 ਨੂੰ ਪੈਸੇਫਿਕ ਰੇਲਵੇ ਕੰਪਨੀ ਦੇ ਜਹਾਜ਼ ਵਿੱਚ ਸਵਾਰ ਹੋ ਕੇ ਵੈਨਕੂਵਰ ਨੂੰ ਰਵਾਨਾ ਹੋ ਗਏ। ਇਸ ਜਹਾਜ਼ ਵਿੱਚ 52 ਪੰਜਾਬੀ ਮੁਸਾਫਿਰ ਸਨ। 12 ਜੁਲਾਈ ਨੂੰ ਉਹਨਾਂ ਦਾ ਜਹਾਜ਼ ਵੈਨਕੂਵਰ ਪਹੁੰਚ ਗਿਆ।[2] ਉਹ ਪੋਰਟ ਮੁੱਢੀ ਵਿੱਚ ਆਰਾ ਮਿੱਲ ਵਿੱਚ ਕੰਮ ਕਰਨ ਲੱਗ ਪਏ। 1908 ਈਃ ਵਿੱਚ ਕੈਨੇਡਾ ਸਰਕਾਰ ਨੇ ਹਿੰਦੋਸਤਾਨੀਆਂ ਦੇ ਕੈਨੇਡਾ ਵਿੱਚ ਦਾਖਲੇ 'ਤੇ ਪਾਬੰਦੀਆਂ ਲਾ ਦਿੱਤੀਆਂ, ਜਿਸ 'ਤੇ ਕੈਨੇਡਾ ਗਏ ਹਿੰਦੀਆਂ ਨੇ ਹਕੂਮਤ ਵਿਰੁੱਧ ਕਾਫੀ ਜੱਦੋ ਜਹਿਦ ਕੀਤੀ, ਪਰ ਮਸਲੇ ਦਾ ਕੋਈ ਹੱਲ ਨਾ ਨਿਕਲਿਆ। ਹਰਨਾਮ ਸਿੰਘ ਦਸੰਬਰ 1909 ਵਿੱਚ ਕੈਨੇਡਾ ਤੋਂ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਚਲੇ ਗਏ। ਉਹ ਅਮਰੀਕਾ ਪਹੁੰਚ ਕੇ ਓਰੇਗਨ ਵਿੱਚ ਬਰਾਈਡਲਵਿਲ ਵਿਖੇ ਲੱਕੜੀ ਦੇ ਕਾਰਖਾਨੇ ਵਿੱਚ ਕੰਮ ਕਰਨ ਲੱਗ ਗਏ। ਓਰੇਗਾਨ ਸੂਬੇ ਦੇ ਸ਼ਹਿਰ ਸੇਂਟ ਜਾਨ ਵਿੱਚ ਪੰਡਤ ਕਾਂਸ਼ੀ ਰਾਮ ਦਾ ਟਿਕਾਣਾ ਸੀ। ਸੇਂਟ ਜਾਨ

---

1. ਦੇਸ਼ ਭਗਤ ਹਰਨਾਮ ਸਿੰਘ ਟੁੰਡੀਲਾਟ, ਗਿਆਨੀ ਹੀਰਾ ਸਿੰਘ ਦਰਦ, ਪੰਨਾ 10
2. ਉਹੀ, ਪੰਨਾ 11

ਤੋਂ ਲਗਭਗ ਦੋ ਤਿੰਨ ਮੀਲ ਦੂਰ ਦਰਿਆ ਦੇ ਦੂਜੇ ਪਾਸੇ ਕਸਬਾ ਲਿੰਟਨ (ਸੂਬਾ ਵਾਸ਼ਿੰਗਟਨ) ਵਿੱਚ ਭਾਈ ਸੋਹਣ ਸਿੰਘ ਭਕਨਾ ਅਤੇ ਉਹਨਾਂ ਦੇ ਹੋਰ ਸਾਥੀ ਰਹਿੰਦੇ ਸਨ। ਇਹਨਾਂ ਸਾਰਿਆਂ ਵਿੱਚ ਆਪਸੀ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਸੀ। 1912 ਦੇ ਸ਼ੁਰੂ ਵਿੱਚ ਪੋਰਟਲੈਂਡ ਵਿੱਚ ਇੱਕ ਇਕੱਠ ਕੀਤਾ ਗਿਆ। ਜਿਸ ਵਿੱਚ ਬਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਹੋਰ ਸਾਥੀ, ਸੇਂਟ ਜਾਨ ਤੋਂ ਪੰਡਤ ਕਾਂਸ਼ੀ ਰਾਮ, ਰਾਮ ਰੱਖਾ ਸਾਹਿਬ-ਸੜੋਆ ਤੇ ਉਹਨਾਂ ਦੇ ਸਾਥੀ, ਮੋਨਾਰਕ ਮਿੱਲ ਤੋਂ ਭਾਈ ਸੋਹਣ ਸਿੰਘ ਭਕਨਾ, ਭਾਈ ਊਧਮ ਸਿੰਘ ਕਸੇਲ ਅਤੇ ਉਹਨਾਂ ਦੇ ਪੋਰਟਲੈਂਡ ਵਿੱਚ ਕੰਮ ਕਰਨ ਵਾਲੇ ਹੋਰ ਸਾਥੀ ਸ਼ਾਮਲ ਹੋਏ। ਸਰਬਸੰਮਤੀ ਨਾਲ ਫੈਸਲਾ ਹੋਇਆ ਕਿ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜੱਥੇਬੰਦੀ ਬਣਾਈ ਜਾਵੇ ਅਤੇ ਪੋਰਟ ਲੈਂਡ ਵਿੱਚ ਮਕਾਨ ਕਿਰਾਏ 'ਤੇ ਲੈ ਕੇ ਇਸ ਦਾ ਦਫ਼ਤਰ ਖੋਲ੍ਹਿਆ ਜਾਵੇ।[1] ਇਸ ਮੀਟਿੰਗ ਵਿੱਚ ਸੋਹਣ ਸਿੰਘ ਭਕਨਾ ਪ੍ਰਧਾਨ, ਜੀ.ਡੀ. ਕੁਮਾਰ ਜਨਰਲ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਖਜ਼ਾਨਚੀ ਚੁਣੇ ਗਏ। ਐਸੋਸੀਏਸ਼ਨ ਦਾ ਉਦੇਸ਼ 'ਭਾਰਤ ਤੋਂ ਭਾਸ਼ਾਈ ਪੱਤਰ ਪ੍ਰਾਪਤ ਕਰਨੇ, ਵਿਦਿਆ ਪ੍ਰਾਪਤੀ ਲਈ ਅਮਰੀਕਾ ਵਿੱਚ ਭਾਰਤੀ ਯੁਵਕ ਬਰਾਮਦ ਕਰਨੇ, ਇਸ ਉਦੇਸ਼ ਨਾਲ ਕਿ ਉਹ ਆਪਣਾ ਜੀਵਨ ਭਾਰਤ ਵਿੱਚ ਰਾਸ਼ਟਰੀ ਕੰਮਾਂ ਲਈ ਲਾ ਸਕਣ ਅਤੇ ਰਾਜਸੀ ਵਿਚਾਰ ਕਰਨ ਲਈ ਸਪਤਾਹਿਕ ਮੀਟਿੰਗਾਂ ਰੱਖਣਾ ਸੀ।[2]

ਇਸ ਐਸੋਸੀਏਸ਼ਨ ਦੀਆਂ ਮੀਟਿੰਗਾਂ ਹਰ ਐਤਵਾਰ ਨੂੰ ਰੱਖੀਆਂ ਜਾਂਦੀਆਂ। ਐਸੋਸੀਏਸ਼ਨ ਦਾ ਜਨਰਲ ਸਕੱਤਰ ਜੀ.ਡੀ.ਕੁਮਾਰ ਬਿਮਾਰ ਹੋ ਗਿਆ ਅਤੇ ਕੰਮ ਰੁਕ ਗਿਆ। ਇਸ 'ਤੇ ਲਾਲਾ ਠਾਕਰ ਦਾਸ ਧੂਰੀ ਦੀ ਸਲਾਹ 'ਤੇ ਕੈਲੇਫੋਰਨੀਆ ਤੋਂ ਲਾਲਾ ਹਰਦਿਆਲ ਨੂੰ ਬੁਲਾਕੇ ਐਸੋਸੀਏਸ਼ਨ ਦਾ ਕੰਮ ਉਸ ਦੇ ਹਵਾਲੇ ਕਰਨਾ ਪ੍ਰਵਾਨ ਕਰ ਲਿਆ ਗਿਆ। ਲਾਲਾ ਹਰਦਿਆਲ ਮਾਰਚ 1913 ਨੂੰ ਪੋਰਟ ਲੈਂਡ ਪਹੁੰਚੇ। ਉਹਨਾਂ ਓਰੇਗਾਨ ਤੇ ਵਾਸ਼ਿੰਗਟਨ ਸਟੇਟਾਂ ਦੇ ਨਾਲ ਲੱਗਦੇ ਸ਼ਹਿਰਾਂ ਵਿੱਚ ਜਿੱਥੇ ਪੰਜਾਬੀ ਮਿੱਲਾਂ-ਕਾਰਖਾਨਿਆਂ ਵਿੱਚ ਕੰਮ ਕਰਦੇ ਸਨ ਜਾ ਕੇ ਲੈਕਚਰ ਦਿੱਤੇ। ਆਸਟੋਰੀਆ ਵਿੱਚ ਲਾਲਾ ਹਰਦਿਆਲ ਦੀ ਮੌਜੂਦਗੀ ਵਿੱਚ ਗ਼ਦਰ ਪਾਰਟੀ ਇੱਕ ਇਨਕਲਾਬੀ ਪਾਰਟੀ ਬਣੀ। ਇੱਥੋਂ ਇਨਕਲਾਬੀ ਪਾਰਟੀ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਕੈਨੇਡਾ ਵਿੱਚ ਸੁਧਾਰਕ ਢੰਗ ਨਾਲ ਰਾਜਸੀ ਮੰਗਾਂ ਮੰਨੀਆਂ ਜਾਂਦੀਆਂ ਸਨ। ਅਮਰੀਕਾ ਵਿੱਚ ਕੁਝ ਸੁਸਾਇਟੀਆਂ ਬਣੀਆਂ ਤੇ ਅਖਬਾਰ ਵੀ ਨਿਕਲੇ, ਪਰ ਉਨ੍ਹਾਂ ਦਾ ਲੱਖਣ ਇਨਕਲਾਬੀ ਨਹੀਂ ਸੀ, ਸੁਧਾਰਕ ਸੀ।[3]

21 ਅਪ੍ਰੈਲ, 1913 ਨੂੰ ਆਸਟੋਰੀਆ ਵਿਖੇ ਹੋਈ ਮੀਟਿੰਗ ਵਿੱਚ ਬਰਾਈਡਲ ਵਿਲ, ਪੋਰਟਲੈਂਡ, ਵਾਨਾ, ਸੇਂਟਜਾਨ ਅਤੇ ਲਿੰਟਨ ਤੋਂ ਨੁਮਾਇੰਦੇ ਸ਼ਾਮਲ ਹੋਏ। ਇਸ

---

1. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 91
2. ਗ਼ਦਰ ਪਾਰਟੀ ਅਤੇ ਭਾਰਤ ਦਾ ਕੌਮੀ ਅੰਦੋਲਨ, ਗੁਰਦੇਵ ਸਿੰਘ ਦਿਉਲ, ਪੰਨਾ 93-94
3. ਗ਼ਦਰ ਲਹਿਰ ਦੀ ਕਹਾਣੀ, ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 10

ਵਿੱਚ ਜੱਥੇਬੰਦੀ ਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਰੱਖਿਆ ਗਿਆ, ਜਿਸ ਦਾ ਸੰਖੇਪ 'ਹਿੰਦੀ ਐਸੋਸੀਏਸ਼ਨ' ਪ੍ਰਵਾਨ ਕੀਤਾ ਗਿਆ। ਪਹਿਲੀ ਨਵੰਬਰ 1913 ਨੂੰ ਸਪਤਾਹਿਕ ਗ਼ਦਰ ਉਰਦੂ ਵਿੱਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਪਹਿਲੀ ਨਵੰਬਰ 1913 ਨੂੰ ਲਾਲਾ ਹਰਦਿਆਲ ਦੇ ਅੰਗ ਰੱਖਿਅਕ ਦੀ ਡਿਊਟੀ ਸੰਭਾਲ ਲਈ।[1] ਹੁਣ ਹਰ ਸਮੇਂ ਹਰਨਾਮ ਸਿੰਘ ਲਾਲਾ ਹਰਦਿਆਲ ਦੇ ਨਾਲ ਰਹਿਣ ਲੱਗ ਪਏ। ਇਸ ਸਮੇਂ ਉਹਨਾਂ ਉੱਪਰ ਲਾਲਾ ਜੀ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਪਿਆ। ਗ਼ਦਰ ਅਖਬਾਰ ਵਿੱਚ ਹਰਨਾਮ ਸਿੰਘ ਟੁੰਡੀਲਾਟ ਦੀਆਂ ਕਵਿਤਾਵਾਂ ਅਕਸਰ ਛਪਣ ਲੱਗ ਪਈਆਂ। ਬਾਅਦ ਵਿੱਚ ਛਪੇ ਗ਼ਦਰ ਗੂੰਜਾਂ ਦੇ ਪਹਿਲੇ ਸੰਗ੍ਰਹਿ ਵਿੱਚ ਹਰਨਾਮ ਸਿੰਘ ਟੁੰਡੀਲਾਟ ਦੀਆਂ ਕਵਿਤਾਵਾਂ ਵੱਡੀ ਗਿਣਤੀ ਵਿੱਚ ਛਪੀਆਂ ਸਨ। ਹਰਨਾਮ ਸਿੰਘ ਟੁੰਡੀਲਾਟ ਨੂੰ ਪਰਚੇ ਦੇ ਸੰਪਾਦਕੀ ਬੋਰਡ ਵਿੱਚ ਸ਼ਾਮਲ ਕਰ ਲਿਆ ਗਿਆ। ਹੁਣ ਹਰਨਾਮ ਸਿੰਘ ਗ਼ਦਰ ਲਈ ਲੇਖ ਵੀ ਲਿਖਦੇ ਅਤੇ ਕਵਿਤਾਵਾਂ ਵੀ।

ਜਦੋਂ ਹਥਿਆਰਬੰਦ ਵਿਦਰੋਹ ਲਈ ਪਾਰਟੀ ਨੇ ਫੌਜੀ ਟ੍ਰੇਨਿੰਗ ਦੀ ਵਿਉਂਤ ਬਣਾਈ ਤਾਂ ਹਰਨਾਮ ਸਿੰਘ ਨੇ ਇੱਕ ਜੈਕ ਨਾਂ ਦੇ ਅਮਰੀਕਨ ਤੋਂ ਬੰਬ ਬਣਾਉਣੇ ਸਿੱਖ ਲਏ। 5 ਜੁਲਾਈ, 1914 ਨੂੰ ਹਰਨਾਮ ਸਿੰਘ ਬੰਬ ਬਣਾ ਰਹੇ ਸਨ ਕਿ ਉਹਨਾਂ ਦਾ ਖੱਬਾ ਹੱਥ ਬੰਬ ਫੱਟਣ ਸਦਕਾ ਉੱਡ ਗਿਆ। ਉਹਨਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਉਹਨਾਂ ਦੀ ਬਾਂਹ ਕੂਹਣੀ ਤੱਕ ਕੱਟਣੀ ਪਈ। ਕੁਝ ਸਮੇਂ ਬਾਅਦ ਉਹ ਠੀਕ ਹੋ ਕੇ ਯੁਗੰਤਰ ਆਸ਼ਰਮ ਵਿੱਚ ਪੁੱਜ ਕੇ ਆਪਣੇ ਕਾਰਜਾਂ ਵਿੱਚ ਜੁੱਟ ਗਏ। ਪਰ ਉਹਨਾਂ ਦੇ ਨਾਲ ਟੁੰਡੀਲਾਟ ਪਿਛੇਤਰ ਸਦਾ ਲਈ ਜੁੜ ਗਿਆ। ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਦੀ ਬਾਂਹ ਨੈਪੋਲੀਅਨ ਨਾਲ ਯੁੱਧ ਸਮੇਂ ਕੱਟੀ ਗਈ ਸੀ, ਜਿਸ ਨੂੰ ਪੰਜਾਬੀ ਟੁੰਡੀਲਾਟ ਕਹਿੰਦੇ ਸਨ। ਇਹੋ ਪਿਛੇਤਰ ਗ਼ਦਰੀਆਂ ਨੇ ਬਾਬਾ ਜੀ ਦੇ ਨਾਂ ਨਾਲ ਜੋੜ ਦਿੱਤਾ।

5 ਅਗਸਤ, 1914 ਦੇ ਗ਼ਦਰ ਅੰਕ ਵਿੱਚ ਅੰਗਰੇਜ਼ੀ ਰਾਜ ਦੇ ਵਿਰੁੱਧ ਐਲਾਨ-ਇ-ਜੰਗ ਛਾਪ ਦਿੱਤਾ ਗਿਆ ਅਤੇ ਗ਼ਦਰੀਆਂ ਨੇ ਦੇਸ਼ ਵੱਲ ਵਹੀਰਾਂ ਘੱਤ ਦਿੱਤੀਆਂ। ਲਾਲਾ ਹਰਦਿਆਲ ਨੇ ਹਰਨਾਮ ਸਿੰਘ ਨੂੰ ਕਿਹਾ ਕਿ ਪ੍ਰੈਸ ਵਿੱਚ ਕੰਮ ਕਰਨ ਵਾਲੇ ਭਾਰਤ ਨਾ ਜਾਣ ਛੇਤੀ ਫੜੇ ਜਾਣਗੇ। ਪਰ ਹਰਨਾਮ ਸਿੰਘ ਦਾ ਖ਼ੂਨ ਉਬਾਲੇ ਖਾ ਰਿਹਾ ਸੀ। ਉਹ ਨਕਲੀ ਹੱਥ ਲਵਾ ਕੇ ਸਾਨਫਰਾਂਸਿਸਕੋ ਤੋਂ ਪੰਜਾਬ ਲਈ ਚੱਲ ਪਏ। ਉਹਨਾਂ ਕੋਲ ਸ਼ੰਘਾਈ ਤੋਂ ਖਰੀਦੀਆਂ 200 ਗੋਲੀਆਂ ਅਤੇ ਪਿਸਤੌਲ ਵੀ ਸੀ। ਉਹ ਕੋਲੰਬੂ ਦੇ ਰਸਤੇ 24 ਦਸੰਬਰ, 1914 ਨੂੰ ਪੰਜਾਬ ਪਹੁੰਚ ਗਏ। ਉਹ ਦੁਆਬੇ ਦੇ ਇਲਾਕੇ ਵਿੱਚ ਸਾਧੂ ਦੇ ਭੇਸ ਵਿੱਚ ਪ੍ਰਚਾਰ ਕਰਨ ਲੱਗ ਪਏ। ਆਪਣੇ ਪ੍ਰਚਾਰ ਦੌਰਾਨ ਉਹ ਆਪਣੀ ਲਿਖੀ ਹੋਈ ਕਵਿਤਾ 'ਉਠੋ ਸ਼ੇਰੋ ਗ਼ਦਰ ਮਚਾਈਏ, ਵੇਲਾ ਨਹੀਂ ਖੁੰਝਾਵਣ ਦਾ' ਅਕਸਰ ਹੀ ਸੁਣਾਉਂਦੇ ਸਨ। ਉਹਨਾਂ ਪਾਰਟੀ ਵੱਲੋਂ ਰਾਵਲਪਿੰਡੀ, ਬੰਨੂ, ਨੌਸ਼ਹਿਰਾ ਅਤੇ ਪਿਸ਼ਾਵਰ ਦੀਆਂ ਛਾਉਣੀਆਂ ਵਿੱਚ ਫੌਜੀ

1. ਬਾਬਾ ਹਰਨਾਮ ਸਿੰਘ ਦਾ ਬਿਆਨ, ਗ਼ਦਰ ਲਹਿਰ ਦੀ ਕਹਾਣੀ, ਪੰਨਾ 63

ਦਲਾਂ ਨਾਲ ਸੰਪਰਕ ਕੀਤਾ।[1]

ਗ਼ਦਰ ਪਾਰਟੀ ਨੇ 21 ਫ਼ਰਵਰੀ, 1915 ਨੂੰ ਦੇਸ਼ ਵਿੱਚ ਅੰਗਰੇਜ਼ਾਂ ਦੇ ਵਿਰੁੱਧ ਬਗਾਵਤ ਕਰਨ ਦਾ ਫੈਸਲਾ ਕਰ ਲਿਆ। ਕਿਰਪਾਲ ਸਿੰਘ ਨਾਂ ਦੇ ਗ਼ਦਾਰ ਨੇ ਇਹ ਸੂਚਨਾ ਗੋਰੀ ਸਰਕਾਰ ਤੱਕ ਪੁੱਜਦੀ ਕਰ ਦਿੱਤੀ। ਬਾਅਦ ਵਿੱਚ ਤਾਰੀਖ ਬਦਲ ਕੇ 19 ਫ਼ਰਵਰੀ ਕਰ ਲਈ ਗਈ। ਪਰ ਗ਼ਦਰ ਮਚਾਉਣ ਦੇ ਮਨਸੂਬੇ ਧਰੇ ਧਰਾਏ ਰਹਿ ਗਏ। ਗ਼ਦਰੀਆਂ ਦੀਆਂ ਧੜਾ ਧੜ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ ਸਨ।

ਇਸ ਸਮੇਂ 21 ਫ਼ਰਵਰੀ ਨੂੰ ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਸੁਰ ਸਿੰਘ ਰਾਤ ਨੂੰ ਲਾਹੌਰ ਤੋਂ ਗੱਡੀ ਪਕੜ ਕੇ ਲਾਇਲਪੁਰ ਚਲੇ ਗਏ। ਬਾਅਦ ਵਿੱਚ ਉਹ ਪਿਸ਼ਾਵਰ ਅਤੇ ਫਿਰ ਅਫਗਾਨਿਸਤਾਨ ਦੀ ਸਰਹੱਦ ਦੇ ਲਾਗੇ ਮਿਚਨੀ ਪਹੁੰਚ ਗਏ। ਉਨ੍ਹਾਂ ਦੇ ਚਿਹਰੇ ਮਾਯੂਮ ਸਨ ਕਿ ਅੰਗਰੇਜ਼ਾਂ ਨਾਲ ਦੋ-ਦੋ ਹੱਥ ਕੀਤੇ ਬਗੈਰ ਹੀ ਉਹ ਦੇਸ਼ ਛੱਡ ਆਏ ਸਨ। ਇਸ ਸਮੇਂ ਉਹਨਾਂ ਦੇ ਜ਼ਿਹਨ ਵਿੱਚ ਹਰਨਾਮ ਸਿੰਘ ਟੁੰਡੀਲਾਟ ਦੀ ਲਿਖੀ ਹੋਈ ਕਵਿਤਾ ਜੋ ਕਈ ਵਾਰ ਗ਼ਦਰ ਵਿੱਚ ਛਪੀ ਸੀ, ਭੜਥੂ ਪਾ ਰਹੀ ਸੀ।

ਹੱਥ ਸਮਸ਼ੀਰ ਕੁੱਦਪੋ ਮੈਦਾਨ ਜੀ।
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦਾ ਲਹੂ ਪੀਈਏ ਰੱਜ ਕੇ।
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਇਸ ਕਵਿਤਾ ਦਾ ਅਜਿਹਾ ਅਸਰ ਹੋਇਆ ਕਿ ਉਹਨਾਂ ਨੇ ਦੇਸ਼ ਵੱਲ ਵਾਪਸੀ ਕਰ ਲਈ। ਵਾਪਸੀ ਸਮੇਂ ਉਹ ਜਗਤ ਸਿੰਘ ਸੁਰ ਸਿੰਘ ਦੇ ਜਾਣਕਾਰ ਰਾਜਿੰਦਰ ਸਿੰਘ ਪੈਨਸ਼ਨਰ ਕੋਲ ਸਰਗੋਧੇ ਰੁਕ ਗਏ। ਰਾਜਿੰਦਰ ਸਿੰਘ ਨੇ ਆਪਣੇ ਮਿੱਤਰ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਰਾਹੀਂ ਥਾਣੇ ਬੱਲੋਵਾਲ ਤੋਂ ਪੁਲਿਸ ਮੰਗਵਾਕੇ ਉਹਨਾਂ ਨੂੰ 2 ਮਾਰਚ, 1915 ਨੂੰ ਵਿਲਸਨਪੁਰ ਦੇ ਸਥਾਨ ਤੋਂ ਗ੍ਰਿਫ਼ਤਾਰ ਕਰਵਾ ਦਿੱਤਾ। ਗ੍ਰਿਫ਼ਤਾਰ ਕਰਨ ਮਗਰੋਂ ਉਹਨਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਲਿਜਾਇਆ ਗਿਆ, ਜਿੱਥੇ ਉਹਨਾਂ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। ਉਹਨਾਂ ਉੱਪਰ 26 ਅਪ੍ਰੈਲ, 1915 ਨੂੰ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਯੁੱਧ ਛੇੜਨ ਅਤੇ ਅੰਗਰੇਜ਼ੀ ਰਾਜ ਦਾ ਤਖਤਾ ਪਲਟਣ ਦੀ ਕੋਸ਼ਿਸ਼ ਕਰਨ ਵਰਗੇ ਸੰਗੀਨ ਜ਼ੁਰਮ ਲਗਾਕੇ ਮੁਕੱਦਮਾ ਚਲਾਇਆ ਗਿਆ। 13 ਸਤੰਬਰ, 1915 ਨੂੰ 24 ਗ਼ਦਰੀਆਂ ਨੂੰ ਫਾਂਸੀ ਦੀ ਸ਼ਜਾ ਸੁਣਾਈ ਗਈ। ਇਹਨਾਂ ਵਿੱਚ ਹਰਨਾਮ ਸਿੰਘ ਟੁੰਡੀਲਾਟ ਵੀ ਸ਼ਾਮਿਲ ਸੀ। ਖੁਸ਼ੀ ਮੁਹੰਮਦ (ਲਾਹੌਰ ਜੇਲ ਦਾ) ਚੀਫ਼ ਵਾਰਡਰ ਸੀ। ਉਹ ਕਈਆਂ ਨੂੰ ਕਹਿੰਦਾ ਸੀ ਕਿ ਸਾਰੇ ਹੀ ਗ਼ਦਰੀ ਦੇਸ਼ ਭਗਤ ਬੜੇ ਨਿਡਰ ਤੇ ਬਹਾਦਰ ਹਨ, ਪਰ ਹਰਨਾਮ ਸਿੰਘ ਟੁੰਡੀਲਾਟ ਅਤੇ ਪਰਮਾਨੰਦ ਝਾਂਸੀ ਦੇ ਮੂੰਹ ਉੱਤੇ

1. ਸਿੱਖ ਧਰਮ ਵਿਸ਼ਵਕੋਸ਼, (ਦੂਜੀ ਸੈਂਚੀ) ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 21

ਕਦੀ ਵੀ ਉਦਾਸੀ ਦਾ ਚਿੰਨ ਨਜ਼ਰ ਨਹੀਂ ਆਇਆ, ਉਹ ਸਦਾ ਗਾਉਂਦੇ ਰਹਿੰਦੇ ਸਨ।[1]

ਵਾਇਸਰਾਏ ਨੇ ਇੱਕ ਵਿਸ਼ੇਸ਼ ਹੁਕਮ ਜਾਰੀ ਕਰਕੇ 17 ਗ਼ਦਰੀਆਂ ਦੀ ਫ਼ਾਸੀ ਦੀ ਸ਼ਜਾ ਰੱਦ ਕਰਕੇ ਉਮਰ ਕੈਦ ਕਰ ਦਿੱਤੀ। ਦਸੰਬਰ ਦੇ ਸ਼ੁਰੂ ਵਿੱਚ ਸਭ ਗ਼ਦਰੀਆਂ ਨੂੰ ਹੱਥਕੜੀਆਂ ਬੇੜੀਆਂ ਲਾ ਕੇ ਲਾਹੌਰ ਤੋਂ ਗੱਡੀ ਚੜ੍ਹਾਕੇ ਕਲਕੱਤੇ ਭੇਜ ਦਿੱਤਾ ਗਿਆ। ਕਲਕੱਤੇ ਪਹੁੰਚਣ 'ਤੇ ਅਲੀਪੁਰ ਜੇਲ੍ਹ ਭੇਜਿਆ ਗਿਆ। 7 ਦਸੰਬਰ, 1915 ਨੂੰ ਹਰਨਾਮ ਸਿੰਘ ਟੁੰਡੀਲਾਟ ਸਮੇਤ ਸਭ ਗ਼ਦਰੀਆਂ ਨੂੰ ਮਹਾਰਾਜਾ ਜਹਾਜ਼ ਵਿੱਚ ਬਿਠਾ ਕੇ ਅੰਡੇਮਾਨ ਭੇਜ ਦਿੱਤਾ ਗਿਆ। 10 ਦਸੰਬਰ, 1915 ਨੂੰ ਇਹ ਕਾਲੇਪਾਣੀ (ਅੰਡੇਮਾਨ) ਦੀ ਜੇਲ੍ਹ ਪੁੱਜ ਗਏ। ਅੰਡੇਮਾਨ ਜੇਲ੍ਹ ਦਾ ਜੇਲ੍ਹਰ ਬੇਰੀ ਬੜਾ ਜ਼ਾਲਮ ਅਤੇ ਕੁੱਰਖਤ ਸੁਭਾਅ ਦਾ ਸੀ। ਇਹ ਜੇਲ੍ਹ ਨੂੰ ਕੁੰਭੀ ਨਰਕ ਕਿਹਾ ਜਾਂਦਾ ਸੀ। ਇਸ ਜੇਲ੍ਹ ਵਿੱਚ ਬਾਬਾ ਜੀ ਨੇ 11 ਦਿਨ ਭੁੱਖ ਹੜਤਾਲ ਕੀਤੀ।

1921 ਵਿੱਚ ਜੇਲ੍ਹ ਪੜਤਾਲੀਆ ਕਮੇਟੀ ਦੀ ਰਿਪੋਰਟ ਅਨੁਸਾਰ ਰਾਜਸੀ ਕੈਦੀਆਂ ਲਈ ਅੰਡੇਮਾਨ ਜੇਲ੍ਹ ਤੋੜ ਦਿੱਤੀ ਗਈ। ਇਸ ਸਮੇਂ ਬਾਬਾ ਹਰਨਾਮ ਸਿੰਘ ਨੂੰ ਕਾਲੇਪਾਣੀ ਤੋਂ ਬਦਲਕੇ ਮਦਰਾਸ ਜੇਲ੍ਹ ਵਿੱਚ ਭੇਜਿਆ ਗਿਆ। ਇੱਥੇ ਉਹਨਾਂ 84 ਦਿਨ ਲੰਬੀ ਭੁੱਖ ਹੜਤਾਲ ਕੀਤੀ। ਇੱਥੋਂ ਯਾਰਵਾਦਾ (ਪੂਨਾ) ਅਤੇ ਫਿਰ ਮੀਆਂ ਵਾਲੀ ਜੇਲ੍ਹ ਵਿੱਚ ਭੇਜਿਆ ਗਿਆ। 1929 ਵਿੱਚ ਉਹਨਾਂ ਨੂੰ ਅੰਬਾਲਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਉਹਨਾਂ ਦਾ ਵਜਨ ਘੱਟ ਕੇ 105 ਪੌਂਡ ਰਹਿ ਗਿਆ। 16 ਵਰਿਆਂ ਬਾਅਦ 15 ਸਤੰਬਰ, 1930 ਨੂੰ ਉਹਨਾਂ ਨੂੰ ਮੈਡੀਕਲ ਗਰਾਊਂਡ 'ਤੇ ਰਿਹਾਅ ਕੀਤਾ ਗਿਆ। ਕੁਝ ਸਿਹਤਯਾਬ ਹੋਣ ਪਿੱਛੋਂ ਮੁੜ ਉਹ ਆਜ਼ਾਦੀ ਦੇ ਅੰਦੋਲਨਾਂ ਵਿੱਚ ਹਿੱਸਾ ਲੈਣ ਲੱਗ ਪਏ ਅਤੇ ਕਿਰਤੀ-ਕਿਸਾਨਾਂ ਦੇ ਅੰਦੋਲਨਾਂ ਵਿੱਚ ਸਰਗਰਮ ਹੋ ਗਏ।

ਦੂਜੇ ਸੰਸਾਰ ਯੁੱਧ ਸਮੇਂ ਉਹਨਾਂ ਨੂੰ ਜੁਲਾਈ 1941 ਵਿੱਚ ਮੁੜ ਗ੍ਰਿਫਤਾਰ ਕਰਕੇ ਮਿੰਟਗੁਮਰੀ ਜੇਲ੍ਹ ਵਿੱਚ ਭੇਜਿਆ ਗਿਆ। ਜਨਵਰੀ 1945 ਵਿੱਚ ਉਹਨਾਂ ਦੀ ਰਿਹਾਈ ਹੋਈ। ਉਹ ਕਿਰਤੀ ਕਿਸਾਨਾਂ ਦੇ ਘੋਲਾਂ ਵਿੱਚ ਸਰਗਰਮ ਰਹੇ। 1946 ਵਿੱਚ ਉਹਨਾਂ ਦੀ ਸਿਹਤ ਬਹੁਤ ਖਰਾਬ ਹੋ ਗਈ। ਇਸ ਸਮੇਂ ਉਹਨਾਂ ਆਪਣੇ ਚਚੇਰੇ ਭਰਾ ਭਗਤ ਸਿੰਘ ਕੋਲ ਟੋਬਾ ਟੇਕ ਸਿੰਘ ਵਿਖੇ ਜਾ ਕੇ ਇਲਾਜ ਕਰਵਾਇਆ ਅਤੇ ਕੁਝ ਤੰਦਰੁਸਤ ਹੋ ਗਏ।

15 ਅਗਸਤ, 1947 ਨੂੰ ਦੇਸ਼ ਆਜ਼ਾਦ ਹੋਇਆ। ਹੋਰਨਾਂ ਦੇਸ਼ ਭਗਤਾਂ ਸਮੇਤ ਬਾਬਾ ਜੀ ਦੀਆਂ ਘਾਲਣਾਵਾਂ ਸਫ਼ਲ ਹੋਈਆਂ। ਦੇਸ਼-ਵੰਡ ਸਮੇਂ ਝੁੱਲੀ ਫਿਰਕੂ ਹਨੇਰੀ ਸਮੇਂ ਉਹਨਾਂ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਸੁੱਰਖਿਅਤ ਕਸਬੇ ਹਰਿਆਣਾ (ਹੁਸ਼ਿਆਰਪੁਰ) ਵਿਖੇ ਕੈਂਪ ਵਿੱਚ ਪਹੁੰਚਾਇਆ। 1948 ਵਿੱਚ ਬਾਬਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਮੇਂ ਉਹਨਾਂ ਤਿੰਨ ਮਹੀਨੇ ਲਈ ਕੈਦ ਦੀ

---

1. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 123

ਸਜ਼ਾ ਭੁਗਤੀ। 1949 ਵਿੱਚ ਉਹ ਹੁਸ਼ਿਆਰਪੁਰ ਵਿਖੇ ਸ਼ਰਨਾਰਥੀਆਂ ਦੇ ਮੁਜ਼ਾਹਰੇ ਵਿੱਚ ਸ਼ਾਮਲ ਹੋਏ ਅਤੇ ਉਹਨਾਂ ਨੂੰ ਫਿਰ ਗ੍ਰਿਫ਼ਤਾਰ ਕਰਕੇ ਫ਼ਿਰੋਜ਼ਪੁਰ ਦੀ ਜੇਲ੍ਹ ਭੇਜ ਦਿੱਤਾ ਗਿਆ। 26 ਜਨਵਰੀ, 1950 ਈਃ ਨੂੰ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵੱਲੋਂ ਉਹਨਾਂ ਨੂੰ ਗੁਜ਼ਾਰੇ ਲਈ ਕੁਝ ਆਰਥਿਕ ਸਹਿਯੋਗ ਮਿਲਦਾ ਰਿਹਾ। ਉਹਨਾਂ ਨੂੰ 1959 ਈਃ ਵਿੱਚ ਪੰਜਾਬ ਸਰਕਾਰ ਨੇ 100 ਰੁਪਏ ਮਾਹਵਾਰੀ ਪੈਨਸ਼ਨ ਸ਼ੁਰੂ ਕੀਤੀ। ਨਵੰਬਰ 1961 ਵਿੱਚ ਆਪ ਨੂੰ ਨਾਮੁਰਾਦ ਕੈਂਸਰ ਨੇ ਘੇਰ ਲਿਆ। ਅੰਤ 18 ਸਤੰਬਰ, 1962 ਨੂੰ ਉਹ ਅਕਾਲ ਚਲਾਣਾ ਕਰ ਗਏ।

ਹਰਨਾਮ ਸਿੰਘ ਕ੍ਰਾਂਤੀਕਾਰੀ ਕਵੀ ਅਤੇ ਵਾਰਤਕਕਾਰ ਸੀ। ਉਹਨਾਂ ਪੰਜਾਬੀ ਸਾਹਿਤ ਦੀ ਝੋਲੀ ਤਿੰਨ ਕਾਵਿ-ਸੰਗ੍ਰਹਿ ਹਰਨਾਮ ਲਹਿਰਾਂ, ਕੁਰੀਤੀ ਸੁਧਾਰ ਅਤੇ ਹਰਨਾਮ ਸੰਦੇਸ਼ ਪਾਏ। ਉਹਨਾਂ ਨੇ ਸੱਚਾ ਸੌਦਾ ਤੇ ਅਖਲਾਕ ਤੇ ਮਜ਼ਹਬ ਦੋਵੇਂ ਪੰਜਾਬੀ ਵਿੱਚ ਅਤੇ ਮਜ਼ਹਬ ਔਰ ਇਨਸਾਨੀਅਤ ਪੁਸਤਕਾਂ ਉਰਦੂ ਵਿੱਚ ਲਿਖੀਆਂ। ਕੌਂਟਲਾ ਨੌਧ ਸਿੰਘ ਵਿਖੇ ਉਹਨਾਂ ਦੀ ਯਾਦ ਵਿੱਚ ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਣਿਆ ਹੋਇਆ ਹੈ।

# ਬਾਬਾ ਹਰਨਾਮ ਸਿੰਘ ਕਾਲਾ ਸੰਘੀਆ

ਬਾਬਾ ਹਰਨਾਮ ਸਿੰਘ ਕਾਲਾ ਸੰਘੀਆ ਗ਼ਦਰ ਲਹਿਰ ਦੇ ਉੱਘੇ ਸੂਰਬੀਰ ਹੋਏ ਹਨ। ਬਾਬਾ ਹਰਨਾਮ ਸਿੰਘ ਜੀ ਦਾ ਜਨਮ 1887 ਈਃ ਵਿੱਚ ਸ. ਸੁੰਦਰ ਸਿੰਘ ਅਤੇ ਗੁਲਾਬ ਦੇਵੀ ਦੇ ਗ੍ਰਹਿ ਵਿਖੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਕਾਲਾ ਸੰਘੀਆ ਵਿੱਚ ਹੋਇਆ। ਇਹ ਪਿੰਡ ਕਪੂਰਥਲਾ ਤੋਂ ਲਗਭਗ 12 ਕਿਲੋ ਮੀਟਰ ਦੂਰ ਕਪੂਰਥਲਾ-ਨਕੋਦਰ ਮਾਰਗ 'ਤੇ ਵਸਿਆ ਹੋਇਆ ਹੈ। ਬਾਬਾ ਜੀ ਦਾ ਪਹਿਲਾ ਨਾਮ ਰਾਮ ਚੰਦ ਸੀ। ਸੁਰਤ ਸੰਭਾਲਣ 'ਤੇ ਉਹ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਦੇ ਕੰਮਾਂ ਵਿੱਚ ਸਹਾਇਤਾ ਕਰਨ ਲੱਗ ਪਏ। ਉਹਨਾਂ ਨੇ ਬਕਾਇਦਾ ਕੋਈ ਸਕੂਲੀ ਵਿੱਦਿਆ ਪ੍ਰਾਪਤ ਨਹੀਂ ਕੀਤੀ। ਉਹ 8 ਫ਼ਰਵਰੀ, 1909 ਨੂੰ 26ਵੀਂ ਪੰਜਾਬੀ ਰਜਮੈਂਟ ਵਿੱਚ ਕੋਹਾਟ ਜਾ ਭਰਤੀ ਹੋਏ। ਉਹਨਾਂ ਫੌਜੀ ਨੌਕਰੀ ਦੌਰਾਨ ਅੰਮ੍ਰਿਤ ਛਕ ਲਿਆ ਅਤੇ ਰਾਮ ਚੰਦ ਤੋਂ ਹਰਨਾਮ ਸਿੰਘ ਬਣ ਗਏ। ਫੌਜੀ ਨੌਕਰੀ ਦੌਰਾਨ ਹੀ ਉਹਨਾਂ ਗੁਰਮੁਖੀ ਵੀ ਸਿੱਖ ਲਈ। ਤਿੰਨ ਕੁ ਸਾਲ ਪਿੱਛੋਂ ਹਰਨਾਮ ਸਿੰਘ ਦੀ ਪਲਟਣ ਨੂੰ ਹਾਂਗਕਾਂਗ (ਚੀਨ) ਭੇਜ ਦਿੱਤਾ ਗਿਆ। ਹਾਂਗਕਾਂਗ ਦੇ ਇਲਾਕੇ ਵਿੱਚ ਫੌਜੀਆਂ ਨੂੰ ਜ਼ਮੀਨਾਂ ਪੁੱਟਣ ਦੇ ਕੰਮ 'ਤੇ ਲਾਇਆ ਜਾਂਦਾ ਸੀ। ਮੁਸਲਮਾਨ ਅਤੇ ਪਠਾਣ ਫੌਜੀ ਬਿਨਾਂ ਕਿਸੇ ਵਿਰੋਧ ਦੇ ਇਹ ਕੰਮ ਕਰਨ ਲੱਗ ਪਏ। ਪਰ ਸਿੱਖ ਫੌਜੀਆਂ ਨੇ ਇਹ ਕੰਮ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਿੱਖ ਫੌਜੀਆਂ ਦੇ ਆਗੂ ਹਰਨਾਮ ਸਿੰਘ ਕਾਲਾ ਸੰਘੀਆ, ਭੁੰਮਣ ਸਿੰਘ ਕਲੇਰ, ਲਾਂਸ ਨਾਇਕ ਕਿਰਪਾ ਸਿੰਘ ਅਤੇ ਲਾਭ ਸਿੰਘ ਚੱਕਵਾਲੀਆ ਸਨ। ਇਸ ਸਮੇਂ ਗੋਰੇ ਅਫ਼ਸਰਾਂ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਫੌਜੀਆਂ ਕੋਲੋਂ ਜ਼ਮੀਨਾਂ ਪੁਟਵਾਉਣ ਦੇ ਕੰਮ ਦੀ ਮਨਾਹੀ ਕਰ ਦਿੱਤੀ। ਇਸ ਕਾਮਯਾਬੀ ਸਦਕਾ ਹਰਨਾਮ ਸਿੰਘ ਅਤੇ ਉਸ ਦੇ ਸਾਥੀਆਂ ਦੇ ਹੌਂਸਲੇ ਵੱਧ ਗਏ।

ਪਹਿਲੀ ਨਵੰਬਰ 1913 ਨੂੰ ਗ਼ਦਰ ਅਖਬਾਰ ਦੀ ਪ੍ਰਕਾਸ਼ਨਾ ਨਾਲ ਗ਼ਦਰ ਲਹਿਰ ਨੂੰ ਬਹੁਤ ਬਲ ਮਿਲਿਆ। ਉਹਨੀਂ ਦਿਨੀਂ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਭਾਈ ਭਗਵਾਨ ਸਿੰਘ ਗ੍ਰੰਥੀ ਸਨ, ਜੋ ਉੱਥੇ ਰਾਜਸੀ ਪ੍ਰਚਾਰ ਕਰਦੇ ਸਨ। ਉਹਨਾਂ ਦੇ ਵਿਚਾਰਾਂ ਤੋਂ ਹਰਨਾਮ ਸਿੰਘ ਬਹੁਤ ਪ੍ਰਭਾਵਿਤ ਹੋਏ। ਗ਼ਦਰ ਦੇ ਪਰਚੇ ਪੜ੍ਹਨ 'ਤੇ ਉਹਨਾਂ ਵਿੱਚ ਦੇਸ਼ ਭਗਤੀ ਦੀਆਂ ਭਾਵਨਾਵਾਂ ਪ੍ਰਬਲ ਹੋ ਉੱਠੀਆਂ। ਜਿਸ ਸਮੇਂ 4 ਅਪ੍ਰੈਲ, 1914 ਨੂੰ ਕਾਮਾਗਾਟਾਮਾਰੂ ਜਹਾਜ਼ ਹਾਂਗਕਾਂਗ ਤੋਂ ਅਗਲੇ ਸਫ਼ਰ ਲਈ ਰਵਾਨਾ ਹੋਇਆ, ਉਸ ਸਮੇਂ ਹਾਂਗਕਾਂਗ ਵਿੱਚ 25 ਵੀਂ ਅਤੇ 26 ਵੀਂ ਪੰਜਾਬੀ ਪਲਟਣ, 25 ਨੰਬਰ ਤੋਪਖਾਨਾ ਅਤੇ 40 ਨੰਬਰ ਡੋਗਰਾ ਪਲਟਣਾਂ ਮੌਜੂਦ ਸਨ। ਭਾਰਤੀ ਫੌਜੀਆਂ ਦੇ ਦਬਾਅ ਸਦਕਾ ਹੀ ਪੁਲਿਸ ਨੂੰ ਬਾਬਾ ਗੁਰਦਿੱਤ ਸਿੰਘ ਨੂੰ ਰਿਹਾਅ ਕਰਨਾ ਪਿਆ ਅਤੇ ਹਾਂਗਕਾਂਗ ਤੋਂ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ ਜਹਾਜ਼) ਦੀ ਰਵਾਨਗੀ ਕਰਨੀ ਪਈ। ਜਦੋਂ 4 ਵਜੇ ਸ਼ਾਮ ਨੂੰ 4 ਅਪ੍ਰੈਲ, 1914

ਨੂੰ ਜਹਾਜ਼ ਰਵਾਨਾ ਹੋਇਆ ਤਾਂ ਸੈਂਕੜੇ ਪੰਜਾਬੀ ਫੌਜੀਆਂ ਨੇ ਝੰਡੀਆਂ ਅਤੇ ਇਸ਼ਾਰਿਆਂ ਨਾਲ ਜਹਾਜ਼ ਨੂੰ ਵਿਦਾਇਗੀ ਦਿੱਤੀ। ਬਾਬਾ ਹਰਨਾਮ ਸਿੰਘ ਜੀ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਕਿਉਂਕਿ ਕੋਈ ਕੌਮੀ ਜਹਾਜ਼ ਸਮੁੰਦਰ ਵਿੱਚ ਠਿੱਲ ਪਿਆ ਸੀ। 26ਵੀਂ ਪੰਜਾਬੀ ਰਜਮੈਂਟ ਦੇ ਕੌਮੀ ਜ਼ਜ਼ਬੇ ਵਾਲੇ ਫੌਜੀਆਂ ਦੇ ਆਗੂਆਂ ਵਿੱਚ ਬਾਬਾ ਹਰਨਾਮ ਸਿੰਘ ਅਤੇ ਫੁੰਮਣ ਸਿੰਘ ਕਲੇਰ ਸ਼ਾਮਲ ਸਨ। ਕਾਮਾਗਾਟਾਮਾਰੂ ਜਹਾਜ਼ ਚਲੇ ਜਾਣ ਪਿੱਛੋਂ ਅਫ਼ਸਰਾਂ ਨੇ ਫੌਜ ਵਿੱਚੋਂ ਸ਼ੱਕੀ ਆਦਮੀ ਚੁਣਨੇ ਸ਼ੁਰੂ ਕਰ ਦਿੱਤੇ, ਜਿੰਨ੍ਹਾਂ ਉੱਤੇ ਗ਼ਦਰ ਦੇ ਪਰਚੇ ਵੰਡਣ ਅਤੇ ਫੌਜੀਆਂ ਵਿੱਚ ਕੌਮੀ ਜ਼ਜਬਾ ਉਭਾਰਨ ਅਤੇ ਹੋਰ ਬਗਾਵਤ ਦੇ ਕੰਮ ਕਰਨ ਦਾ ਸ਼ੱਕ ਸੀ। ਸਰਕਾਰ ਨੇ 53 ਆਦਮੀ ਸ਼ੱਕੀ ਸਮਝਦੇ ਹੋਏ ਜਿੰਨਾਂ ਵਿੱਚ ਹਰਨਾਮ ਸਿੰਘ ਕਾਲਾ ਸੰਘੀਆ, ਫੁੰਮਣ ਸਿੰਘ ਕਲੇਰ, ਲਾਭ ਸਿੰਘ ਚੱਕਵਾਲੀਆ, ਕਿਰਪਾ ਸਿੰਘ ਲੌਂਗਮਾਜਰੀ, ਤੇਜਾ ਸਿੰਘ ਲੋਹੁਕੇ ਆਦਿ ਸ਼ਾਮਲ ਸਨ, ਨੂੰ ਸਿੰਘਾਪੁਰ ਦੇ ਰਸਤੇ ਕਰਾਂਚੀ ਭੇਜ ਦਿੱਤਾ। ਪਹਿਲਾ ਸੰਸਾਰ ਯੁੱਧ ਛਿੜ ਜਾਣ 'ਤੇ ਦੇਸ਼ ਭੇਜੇ ਫੌਜੀਆਂ ਨੂੰ ਹਾਂਗਕਾਂਗ ਬੁਲਾ ਲਿਆ ਗਿਆ। ਪਰ ਕਰਾਂਚੀ ਡੀਪੂ ਦੇ ਇਨਚਾਰਜ ਨੂੰ ਤਾਰ ਭੇਜਕੇ ਕਿਹਾ ਗਿਆ ਕਿ ਹਰਨਾਮ ਸਿੰਘ ਨੂੰ ਨਾ ਭੇਜਿਆ ਜਾਵੇ। ਹਾਂਗਕਾਂਗ ਦੇ ਗੋਰੇ ਅਫ਼ਸਰ ਬਾਬਾ ਜੀ ਤੋਂ ਬਹੁਤ ਭੈਅ ਖਾਂਦੇ ਸਨ। ਬਾਬਾ ਹਰਨਾਮ ਸਿੰਘ ਅਤੇ ਖੁਸ਼ਹਾਲ ਸਿੰਘ ਨੂੰ ਕਰਾਂਚੀ ਡਿਪੂ ਤੋਂ ਫ਼ਿਰੋਜ਼ਪੁਰ ਛਾਉਣੀ ਭੇਜ ਦਿੱਤਾ ਗਿਆ। ਫੁੰਮਣ ਸਿੰਘ ਕਲੇਰ, ਕਿਰਪਾ ਸਿੰਘ, ਈਸ਼ਰ ਸਿੰਘ, ਲਾਭ ਸਿੰਘ ਪਹਿਲਾਂ ਹੀ ਫ਼ਿਰੋਜ਼ਪੁਰ ਭੇਜੇ ਜਾ ਚੁੱਕੇ ਸਨ। ਫ਼ਿਰੋਜ਼ਪੁਰ ਛਾਉਣੀ ਵਿੱਚ ਕਿਰਪਾ ਸਿੰਘ ਲਾਂਸ ਨਾਇਕ ਕੋਲ ਕਰਤਾਰ ਸਿੰਘ ਸਰਾਭੇ ਦਾ ਆਉਣਾ ਜਾਣਾ ਸੀ। ਕਰਤਾਰ ਸਿੰਘ ਸਰਾਭਾ ਛਾਉਣੀਆਂ ਵਿੱਚ ਗ਼ਦਰ ਦਾ ਪ੍ਰਚਾਰ ਕਰਕੇ ਫੌਜੀਆਂ ਨੂੰ ਇਨਕਲਾਬ ਲਈ ਤਿਆਰ ਕਰ ਰਿਹਾ ਸੀ। ਦਸੰਬਰ 1914 ਵਿੱਚ ਕਿਰਪਾ ਸਿੰਘ ਲੌਂਗਮਾਜਰੀ ਰਾਹੀਂ ਬਾਬਾ ਹਰਨਾਮ ਸਿੰਘ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ। ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਅਤੇ ਬੰਤਾ ਸਿੰਘ ਸੰਘਵਾਲ ਅਕਸਰ ਕਿਰਪਾ ਸਿੰਘ ਅਤੇ ਹਰਨਾਮ ਸਿੰਘ ਨੂੰ ਮਿਲਣ ਆਉਂਦੇ ਰਹਿੰਦੇ ਅਤੇ ਗ਼ਦਰ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਰਹਿੰਦੇ। ਗ਼ਦਰ ਪਾਰਟੀ ਵੱਲੋਂ ਦੇਸ਼ ਵਿੱਚ 21 ਫ਼ਰਵਰੀ, 1915 ਦਾ ਦਿਨ ਗ਼ਦਰ ਮਚਾਉਣ ਲਈ ਨਿਸ਼ਚਿਤ ਕਰ ਲਿਆ ਗਿਆ, ਪਰ ਕਿਰਪਾਲ ਸਿੰਘ ਵੱਲੋਂ ਇਹ ਸੂਚਨਾ ਗੋਰੀ ਹਕੂਮਤ ਤੱਕ ਪੁੱਜਦੀ ਕਰ ਦਿੱਤੀ ਗਈ। ਇਸ ਬਾਰੇ ਗ਼ਦਰੀਆਂ ਨੂੰ ਵੀ ਸੂਹ ਮਿਲ ਗਈ। ਗ਼ਦਰ ਪਾਰਟੀ ਨੇ ਗ਼ਦਰ ਦੀ ਤਾਰੀਖ 19 ਫ਼ਰਵਰੀ ਮੁਕੱਰਰ ਕਰ ਲਈ। ਫ਼ਰਵਰੀ 1915 ਵਿੱਚ ਫੌਜੀ ਅਫ਼ਸਰਾਂ ਨੂੰ ਸ਼ੱਕ ਪੈ ਗਿਆ ਕਿ ਫ਼ਿਰੋਜ਼ਪੁਰ ਛਾਉਣੀ ਵਿੱਚ ਕੁਝ ਓਪਰੇ ਬੰਦੇ ਆਉਂਦੇ ਹਨ, ਜੋ ਫੌਜੀਆਂ ਨਾਲ ਗੰਢ-ਤੁਪ ਕਰਦੇ ਹਨ। ਇਸ ਕਰਕੇ ਫੌਜੀ ਅਫ਼ਸਰਾਂ ਨੇ ਬਾਬਾ ਹਰਨਾਮ ਸਿੰਘ ਕਾਲਾ ਸੰਘੀਆ ਅਤੇ ਤੇਜਾ ਸਿੰਘ ਲੋਹੁਕੇ ਨੂੰ ਪੰਦਰਾਂ-ਪੰਦਰਾਂ ਦਿਨ ਦੀ ਜ਼ਬਰੀ ਛੁੱਟੀ ਦੇ ਕੇ ਆਪੋ-ਆਪਣੇ ਪਿੰਡ ਭੇਜ ਦਿੱਤਾ। ਫ਼ਿਰੋਜ਼ਪੁਰ ਛਾਉਣੀ ਉੱਪਰ ਹਮਲਾ ਕਰਨ ਦੀ ਯੋਜਨਾ ਦੱਸਣ ਲਈ ਅਰਜਨ ਸਿੰਘ ਖੁਖਰਾਣਾ ਬਾਬਾ ਜੀ ਕੋਲ ਪਿੰਡ ਕਾਲਾ ਸੰਘਿਆ ਵਿਖੇ ਗਿਆ ਅਤੇ

ਗ਼ਦਰ ਦੀ ਬਦਲੀ ਤਾਰੀਖ 19 ਫ਼ਰਵਰੀ ਦੱਸ ਆਇਆ। ਬਾਬਾ ਹਰਨਾਮ ਸਿੰਘ ਜੀ 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਪਹੁੰਚ ਗਏ। 19 ਫਰਵਰੀ ਨੂੰ ਫ਼ਿਰੋਜ਼ਪੁਰ ਛਾਉਣੀ 'ਤੇ ਹਮਲਾ ਕਰਨ ਲਈ ਕਰਤਾਰ ਸਿੰਘ ਸਰਾਭਾ ਅਤੇ ਬੰਤਾ ਸਿੰਘ ਸੰਘਵਾਲ ਆਪਣਾ ਆਪਣਾ ਜੱਥਾ ਲੈ ਕੇ ਫ਼ਿਰੋਜ਼ਪੁਰ ਪਹੁੰਚ ਗਏ। ਭਾਈ ਰਣਧੀਰ ਸਿੰਘ ਨਾਰੰਗਵਾਲ ਦਾ ਸਾਰਾ ਜੱਥਾ ਵੀ ਫ਼ਿਰੋਜ਼ਪੁਰ ਪਹੁੰਚਿਆ ਹੋਇਆ ਸੀ। 19 ਫ਼ਰਵਰੀ ਨੂੰ ਫ਼ਿਰੋਜ਼ਪੁਰ ਛਾਉਣੀ ਉੱਪਰ ਅੰਗਰੇਜ਼ੀ ਫੌਜ ਦੇ ਪਹਿਰੇ ਲਾ ਦਿੱਤੇ ਗਏ। ਗ਼ਦਰੀਆਂ ਦੀ ਛਾਉਣੀ ਉੱਪਰ ਕਬਜ਼ਾ ਕਰਨ ਦੀ ਯੋਜਨਾ ਅਸਫ਼ਲ ਰਹੀ। ਇਕੱਠੇ ਹੋਏ ਗ਼ਦਰੀ ਉੱਥੋਂ ਖਿੰਡ-ਪੁੰਡ ਗਏ। 20 ਫ਼ਰਵਰੀ ਨੂੰ ਬਾਬਾ ਹਰਨਾਮ ਸਿੰਘ ਜੀ ਪਿੰਡ ਕਾਲਾ ਸੰਘੀਆ ਪਹੁੰਚ ਗਏ। ਗ਼ਦਰੀਆਂ ਦੀਆਂ ਧੜਾ-ਧੜ ਗ੍ਰਿਫ਼ਤਾਰੀਆਂ ਹੋਣ ਲੱਗ ਪਈਆਂ। 20 ਫ਼ਰਵਰੀ ਨੂੰ ਅਰਜਨ ਸਿੰਘ ਖੁਖਰਾਣਾ ਪੁਲਿਸ ਦੇ ਹੱਥ ਆ ਗਿਆ। 23 ਫ਼ਰਵਰੀ ਨੂੰ ਬਾਬਾ ਹਰਨਾਮ ਸਿੰਘ ਆਪਣੇ ਪਿੰਡ ਕਾਲਾ ਸੰਘਿਆ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਕਿਲ੍ਹੇ ਵਿੱਚ ਲਿਜਾਕੇ ਨਜ਼ਰਬੰਦ ਕਰਨਾ ਸ਼ੁਰੂ ਕਰ ਦਿੱਤਾ ਗਿਆ ਅਤੇ ਉਹਨਾਂ ਉੱਪਰ ਲਾਹੌਰ ਸਾਜਿਸ਼ ਕੇਸ ਦੇ ਮੁਕੱਦਮੇ ਸ਼ੁਰੂ ਹੋ ਗਏ।

ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਮੁਕੱਦਮਾ 26 ਅਪ੍ਰੈਲ, 1915 ਨੂੰ ਡੀਫੈਂਸ ਆਫ਼ ਇੰਡੀਆ ਐਕਟ ਅਧੀਨ ਲਾਹੌਰ ਸੈਂਟਰਲ ਜੇਲ੍ਹ ਵਿੱਚ ਸ਼ੁਰੂ ਹੋਇਆ ਅਤੇ 13 ਸਤੰਬਰ, 1915 ਨੂੰ ਵਿਸ਼ੇਸ਼ ਟ੍ਰਿਬਿਊਨਲ ਨੇ ਆਪਣਾ ਫੈਸਲਾ ਸੁਣਾ ਦਿੱਤਾ। ਵਿਸ਼ੇਸ਼ ਟ੍ਰਿਬਿਊਨਲ ਦੇ ਪ੍ਰਧਾਨ ਜੱਜ. ਏ. ਏ. ਇਰਵਨ ਸਨ ਅਤੇ ਹੋਰ ਮੈਂਬਰ ਸਨ ਟੀ.ਪੀ.ਐਲਿਸ ਅਤੇ ਸ਼ਿਓ ਨਰਾਇਣ। ਇਸ ਕੇਸ ਵਿੱਚ ਕਰਤਾਰ ਸਿੰਘ ਸਰਾਭਾ ਸਮੇਤ ਸੱਤ ਸੂਰਬੀਰ ਫਾਂਸੀ ਲੱਗੇ। ਦੂਜਾ ਲਾਹੌਰ ਸ਼ਾਜਿਸ ਕੇਸ 29 ਅਕਤੂਬਰ, 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਹੀ ਸ਼ੁਰੂ ਹੋਇਆ ਅਤੇ ਇਸ ਦਾ ਫੈਸਲਾ 30 ਮਾਰਚ, 1916 ਨੂੰ ਸੁਣਾਇਆ ਗਿਆ। ਇਸ ਕੇਸ ਦੇ ਸਮੇਂ ਵੀ ਪਹਿਲੇ ਮੁਕੱਦਮੇ ਵਾਲੇ ਜੱਜ ਸਨ। ਇਸ ਕੇਸ ਦੇ ਫੈਸਲੇ ਵਿੱਚ ਉੱਤਮ ਸਿੰਘ ਹਾਂਸ, ਈਸ਼ਰ ਸਿੰਘ ਢੁੱਡੀਕੇ, ਬੀਰ ਸਿੰਘ ਬਾਹੋਵਾਲ, ਰੰਗਾ ਸਿੰਘ ਖੁਰਦਪੁਰ ਅਤੇ ਰੂੜ ਸਿੰਘ ਤਲਵੰਡੀ ਦੁਸਾਂਝ ਨੂੰ ਫਾਂਸੀ ਹੋਈ। ਬਾਬਾ ਹਰਨਾਮ ਸਿੰਘ ਕਾਲਾ ਸੰਘਾ ਸਮੇਤ 45 ਗ਼ਦਰੀਆਂ ਨੂੰ ਉਮਰ ਕੈਦ, ਕਾਲੇਪਾਣੀ ਅਤੇ ਜਾਇਦਾਦ ਜ਼ਬਤੀ ਦੀ ਸ਼ਜਾ ਸੁਣਾਈ ਗਈ। ਬਾਬਾ ਜੀ ਉੱਪਰ ਇੰਡੀਅਨ ਪੀਨਲ ਕੋਡ ਦੀਆਂ 121ਏ, 121ਬੀ ਅਤੇ 131ਏ ਧਾਰਾਵਾਂ ਲਾਈਆਂ ਗਈਆਂ। ਸਜ਼ਾ ਤੋਂ ਬਾਅਦ ਬਾਬਾ ਜੀ ਨੂੰ 10 ਹੋਰ ਸਾਥੀਆਂ ਸਮੇਤ ਮਿੰਟਗੁਮਰੀ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਬਾਬਾ ਜੀ ਨੂੰ ਚੱਕੀ ਪੀਸਣ ਦੀ ਸਜ਼ਾ ਦਿੱਤੀ ਗਈ ਅਤੇ ਉਹਨਾਂ ਨੂੰ ਟੋਪੀ ਪਹਿਣਨ ਲਈ ਕਿਹਾ ਗਿਆ। ਉਹਨਾਂ ਦੀ ਪੇਸ਼ੀ ਕਰਕੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ। ਜੇਲ੍ਹ ਦਾ ਦਰੋਗਾ ਖੈਰਦੀਨ ਗ਼ਦਰੀਆਂ ਨਾਲ ਬਹੁਤ ਖਾਰ ਖਾਂਦਾ ਸੀ। ਜੁਲਾਈ 1917 ਵਿੱਚ ਉਹਨਾਂ ਨੂੰ ਹਜ਼ਾਰੀ ਬਾਗ ਦੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। 8-9 ਮਾਰਚ, 1918 ਨੂੰ 18 ਗ਼ਦਰੀ ਹਜ਼ਾਰੀ ਬਾਗ ਜੇਲ੍ਹ ਵਿੱਚੋਂ ਫ਼ਰਾਰ ਹੋ ਗਏ, ਜਿਸ ਦਾ ਵਧੇਰੇ ਵੇਰਵਾ ਭਾਈ

ਰਣਧੀਰ ਸਿੰਘ ਜੀ ਦੀ ਲਿਖੀ ਹੋਈ ਪੁਸਤਕ ਜੇਲ੍ਹ ਚਿੱਠੀਆਂ ਵਿੱਚੋਂ ਪੜ੍ਹਿਆ ਜਾ ਸਕਦਾ ਹੈ। ਜੇਲ੍ਹ ਵਿੱਚੋਂ ਫਰਾਰੀ ਦੌਰਾਨ ਬਾਬਾ ਹਰਨਾਮ ਸਿੰਘ ਕਾਲਾ ਸੰਘੀਆ ਸਖ਼ਤ ਜ਼ਖਮੀ ਹੋ ਗਏ। ਬਾਬਾ ਹਰਨਾਮ ਸਿੰਘ ਕੁਝ ਸਮਾਂ ਨੱਥਾ ਸਿੰਘ ਧੁੰਨ ਦੇ ਸਹਾਰੇ ਤੁਰਦੇ ਰਹੇ। ਪਰ ਬਾਅਦ ਵਿੱਚ ਉਹਨਾਂ ਹਲੀਮੀ ਨਾਲ ਬੇਨਤੀ ਕੀਤੀ ਕਿ, "ਵੀਰੋ ਤੁਸੀਂ ਚਲੇ ਜਾਉ, ਇਹ ਨਾ ਹੋਵੇ ਕਿ ਪੁਲਿਸ ਧਾੜ ਚੜ੍ਹਕੇ ਆ ਜਾਵੇ 'ਤੇ ਸਾਨੂੰ ਸਾਰਿਆਂ ਨੂੰ ਹੀ ਫੜ੍ਹ ਲਵੇ।" ਪੁਲੀਸ ਨੇ ਗ਼ਦਰੀਆਂ ਨੂੰ ਫੜ੍ਹਨ ਲਈ ਇਨਾਮ ਰੱਖ ਦਿੱਤੇ ਸਨ। ਕੁਝ ਚਿਰ ਪਿੱਛੋਂ ਹਰਨਾਮ ਸਿੰਘ ਨੂੰ ਫੜ੍ਹ ਲਿਆ ਗਿਆ ਅਤੇ ਵਾਪਸ ਜੇਲ੍ਹ ਵਿੱਚ ਲਿਆਂਦਾ ਗਿਆ। ਉਹਨਾਂ ਦੇ ਹੋਰ ਕਈ ਸਾਥੀ ਵੀ ਜੇਲ੍ਹ ਲਿਆਂਦੇ ਗਏ। ਭਾਈ ਰਣਧੀਰ ਸਿੰਘ 'ਜੇਲ੍ਹ ਚਿੱਠੀਆਂ ਦੇ ਪੰਨਾ 186 'ਤੇ ਲਿਖਦੇ ਹਨ ਕਿ ਕਲਕੱਤੇ ਤੋਂ ਛਪਦੇ ਸਟੇਟਸਮੈਨ ਨੇ (ਦਲੇਰੀ ਵਾਲੇ ਕਾਰਨਾਮਾ) ਸੁਰਖੀ ਹੇਠ ਗ਼ਦਰੀਆਂ ਦੇ ਹਰਨ ਹੋਣ ਦੇ ਸਾਕੇ ਦਾ ਹਾਲ ਦੂਜੇ ਦਿਨ ਛਾਪ ਦਿੱਤਾ। ਆਈ.ਜੀ.ਜੇਲ੍ਹ ਨੇ ਸਖਤੀਆਂ ਦਾ ਦੌਰ ਸ਼ੁਰੂ ਕਰ ਦਿੱਤਾ। 'ਗੁਟਕੇ, ਧਾਰਮਿਕ ਪੁਸਤਕਾਂ ਸਭ ਵਾਪਸ ਲੈ ਲਈਆਂ ਅਤੇ ਪੁਲੀਟੀਕਲ ਕੈਦੀਆਂ ਵਾਲੇ ਸਭ ਹਕੂਕ ਬੰਦ ਕਰ ਦਿੱਤੇ। ਫ਼ਰਾਰ ਹੋਏ ਗ਼ਦਰੀਆਂ ਦੀ ਸਜ਼ਾ ਦੋ ਦੋ ਸਾਲ ਹੋਰ ਵਧਾ ਦਿੱਤੀ ਗਈ।

1922 ਵਿੱਚ ਬਾਬਾ ਹਰਨਾਮ ਸਿੰਘ ਨੂੰ ਆਪਣੇ ਸਾਥੀਆਂ ਭਾਈ ਰਣਧੀਰ ਸਿੰਘ, ਬਾਬਾ ਗੰਡਾ ਸਿੰਘ, ਬਾਬਾ ਕਰਤਾਰ ਸਿੰਘ ਅਤੇ ਬਾਬਾ ਅਰਜਨ ਸਿੰਘ ਸਮੇਤ ਹਜ਼ਾਰੀ ਬਾਗ਼ ਜੇਲ੍ਹ ਤੋਂ ਰਾਜਮੁੰਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। 1925 ਵਿੱਚ ਉਹਨਾਂ ਨੂੰ ਬਲੂਰ ਜੇਲ੍ਹ ਭੇਜ ਦਿੱਤਾ ਗਿਆ। ਉੱਥੋਂ 10 ਅਪ੍ਰੈਲ, 1925 ਨੂੰ ਉਹਨਾਂ ਨੂੰ ਲਾਹੌਰ ਬਦਲ ਦਿੱਤਾ ਗਿਆ। 19 ਅਪ੍ਰੈਲ, 1929 ਨੂੰ ਸੰਤਾ ਸਿੰਘ ਡੀ.ਆਈ.ਜੀ. ਬਾਬਾ ਜੀ ਨੂੰ ਸ਼ਰਤਾਂ ਸਹਿਤ ਰਿਹਾਅ ਕਰਨ ਲਈ ਜੇਲ੍ਹ ਵਿੱਚ ਆ ਕੇ ਮਿਲਿਆ। ਬਾਬਾ ਜੀ ਨੇ ਰਿਹਾਅ ਹੋਣ ਤੋਂ ਕੋਰਾ ਜਵਾਬ ਦੇ ਦਿੱਤਾ। ਬਾਬਾ ਜੀ ਨੂੰ ਲਾਹੌਰ ਤੋਂ ਰਾਵਲਪਿੰਡੀ ਅਤੇ ਫਿਰ ਫ਼ਿਰੋਜ਼ਪੁਰ ਦੀ ਜੇਲ੍ਹ ਤਬਦੀਲ ਕਰ ਦਿੱਤਾ ਗਿਆ। ਫ਼ਿਰੋਜ਼ਪੁਰ ਜੇਲ੍ਹ ਤੋਂ ਬਾਬਾ ਹਰਨਾਮ ਸਿੰਘ ਨੂੰ ਜਲੰਧਰ ਦੀ ਜੇਲ੍ਹ ਭੇਜ ਦਿੱਤਾ ਗਿਆ। ਅੰਤ 10 ਦਸੰਬਰ, 1935 ਨੂੰ ਬਾਬਾ ਜੀ ਨੂੰ ਜਲੰਧਰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਬਾਬਾ ਜੀ ਅਤੇ ਹੋਰਨਾਂ ਸੂਰਬੀਰਾਂ ਦੀਆਂ ਕੁਰਬਾਨੀਆਂ ਸਦਕਾ 1947 ਵਿੱਚ ਦੇਸ਼ ਆਜ਼ਾਦ ਹੋ ਗਿਆ। 1972 ਵਿੱਚ ਤਤਕਾਲੀ ਰਾਸ਼ਟਰਪਤੀ ਸ੍ਰੀ ਵੀ.ਵੀ. ਗਿਰੀ ਵੱਲੋਂ ਬਾਬਾ ਜੀ ਨੂੰ ਤਾਮਰ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸੰਖੇਪ ਬਿਮਾਰੀ ਪਿੱਛੋਂ ਬਾਬਾ ਹਰਨਾਮ ਸਿੰਘ ਕਾਲਾ ਸੰਘੀਆ 18 ਮਈ, 1978 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਕਾਲਾ ਸੰਘੀਆ ਪਿੰਡ ਦੇ ਹਾਈ ਸਕੂਲ ਦਾ ਨਾਂ ਗ਼ਦਰੀ ਬਾਬਾ ਹਰਨਾਮ ਸਿੰਘ ਦੇ ਨਾਂ ਉੱਪਰ ਰੱਖਿਆ ਹੋਇਆ ਹੈ।

# ਬਾਬਾ ਕੇਸਰ ਸਿੰਘ ਠੱਠਗੜ੍ਹ

ਗ਼ਦਰ ਡਾਇਰੈਕਟਰੀ ਵਿੱਚ ਜ਼ਿਕਰ ਆਉਂਦਾ ਹੈ ਕਿ ਕੇਸਰ ਸਿੰਘ ਪੁੱਤਰ ਭੂਪ ਸਿੰਘ ਵਾਸੀ ਤੱਤਗੜ੍ਹ (ਠੱਠਗੜ੍ਹ) ਥਾਣਾ ਤਰਨਤਾਰਨ, ਅੰਮ੍ਰਿਤਸਰ, ਅਮਰੀਕਾ ਵਿੱਚ ਗ਼ਦਰ ਪਾਰਟੀ ਦਾ ਅਹਿਮ ਮੈਂਬਰ ਸੀ।[1] ਲੇਖਕ ਰਾਮ ਸਿੰਘ ਮਜੀਠਾ ਅਨੁਸਾਰ ਬਾਬਾ ਕੇਸਰ ਸਿੰਘ ਜੀ ਦਾ ਜੀਵਨ ਕਾਲ 1879-1962 ਹੈ।[2] ਗ਼ਦਰ ਲਹਿਰ ਦੇ ਉੱਘੇ ਨਾਵਲਕਾਰ, ਇਤਿਹਾਸਕਾਰ ਕੇਸਰ ਸਿੰਘ ਜੀ ਲਿਖਦੇ ਹਨ ਕਿ ਬਾਬਾ ਕੇਸਰ ਸਿੰਘ ਜੀ ਠੱਠਗੜ੍ਹ ਇੱਕ ਕਿਸਾਨ ਘਰਾਣੇ ਵਿੱਚ 1885-86 ਵਿੱਚ ਠੱਠਗੜ੍ਹ (ਅੰਮ੍ਰਿਤਸਰ) ਵਿੱਚ ਪੈਦਾ ਹੋਏ।[3] ਪਰ ਬਾਬਾ ਜੀ ਦੇ ਆਪਣੇ ਬਿਆਨ ਅਨੁਸਾਰ ਉਹਨਾ ਦਾ ਜਨਮ 1875 ਮੱਘਰ ਦਾ ਹੈ।[4] ਗਿਆਨੀ ਹੀਰਾ ਸਿੰਘ ਦਰਦ ਜੀ ਨੂੰ ਬਾਬਾ ਜੀ ਵੱਲੋ ਕਲਮਬੰਦ ਕਰਵਾਏ ਬਿਆਨ ਅਨੁਸਾਰ ਉਹਨਾਂ ਦਾ ਜਨਮ 1875 ਈਃ ਵਿੱਚ ਪਿੰਡ ਠੱਠਗੜ੍ਹ ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸ. ਭੂਪ ਸਿੰਘ ਅਤੇ ਦਾਦੇ ਦਾ ਨਾਂ ਸ. ਜੈਮਲ ਸਿੰਘ ਸੀ। ਉਹਨਾਂ ਦੀ 48 ਵਿੱਘੇ ਜ਼ਮੀਨ ਹੈ।[5]

ਕੇਸਰ ਸਿੰਘ ਸ਼ੁਰੂ ਤੋਂ ਹੀ ਹੁੰਦੜਹੇਲ ਅਤੇ ਰਿਸ਼ਟਪੁਸ਼ਟ ਸੀ। ਉਹਨਾਂ ਦਾ ਕੱਦ 6 ਫੁੱਟ ਅਤੇ ਸਰੀਰ ਬਹੁਤ ਮਜਬੂਤ ਸੀ। ਕੇਸਰ ਸਿੰਘ ਸਕੂਲੀ ਵਿੱਦਿਆ ਨਾ ਪ੍ਰਾਪਤ ਕਰ ਸਕੇ। ਬਚਪਨ 'ਚੋਂ ਨਿਕਲ ਕੇ ਪਹਿਲਾਂ ਪਸ਼ੂ ਚਾਰਨ 'ਤੇ ਹੌਲੀ-ਹੌਲੀ ਖੇਤੀ ਦੇ ਕਾਰੋਬਾਰ ਵਿੱਚ ਹੱਥ ਵਟਾਉਂਦਿਆ 19-20 ਸਾਲ ਦੀ ਉਮਰ ਵਿੱਚ ਉਹਨਾਂ ਦਾ ਵਿਆਹ ਹੋ ਗਿਆ। ਕੇਸਰ ਸਿੰਘ ਦਰਸ਼ਨੀ ਜੁਆਨ ਸੀ। ਪੰਜਾਬੀ ਜੁਆਨ ਫੌਜ ਵਿੱਚ ਦੂਜਿਆਂ ਨਾਲੋਂ ਵੱਧ ਯੋਗ ਸਮਝਿਆ ਜਾਂਦਾ ਸੀ।

ਵਿਆਹ ਤੋਂ ਛੇਤੀ ਬਾਅਦ ਕੇਸਰ ਸਿੰਘ ਹੋਤੀ ਮਰਦਾਨ ਜਾ ਕੇ ਰਸਾਲੇ ਵਿੱਚ ਭਰਤੀ ਹੋ ਗਏ।[6] ਦੋ ਸਾਲ ਫੌਜ ਵਿੱਚ ਨੌਕਰੀ ਕੀਤੀ ਅਤੇ ਫਿਰ ਸ਼ੰਘਾਈ ਜਾ ਕੇ ਪੁਲਿਸ ਵਿੱਚ ਭਰਤੀ ਹੋ ਗਏ। 1908-09 ਵਿੱਚ ਉਹ ਹੋਰਨਾਂ ਪੰਜਾਬੀਆਂ ਨਾਲ ਸ਼ੰਘਾਈ ਤੋਂ ਅਮਰੀਕਾ ਚਲੇ ਗਏ। ਬਾਬਾ ਕੇਸਰ ਸਿੰਘ ਦੇ ਬਿਆਨ ਅਨੁਸਾਰ,

---

1. ਭਾਈ ਨਾਹਰ ਸਿੰਘ ਐਮ.ਏ. ਭਾਈ ਕਿਰਪਾਲ ਸਿੰਘ, ਗ਼ਦਰ ਡਾਇਰੈਕਟਰੀ 1913-15, ਪੰਨਾ 41
2. ਰਾਮ ਸਿੰਘ ਮਜੀਠਾ, ਅੰਮ੍ਰਿਤਸਰ ਦੇ ਜੁਝਾਰੂ ਯੋਧੇ, ਪੰਨਾ 157
3. ਸੰਗ੍ਰਹਿਕਾਰ ਕੇਸਰ ਸਿੰਘ ਨਾਵਲਕਾਰ, ਗ਼ਦਰ ਲਹਿਰ ਦੀ ਕਵਿਤਾ, ਪੰਨਾ 442
4. ਚੈਨ ਸਿੰਘ ਚੈਨ, (ਸੰਗ੍ਰਿਕਰਤਾ) ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ 113.
5. ਗਿਆਨੀ ਹੀਰਾ ਸਿੰਘ ਦਰਦ, ਸੰਪਾਦਕ ਡਾ. ਹਰਜੀਤ ਸਿੰਘ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ 73
6. ਚਰੰਜੀ ਲਾਲ ਕੰਗਣੀਵਾਲ, ਗ਼ਦਰੀ ਬਾਬਾ ਕੇਸਰ ਸਿੰਘ ਠੱਠਗੜ੍ਹ, ਜੀਵਨ ਸੰਘਰਸ਼, ਪੰਨਾ 23-24

"ਉੱਥੋਂ ਪੁੱਛਿਆ ਕਿ ਪੰਜਾਬੀ ਕਿੱਥੇ ਰਹਿੰਦੇ ਹਨ। ਪਤਾ ਲੱਗਾ ਕਿ ਸਟਾਕਟਨ ਵਿੱਚ ਕਾਫ਼ੀ ਪੰਜਾਬੀ ਰਹਿੰਦੇ ਹਨ। ਮੈਂ ਇੱਕ ਬੋਟ ਵਿੱਚ ਬੈਠਕੇ ਦਰਿਆ ਰਾਹੀਂ ਸਟਾਕਟਨ ਚਲਾ ਗਿਆ। ਉੱਥੇ ਪੰਜਾਬੀਆਂ ਦਾ ਪਤਾ ਕੱਢਿਆ। ਲਾਗੇ ਹੀ ਖੇਤਾਂ ਵਿੱਚ ਬਾਬਾ ਜਵਾਲਾ ਸਿੰਘ ਹੁਰੀਂ ਕੰਮ ਕਰਦੇ ਸਨ। ਉਨ੍ਹਾਂ ਨੂੰ ਜਾ ਮਿਲਿਆ। ਬਾਬਾ ਵਿਸਾਖਾ ਸਿੰਘ ਅਤੇ ਸੰਤੋਖ ਸਿੰਘ ਨੂੰ ਵੀ ਮਿਲਿਆ। 3-4 ਮਹੀਨੇ ਤਾਂ ਮੈਂ ਇੱਥੇ ਹੀ ਕੰਮ ਕਰਦਾ ਰਿਹਾ। ਫਿਰ ਹੋਰ ਅੱਗੇ ਆਸਟੋਰੀਆ ਚਲਾ ਗਿਆ। ਇੱਥੇ ਇੱਕ ਆਰਾ ਮਿੱਲ ਵਿੱਚ ਚਿਰਾਈ ਦੇ ਕੰਮ ਉੱਤੇ ਢਾਈ ਡਾਲਰ ਰੋਜ਼ਾਨਾ ਉੱਤੇ ਕੰਮ ਮਿਲ ਗਿਆ। ਇਸ ਮਿਲ ਵਿੱਚ ਦੋ ਤਿੰਨ ਸੌ ਪੰਜਾਬੀ ਕੰਮ ਕਰਦੇ ਸਨ।[1] ਆਰਥਿਕ ਮੰਦਵਾੜੇ ਅਤੇ ਰੋਜ਼ਗਾਰ ਦੇ ਮੌਕਿਆਂ ਦੀ ਘਾਟ ਦਾ ਗੁੱਸਾ ਗੋਰੇ ਭਾਰਤੀਆਂ ਸਮੇਤ ਚੀਨ, ਜਾਪਾਨ ਤੋਂ ਆਏ ਏਸ਼ੀਅਨਾਂ ਉੱਪਰ ਕੱਢਣ ਲੱਗ ਪਏ ਸਨ। ਉਹਨਾਂ 'ਏਸ਼ੀਅਨਾਂ ਨੂੰ ਬਾਹਰ ਕੱਢੋ ਲੀਗ' ਬਣਾ ਲਈ ਸੀ। ਉੱਥੇ ਗਏ ਹੋਏ ਹਿੰਦੀ ਲੋਕਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ। ਜ਼ਲਾਲਤ ਸਹਿਣ ਦੀ ਥਾਂ ਉਹ ਆਪਣੇ ਹਿੱਤਾਂ ਲਈ ਜੱਥੇਬੰਦ ਹੋਣੇ ਸ਼ੁਰੂ ਹੋ ਗਏ।

ਕੈਲੇਫੋਰਨੀਆ ਤੇ ਓਰੇਗਾਨ, ਜਿਹੜੇ ਸੂਬਿਆਂ ਵਿੱਚ ਹਿੰਦੁਸਤਾਨੀ ਪ੍ਰਵਾਸੀ ਵੱਡੀ ਤਾਦਾਦ (ਗਿਣਤੀ) ਵਿੱਚ ਰਹਿੰਦੇ ਸਨ, ਉੱਪਰ ਬਗਾਵਤ ਦੀਆਂ ਲਾਟਾਂ ਹੌਲੀ-ਹੌਲੀ ਫੈਲਣ ਲੱਗ ਪਈਆਂ। 1912 ਦੇ ਅੰਤ ਜਾਂ 1913 ਦੇ ਸ਼ੁਰੂ ਵਿੱਚ ਆਸਟੋਰੀਆ (ਓਰੇਗਾਨ) ਵਿੱਚ ਇੱਕ 'ਹਿੰਦੁਸਤਾਨੀ ਐਸੋਸੀਏਸ਼ਨ' ਬਣਾਏ ਜਾਣ ਨਾਲ ਇਸ ਨੂੰ ਪਹਿਲੇ ਫ਼ਲ ਪੈਣ ਲੱਗੇ। ਇਸ ਮੀਟਿੰਗ ਵਿੱਚ ਮੁਣਸ਼ੀ ਰਾਮ, ਕਰੀਮ ਬਖਸ਼, ਨਵਾਬ ਖਾਨ, ਕੇਸਰ ਸਿੰਘ ਠੱਠਗੜ੍ਹ, ਬੰਤਾ ਸਿੰਘ ਸੰਘਵਾਲ ਅਤੇ ਕਰਤਾਰ ਸਿੰਘ ਸਰਾਭਾ ਨੇ ਤਕਰੀਰਾਂ ਕੀਤੀਆਂ। ਕੇਸਰ ਸਿੰਘ ਨੂੰ ਪ੍ਰਧਾਨ ਅਤੇ ਬਲਵੰਤ ਸਿੰਘ ਨੂੰ ਸਕੱਤਰ ਚੁਣਿਆ ਗਿਆ। ਐਸੋਸੀਏਸ਼ਨ ਦੇ ਐਲਾਨੇ ਗਏ ਨਿਸ਼ਾਨੇ ਇਹ ਸਨ:

(ੳ) ਹਿੰਦੋਸਤਾਨ ਵਿੱਚੋਂ ਸਥਾਨਕ ਜ਼ੁਬਾਨਾਂ ਦੇ ਅਖ਼ਬਾਰ, ਰਸਾਲੇ ਮੰਗਵਾਏ ਜਾਣ।

(ਅ) ਮੁਲਕ ਵਿੱਚੋਂ ਅਮਰੀਕਾ ਵਿੱਚ ਪੜ੍ਹਨ ਲਈ ਨੌਜਵਾਨਾਂ ਨੂੰ ਬੁਲਾਉਣਾ ਤਾਂ ਕਿ ਉਨ੍ਹਾਂ ਦੀ ਹਿੰਦੁਸਤਾਨ ਵਿੱਚ 'ਕੌਮੀ ਕਾਜ' ਵਾਸਤੇ ਇੱਥੇ ਤਿਆਰੀ ਕਰਵਾਈ ਜਾਵੇ।

(ੲ) ਹਫ਼ਤਾਵਰੀ ਮੀਟਿੰਗਾਂ ਕਰਨ ਦਾ ਫੈਸਲਾ ਤਾਂ ਕਿ ਸਿਆਸਤ ਉੱਤੇ ਵਿਚਾਰ ਚਰਚਾ ਹੋਵੇ।[2]

ਹਿੰਦੁਸਤਾਨੀ ਐਸੋਸੀਏਸ਼ਨ ਦੀਆਂ ਹਫ਼ਤਾਵਰੀ ਮੀਟਿੰਗਾਂ ਹੁੰਦੀਆਂ, ਵਿਚਾਰ ਚਰਚਾ ਹੁੰਦੀ, ਚੰਦਾ ਇਕੱਠਾ ਕੀਤਾ ਜਾਂਦਾ। ਅਸਟੋਰੀਆ ਦੀ ਮਿੱਲ ਵਿੱਚ 21 ਅਪ੍ਰੈਲ, 1913 ਨੂੰ ਹੋਈ ਵਿਸ਼ਾਲ ਕਾਨਫਰੰਸ ਵਿੱਚ ਲਾਲਾ ਹਰਦਿਆਲ ਅਤੇ ਹੋਰਨਾਂ

---

1. ਗਿਆਨੀ ਹੀਰਾ ਸਿੰਘ ਦਰਦ, ਸੰਪਾਦਕ ਡਾ. ਹਰਜੀਤ ਸਿੰਘ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ ਪੰਨਾ 74

2. ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ, ਅਨੁਵਾਦ ਬੂਟਾ ਸਿੰਘ, ਗ਼ਦਰ ਲਹਿਰ ਅਤੇ ਹਿੰਦੁਸਤਾਨ ਦੀ ਸਾਮਰਾਜ ਵਿਰੋਧੀ ਜੱਦੋਜਹਿਦ, ਪੰਨਾ 39-40

ਸਾਥੀਆਂ ਦੇ ਲੈਕਚਰ ਹੋਣ ਤੋਂ ਪਿੱਛੋਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਦਾ ਗਠਨ ਕਰਕੇ ਚੋਣ ਕੀਤੀ ਗਈ। ਜਿਸ ਵਿੱਚ ਪ੍ਰਧਾਨ-ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ-ਕੇਸਰ ਸਿੰਘ ਠੱਠਗੜ੍ਹ, ਸਕੱਤਰ-ਲਾਲਾ ਹਰਦਿਆਲ, ਖ਼ਜ਼ਾਨਚੀ-ਪੰਡਤ ਕਾਂਸ਼ੀ ਰਾਮ ਮੜੌਲੀ, ਮੀਤ ਸਕੱਤਰ ਹਰਨਾਮ ਸਿੰਘ ਕੋਟਲਾ ਨੌਧ ਸਿੰਘ, ਜਥੇਬੰਦਕ ਸਕੱਤਰ-ਕਰੀਮ ਬਖ਼ਸ਼ ਅਤੇ ਮੁਣਸ਼ੀ ਰਾਮ ਬਣਾਏ ਗਏ।

ਪਾਰਟੀ ਦਾ ਹੈੱਡਕੁਆਟਰ ਯੁਗੰਤਰ ਆਸ਼ਰਮ ਬਣਾਕੇ ਗ਼ਦਰ ਅਖਬਾਰ ਛਾਪਣਾ ਸ਼ੁਰੂ ਕੀਤਾ ਗਿਆ। ਅਖ਼ਬਾਰ ਦੇ ਨਾਂ 'ਤੇ ਹੀ ਪਾਰਟੀ ਗ਼ਦਰ ਪਾਰਟੀ ਵਜੋਂ ਮਸ਼ਹੂਰ ਹੋਈ। ਗ਼ਦਰ ਅਖਬਾਰ ਸਭ ਨੂੰ ਮੁਫ਼ਤ ਭੇਜਿਆ ਜਾਂਦਾ ਸੀ। ਬਾਬਾ ਕੇਸਰ ਸਿੰਘ ਜੀ ਦੇ ਬਿਆਨ ਅਨੁਸਾਰ, "ਮੈਂ ਬਾਹਰ ਦੌਰਿਆਂ 'ਤੇ ਜਾਂਦਾ, ਲੈਕਚਰ ਦਿੰਦਾ, ਮੇਰੇ ਨਾਲ ਈਸ਼ਰ ਸਿੰਘ ਮਰਹਾਣਾ, ਕਰੀਮ ਬਖਸ਼, ਮੁਨਸ਼ੀ ਰਾਮ, ਬਲੰਵਤ ਸਿੰਘ ਆਦਿ ਕੰਮ ਕਰਦੇ ਸਨ।[1] ਗ਼ਦਰ ਅਖਬਾਰ ਨੇ ਪਾਰਟੀ ਦੇ ਪ੍ਰਚਾਰ-ਪਸਾਰ ਵਿੱਚ ਮੱਹਤਵਪੂਰਨ ਭੂਮਿਕਾ ਨਿਭਾਈ। ਪੰਜ ਅਗਸਤ, 1914 ਦੇ ਗ਼ਦਰ ਵਿੱਚ ਛਪੇ 'ਯੁੱਧ ਦਾ ਨਗਾਰਾ' ਲੇਖ ਵਿੱਚ ਲਿਖਿਆ ਸੀ, "ਜੰਗ ਸ਼ੁਰੂ ਹੋ ਚੁੱਕੀ ਹੈ। ਹੁਣ ਭਾਰਤ ਦੀ ਆਜ਼ਾਦੀ ਲਈ ਸੁਨਹਿਰੀ ਮੌਕਾ ਹੈ। ਉੱਠੋ ਵੀਰੋ! ਹੁਣ ਆਪਣੀ ਅਜ਼ਾਦੀ ਲੈ ਲਵੋ। ਜੇ ਤੁਸੀਂ ਹੁਣ ਵੀ ਕੁਝ ਨਾ ਕੀਤਾ ਤਾਂ ਤੁਸੀਂ ਸਦਾ ਹੀ ਗੁਲਾਮ ਰਹੋਗੇ। ਸੋ ਪਿਆਰਿਓ ਆਪਣੇ ਹੱਥ ਉਠਾਓ ਅਤੇ ਬਗਾਵਤ ਸ਼ੁਰੂ ਕਰ ਦਿਓ।"

ਬਰਤਾਨੀਆ ਵਿਸ਼ਵ-ਯੁੱਧ ਵਿੱਚ 4 ਅਗਸਤ, 1914 ਨੂੰ ਸ਼ਾਮਲ ਹੋਇਆ। ਉਸੇ ਵੇਲੇ ਹਿੰਦੀਆਂ ਨੂੰ ਦੇਸ਼ ਪੁੱਜਕੇ ਬਗਾਵਤ ਕਰਨ ਲਈ ਗ਼ਦਰ ਅਖਬਾਰ ਨੇ ਕਹਿ ਦਿੱਤਾ। ਗ਼ਦਰੀ ਵਹੀਰਾਂ ਘੱਤਕੇ ਦੇਸ਼ ਨੂੰ ਪਰਤਣੇ ਸ਼ੁਰੂ ਹੋ ਗਏ। 29 ਅਗਸਤ, 1914 ਨੂੰ 60-70 ਮੁਸਾਫਿਰਾਂ ਨੂੰ ਲੈ ਕੇ ਸਾਨਫਰਾਂਸਿਸਕੋ ਤੋਂ ਐਸ.ਐਸ.ਕੋਰੀਆ ਜਹਾਜ਼ ਹਾਂਗਕਾਂਗ ਲਈ ਰਵਾਨਾ ਹੋਇਆ। ਇਸ ਜਹਾਜ਼ ਵਿੱਚ ਕੇਸਰ ਸਿੰਘ ਠੱਠਗੜ੍ਹ, ਜਵਾਲਾ ਸਿੰਘ ਠੱਠੀਆਂ, ਨਿਧਾਨ ਸਿੰਘ ਚੁੱਘਾ, ਮਾਸਟਰ ਊਧਮ ਸਿੰਘ ਕਸੇਲ, ਰੂੜ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ ਸਮੇਤ ਪ੍ਰਮੁੱਖ ਗ਼ਦਰੀ ਸਵਾਰ ਸਨ। ਰਸਤੇ ਵਿੱਚ ਗ਼ਦਰੀ ਜਹਾਜ਼ ਵਿੱਚ ਜਲਸੇ ਕਰਦੇ ਅਤੇ ਗ਼ਦਰ ਦੀ ਗੂੰਜ ਵਿਚਲੀਆਂ ਕਵਿਤਾਵਾਂ ਪੜ੍ਹਦੇ ਸਫ਼ਰ ਵੱਲ ਵਧ ਰਹੇ ਸਨ। ਯੋਕੋਹਾਮਾ ਤੋਂ ਕੋਰੀਆ ਜਹਾਜ਼ ਵਿੱਚ ਭਾਈ ਪਰਮਾਨੰਦ ਝਾਂਸੀ ਦੇਸ਼ ਪਰਤਣ ਲਈ ਸਵਾਰ ਹੋਏ। ਫਿਲਪਾਈਨ ਤੋਂ ਬੀਬੀ ਗੁਲਾਬ ਕੌਰ ਅਤੇ ਕੁਝ ਹੋਰ ਗ਼ਦਰੀ ਜਹਾਜ਼ ਵਿੱਚ ਸਵਾਰ ਹੋਏ। ਹਾਂਗਕਾਂਗ ਪਹੁੰਚਣ 'ਤੇ ਕੇਸਰ ਸਿੰਘ ਨੇ ਗੁਰਦੁਆਰੇ ਵਿੱਚ ਸੰਗਤ ਨੂੰ ਸੰਬੋਧਿਤ ਕੀਤਾ। ਵੱਖ ਵੱਖ ਜਹਾਜ਼ਾਂ ਰਾਹੀਂ ਇੱਥੇ ਪੁੱਜੇ ਮੁਸਾਫਿਰਾਂ ਨਾਲ ਮੀਟਿੰਗਾਂ ਕੀਤੀਆਂ। ਹਾਂਗਕਾਂਗ ਤੋਂ ਗ਼ਦਰੀਆਂ ਨੇ ਤੋਸ਼ਾਮਾਰੂ ਜਹਾਜ਼ ਅਗਲੇ ਸਫ਼ਰ ਲਈ ਕਰ ਲਿਆ। ਹਾਂਗਕਾਂਗ ਤੋਂ ਜਹਾਜ਼ ਚੱਲਣ ਸਮੇਂ ਇੱਕ ਹਾਈ ਕਮਾਂਡ ਚੁਣੀ ਗਈ, ਜਿਸ ਦੇ ਆਗੂ ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ ਗ਼ਦਰ ਪਾਰਟੀ ਥਾਪੇ ਗਏ।

1. ਗਿਆਨੀ ਹੀਰਾ ਸਿੰਘ ਦਰਦ, ਸੰਪਾਦਕ ਡਾ. ਹਰਜੀਤ ਸਿੰਘ, ਨੂੰ ਗ਼ਦਰ ਲਹਿਰ ਦੀ ਕਹਾਣੀ..... ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ 77

ਇਹਨਾਂ ਤੋਂ ਇਲਾਵਾ ਇਸ ਕਮੇਟੀ ਵਿੱਚ ਭਾਈ ਜਵਾਲਾ ਸਿੰਘ ਠੱਠੀਆ ਮੀਤ ਪ੍ਰਧਾਨ, ਭਾਈ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ ਹਰਿਆਣਾ, ਭਾਈ ਅਰੂੜ ਸਿੰਘ ਚੂਹੜਚੱਕ, ਭਾਈ ਸ਼ੇਰ ਸਿੰਘ ਵੇਈਂਪੂਈਂ ਮੈਂਬਰ ਲਏ ਗਏ।[1]

ਇੱਥੋਂ ਚੱਲਕੇ ਜਹਾਜ਼ ਸਿੰਘਾਪੁਰ ਪਹੁੰਚਿਆ। ਸਿੰਘਾਪੁਰ ਪਹੁੰਚਣ ਦੇ ਦੂਜੇ ਦਿਨ ਤੋਸ਼ਾਮਾਰੂ ਜ਼ਹਾਜ ਦੇ ਡੈੱਕ ਉੱਤੇ ਜਲਸਾ ਹੋਇਆ, ਜਿਸ ਵਿੱਚ ਬਾਬਾ ਕੇਸਰ ਸਿੰਘ ਨੇ ਗ਼ਦਰ ਗੂੰਜ ਦੀ ਕਵਿਤਾ "ਉੱਠੋ ਜਾਗੋ ਹਿੰਦੀ ਵੀਰੋ, ਕੌਮ ਗਰਕਦੀ ਜਾਂਦੀ ਏ" ਪੜ੍ਹੀ। ਇਸ ਜੋਸ਼ ਭਰੀ ਕਵਿਤਾ ਤੋਂ ਸਰੋਤੇ ਬਹੁਤ ਪ੍ਰਭਾਵਿਤ ਹੋਏ। ਸਿੰਘਾਪੁਰ ਵਿੱਚ ਗ਼ਦਰੀਆਂ ਦੇ ਪ੍ਰਚਾਰ ਸਦਕਾ ਉੱਥੋਂ ਦੀ ਫੌਜ ਨੇ ਅੰਗਰੇਜ਼ਾਂ ਖਿਲਾਫ ਬਗਾਵਤ ਕਰ ਦਿੱਤੀ ਸੀ। ਗ਼ਦਰੀਆਂ ਦੇ ਜਹਾਜ਼ ਨੂੰ ਪੀਨਾਂਗ ਪਹੁੰਚਣ 'ਤੇ ਫਿਰ ਰੋਕ ਲਿਆ ਗਿਆ। ਚਾਰ-ਚੁਫੇਰੇ 7 ਜਹਾਜ਼ ਪਹਿਰੇ 'ਤੇ ਲਾ ਦਿੱਤੇ ਗਏ। ਜਿਸ 'ਤੇ ਗ਼ਦਰੀਆਂ ਦਾ ਇੱਕ ਡੈਪੂਟੇਸ਼ਨ ਬਾਬਾ ਜਵਾਲਾ ਸਿੰਘ, ਬਾਬਾ ਕੇਸਰ ਸਿੰਘ, ਪਰਮਾਨੰਦ ਝਾਂਸੀ, ਅਰੂੜ ਸਿੰਘ ਚੂਹੜਚੱਕ ਅਤੇ ਪੰਡਤ ਜਗਤ ਰਾਮ ਦੇ ਅਧਾਰਿਤ ਉੱਥੋਂ ਦੇ ਗਵਰਨਰ ਨੂੰ ਮਿਲਿਆ। ਗਵਰਨਰ ਨਾਲ ਮੁਲਾਕਾਤ ਪਿੱਛੋਂ ਜਹਾਜ਼ ਨੂੰ ਉੱਥੋਂ ਤੋਰ ਦਿੱਤਾ ਗਿਆ।[2]

29 ਅਕਤੂਬਰ, 1914 ਨੂੰ ਤੋਸ਼ਾਮਾਰੂ ਜਹਾਜ਼ ਕਲਕੱਤੇ ਪਹੁੰਚ ਗਿਆ। ਇਸ ਵਿੱਚ 173 ਮੁਸਾਫਿਰ ਸਨ। ਜਹਾਜ਼ ਦੇ ਕਲਕੱਤੇ ਪਹੁੰਚਣ 'ਤੇ ਮੁਸਾਫਿਰਾਂ ਦੀ ਤਲਾਸ਼ੀ ਇੰਦਰ ਸਿੰਘ ਸੋਢੀ ਫੌਜੀ ਅਫਸਰ ਨੇ ਲਈ ਅਤੇ ਜਹਾਜ਼ ਦੇ ਮੁਸਾਫਿਰਾਂ ਨੂੰ ਫੌਜੀ ਪਹਿਰਿਆਂ ਹੇਠ ਪੰਜਾਬ ਵੱਲ ਤੋਰ ਦਿੱਤਾ ਗਿਆ। ਗੱਡੀ ਦਿੱਲੀ-ਬਠਿੰਡਾ ਦੇ ਰਸਤੇ ਰਾਏਵਿੰਡ ਸਟੇਸ਼ਨ 'ਤੇ ਪਹੁੰਚ ਗਈ। ਇੱਥੇ ਸਭ ਗ਼ਦਰੀਆਂ ਦੇ ਨਾਂ ਪਤੇ ਲਿਖੇ ਗਏ। ਇਥੋਂ 54 ਗ਼ਦਰੀ ਮਿੰਟਗੁਮਰੀ ਜੇਲ੍ਹ ਅਤੇ 54 ਗ਼ਦਰੀ ਸੈਂਟਰਲ ਜੇਲ੍ਹ ਮੁਲਤਾਨ ਭੇਜ ਦਿੱਤੇ ਗਏ। ਬਾਬਾ ਕੇਸਰ ਸਿੰਘ, ਬਾਬਾ ਜਵਾਲਾ ਸਿੰਘ, ਬਾਬਾ ਭਾਗ ਸਿੰਘ ਕੈਨੇਡੀਅਨ ਸਮੇਤ ਹੋਰ 51 ਗ਼ਦਰੀ 2 ਨਵੰਬਰ, 1914 ਨੂੰ ਮਿੰਟਗੁਮਰੀ ਜੇਲ੍ਹ ਪਹੁੰਚ ਗਏ। ਉਸ ਸਮੇਂ ਮਿੰਟਗੁਮਰੀ ਜੇਲ੍ਹ ਦਾ ਦਰੋਗਾ ਰਾਮ ਦਿੱਤਾ ਸੀ, ਜੋ ਬਹੁਤ ਜ਼ਾਲਮ ਵਿਅਕਤੀ ਸੀ।

ਬਾਬਾ ਕੇਸਰ ਸਿੰਘ ਅਤੇ ਹੋਰਨਾਂ ਗ਼ਦਰੀਆਂ ਨੂੰ ਮਿੰਟਗੁਮਰੀ ਜੇਲ੍ਹ ਤੋਂ ਲਾਹੌਰ ਲਿਜਾਕੇ ਪਹਿਲੇ ਲਾਹੌਰ ਸਾਜਿਸ਼ ਕੇਸ਼ ਵਿੱਚ ਸ਼ਾਮਲ ਕਰ ਲਿਆ ਗਿਆ। ਲਾਹੌਰ ਸਾਜਿਸ਼ ਕੇਸ ਦੇ ਦੌਰਾਨ 18 ਅਪ੍ਰੈਲ ਨੂੰ ਕੇਸਰ ਸਿੰਘ ਦੀ ਸ਼ਨਾਖਤ ਲਈ ਮੂਲਾ ਸਿੰਘ ਅਤੇ ਅਮਰ ਸਿੰਘ ਵਾਇਦਾ ਮੁਆਫ ਗਵਾਹ ਬਣਕੇ ਸ਼ਾਮਲ ਹੋਏ। ਦੋਨੋਂ ਅਮਰੀਕਾ ਤੋਂ ਆਉਣ ਸਮੇਂ ਗ਼ਦਰ ਪਾਰਟੀ ਦੇ ਮੋਹਰੀਆਂ ਵਿੱਚ ਸਨ। ਉਹ ਅਮਰੀਕਾ ਤੋਂ ਦੇਸ਼ ਪਰਤਣ 'ਤੇ ਇੱਥੋਂ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਸਨ। ਉਹ ਸਰਕਾਰ ਦੇ ਬਹਿਕਾਵੇ ਵਿੱਚ ਆ ਗਏ ਅਤੇ ਗ਼ਦਾਰ ਨਵਾਬ ਖਾਨ ਨਾਲ ਮਿਲਕੇ ਉਨ੍ਹਾਂ ਨੇ

---

1. ਗੁਰਚਰਨ ਸਿੰਘ ਸੈਂਸਰਾ, ਗ਼ਦਰ ਪਾਰਟੀ ਦਾ ਇਤਿਹਾਸ, ਪੰਨਾ 173

2. ਗਿਆਨੀ ਹੀਰਾ ਸਿੰਘ ਦਰਦ, ਸੰਪਾਦਕ ਡਾ. ਹਰਜੀਤ ਸਿੰਘ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ ਪੰਨਾ 142-144 ਦਾ ਸੰਖੇਪ।

ਪਾਰਟੀ ਦੇ ਸਾਰੇ ਭੇਦ ਅਦਾਲਤ ਨੂੰ ਵਿਸਥਾਰ ਨਾਲ ਦੱਸ ਦਿੱਤੇ।[1]

ਵਾਅਦਾ ਮੁਆਫ ਜਵਾਲਾ ਸਿੰਘ ਪਿੰਡ ਗੁਰੂਸਰ, ਵਾਅਦਾ ਮੁਆਫ਼ ਨਵਾਬ ਖਾਂ ਹਲਵਾਰਾ ਅਤੇ ਵਾਅਦਾ ਮੁਆਫ਼ ਗਵਾਹ ਊਧਮ ਸਿੰਘ ਪੱਧਰੀ ਦੇ ਬਿਆਨਾਂ ਉੱਤੇ ਜੱਜਾਂ ਨੇ ਕੇਸਰ ਸਿੰਘ ਨੂੰ ਦੋਸ਼ੀ ਗਰਦਾਨਕੇ ਇੰਡੀਅਨ ਪੀਨਲ ਕੋਡ ਦੀਆਂ ਧਰਾਵਾਂ 121, 121-ਏ, 124-ਏ, 131 ਤਹਿਤ ਸਰਕਾਰ ਵਿਰੁੱਧ ਜੰਗ ਛੇੜਨ ਦੇ ਦੋਸ਼ ਤਹਿਤ ਫਾਂਸੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ 13 ਸਤੰਬਰ, 1915 ਨੂੰ ਸੁਣਾਈ। ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਪਹਿਲਾਂ ਬਾਬਾ ਕੇਸਰ ਸਿੰਘ ਸਮੇਤ 24 ਗ਼ਦਰੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਈ ਸੀ। ਬਾਅਦ ਵਿੱਚ ਲਾਰਡ ਹਾਰਡਿੰਗ ਨੇ 17 ਗ਼ਦਰੀਆਂ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ, ਜਲਾਵਤਨੀ ਅਤੇ ਜਾਇਦਾਦ ਜ਼ਬਤੀ ਵਿੱਚ ਬਦਲ ਦਿੱਤਾ ਸੀ। ਜਿਨ੍ਹਾਂ 17 ਗ਼ਦਰੀਆਂ ਦੀ ਫ਼ਾਂਸੀ ਤੋੜੀ ਗਈ ਸੀ, ਉਨ੍ਹਾਂ ਵਿੱਚ ਬਾਬਾ ਕੇਸਰ ਸਿੰਘ ਵੀ ਸ਼ਾਮਿਲ ਸਨ। 9 ਨਵੰਬਰ, 1915 ਨੂੰ ਰਾਤ ਦੇ ਅੱਠ ਵਜੇ ਉਮਰ ਕੈਦ ਵਾਲੇ ਦੇਸ਼ ਭਗਤਾਂ ਦਾ ਚਲਾਨ ਲਾਹੌਰ ਸੈਂਟਰਲ ਜੇਲ੍ਹ ਤੋਂ ਕਾਲੇਪਾਣੀ (ਅੰਡੇਮਾਨ) ਲਈ ਕਰ ਦਿੱਤਾ ਗਿਆ। ਮੀਆਂ ਮੀਰ ਛਾਉਣੀ ਦੇ ਰੇਲਵੇ ਸਟੇਸ਼ਨ ਤੋਂ ਗ਼ਦਰੀਆਂ ਨੂੰ ਲੋਹੇ ਦੀਆਂ ਸੀਖਾਂ ਵਾਲੇ ਡੱਬਿਆਂ ਵਿੱਚ ਬੰਦ ਕਰਕੇ ਕਲਕੱਤੇ ਨੂੰ ਜਾਣ ਵਾਲੀ ਗੱਡੀ ਵਿੱਚ ਚਾੜ੍ਹ ਦਿੱਤਾ। ਕੁਝ ਸਮਾਂ ਦੇਸ਼ ਭਗਤਾਂ ਨੂੰ ਕਲਕੱਤੇ ਦੀ ਅਲੀਪੁਰ ਜੇਲ੍ਹ ਵਿੱਚ ਰੱਖਕੇ 7 ਦਸੰਬਰ, 1915 ਨੂੰ ਐਸ.ਐਸ. ਮਹਾਰਾਜਾ ਸਮੁੰਦਰੀ ਜਹਾਜ ਰਾਹੀਂ ਕਲਕੱਤੇ ਤੋਂ ਰਵਾਨਾ ਕਰ ਦਿੱਤਾ ਗਿਆ। ਉਹ 10 ਦਸੰਬਰ, 1915 ਨੂੰ ਅੰਡੇਮਾਨ ਪਹੁੰਚ ਗਏ। ਸਾਰੇ ਕੈਦੀਆਂ ਦੀ ਡਾਕਟਰੀ ਕਰਕੇ ਉਹਨਾਂ ਨੂੰ ਸੈਲੂਲਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਅੰਡੇਮਾਨ ਜੇਲ੍ਹ ਦੇ ਦੁੱਖਾਂ ਕਸ਼ਟਾਂ, ਭੁੱਖ ਹੜਤਾਲਾਂ ਅਤੇ ਗ਼ਦਰੀਆਂ ਦੀ ਜੇਲ੍ਹ ਅਧਿਕਾਰੀਆਂ ਨਾਲ ਟਾਕਰਿਆਂ ਦੀ ਕਹਾਣੀ ਬਹੁਤ ਲੰਬੀ ਹੈ। ਬਾਬਾ ਕੇਸਰ ਸਿੰਘ ਨੇ 6 ਸਾਲ ਕਾਲੇਪਾਣੀ ਦੀ ਕੁੰਭੀ ਨਰਕ ਜੇਲ੍ਹ ਵਿੱਚ ਸਜ਼ਾ ਭੁਗਤੀ। ਅਗਸਤ 1921 ਵਿੱਚ ਉਹਨਾਂ ਨੂੰ ਮਦਰਾਸ ਦੀ ਜੇਲ੍ਹ ਭੇਜਿਆ ਗਿਆ। ਫਿਰ ਉਨ੍ਹਾਂ ਨੂੰ ਪੂਨਾ ਦੀ ਜੇਲ੍ਹ ਵਿੱਚ ਭੇਜਿਆ ਗਿਆ। ਪੂਨਾ ਦੀ ਯਰਵਾਦਾ ਜੇਲ੍ਹ ਵਿੱਚ ਬਾਬਾ ਠੱਠਗੜ੍ਹ ਤੇ ਬਾਬਾ ਸੋਹਣ ਸਿੰਘ ਭਕਨਾ ਨੇ ਪੰਜ ਸਾਲ ਕੈਦ ਦੀ ਸਜ਼ਾ ਭੁਗਤੀ। ਇੱਥੋਂ ਉਹਨਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ। ਬਾਬਾ ਠੱਠਗੜ੍ਹ ਦੀ ਇੱਥੇ ਆ ਕੇ ਮਰੋੜਾਂ ਨਾਲ ਸਿਹਤ ਬਹੁਤ ਖਰਾਬ ਹੋ ਗਈ ਸੀ। ਬਾਬਾ ਕੇਸਰ ਸਿੰਘ ਚਮੜੀ ਦੇ ਰੋਗ ਤੋਂ ਵੀ ਪੀੜ੍ਹਤ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਲਾਹੌਰ ਦੇ ਮਿਊ ਹਸਪਤਾਲ ਵਿਖੇ ਭਰਤੀ ਕਰਵਾ ਦਿੱਤਾ ਗਿਆ, ਜਿੱਥੇ 8-9 ਮਹੀਨੇ ਇਲਾਜ ਹੁੰਦਾ ਰਿਹਾ। ਹਸਪਤਾਲ ਦੇ ਸਰਜਨ ਨੇ ਗਵਰਨਰ ਪੰਜਾਬ ਨੂੰ ਸਿਫ਼ਾਰਸ਼ ਵੀ ਕੀਤੀ ਕਿ ਬਾਬਾ ਕੇਸਰ ਸਿੰਘ ਪੂਰੀ ਤਰ੍ਹਾਂ ਠੀਕ ਨਹੀਂ ਹੋ ਰਹੇ ਅਤੇ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਏ। ਸਰਕਾਰ ਨਾ ਮੰਨੀ, 1931 ਵਿੱਚ ਬਾਬਾ ਜੀ ਨੂੰ ਵਾਪਸ ਲਾਹੌਰ ਸੈਂਟਰਲ ਜੇਲ੍ਹ ਭੇਜ ਦਿੱਤਾ ਗਿਆ।[2] ਸਰਕਾਰ

1. ਚਰੰਜੀ ਲਾਲ ਕੰਗਣੀਵਾਲ, ਗ਼ਦਰੀ ਬਾਬਾ ਕੇਸਰ ਸਿੰਘ ਜੀਵਨ ਸੰਘਰਸ਼, ਪੰਨਾ 67
2. ਚਰੰਜੀ ਲਾਲ ਕੰਗਣੀਵਾਲ, ਗ਼ਦਰੀ ਬਾਬਾ ਕੇਸਰ ਸਿੰਘ ਠੱਠਗੜ੍ਹ ਜੀਵਨ ਸੰਘਰਸ਼, ਪੰਨਾ 81

ਬਾਬਾ ਜੀ ਦੀ ਰਿਹਾਈ ਕੁਝ ਸ਼ਰਤਾਂ ਅਧੀਨ ਕਰਨੀ ਚਾਹੁੰਦੀ ਸੀ, ਪਰ ਬਾਬਾ ਜੀ ਸ਼ਰਤਾਂ ਮੰਨਣ ਲਈ ਤਿਆਰ ਨਹੀਂ ਸਨ। ਲਾਹੌਰ ਤੋਂ ਉਹਨਾਂ ਨੂੰ ਰਾਵਲਪਿੰਡੀ ਦੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ।

1914-15 ਵਾਲੇ ਗ਼ਦਰੀ ਬਹੁਤ ਲੰਮੀਆਂ ਸ਼ਜਾਵਾਂ ਭੁਗਤ ਚੁੱਕੇ ਸਨ। ਮਾਰਸ਼ਲ ਲਾਮ ਦੇ ਕੈਦੀ ਵੀ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਸਨ। ਪੰਜਾਬ ਕੌਂਸਲ ਦੇ ਮੈਂਬਰ ਚੌਧਰੀ ਅਫ਼ਜਲ ਹੱਕ, ਗੜ੍ਹਸ਼ੰਕਰ, ਅਹਿਰਾਰ ਲੀਡਰ ਨੇ ਉਹਨਾਂ ਦੀ ਰਿਹਾਈ ਬਾਰੇ ਪੰਜਾਬ ਦੇ ਹੋਮ ਸਕੱਤਰ ਨੂੰ ਸਵਾਲ ਪੁੱਛੇ। ਜਿਸ ਦੇ ਜਵਾਬ ਵਿੱਚ ਹੋਮ ਸਕੱਤਰ ਨੇ ਦੱਸਿਆ ਕਿ ਹੇਠ ਲਿਖੇ ਗ਼ਦਰੀ ਬਾਬੇ ਅਤੇ ਮਾਰਸ਼ਲ ਲਾਅ ਦੇ ਕੈਦੀ ਉਮਰ ਕੈਦਾਂ ਕੱਟ ਲੈਣ ਦੇ ਬਾਵਜੂਦ ਜੇਲ੍ਹਾਂ ਵਿੱਚ ਹੀ ਡੱਕੇ ਹੋਏ ਹਨ। ਬਾਬਾ ਕੇਸਰ ਸਿੰਘ, ਪਰਮਾਨੰਦ ਝਾਂਸੀ, ਮਦਨ ਸਿੰਘ ਗਾਗਾ, ਨੰਦ ਸਿੰਘ ਕੈਲੇ, ਚੂਹੜ ਸਿੰਘ ਲੀਲ੍ਹ, ਸੁੰਦਰ ਸਿੰਘ, ਬਘੇਲ ਸਿੰਘ, ਹਰਨਾਮ ਸਿੰਘ ਗੁੱਜਰਵਾਲ, ਬਾਬਾ ਅਮਰ ਸਿੰਘ ਸ਼ੇਰਪੁਰ ਅਤੇ ਬਰਮਾ ਕੇਸ ਦੇ ਉਹਨਾਂ ਦੇ ਸਾਥੀ। ਇਹ ਸ਼ੋਲਾਂ ਸ਼ੋਲਾਂ ਸਾਲ ਜੇਲ੍ਹ ਕੱਟ ਚੁੱਕੇ ਸਨ।[1] ਮਾਰਸ਼ਲ ਲਾਅ ਦੇ ਕੈਦੀ ਵੀ 14-14 ਸਾਲ ਜੇਲ੍ਹ ਕੱਟ ਚੁੱਕੇ ਸਨ।

1930-1933 ਦਰਮਿਆਨ ਸਰਕਾਰ ਨੇ ਕਿਰਤੀ ਅਖਬਾਰ ਛਾਪਣਾ ਬੰਦ ਕਰ ਦਿੱਤਾ ਸੀ। ਬਾਬਾ ਕੇਸਰ ਸਿੰਘ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਏ ਤਾਂ ਕਿਰਤੀ ਅਖਬਾਰ ਸ਼ੁਰੂ ਕਰਨ ਦਾ ਕੰਮ ਉਹਨਾਂ ਦੇ ਸਪੁਰਦ ਕੀਤਾ ਗਿਆ। ਬਾਬਾ ਸ਼ੇਰ ਸਿੰਘ ਵੇਈਂਪੂਈਂ, ਬਾਬਾ ਈਸ਼ਰ ਸਿੰਘ ਮਹਾਰਾਣਾ ਤੇ ਆਪ ਜੀ ਦੇ ਯਤਨਾਂ ਸਦਕਾ 1 ਮਈ, 1935 ਦਾ ਕਿਰਤੀ ਵਿਸ਼ੇਸ਼ ਮਈ ਅੰਕ ਛਪਿਆ। ਬਾਬਾ ਜੀ ਕਿਰਤੀ ਅਖਬਾਰ ਦੇ ਮੈਨੇਜਰ ਬਣਾਏ ਗਏ। ਕਿਰਤੀ ਅਖਬਾਰ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਬਾਬਾ ਕੇਸਰ ਸਿੰਘ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵਿੱਚ ਵੀ ਸਰਗਰਮ ਹੋ ਗਏ। ਇਸ ਸਮੇਂ ਬਾਬਾ ਜੀ ਨੇ ਦੇਸ਼ ਭਗਤਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਆਰਥਿਕ ਸਹਾਇਤਾ ਲਈ ਬੀਬੀ ਰਘਬੀਰ ਕੌਰ ਅਤੇ ਤੇਜਾ ਸਿੰਘ ਚੂਹੜਕਾਣਾ ਨਾਲ ਮਿਲਕੇ ਫੰਡ ਇਕੱਤਰ ਕੀਤੇ। 1936 ਨੂੰ 'ਕਿਰਤੀ ਬੰਬ ਕੇਸ' ਵਾਪਰ ਗਿਆ, ਜਿਸ ਦੇ ਸੰਬੰਧ ਵਿੱਚ ਬਾਬਾ ਕੇਸਰ ਸਿੰਘ ਠੱਠਗੜ੍ਹ, ਗਿਆਨੀ ਸ਼ੰਕਰ ਸਿੰਘ, ਗੁਰਮੁਖ ਸਿੰਘ, ਦਲੀਪ ਸਿੰਘ ਅਤੇ ਬਾਬਾ ਸੋਹਣ ਸਿੰਘ ਭਕਨਾ ਗ੍ਰਿਫਤਾਰ ਕੀਤੇ ਗਏ। ਪ੍ਰੰਤੂ ਕੇਸ ਝੂਠਾ ਸਾਬਤ ਹੋਣ 'ਤੇ ਸਾਰੇ ਰਿਹਾਅ ਕੀਤੇ ਗਏ। ਦੂਜੇ ਪਾਸੇ ਅਮਰ ਸਿੰਘ ਤੇਗ ਜਿਹੜਾ ਕਿਰਤੀ ਬੰਬ ਕੇਸ ਵਿੱਚ ਸ਼ਾਮਲ ਸੀ, ਨੂੰ ਕੇਸ ਸਾਬਤ ਹੋਣ 'ਤੇ ਲਾਲਾ ਬਿਸ਼ਨ ਦਾਸ ਆਨਰੇਰੀ ਮੈਜਿਸਟਰੇਟ ਵਲੋਂ ਦਿੱਤੀ ਪੰਜ ਸਾਲ ਕੈਦ ਦੀ ਸਜ਼ਾ ਭੁਗਤਣੀ ਪਈ ਸੀ।

1936 ਦੀਆਂ ਅਸੈਂਬਲੀ ਚੋਣਾਂ ਸਮੇਂ ਦੇਸ਼ ਭਗਤ ਇਲੈਕਸ਼ਨ ਬੋਰਡ ਦਾ ਗਠਨ ਕੀਤਾ ਗਿਆ, ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਠੱਠੀਆਂ ਬਣੇ। ਬਾਬਾ ਕੇਸਰ ਸਿੰਘ ਇਸ ਬੋਰਡ ਦੇ ਮੈਂਬਰ ਬਣਾਏ ਗਏ ਅਤੇ ਉਨ੍ਹਾਂ ਨੂੰ ਕਾਮਰੇਡ ਤੇਜਾ ਸਿੰਘ ਚੂਹੜਕਾਣਾ ਦੀ ਚੋਣ ਮੁਹਿੰਮ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਦਿੱਤੀ ਗਈ।[2]

---

1. ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਪੰਨਾ 229
2. ਚਰੰਜੀ ਲਾਲ ਕੰਗਣੀਵਾਲ, ਗ਼ਦਰੀ ਬਾਬਾ ਕੇਸਰ ਸਿੰਘ ਠੱਠਗੜ੍ਹ, ਜੀਵਨ ਸੰਘਰਸ਼,ਪੰਨਾ 94

2 ਜੂਨ, 1938 ਨੂੰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵੱਲੋਂ ਸ਼ਹੀਦਾਂ ਦੀ ਯਾਦਗਾਰ ਕਾਇਮ ਕਰਨ ਲਈ ਬਾਬਾ ਵਿਸਾਖਾ ਸਿੰਘ ਦਦੇਹਰ ਦੀ ਪ੍ਰਧਾਨਗੀ ਹੇਠ ਨੌਂ ਮੈਂਬਰੀ ਬੋਰਡ ਬਣਾਇਆ ਗਿਆ, ਜਿਸ ਵਿੱਚ ਬਾਬਾ ਕੇਸਰ ਸਿੰਘ ਜੀ ਨੂੰ ਸ਼ਾਮਲ ਕੀਤਾ ਗਿਆ। ਬਾਬਾ ਜਵਾਲਾ ਸਿੰਘ ਠੱਠੀਆਂ ਦੀ ਸੜਕ ਹਾਦਸੇ ਵਿੱਚ ਮੌਤ ਹੋਣ ਪਿੱਛੋਂ ਬਾਬਾ ਕੇਸਰ ਸਿੰਘ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਬਣਾਏ ਗਏ। ਬਾਬਾ ਜੀ ਦੇ ਪ੍ਰਧਾਨਗੀ ਕਾਰਜ ਕਾਲ ਦੌਰਾਨ ਅੰਮ੍ਰਿਤਸਰ ਅਤੇ ਲਾਹੌਰ ਦੇ ਮੋਰਚੇ ਕਿਸਾਨ ਸਭਾ ਵਲੋਂ ਬੜੀ ਸਫ਼ਲਤਾਪੂਰਵਕ ਲੜੇ ਗਏ। ਅੰਮ੍ਰਿਤਸਰ ਦੇ ਮੋਰਚੇ ਦੌਰਾਨ ਬਾਬਾ ਕੇਸਰ ਸਿੰਘ ਨੇ ਸ਼ਾਹਪੁਰ ਦੀ ਜੇਲ੍ਹ ਵਿੱਚ ਕੈਦ ਕੱਟੀ। ਲਾਹੌਰ ਕਿਸਾਨ ਮੋਰਚਾ 23 ਮਾਰਚ, 1939 ਨੂੰ ਸ਼ੁਰੂ ਹੋਇਆ। ਲਾਹੌਰ ਕਿਸਾਨ ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਬਾਬਾ ਕੇਸਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਬਾਬਾ ਜੀ ਨੂੰ ਗ੍ਰਿਫ਼ਤਾਰੀ ਉਪਰੰਤ ਰਾਵਲਪਿੰਡੀ ਦੀ ਜੇਲ੍ਹ ਭੇਜ ਦਿੱਤਾ ਗਿਆ।

ਦੂਸਰੇ ਵਿਸ਼ਵ ਯੁੱਧ ਸਮੇਂ ਪੰਜਾਬ ਦੀ ਸਿਕੰਦਰ ਹਯਾਤ ਖਾਂ ਵਜ਼ਾਰਤ ਨੇ 94 ਇਨਕਲਾਬੀ ਗ੍ਰਿਫ਼ਤਾਰ ਕਰ ਲਏ, ਜਿਨ੍ਹਾਂ ਵਿੱਚ 53 ਕਿਰਤੀ ਪਾਰਟੀ ਦੇ, 16 ਸੋਸ਼ਲਿਸਟ, 19 ਕਮਿਊਨਿਸਟ ਅਤੇ 6 ਹੋਰ ਸ਼ਾਮਲ ਸਨ। ਗ੍ਰਿਫ਼ਤਾਰ ਹੋਣ ਵਾਲਿਆਂ ਵਿੱਚ ਬਾਬਾ ਕੇਸਰ ਸਿੰਘ ਵੀ ਸ਼ਾਮਲ ਸਨ। ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਹੋਰਨਾਂ ਨਾਲ ਮੁਜ਼ੱਫਰਗੜ੍ਹ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਮੁਜ਼ੱਫਰਗੜ੍ਹ ਤੋਂ ਬਾਬਾ ਕੇਸਰ ਸਿੰਘ ਜੀ ਨੂੰ ਬਾਬਾ ਸ਼ੇਰ ਸਿੰਘ ਵੇਈਂਪੂਈਂ, ਕੇਹਰ ਸਿੰਘ ਮਾਹਲਾ, ਪ੍ਰੀਤਮ ਸਿੰਘ ਢੰਡ ਕਸੇਲ, ਬਾਬਾ ਹਰਜਾਪ ਸਿੰਘ ਮਾਹਿਲਪੁਰ ਅਤੇ ਕੁਝ ਹੋਰਾਂ ਸਮੇਤ ਦਿਉਲੀ ਕੈਂਪ (ਰਾਜਸਥਾਨ) ਦੀ ਜੇਲ੍ਹ ਭੇਜ ਦਿੱਤਾ ਗਿਆ। ਬਾਬਾ ਕੇਸਰ ਸਿੰਘ ਠੱਠਗੜ੍ਹ ਸਾਥੀ ਕੈਦੀਆਂ ਸਮੇਤ 13 ਅਕਤੂਬਰ, 1940 ਨੂੰ ਮੁਜ਼ੱਫਰਗੜ੍ਹ ਤੋਂ ਦਿਉਲੀ ਨੂੰ ਰਵਾਨਾ ਹੋਏ। ਜੇਲ੍ਹ ਵਿੱਚ ਬੰਦ ਨਜ਼ਰਬੰਦਾਂ ਨੇ ਅਕਤੂਬਰ-ਨਵੰਬਰ 1941 ਵਿੱਚ ਜੇਲ੍ਹ ਵਿੱਚ 22 ਦਿਨ ਲੰਬੀ ਭੁੱਖ ਹੜਤਾਲ ਕਰਕੇ ਸਾਰੇ ਰਾਜਸੀ ਕੈਦੀਆਂ ਲਈ ਇੱਕੋ ਕਲਾਸ ਦੀ ਸ਼ਰਤ ਮੰਨਵਾਈ ਸੀ। ਦਿਉਲੀ ਕੈਂਪ ਤੋਂ ਉਨ੍ਹਾਂ ਨੂੰ ਗੁਜਰਾਤ ਦੀ ਸਪੈਸ਼ਲ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ, ਜਿਥੋਂ ਉਹ 1945 ਵਿੱਚ ਰਿਹਾਅ ਹੋਏ। ਦੇਸ਼ ਆਜ਼ਾਦ ਹੋਣ ਉਪਰੰਤ ਵੀ ਗ਼ਦਰੀ ਆਗੂਆਂ ਦਾ ਜੇਲ੍ਹ ਸਫ਼ਰ ਖ਼ਤਮ ਨਹੀਂ ਹੋਇਆ। 1948 ਵਿੱਚ ਉਹਨਾਂ ਨੂੰ ਯੋਲ ਕੈਂਪ ਧਰਮਸ਼ਾਲਾ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਜਿੱਥੋਂ ਉਹ ਬਿਮਾਰੀ ਦੀ ਵਜ੍ਹਾ ਕਰਕੇ 1951 ਵਿੱਚ ਰਿਹਾਅ ਕੀਤੇ ਗਏ।

ਸਿਰੜੀ ਯੋਧੇ ਬਾਬਾ ਕੇਸਰ ਸਿੰਘ ਦਾ ਅੰਤ ਬਹੁਤ ਦੁਖਦਾਈ ਹੋਇਆ। 15 ਅਗਸਤ, 1958 ਦੇ ਨਵਾਂ ਜ਼ਮਾਨਾ ਅਖਬਾਰ ਨੇ ਇੱਕ ਸੂਚਨਾ ਪ੍ਰਕਾਸ਼ਿਤ ਕੀਤੀ। "ਦੇਸ਼ ਭਗਤ ਯਾਦਗਾਰ ਦੇ ਦਫਤਰੋਂ ਪਤਾ ਲੱਗਾ ਹੈ ਕਿ ਬਾਬਾ ਕੇਸਰ ਸਿੰਘ ਠੱਠਗੜ੍ਹ, ਗ਼ਦਰ ਪਾਰਟੀ ਦੇ ਮੀਤ ਪ੍ਰਧਾਨ 14 ਅਗਸਤ ਤੋਂ ਕਿਧਰੇ ਆਪਣੇ ਆਪ ਹੀ ਚਲੇ ਗਏ ਹਨ। ਹੁਣ ਤੱਕ ਕੋਈ ਪਤਾ ਨਹੀਂ ਲੱਗਾ। ਉਨ੍ਹਾਂ ਨੂੰ ਦਿਲ ਦੀ ਬੀਮਾਰੀ ਦਾ ਦੌਰਾ ਸੀ 'ਤੇ ਉਹ ਡਾਕਟਰ ਗੁਰਬਖ਼ਸ਼ ਸਿੰਘ ਸੰਧੂ ਤਰਨਤਾਰਨ ਦੇ ਕੋਲ ਰਹਿ

ਕੇ ਇਲਾਜ ਕਰਵਾਉਂਦੇ ਰਹੇ।[1]

ਉਹਨਾਂ ਦੇ ਅੰਤ ਬਾਰੇ ਗਿਆਨੀ ਹੀਰਾ ਸਿੰਘ ਦਰਦ ਲਿਖਦੇ ਹਨ, "ਬਾਬਾ ਕੇਸਰ ਸਿੰਘ ਜੀ ਅਫਸੋਸ ਹੈ ਕਿ ਅਗਸਤ 1958 ਵਿੱਚ ਅਲੋਪ ਹੋ ਗਏ। ਖਿਆਲ ਹੈ ਕਿ ਆਪ ਜੀਵਨ ਤੋਂ ਮਾਯੂਸ ਹੋ ਕੇ ਆਤਮਘਾਤ ਕਰ ਗਏ ਹਨ। ਬੜੇ ਬਿਮਾਰ ਪੈ ਗਏ ਸਨ। ਪਹਿਲਾਂ ਅੰਮ੍ਰਿਤਸਰ ਹਸਪਤਾਲ ਵਿੱਚ ਦਾਖਲ ਕਰਾਏ ਗਏ। ਆਪ ਨੂੰ ਦਿਲ ਦੀ ਤਕਲੀਫ ਸੀ। ਦੌਰਾ ਪੈਂਦਾ ਸੀ। ਉੱਥੋਂ ਤਰਨਤਾਰਨ ਡਾ. ਸੰਧੂ ਦੇ ਹਸਪਤਾਲ ਪਹੁੰਚਾਇਆ ਗਿਆ। ਉੱਥੋਂ ਆਪ ਇੱਕ ਦਿਨ ਆਲੋਪ ਹੋ ਗਏ। ਸ਼ਾਇਦ ਬਿਆਸ ਦਰਿਆ ਵਿੱਚ ਜਾ ਡੁੱਬੇ।"[2]

ਰਾਮ ਸਿੰਘ ਮਜੀਠਾ ਦਾ ਬਾਬਾ ਕੇਸਰ ਸਿੰਘ ਜੀ ਬਾਰੇ ਕਥਨ ਹੈ, "ਬਾਬਾ ਜੀ ਕੱਟੜ ਦੇਸ਼ ਭਗਤ, ਇਨਕਲਾਬੀ, ਕਿਸੇ ਮੁਸੀਬਤ ਤੋਂ ਨਾ ਡੋਲਣ ਵਾਲੇ ਤੇ ਬਹੁਤ ਹੀ ਦਿਲ ਗੁਰਦੇ ਵਾਲੇ, ਸ਼ਾਂਤ ਚਿਤ ਲੰਮੇ ਕੱਦ ਤੇ ਤਕੜੇ ਜੁੱਸੇ ਵਾਲੇ ਤੇ ਬਾ-ਰੁਅਬ ਸ਼ਖ਼ਸੀਅਤ ਦੇ ਮਾਲਕ ਸਨ। ਬਾਬਾ ਜੀ ਆਪਣੀ ਕਹਾਣੀ ਕਰਕੇ ਸਦਾ ਅਮਰ ਹਨ।"[3]

---

1. ਚਰੰਜੀ ਲਾਲ ਕੰਗਣੀਵਾਲ, ਗ਼ਦਰੀ ਬਾਬਾ ਕੇਸਰ ਸਿੰਘ ਠੱਠਗੜ੍ਹ ਜੀਵਨ ਸੰਘਰਸ਼, ਪੰਨਾ 123
2. ਗਿਆਨੀ ਹੀਰਾ ਸਿੰਘ ਦਰਦ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ 86
3. ਰਾਮ ਸਿੰਘ ਮਜੀਠਾ, ਅੰਮ੍ਰਿਤਸਰ ਦੇ ਜੁਝਾਰੂ ਯੋਧੇ, ਪੰਨਾ 159

# ਕਰਤਾਰ ਸਿੰਘ ਨਵਾਂ ਚੰਦ

ਦੂਸਰੇ ਸਪਲੀਮੈਂਟਰੀ ਕੇਸ ਲਾਹੌਰ ਜਿਸ ਨੂੰ ਲਾਹੌਰ ਸਾਜਿਸ਼ ਕੇਸ ਦੇ ਤੀਸਰੇ ਮੁਕੱਦਮੇ ਵਜੋਂ ਵੀ ਜਾਣਿਆ ਜਾਂਦਾ ਹੈ; ਵਿੱਚ ਭਾਈ ਕਰਤਾਰ ਸਿੰਘ ਨਵਾਂ ਚੰਦ ਨੂੰ ਪਹਿਲੋਂ ਫਾਂਸੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ, ਜੋ ਬਾਅਦ ਵਿੱਚ ਉਮਰ ਕੈਦ ਕਾਲੇ ਪਾਣੀ ਵਿੱਚ ਬਦਲ ਗਈ। ਭਾਈ ਕਰਤਾਰ ਸਿੰਘ ਦਾ ਜਨਮ 1890 ਦੇ ਲਗਭਗ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਮੋਗਾ) ਦੇ ਪਿੰਡ ਨਵਾਂ ਚੰਦ ਵਿੱਚ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸੁੰਦਰ ਸਿੰਘ ਸੀ। ਉਹ ਬਚਪਨ ਤੋਂ ਹੀ ਆਜ਼ਾਦ ਖਿਆਲਾਂ ਵਾਲੇ ਸਨ, ਪਰ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਉਹਨਾਂ ਲੁਧਿਆਣੇ ਦੇ ਬੋਰਡਿੰਗ ਹਾਊਸ ਵਿੱਚ ਰਹਿ ਕੇ ਅੱਠਵੀਂ ਪਾਸ ਕੀਤੀ। ਇਹ ਵੀਰ ਛੋਟੀ ਉਮਰ ਵਿੱਚ 17 ਸਾਲ ਦੀ ਉਮਰ ਵਿੱਚ ਹੀ ਕੈਨੇਡਾ ਨੂੰ ਚਲੇ ਗਏ।[1] 5 ਮਈ, 1907 ਵਾਲੇ ਦਿਨ ਭਾਈ ਕਰਤਾਰ ਸਿੰਘ ਅਤੇ ਇਨ੍ਹਾਂ ਦੇ ਸਾਥੀਆਂ ਨੇ ਮੋਗੇ ਤੋਂ ਗੱਡੀ ਫੜੀ ਅਤੇ ਲੁਧਿਆਣੇ ਪੁੱਜ ਗਏ। ਉਸ ਸ਼ਾਮ ਆਪ ਲੁਧਿਆਣੇ ਤੋਂ ਕਲਕੱਤੇ ਨੂੰ ਗੱਡੀ ਚੜ੍ਹ ਗਏ। ਕਲਕੱਤੇ ਤੋਂ ਜਹਾਜ਼ ਚੜ੍ਹ ਕੇ ਆਪ ਹਾਂਗਕਾਂਗ ਪਹੁੰਚ ਗਏ। ਉੱਥੇ ਉਹ ਇੱਕ ਮਹੀਨਾ ਰੁਕੇ ਰਹੇ। ਉੱਥੋਂ ਜੁਲਾਈ 1907 ਵਿੱਚ ਉਹ ਵੈਨਕੂਵਰ ਪੁੱਜ ਗਏ। ਉੱਥੇ ਉਹਨਾਂ ਨੇ ਆਰਾ ਮਿੱਲ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ।[2] ਉੱਥੇ ਆਪ ਨੇ ਧਾਰਮਿਕ ਅਤੇ ਕੌਮੀ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।

ਆਪ ਦੇ ਸਾਥੀ ਦੱਸਦੇ ਸਨ ਕਿ ਆਪ ਵਿੱਚ ਸਾਂਝੇ ਕੰਮਾਂ ਲਈ ਬੜਾ ਉਤਸ਼ਾਹ ਸੀ। ਦੇਸ਼ ਦੀਆਂ ਵਿੱਦਿਅਕ ਸੰਸਥਾਵਾਂ ਨੂੰ ਆਪ ਜੀ ਨੇ ਕਾਫ਼ੀ ਸਹਾਇਤਾ ਇਕੱਠੀ ਕਰਕੇ ਭਿਜਵਾਈ।[3] ਇਨ੍ਹਾਂ ਦੇ ਵਿਦੇਸ਼ ਜਾਣ ਤੋਂ ਪਹਿਲਾਂ ਇਨ੍ਹਾਂ ਦੀ ਮੰਗਣੀ ਹੋ ਚੁੱਕੀ ਸੀ, ਪਰ ਵੈਨਕੂਵਰ ਪਹੁੰਚ ਕੇ ਇਨ੍ਹਾਂ ਨੇ ਆਪਣੇ ਘਰ ਵਾਲਿਆਂ ਨੂੰ ਲਿਖ ਕੇ ਭੇਜਿਆ ਕਿ ਅਸੀਂ ਵਿਆਹ ਨਹੀਂ ਕਰਵਾਉਣਾ। ਮੇਰੀ ਮੰਗ ਦੀ ਸ਼ਾਦੀ ਮੇਰੇ ਵੀਰ ਨਾਲ ਕਰ ਦਿਓ। ਸੋ ਉਨ੍ਹਾਂ ਸ਼ਾਦੀ ਇਨ੍ਹਾਂ ਦੇ ਵੀਰ ਨਾਲ ਕਰ ਦਿੱਤੀ।[4]

ਵੈਨਕੂਵਰ ਵਿੱਚ ਰਹਿਣ ਸਮੇਂ ਉਹ ਖਾਲਸਾ ਦੀਵਾਨ ਸੁਸਾਇਟੀ ਅਤੇ ਗੁਰਦੁਆਰਾ ਵੈਨਕੂਵਰ ਦੇ ਕੇਸਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। 1913 ਵਿੱਚ ਜਦ ਗ਼ਦਰ ਪਾਰਟੀ ਬਣੀ ਤਾਂ ਕਰਤਾਰ ਸਿੰਘ ਨਵਾਂ ਚੰਦ ਗ਼ਦਰ ਪਾਰਟੀ ਵਿੱਚ ਸਰਗਰਮ ਹੋ ਗਏ। ਕਾਮਾਗਾਟਾਮਾਰੂ ਜਹਾਜ਼ ਦੇ ਵੈਨਕੂਵਰ ਪੁੱਜਣ 'ਤੇ ਉਸ ਦੀ ਸਹਾਇਤਾ ਲਈ ਜੋ ਸ਼ੇਅਰ ਕਮੇਟੀ ਬਣੀ ਉਸ ਦੇ ਵੀ ਆਪ ਮੁੱਖ ਰੁਕਣ ਸਨ। ਜਿਸ ਸੰਬੰਧੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਲਿਖਦੇ ਹਨ, "ਜਦੋਂ ਕਾਮਾਗਾਟਾਮਾਰੂ

---

1. ਰੰਗਲੇ ਸੱਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਨਾ 59
2. ਕੈਨੇਡਾ ਦੇ ਗ਼ਦਰੀ ਯੋਧੇ, ਸੋਹਣ ਸਿੰਘ ਪੂੰਨੀ, ਪੰਨਾ 185
3. ਮਾਲਵਾ ਸਿੰਘ ਇਤਿਹਾਸ, ਭਾਗ ਦੂਜਾ, ਸੰਤ ਵਿਸਾਖਾ ਸਿੰਘ ਜਨੇਤਪੁਰਾ, ਪੰਨਾ 352
4. ਰੰਗਲੇ ਸੱਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਨਾ 60

ਜਹਾਜ਼ ਸੈਂਕੜੇ ਸਿੰਘਾਂ ਨੂੰ ਸਵਾਰ ਕਰਾਕੇ ਵੈਨਕੂਵਰ ਪਹੁੰਚਿਆ ਤਾਂ ਇਸ ਜਹਾਜ਼ ਨੂੰ ਕੈਨੇਡੀਅਨ ਗੋਰੀ ਸਰਕਾਰ ਦੇ ਜਰਵਾਣਿਆਂ ਨੇ ਕਿਨਾਰੇ ਨਹੀਂ ਲੱਗਣ ਦਿੱਤਾ, ਮਹੀਨਿਆਂ ਬੱਧੀ ਹੀ ਕਿਨਾਰੇ ਤੋਂ ਦੂਰ ਸਮੁੰਦਰ ਵਿੱਚ ਹੀ ਖੜਾ ਰਿਹਾ ਤਾਂ ਉਸ ਸਮੇਂ ਜੋ ਭਾਈ ਕਰਤਾਰ ਸਿੰਘ ਜੀ ਨੇ ਅਣ-ਥੱਕ ਸੇਵਾ ਕੀਤੀ, ਉਹ ਬੜੀ ਅਨੋਖੀ ਹੈ।[1] ਵੈਨਕੂਵਰ ਵਿੱਚ ਰਹਿਣ ਸਮੇਂ ਉਹਨਾਂ ਦਾ ਮੇਲ ਕਈ ਦੇਸ਼ ਭਗਤਾਂ ਨਾਲ ਹੋਇਆ। ਉਹਨਾਂ ਨੇ ਵੈਨਕੂਵਰ ਵਿੱਚ ਰਹਿੰਦੇ ਸਮੇਂ ਪ੍ਰਸਿੱਧ ਕਵੀ ਅਤੇ ਗ਼ਦਰੀ ਮੁਨਸ਼ਾ ਸਿੰਘ ਦੁਖੀ ਨਾਲ ਰਲਕੇ 'ਦੁਸ਼ਮਣ ਦੀ ਖੋਜ ਭਾਲ' ਨਾਂ ਦੀ ਪੁਸਤਕ ਲਿਖੀ। ਇਸ ਦਾ ਵਿਸ਼ਾ ਜਾਸੂਸੀ ਕਲਾ ਨਾਲ ਸੰਬੰਧਿਤ ਸੀ। ਗ਼ਦਰੀਆਂ ਨੂੰ ਜਾਸੂਸਾਂ ਤੇ ਦੁਸ਼ਮਣਾਂ ਦੇ ਹੱਥ ਕੰਡਿਆਂ ਤੋਂ ਬਚਾਉਣ ਲਈ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਲੁਕੋਕੇ ਦੁਸ਼ਮਣ ਨੂੰ ਨੰਗਿਆਂ ਕਰਨ ਬਾਰੇ ਇਸ ਵਿੱਚ ਸੈਂਕੜੇ ਅਮਲੀ ਸੁਝਾਉ ਸਨ। ਪਰ ਇਸ ਪੁਸਤਕ ਨੂੰ ਪੰਜਾਬ ਪਹੁੰਚਾਉਣਾ ਨਸੀਬ ਨਾ ਹੋਇਆ।[2]

ਗ਼ਦਰੀ ਪਾਰਟੀ ਵੱਲੋਂ ਜਦ ਗ਼ਦਰੀਆਂ ਨੂੰ ਦੇਸ਼ ਪਹੁੰਚਣ ਲਈ ਕਿਹਾ ਗਿਆ ਤਾਂ ਭਾਈ ਬਲਵੰਤ ਸਿੰਘ ਖੁਰਦਪੁਰੀ ਆਪਣੇ ਪਰਿਵਾਰ ਸਮੇਤ ਕਰਤਾਰ ਸਿੰਘ ਨਵਾਂ ਚੰਦ ਨੂੰ ਨਾਲ ਲੈ ਕੇ 23 ਜਨਵਰੀ, 1915 ਨੂੰ ਸ਼ੰਘਾਈ ਪਹੁੰਚ ਗਏ। ਏਥੇ ਉਹ ਕੁਝ ਚਿਰ ਰੁਕੇ ਅਤੇ ਆਪਣੇ ਪਰਿਵਾਰ ਨੂੰ ਕਰਤਾਰ ਸਿੰਘ ਨਵਾਂ ਚੰਦ ਦੇ ਨਾਲ ਪਿੰਡ ਭੇਜ ਦਿੱਤਾ।[3] ਨਾਹਰ ਸਿੰਘ ਗਿਆਨੀ ਅਨੁਸਾਰ ਉਹ ਕੋਲੰਬੂ ਦੇ ਰਸਤੇ ਹਿੰਦੁਸਤਾਨ ਨੂੰ ਆਏ, ਆਪ ਦੀ ਡਿਊਟੀ ਜਰਮਨੀ ਦੇ ਜਰਨੈਲ ਵੇਡੀ ਨਾਲ ਰਲਕੇ ਹਿੰਦੁਸਤਾਨ ਵਿੱਚ ਆਜ਼ਾਦੀ ਸਬੰਧੀ ਕੰਮ ਕਰਨ ਦੀ ਸੀ। ਕੋਲੰਬੂ ਤੋਂ ਹੀ ਸੀ.ਆਈ.ਡੀ.ਆਪ ਦੇ ਮਗਰ ਲੱਗ ਪਈ। ਲੁਧਿਆਣੇ ਪਹੁੰਚਣ 'ਤੇ ਆਪ ਨੂੰ ਨਜ਼ਰਬੰਦ ਕਰਕੇ ਕੈਂਬਲਪੁਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ।[4]

ਬਾਅਦ ਵਿੱਚ ਭਾਈ ਕਰਤਾਰ ਸਿੰਘ ਨੂੰ ਤੀਸਰੇ ਲਾਹੌਰ ਸ਼ਾਜਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। ਇਹ ਮੁਕੱਦਮਾ 8 ਨਵੰਬਰ, 1916 ਨੂੰ ਸ਼ੁਰੂ ਹੋਇਆ, ਅਤੇ ਮੁਕੱਦਮੇ ਦਾ ਫੈਸਲਾ 5 ਜਨਵਰੀ, 1917 ਨੂੰ ਆਇਆ। ਇਸ ਕੇਸ ਵਿੱਚ ਪਹਿਲਾਂ ਕਰਤਾਰ ਸਿੰਘ ਨੂੰ ਮੌਤ ਤੇ ਜ਼ਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ, ਪਰ ਪਿੱਛੋਂ ਇਹ ਸਜ਼ਾ ਉਮਰ ਕੈਦ ਕਾਲੇਪਾਣੀ ਵਿੱਚ ਬਦਲ ਦਿੱਤੀ ਗਈ। ਆਪ ਨੇ ਕੈਂਬਲਪੁਰ, ਲਾਹੌਰ, ਹਜ਼ਾਰੀ ਬਾਗ, ਰਾਜਮੁੰਦਰੀ ਅਤੇ ਨਾਗਪੁਰ ਦੀਆਂ ਜੇਲ੍ਹਾਂ ਵਿੱਚ ਕੈਦ ਦੀ ਸਜ਼ਾ ਭੁਗਤੀ। ਉਨ੍ਹਾਂ ਨੇ 20 ਸਾਲ ਜੇਲ੍ਹ ਦੀਆਂ ਸਖ਼ਤੀਆਂ ਦਾ ਮੁਕਾਬਲਾ ਖਿੜੇ ਮੱਥੇ ਕੀਤਾ। ਹਜ਼ਾਰੀ ਬਾਗ ਜੇਲ੍ਹ ਵਿੱਚ ਹੀ ਉਹਨਾਂ ਦਾ ਮੇਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਲ ਹੋਇਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਆਪਣੀਆਂ ਜੇਲ੍ਹ ਚਿੱਠੀਆਂ ਨਾਂ ਦੀ ਪੁਸਤਕ ਵਿੱਚ ਭਾਈ ਕਰਤਾਰ ਸਿੰਘ ਜੀ ਦੀਆਂ

---

1. ਰੰਗਲੇ ਸੱਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਨਾ 59
2. ਮੁਨਸ਼ਾ ਸਿੰਘ ਦੁਖੀ ਜੀਵਨ ਤੇ ਰਚਨਾ, ਸਵਰਨ ਸਿੰਘ ਸਨੇਹੀ, ਪੰਨਾ 38
3. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਬਾਬਾ ਭਗਤ ਸਿੰਘ ਬਿਲਗਾ, ਪੰਨਾ 89
4. ਰੰਗਲੇ ਸੱਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਨਾ 64

ਕੁਰਬਾਨੀਆਂ, ਨਾਮ ਸਿਮਰਨ ਅਭਿਆਸ ਅਤੇ ਉੱਚੇ ਆਚਰਨ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ ਹੈ। ਇਸ ਤੋਂ ਇਲਾਵਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੁਆਰਾ ਰਚਿਤ ਪੁਸਤਕ 'ਰੰਗਲੇ ਸੱਜਣ' ਵਿੱਚ ਵੀ ਕਰਤਾਰ ਸਿੰਘ ਨਵਾਂ ਚੰਦ ਦੀ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ। ਜੇਲ੍ਹੋਂ ਬਾਹਰ ਆ ਕੇ ਇਹਨਾਂ ਨੇ ਹੋਮਿਓਪੈਥਿਕ ਦਾ ਕੰਮ ਸੁਤੇ ਸੁਭਾਵਿਕ ਹੀ ਸਿੱਖ ਲਿਆ। ਹੋਮਿਓਪੈਥਿਕ ਦਾ ਇਲਾਜ ਅਕਸਰ ਮੁਫ਼ਤ ਹੀ ਕਰਿਆ ਕਰਦੇ ਸਨ। ਇਨ੍ਹਾਂ ਦੇ ਮੁਬਾਰਕ ਹੱਥਾਂ ਵਿੱਚ ਮਰੀਜ਼ ਦੇ ਇਲਾਜ ਦੀ ਸਫ਼ਾ ਬੜੀ ਸੀ। ਜਿਸ ਨੂੰ ਹੱਥ ਪਾਉਂਦੇ ਸਨ, ਰਾਜ਼ੀ ਹੀ ਕਰ ਦਿੰਦੇ ਸਨ। ਇਨ੍ਹਾਂ ਦਾ ਨਾਉਂ ਜੱਥੇ ਵਿੱਚ ਡਾਕਟਰ ਕਰਤਾਰ ਸਿੰਘ ਪ੍ਰਸਿੱਧ ਹੋ ਗਿਆ ਸੀ।[1] ਗੁਰਮਤਿ ਇਤਿਹਾਸ ਲਿਖਣ ਲਈ ਬੜਾ ਉੱਚਾ ਇਰਾਦਾ ਰੱਖਦੇ ਸਨ ਤੇ ਕਾਮਾਗਾਟਾਮਾਰੂ ਜਹਾਜ਼ ਦੇ ਵੈਨਕੂਵਰ ਵਿੱਚ ਰੋਕੇ ਰੱਖਣ ਦੀ ਵਿੱਥਿਆ ਉੱਤੇ ਕੁਝ ਸੰਖੇਪ ਇਤਿਹਾਸ ਕਲਮਬੰਦ ਵੀ ਕਰਨ ਲੱਗੇ ਸਨ ਕਿ ਛੋਟੀ ਅਵਸਥਾ ਵਿੱਚ ਹੀ ਧੁਰੋਂ ਸੱਦੜੇ ਆ ਗਏ।[2] ਜੇਲ੍ਹ ਰਿਹਾਈ ਤੋਂ ਬਾਅਦ ਉਹਨਾਂ ਗੁਰਬਾਣੀ ਦੀਆਂ ਲਿਖਤੀ ਪੋਥੀਆਂ ਅਤੇ ਬੀੜਾਂ ਦੀ ਖੋਜ਼ ਸ਼ੁਰੂ ਕੀਤੀ ਹੋਈ ਸੀ। 'ਅੰਮ੍ਰਿਤ ਕੀ ਹੈ?', 'ਉਮਰ ਕੈਦੀ ਦਾ ਸੁਪਨਾ' ਉਹਨਾਂ ਦੀਆਂ ਛਪੀਆਂ ਹੋਈਆਂ ਪੁਸਤਕਾਂ ਹਨ, ਜਦੋਂ ਕਿ ਅਮਰੀਕਾ ਕੈਨੇਡਾ ਦੇ ਹਿੰਦੋਸਤਾਨੀਆਂ ਦੀ ਵਿੱਥਿਆ ਅਰਥਾਤ ਨਵੀਂ ਦੁਨੀਆਂ ਅਜੇ ਅਣਛਪੀ ਹੀ ਹੈ। ਉਹ 4 ਅਪ੍ਰੈਲ, 1944 ਨੂੰ ਆਪਣੇ ਪਿੰਡ ਵਿੱਚ ਹੀ ਅਕਾਲ ਚਲਾਣਾ ਕਰ ਗਏ।[3]

---

1. ਰੰਗਲੇ ਸੱਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਨਾ 62
2. ਉਹੀ, ਪੰਨਾ 63
3. ਮਾਲਵਾ ਸਿੱਖ ਇਤਿਹਾਸ, ਭਾਗ ਦੂਜਾ, ਸੰਤ ਵਿਸਾਖਾ ਸਿੰਘ ਜਨੇਤਪੁਰਾ, ਪੰਨਾ 353

# ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ

ਬਾਬਾ ਗੁਰਦਿੱਤ ਸਿੰਘ ਨਿੱਡਰ, ਨਿਧੜਕ ਅਤੇ ਕੁਰਬਾਨੀਆਂ ਵਾਲੇ ਦੇਸ਼ ਭਗਤ ਸਨ। ਉਹ ਕਾਮਾਗਾਟਾਮਾਰੂ ਜਹਾਜ਼ ਦੇ ਨਾਇਕ ਸਨ। ਉਹਨਾਂ ਦਾ ਜਨਮ 1859 ਈ: ਵਿੱਚ ਸਰਹਾਲੀ ਕਲਾਂ ਜ਼ਿਲ੍ਹਾ ਅੰਮ੍ਰਿਤਸਰ (ਹੁਣ ਜ਼ਿਲ੍ਹਾ ਤਰਨਤਾਰਨ) ਵਿੱਚ ਹੋਇਆ। ਇਹ ਨਗਰ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ 15 'ਤੇ ਸਥਿਤ ਹੈ ਅਤੇ ਇਸ ਦੀ ਤਰਨਤਾਰਨ ਤੋਂ ਦੂਰੀ 12 ਕਿਲੋਮੀਟਰ ਹੈ। ਉਹਨਾਂ ਦੇ ਪਿਤਾ ਸਰਦਾਰ ਹੁਕਮ ਸਿੰਘ ਸਧਾਰਨ ਕਿਸਾਨ ਸਨ। ਪਹਿਲਾਂ ਉਹ ਪਿੰਡ ਵਿੱਚ ਵਾਹੀ ਦਾ ਕੰਮ ਕਰਦੇ ਸਨ, ਪਰ ਮਗਰੋਂ ਮਲਾਇਆ ਜਾ ਕੇ ਠੇਕੇਦਾਰੀ ਕਰਨ ਲੱਗ ਪਏ ਸਨ। ਉਹਨਾਂ ਦੇ ਦਾਦਾ ਸ. ਰਤਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਵਿੱਚ ਸਨ ਅਤੇ ਐਂਗਲੋ ਸਿੱਖ ਲੜਾਈਆਂ ਵਿੱਚ ਬੀਰਤਾ ਦੇ ਜੌਹਰ ਦਿਖਾਏ ਸਨ। ਜਦੋਂ ਅੰਗਰੇਜ਼ਾਂ ਨੇ ਜਾਗੀਰ ਦਾ ਲਾਲਚ ਦੇ ਕੇ ਸਰਦਾਰ ਰਤਨ ਸਿੰਘ ਨੂੰ ਆਪਣੇ ਵੱਲ ਕਰਨਾ ਚਾਹਿਆ ਤਾਂ ਉਸ ਨੇ ਕੋਰਾ ਜਵਾਬ ਦੇ ਦਿੱਤਾ ਸੀ। ਇਸ ਸਭ ਦਾ ਗੁਰਦਿੱਤ ਸਿੰਘ 'ਤੇ ਬਹੁਤ ਪ੍ਰਭਾਵ ਪਿਆ। ਉਸ ਨੂੰ ਦੇਸ਼-ਪ੍ਰੇਮ ਅਤੇ ਕੁਰਬਾਨੀ ਦੀ ਗੁੜਤੀ ਵਿਰਸੇ ਵਿੱਚੋਂ ਹੀ ਪ੍ਰਾਪਤ ਹੋ ਗਈ। ਉਹਨਾਂ ਨੇ ਗੁਰਮਤਿ ਅਤੇ ਪੰਜਾਬੀ ਦੀ ਸਿੱਖਿਆ ਪਿੰਡ ਦੇ ਗੁਰਦੁਆਰੇ ਚੁਬੱਚਾ ਸਾਹਿਬ ਦੇ ਗ੍ਰੰਥੀ ਪਾਸੋਂ ਪ੍ਰਾਪਤ ਕੀਤੀ। ਗੁਰਦਿੱਤ ਸਿੰਘ ਦਾ ਪਿਤਾ ਹੁਕਮ ਸਿੰਘ ਮਲਾਇਆ ਵਿੱਚ ਕੁਝ ਸਾਲ ਰਹਿਕੇ ਦੇਸ਼ ਪਰਤ ਆਇਆ ਅਤੇ 1883 ਈ: ਵਿੱਚ ਗੁਰਦਿੱਤ ਸਿੰਘ ਦੇ ਵੱਡੇ ਭਰਾ ਪਹਿਲੂ ਸਿੰਘ ਨੂੰ ਮਲਾਇਆ ਭੇਜ ਦਿੱਤਾ। ਦੋ ਸਾਲ ਬਾਅਦ 1885 ਵਿੱਚ ਗੁਰਦਿੱਤ ਸਿੰਘ ਵੀ ਆਪਣੇ ਭਰਾ ਕੋਲ ਚਲਾ ਗਿਆ ਅਤੇ ਕੁਝ ਸਮੇਂ ਬਾਅਦ ਵਾਪਸ ਵਤਨ ਪਰਤ ਆਇਆ।

1883 ਈ: ਵਿੱਚ ਗੁਰਦਿੱਤ ਸਿੰਘ ਦੀ ਸ਼ਾਦੀ ਰਤਨ ਕੌਰ ਸਪੁੱਤਰੀ ਸ. ਗੁਲਾਬ ਸਿੰਘ ਪਿੰਡ ਤਿੰਮੋਵਾਲ ਨਾਲ ਹੋਈ, ਪਰ ਉਸ ਦੀ ਕੁੱਖੋਂ ਕੋਈ ਸੰਤਾਨ ਨਾ ਹੋਈ। ਜਿਸ ਕਾਰਨ ਗੁਰਦਿੱਤ ਸਿੰਘ ਦੀ ਦੂਸਰੀ ਸ਼ਾਦੀ ਬੀਬੀ ਗੁਲਾਬ ਕੌਰ ਸਪੁੱਤਰੀ ਸ. ਬਖਸ਼ੀਸ ਸਿੰਘ ਪਿੰਡ ਬੁਤਾਲਾ ਨਾਲ ਹੋਈ। ਗੁਰਦਿੱਤ ਸਿੰਘ ਗੁਲਾਬ ਕੌਰ ਨੂੰ ਨਾਲ ਲੈ ਕੇ ਦੁਬਾਰਾ ਮਲਾਇਆ ਚਲੇ ਗਏ ਅਤੇ 1905 ਵਿੱਚ ਉਹਨਾਂ ਦੇ ਘਰ ਇੱਕ ਲੜਕੇ ਨੇ ਜਨਮ ਲਿਆ, ਜੋ ਤਿੰਨ ਮਹੀਨੇ ਬਾਅਦ ਹੀ ਪੂਰਾ ਹੋ ਗਿਆ। ਮਲਾਇਆ ਵਿੱਚ ਜਾ ਕੇ ਸ਼ੁਰੂ ਵਿੱਚ ਗੁਰਦਿੱਤ ਸਿੰਘ ਤੈਪਿੰਗ ਸ਼ਹਿਰ ਦੇ ਮੋਪਨ ਨਾਂ ਦੇ ਵਪਾਰੀ ਕੋਲ ਨੌਕਰੀ ਲੱਗ ਗਿਆ। ਕੁਝ ਸਮੇਂ ਬਾਅਦ ਗੁਰਦਿੱਤ ਸਿੰਘ ਨੇ ਕੁਝ ਪੂੰਜੀ ਜੋੜ ਕੇ ਡੇਅਰੀ ਦਾ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ। 1907 ਵਿੱਚ ਉਹਨਾਂ ਦੇ ਗ੍ਰਹਿ ਵਿਖੇ ਲੜਕੇ ਬਲਵੰਤ ਸਿੰਘ ਦਾ ਜਨਮ ਹੋਇਆ। ਉਹਨਾਂ ਦੇ ਸਪੁੱਤਰ ਬਲਵੰਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਵਿੱਚ ਉਹਨਾਂ ਨਾਲ ਹੀ ਸਫ਼ਰ ਕੀਤਾ ਸੀ।

1908 ਵਿੱਚ ਕੈਨੇਡਾ ਸਰਕਾਰ ਨੇ ਭਾਰਤੀਆਂ ਦੇ ਕੈਨੇਡਾ ਵਿੱਚ ਦਾਖਲੇ 'ਤੇ ਪਾਬੰਦੀ ਲਾ ਦਿੱਤੀ, ਇਸ ਦਾ ਕਾਰਨ ਗੋਰੇ ਮਜ਼ਦੂਰਾਂ ਵਿੱਚ ਭਾਰਤੀਆਂ ਪ੍ਰਤੀ ਵੱਧ ਰਹੀ ਈਰਖਾ ਸੀ। ਭਾਰਤੀਆਂ ਨੇ ਕੈਨੇਡੀਅਨ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਦਲੇਰੀ ਨਾਲ ਟਾਕਰਾ ਕਰਨ ਦੇ ਪ੍ਰਣ ਕੀਤੇ। ਸਰਕਾਰ ਨੇ 9 ਮਈ, 1910 ਨੂੰ ਇੱਕ ਨਵਾਂ ਫੈਸਲਾ ਕੀਤਾ, ਜਿਸ ਨਾਲ ਕੈਨੇਡਾ ਵਿੱਚ ਕੇਵਲ ਉਹੀ ਵਿਦੇਸ਼ੀ ਆ ਸਕਦੇ ਸਨ, ਜੋ ਆਪਣੇ ਦੇਸ਼ ਤੋਂ ਸਿੱਧੀ ਕੈਨੇਡਾ ਦੀ ਟਿਕਟ ਲੈ ਕੇ ਆਉਣ ਅਤੇ ਉਹਨਾਂ ਪਾਸ 200 ਡਾਲਰ ਨਕਦ ਵੀ ਹੋਣ। ਉਸ ਸਮੇਂ ਹਿੰਦੁਸਤਾਨ ਤੋਂ ਕੋਈ ਵੀ ਜਹਾਜ਼ ਸਿੱਧਾ ਕੈਨੇਡਾ ਨਹੀਂ ਜਾਂਦਾ ਸੀ, ਇਸ ਲਈ ਹਿੰਦੀਆਂ ਦਾ ਕੈਨੇਡਾ ਵਿੱਚ ਸ਼ਾਮਲ ਹੋਣਾ ਅਸੰਭਵ ਹੋ ਗਿਆ ਸੀ। ਹਿੰਦੀ ਲੋਕਾਂ ਵੱਲੋਂ ਹਿੰਦੁਸਤਾਨ ਤੋਂ ਕੈਨੇਡਾ ਨੂੰ ਸਿੱਧੇ ਜਹਾਜ਼ ਚਲਾਉਣ ਅਤੇ ਕੈਨੇਡਾ ਤੋਂ ਸਿੱਧੀਆਂ ਟਿਕਟਾਂ ਲੈਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਸਭ ਵਿਅਰਥ ਰਹੀਆਂ। ਇਸ ਸਮੇਂ ਤੱਕ ਗੁਰਦਿੱਤ ਸਿੰਘ ਜੋ ਸਿੰਘਾਪੁਰ, ਮਲਾਇਆ ਵਿੱਚ ਵਪਾਰ ਕਰਦਾ ਸੀ, ਕਾਫ਼ੀ ਧਨੀ ਵਿਅਕਤੀ ਬਣ ਗਿਆ। 1913 ਦੇ ਆਖੀਰ ਵਿੱਚ ਗੁਰਦਿੱਤ ਸਿੰਘ ਆਪਣੇ ਵਪਾਰ ਦੇ ਸਬੰਧ ਵਿੱਚ ਹਾਂਗਕਾਂਗ ਗਏ ਹੋਏ ਸਨ। ਇੱਥੇ ਰਹਿੰਦੇ ਸਮੇਂ ਉਹ ਸਥਾਨਕ ਗੁਰਦੁਆਰੇ ਵਿੱਚ ਅਕਸਰ ਆਇਆ ਕਰਦੇ ਸਨ। ਇੱਥੇ ਉਹਨਾਂ ਵੱਲੋਂ ਹਮਵਤਨੀਆਂ ਨਾਲ ਕੀਤੇ ਵਿਚਾਰ-ਵਟਾਂਦਰੇ ਤੋਂ ਬਾਬਾ ਜੀ ਨੇ ਅੰਦਾਜ਼ਾ ਲਾ ਲਿਆ ਸੀ ਕਿ ਅਮਰੀਕਾ ਅਤੇ ਕੈਨੇਡਾ ਜਾਣ ਲਈ ਹਿੰਦੀ ਉਤਾਵਲੇ ਸਨ। ਦਸੰਬਰ 1913 ਵਿੱਚ ਬਾਬਾ ਗੁਰਦਿੱਤ ਸਿੰਘ ਦੀ ਹਾਜ਼ਰੀ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਸਭਾ ਕੀਤੀ, ਜਿਸ ਵਿੱਚ ਬਾਬਾ ਗੁਰਦਿੱਤ ਸਿੰਘ ਨੂੰ ਜਹਾਜ਼ ਦਾ ਪ੍ਰਬੰਧ ਕਰਨ ਵਾਸਤੇ ਕਿਹਾ ਗਿਆ ਅਤੇ ਉਸ ਦੀ ਮੱਦਦ ਕਰਨ ਦਾ ਪ੍ਰਣ ਕੀਤਾ ਗਿਆ। 3 ਜਨਵਰੀ, 1914 ਨੂੰ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਕੈਨੇਡਾ ਸਰਕਾਰ ਵੱਲੋਂ ਗੁਰਪੁਰਬ ਵਾਲੇ ਦਿਨ ਸਿੱਖ ਫੌਜੀਆਂ ਨੂੰ ਗੁਰਦੁਆਰੇ ਵਿੱਚ ਆਉਣ ਤੋਂ ਰੋਕ ਦਿੱਤਾ ਗਿਆ। ਗੁਰਦੁਆਰੇ ਦੇ ਭਰੇ ਦੀਵਾਨ ਵਿੱਚ ਬਾਬਾ ਜੀ ਨੇ ਜੋਸ਼ੀਲੀ ਤਕਰੀਰ ਰਾਹੀਂ ਭਾਰਤੀਆਂ ਨੂੰ ਗੁਲਾਮੀ ਦਾ ਜੂਲਾ ਲਾਹੁਣ ਖਾਤਰ ਵੰਗਾਰਿਆ। ਗੁਰਦੁਆਰੇ ਵਿੱਚ ਬਹੁਤ ਸਾਰੇ ਪੰਜਾਬੀਆਂ ਨੇ ਬਾਬਾ ਜੀ ਕੋਲ ਆਪਣੇ ਦੁਖੜੇ ਰੋਏ। ਹਿੰਦੀਆਂ ਦੇ ਮਸਲੇ ਦੇ ਫੌਰੀ ਹੱਲ ਲਈ ਬਾਬਾ ਗੁਰਦਿੱਤ ਸਿੰਘ ਨੇ ਕਲਕੱਤੇ ਤੋਂ ਕੈਨੇਡਾ ਦੇ ਘਾਟਾਂ ਤੱਕ ਸਿੱਧਾ ਜਹਾਜ਼ ਚਲਾਉਣ ਦਾ ਫੈਸਲਾ ਕੀਤਾ, ਕਿਉਂਕਿ ਕਲਕੱਤੇ ਤੋਂ ਚਲਾਇਆ ਜਹਾਜ਼ ਹੀ ਸਿੱਧੇ ਸਫ਼ਰ ਦੀ ਸ਼ੁਰਤ ਪੂਰੀ ਕਰਦਾ ਸੀ। ਬਾਬਾ ਗੁਰਦਿੱਤ ਸਿੰਘ ਨੇ ਕਲਕੱਤੇ ਜਾ ਕੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਦੇ ਨਾਂ 'ਤੇ ਇੱਕ ਇਸ਼ਤਿਹਾਰ ਕੱਢਿਆ, ਜਿਸ ਰਾਹੀਂ 13 ਫ਼ਰਵਰੀ ਨੂੰ ਲੋਕਾਂ ਨੂੰ ਸੂਚਿਤ ਕੀਤਾ ਕਿ ਉਹ ਕਲਕੱਤੇ ਤੋਂ ਸਿੱਧਾ ਜਹਾਜ਼ ਲੈ ਕੇ ਕੈਨੇਡਾ ਜਾ ਰਹੇ ਹਨ। ਕਲਕੱਤੇ ਵਿਖੇ ਉਹਨਾਂ ਜਹਾਜ਼ੀ ਕੰਪਨੀਆਂ ਤੋਂ ਜਹਾਜ਼ ਕਿਰਾਏ 'ਤੇ ਲੈਣ ਬਾਰੇ ਗੱਲਬਾਤ ਕੀਤੀ, ਪਰ ਅੰਗਰੇਜ਼ ਸਰਕਾਰ ਦੇ ਡਰੋਂ ਕੋਈ ਕੰਪਨੀ ਤਿਆਰ ਨਾ ਹੋਈ। ਬਾਬਾ ਜੀ ਵਾਪਸ

ਸਿੰਘਾਪੁਰ ਚਲੇ ਗਏ ਅਤੇ ਉੱਥੋਂ ਜਹਾਜ਼ ਤੋਰਨ ਲਈ ਕਈ ਜਹਾਜ਼ ਵੇਖੇ। ਅਖੀਰ 24 ਮਾਰਚ, 1914 ਨੂੰ ਇੱਕ ਜਰਮਨ ਏਜੰਟ ਰਾਹੀਂ ਗੁਰਦਿੱਤ ਸਿੰਘ ਨੇ ਇੱਕ ਜਪਾਨੀ ਕੰਪਨੀ 'ਸ਼ੀਨੇਈ ਕਿਸ਼ੇਨ ਗੋਸ਼ੀ ਕਾਈਸ਼ਾ' ਕੋਲੋਂ ਕੌਮਾਗਾਟਾਮਾਰੂ ਜਹਾਜ਼ ਪਟੇ 'ਤੇ ਲੈ ਲਿਆ ਅਤੇ ਇਸ ਦਾ ਨਾਮ ਬਦਲਕੇ ਗੁਰੂ ਨਾਨਕ ਜਹਾਜ਼ ਰੱਖਿਆ। ਇਹ ਜਹਾਜ਼ ਛੇ ਮਹੀਨੇ ਲਈ ਕਿਰਾਏ 'ਤੇ ਲੈ ਲਿਆ ਗਿਆ ਅਤੇ ਇਸ ਦਾ ਕਿਰਾਇਆ 11000 ਡਾਲਰ ਪ੍ਰਤੀ ਮਹੀਨਾ ਸੀ। ਜਾਪਾਨੀ ਕੰਪਨੀ ਨੇ ਭਾਰਤੀਆਂ ਦੀ ਮਜ਼ਬੂਰੀ ਦਾ ਫਾਇਦਾ ਉਠਾਉਂਦੇ ਹੋਏ ਬਹੁਤ ਜ਼ਿਆਦਾ ਕਿਰਾਏ 'ਤੇ ਜਹਾਜ਼ ਬਾਬਾ ਜੀ ਨੂੰ ਦਿੱਤਾ ਅਤੇ ਦੂਸਰੇ ਪਾਸੇ ਭਾਰਤ ਦੀ ਹਕੂਮਤ ਅਤੇ ਕੈਨੇਡਾ ਸਰਕਾਰ ਹਰਗਿਜ਼ ਨਹੀਂ ਚਾਹੁੰਦੀ ਸੀ ਕਿ ਹਿੰਦੀ ਲੋਕ ਆਪਣੇ ਯਤਨ ਵਿੱਚ ਸਫ਼ਲ ਹੋਣ। ਸਰਕਾਰ ਨੇ ਜਹਾਜ਼ ਦੇ ਮੁਸਾਫਿਰਾਂ ਨੂੰ ਡਰਾਉਣ ਲਈ ਪ੍ਰਚਾਰ ਕੀਤਾ ਕਿ ਉਹਨਾਂ ਨੂੰ ਕੈਨੇਡਾ ਵਿੱਚ ਉਤਰਣ ਨਹੀਂ ਦਿੱਤਾ ਜਾਵੇਗਾ, ਕਿਉਂਕਿ ਜਹਾਜ਼ ਸਿੱਧਾ ਹਿੰਦੁਸਤਾਨ ਤੋਂ ਨਹੀਂ ਜਾ ਰਿਹਾ। 25 ਮਾਰਚ ਨੂੰ ਬਾਬਾ ਗੁਰਦਿੱਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਹਾਂਗਕਾਂਗ ਵਿੱਚ ਜਹਾਜ਼ ਦੇ ਦਫ਼ਤਰ ਤੀ ਤਲਾਸ਼ੀ ਲਈ ਗਈ। ਲੋਕ ਰੋਹ ਨੂੰ ਦੇਖਦਿਆਂ ਸਰਕਾਰ ਨੇ ਬਾਬਾ ਜੀ ਨੂੰ 28 ਮਾਰਚ ਨੂੰ ਰਿਹਾਅ ਕਰ ਦਿੱਤਾ। ਜਹਾਜ਼ ਨੇ 28 ਮਾਰਚ ਨੂੰ ਹਾਂਗਕਾਂਗ ਤੋਂ ਤੁਰਨਾ ਸੀ। ਜੋ ਸਰਕਾਰੀ ਚਾਲਾਂ ਕਰਕੇ 4 ਅਪ੍ਰੈਲ ਨੂੰ, ਹਾਂਗਕਾਂਗ ਤੋਂ ਰਵਾਨਾ ਹੋਇਆ ਅਤੇ ਉਸ ਵਿੱਚ ਬਾਬਾ ਜੀ ਦੇ ਅੰਦਾਜ਼ੇ ਤੋਂ ਬਹੁਤ ਘੱਟ ਯਾਤਰੀ ਚੜ੍ਹੇ। ਹਾਂਗਕਾਂਗ ਤੋਂ ਸਿਰਫ਼ 165 ਮੁਸਾਫਿਰ ਜਹਾਜ਼ ਵਿੱਚ ਸਵਾਰ ਹੋਏ, ਜਦਕਿ ਬਾਬਾ ਜੀ ਦੇ ਅੰਦਾਜ਼ੇ ਅਨੁਸਾਰ ਘੱਟੋ-ਘੱਟ 500 ਮੁਸਾਫਿਰ ਇੱਥੋਂ ਸਵਾਰ ਹੋਣੇ ਸਨ। ਗੁਰਦਿੱਤ ਸਿੰਘ ਨੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਜਾਣ ਲਿਆ ਸੀ ਕਿ ਉਹ ਕੈਨੇਡੀਅਨ ਕਾਨੂੰਨ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਜਾ ਰਹੇ ਹਨ, ਇਸ ਕਰਕੇ ਮੁਸਾਫਿਰਾਂ ਦੇ ਦਾਖਲੇ 'ਤੇ ਪਾਬੰਦੀ ਨਹੀਂ ਲੱਗ ਸਕਦੀ। 8 ਅਪ੍ਰੈਲ ਨੂੰ ਇਹ ਜਹਾਜ਼ ਚੀਨ ਦੀ ਬੰਦਰਗਾਹ ਸ਼ੰਘਾਈ ਪਹੁੰਚ ਗਿਆ। ਉਥੋਂ 111 ਮੁਸਾਫਿਰਾਂ ਨੂੰ ਲੈ ਕੇ 14 ਅਪ੍ਰੈਲ ਨੂੰ ਅਗਲੇ ਸਫ਼ਰ ਲਈ ਰਵਾਨਾ ਹੋ ਗਿਆ। 19 ਅਪ੍ਰੈਲ ਨੂੰ ਜਹਾਜ਼ ਜਾਪਾਨ ਦੀ ਮੌਜੀ ਬੰਦਰਗਾਹ 'ਤੇ ਪਹੁੰਚ ਗਿਆ। ਇੱਥੋਂ 86 ਮੁਸਾਫ਼ਿਰ ਹੋਰ ਚੜ੍ਹੇ। ਸ਼ੰਘਾਈ ਅਤੇ ਮੌਜੀ ਬੰਦਰਗਾਹਾਂ 'ਤੇ ਜਹਾਜ਼ ਵਿੱਚ ਗ਼ਦਰ ਅਖਬਾਰ ਵੰਡਿਆ ਗਿਆ। ਮੌਜੀ ਵਿਖੇ ਬਲਵੰਤ ਸਿੰਘ ਖੁਰਦਪੁਰੀ ਨੇ ਆ ਕੇ ਜੋਸ਼ੀਲੀਆ ਤਕਰੀਰਾਂ ਕੀਤੀਆਂ। 28 ਅਪ੍ਰੈਲ ਨੂੰ ਇਹ ਜਹਾਜ਼ ਯੋਕੋਹਾਮਾ ਪਹੁੰਚ ਗਿਆ। ਯੋਕੋਹਾਮਾ ਵਿੱਚ ਵੀ ਗ਼ਦਰ ਦੀਆਂ ਕਾਪੀਆਂ ਜਹਾਜ਼ ਵਿੱਚ ਪਹੁੰਚਾਈਆਂ ਗਈਆਂ ਅਤੇ ਭਾਈ ਭਗਵਾਨ ਸਿੰਘ ਅਤੇ ਇਨਕਲਾਬੀ ਬਰਕਤ ਉੱਲਾ ਜਹਾਜ਼ ਦੇ ਮੁਸਾਫਿਰਾਂ ਨੂੰ ਮਿਲਣ ਆਏ। ਇੱਥੇ ਜਹਾਜ਼ ਵਿੱਚ ਭਾਈ ਭਗਵਾਨ ਸਿੰਘ ਨੇ ਬਰਤਾਨਵੀ ਸਰਕਾਰ ਵਿਰੁੱਧ ਜੋਸ਼ ਭਰੀ ਤਕਰੀਰ ਕੀਤੀ। 28 ਅਪ੍ਰੈਲ ਨੂੰ ਇਹ ਜਹਾਜ਼ ਯੋਕੋਹਾਮਾ ਪਹੁੰਚ ਗਿਆ। ਇੱਥੋਂ ਜਹਾਜ਼ ਵਿੱਚ 14 ਮੁਸਾਫਿਰ ਸਵਾਰ ਹੋਏ। ਹੁਣ ਕਾਮਾਗਾਟਾਮਾਰੂ ਦੇ ਮੁਸਾਫਿਰਾਂ ਦੀ ਗਿਣਤੀ 376 ਹੋ ਗਈ ਸੀ, ਜਿਨ੍ਹਾਂ ਵਿੱਚ 24 ਮੁਸਲਮਾਨ, 12 ਹਿੰਦੂ ਅਤੇ ਬਾਕੀ 340 ਸਿੱਖ ਸਨ। ਜਹਾਜ਼ 2 ਮਈ ਨੂੰ ਯੋਕੋਹਾਮਾ ਤੋਂ ਤੁਰਿਆ ਅਤੇ 23 ਮਈ,

1914 ਨੂੰ ਵੈਨਕੂਵਰ ਪਹੁੰਚ ਗਿਆ। ਜਹਾਜ਼ ਨੂੰ ਪੱਤਣ ਉੱਤੇ ਨਾ ਲੱਗਣ ਦਿੱਤਾ ਗਿਆ ਅਤੇ ਦੂਰ ਪਾਣੀ ਵਿੱਚ ਹੀ ਰੋਕ ਦਿੱਤਾ ਗਿਆ। ਜਹਾਜ਼ ਦੇ ਮੁਸਾਫਿਰਾਂ ਬਾਰੇ ਕੈਨੇਡਾ ਸਰਕਾਰ ਨੇ ਪਹਿਲਾਂ ਹੀ ਮਨ ਬਣਾ ਲਿਆ ਸੀ ਕਿ ਇਹਨਾਂ ਨੂੰ ਵੈਨਕੂਵਰ ਉਤਰਣ ਨਹੀਂ ਦਿੱਤਾ ਜਾਵੇਗਾ। ਜਦ ਵੈਨਕੂਵਰ ਵਿਖੇ ਰਹਿ ਰਹੇ ਭਾਰਤੀਆਂ ਨੂੰ ਜਹਾਜ਼ ਦੇ ਯਾਤਰੀਆਂ ਨਾਲ ਹੋ ਰਹੀ ਵਧੀਕੀ ਬਾਰੇ ਪਤਾ ਲੱਗਿਆ ਤਾਂ ਉਹਨਾਂ 31 ਮਈ ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਭਾਰੀ ਇਕੱਠ ਕਰਕੇ ਵਿਚਾਰਾਂ ਕੀਤੀਆਂ। ਭਾਈ ਬਲਵੰਤ ਸਿੰਘ ਗ੍ਰੰਥੀ ਦੀ ਅਪੀਲ 'ਤੇ ਉਸੇ ਵੇਲੇ 60000 ਡਾਲਰ ਇਕੱਠੇ ਹੋ ਗਏ। ਪੰਦਰਾਂ ਆਦਮੀਆਂ ਦੇ ਅਧਾਰਤ ਕਾਮਾਗਾਟਾਮਾਰੂ ਸਹਾਇਤਾ ਕਮੇਟੀ ਬਣਾਈ ਗਈ। 9 ਜੂਨ ਨੂੰ ਲਾਹੌਰ ਦੇ ਬਰੈਡਲਾ ਹਾਲ ਵਿੱਚ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਵੈਨਕੂਵਰ (ਕੈਨੇਡਾ) ਵਿਖੇ ਨਾ ਉਤਰਣ ਦੇਣ ਦੇ ਵਿਰੋਧ ਵਿੱਚ ਭਾਰੀ ਜਲਸਾ ਹੋਇਆ। ਇਸ ਸਮੇਂ ਦੋ ਮਤੇ ਪਾਸ ਕੀਤੇ ਗਏ। ਇੱਕ ਜਹਾਜ਼ ਦੇ ਮੁਸਾਫਿਰਾਂ ਨਾਲ ਹਮਦਰਦੀ ਦਾ ਸੀ ਅਤੇ ਦੂਸਰਾ ਸਰਕਾਰ ਹਿੰਦ ਨੂੰ ਇਸ ਨਾਜ਼ੁਕ ਮਾਮਲੇ 'ਤੇ ਹਿੰਦੋਸਤਾਨੀਆਂ ਦੇ ਅਧਿਕਾਰਾਂ ਲਈ ਰਾਖੀ ਕਰਨ ਦੀ ਬੇਨਤੀ ਕੀਤੀ ਸੀ। ਸਰਗੋਧੇ ਤੇ ਲਾਇਲਪੁਰ ਵਿੱਚ ਵੀ ਹਿੰਦੂਆਂ ਸਿੱਖਾਂ ਮੁਸਲਮਾਨਾਂ ਵੱਲੋਂ ਮੁਸਾਫਿਰਾਂ ਦੇ ਹੱਕ ਵਿੱਚ ਜਲਸੇ ਕੀਤੇ ਗਏ ਅਤੇ ਹਕੂਮਤ ਨੂੰ ਤਾਰਾਂ ਭੇਜੀਆਂ ਗਈਆਂ।

ਕੈਨੇਡਾ ਵਿੱਚ ਜਹਾਜ਼ ਦਾ ਪਟਾ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਹਸਨ ਰਹੀਮ ਦੇ ਨਾਂ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਮੁਸਾਫਿਰਾਂ ਦਾ ਮੁਕੱਦਮਾ ਲੜਨ ਲਈ ਕਾਨੂੰਨੀ ਸਲਾਹਕਾਰ ਮਿਸਟਰ ਐਡਵਰਡ ਬਰਡ ਦੀਆਂ ਸੇਵਾਵਾਂ ਹਾਸਲ ਕੀਤੀਆਂ। ਮਿਸਟਰ ਬਰਡ ਦੁਆਰਾ ਲੜੇ ਜਾ ਰਹੇ ਕੇਸ ਦਾ ਫੈਸਲਾ 7 ਜੁਲਾਈ, 1914 ਨੂੰ ਸੁਣਾ ਦਿੱਤਾ ਗਿਆ। ਫੈਸਲੇ ਵਿੱਚ ਜਹਾਜ਼ ਨੂੰ ਵਾਪਸ ਲੈ ਜਾਣ ਦੇ ਆਦੇਸ਼ ਦੇ ਦਿੱਤੇ ਗਏ। 18 ਜੁਲਾਈ ਨੂੰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਧੱਕੇ ਨਾਲ ਵਾਪਸ ਭੇਜਣ ਲਈ ਸਮੁੰਦਰੀ ਸ਼ੇਰ ਜਹਾਜ਼ ਪਾਣੀਆਂ ਵਿੱਚ ਭੇਜ ਦਿੱਤਾ। ਇਸ ਜਹਾਜ਼ ਵਿੱਚ ਭਾਰੀ ਪੁਲਿਸ ਫੋਰਸ ਸੀ। ਜਹਾਜ਼ ਦੇ ਯਾਤਰੀ ਪਹਿਲਾ ਹੀ ਸਤੇ ਹੋਏ ਸਨ। ਉਹਨਾਂ ਨੇ ਜਹਾਜ਼ ਉੱਪਰੋਂ ਬਲਦੇ ਕੋਲਿਆਂ ਨਾਲ ਪੁਲਿਸ 'ਤੇ ਹਮਲਾ ਕਰ ਦਿੱਤਾ ਅਤੇ ਸਮੁੰਦਰੀ ਸ਼ੇਰ ਦੌੜ ਗਿਆ। ਇਸ ਆਫਤ ਪਿੱਛੋਂ ਕੈਨੇਡਾ ਸਰਕਾਰ ਨੇ 21 ਜੁਲਾਈ ਨੂੰ ਰੈਨਬੋ ਨਾਂ ਦਾ ਸਮੁੰਦਰੀ ਜਹਾਜ਼ ਵੈਨਕੂਵਰ ਦੀ ਖਾੜੀ ਵਿੱਚ ਲਿਆ ਖਿਲ੍ਹਾਰਿਆ। ਕਾਮਾਗਾਟਾਮਾਰੂ ਦੇ ਨੇੜੇ ਜਾ ਕੇ ਕਰੂਜ਼ਰ ਰੈਨਬੋ ਨੇ ਤੋਪਾਂ ਬੰਦੂਕਾਂ ਦੇ ਮੂੰਹ ਮੁਸਾਫਿਰ ਜਹਾਜ਼ ਵੱਲ ਕਰ ਲਏ। ਨਿਹੱਥੇ ਯਾਤਰੀਆਂ ਨੂੰ ਡਰਾਉਣ ਲਈ ਫੌਜੀਆਂ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਜਹਾਜ਼ ਦੇ ਮੁਸਾਫਿਰਾਂ ਦੇ ਹੌਂਸਲੇ ਬਹੁਤ ਬੁਲੰਦ ਸਨ। ਉਧਰ 21 ਜੁਲਾਈ ਦੀ ਸ਼ਾਮ ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਪ੍ਰਭਾਵਸ਼ਾਲੀ ਇਕੱਠ ਵਿੱਚ ਫੈਸਲਾ ਕਰ ਲਿਆ ਗਿਆ ਕਿ ਜੇ ਕੈਨੇਡਾ ਸਰਕਾਰ ਯਾਤਰੀਆਂ 'ਤੇ ਹਮਲਾ ਕਰਦੀ ਹੈ ਤਾਂ ਸਾਰੇ ਵੈਨਕੂਵਰ ਸ਼ਹਿਰ ਨੂੰ ਸਾੜਕੇ ਸੁਆਹ ਕਰ ਦਿੱਤਾ ਜਾਵੇਗਾ। ਵੈਨਕੂਵਰ ਨੂੰ ਅੱਗ ਲਾ ਦੇਣ ਦੀਆਂ ਖਬਰਾਂ ਸਰਕਾਰ ਤੱਕ ਵੀ ਪਹੁੰਚ ਗਈਆਂ। ਹਾਲਾਤ ਭਾਪਦਿਆਂ ਹੋਇਆਂ ਵੈਨਕੂਵਰ ਦੀ ਪੁਲਿਸ ਨੇ

ਗੱਲਬਾਤ ਦੀ ਪੇਸਕਸ਼ ਕੀਤੀ। ਜਹਾਜ਼ੀ ਕਮੇਟੀ ਨੇ ਇਹ ਪੇਸਕਸ਼ ਮਨਜ਼ੂਰ ਕਰ ਲਈ। ਕੈਨੇਡੀਅਨ ਸਰਕਾਰ ਨੇ ਮੁਸਾਫਿਰਾਂ ਨੂੰ ਰਸਦ ਪਾਣੀ ਦੇਣਾ ਸਵੀਕਾਰ ਕਰ ਲਿਆ। ਸਰਕਾਰ ਅਤੇ ਕਮੇਟੀ ਦਰਮਿਆਨ ਗੱਲਬਾਤ ਮੁਕੰਮਲ ਹੋ ਗਈ। 22 ਜੁਲਾਈ ਨੂੰ ਜਹਾਜ਼ ਵਿੱਚ ਸਾਰਾ ਦਿਨ ਰਾਸ਼ਨ ਪੁੱਜਦਾ ਰਿਹਾ। 21 ਮੁਸਾਫਿਰ ਕੈਨੇਡਾ ਉਤਰਣ ਵਿੱਚ ਸਫ਼ਲ ਹੋ ਗਏ ਸਨ, ਜੋ ਕੈਨੇਡਾ ਦੇ ਬਸ਼ਿੰਦੇ ਸਨ। ਹੁਣ ਜਹਾਜ਼ ਵਿੱਚ 355 ਮੁਸਾਫਿਰ ਰਹਿ ਗਏ ਸਨ। ਦੋ ਮਹੀਨੇ ਦੀ ਖੱਜ਼ਲ ਖੁਆਰੀ ਪਿੱਛੋਂ ਇਹ ਜਹਾਜ਼ 23 ਜੁਲਾਈ, 1914 ਨੂੰ ਵਾਪਸੀ ਸਫ਼ਰ ਲਈ ਵੈਨਕੂਵਰ ਤੋਂ ਰਵਾਨਾ ਹੋ ਗਿਆ। ਆਉਂਦੀ ਵਾਰ ਯੋਕੋਹਾਮਾ ਬੰਦਰਗਾਹ 'ਤੇ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਯਾਤਰੀਆਂ ਨੂੰ ਮਿਲਣ ਲਈ ਪੁੱਜੇ। ਉਹਨਾਂ ਦਾ ਉਦੇਸ਼ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਭਖੇ ਹੋਏ ਮੁਸਾਫਿਰਾਂ ਵਿੱਚ ਰੋਹ ਨੂੰ ਹੋਰ ਵੀ ਪ੍ਰਚੰਡ ਕਰਨਾ ਸੀ। 26 ਸਤੰਬਰ, 1914 ਨੂੰ ਜਹਾਜ਼ ਡਾਇਆਮੰਡ ਬੰਦਰਗਾਹ 'ਤੇ ਪੁੱਜਾ। ਇੱਥੇ ਜਹਾਜ਼ ਦੀ ਤਲਾਸ਼ੀ ਲਈ ਗਈ। 29 ਸਤੰਬਰ ਨੂੰ ਜਹਾਜ਼ ਬਜਬਜ ਘਾਟ 'ਤੇ ਆਣ ਲੱਗਾ। ਜਦੋਂ ਜਹਾਜ਼ ਦੇ ਮੁਸਾਫਿਰ ਘਾਟ 'ਤੇ ਉਤਰੇ ਤਾਂ ਉਨਾਂ ਨੂੰ ਇੱਥੇ ਪਹਿਲਾਂ ਤੋਂ ਤਿਆਰ ਖੜੀ ਰੇਲ ਗੱਡੀ ਵਿੱਚ ਬੈਠਣ ਲਈ ਕਿਹਾ ਗਿਆ। ਜਹਾਜ਼ ਦੇ ਕੁਝ ਮੁਸਾਫਿਰ ਜਿਹਨਾਂ ਵਿੱਚ 21 ਮੁਸਲਮਾਨ ਵੀ ਸਨ ਗੱਡੀ ਵਿੱਚ ਸਵਾਰ ਹੋ ਗਏ। ਬਾਕੀ 300 ਮੁਸਾਫਿਰ ਪੈਦਲ ਹੀ ਜਲੂਸ ਦੀ ਸ਼ਕਲ ਵਿੱਚ ਕਲਕੱਤਾ ਸ਼ਹਿਰ ਵੱਲ ਤੁਰ ਪਏ। ਅੱਗੇ-ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾ ਰਹੀ ਸੀ। ਸਾਰੇ ਮੁਸਾਫਿਰ ਮਾਲਿਕ ਦੀ ਰਜ਼ਾ ਵਿੱਚ ਸਨ ਅਤੇ ਕੀਰਤਨ ਕਰਦੇ ਹੋਏ ਸ਼ਹਿਰ ਵੱਲ ਵੱਧ ਰਹੇ ਸਨ। ਅੰਗਰੇਜ਼ੀ ਸਰਕਾਰ ਨੇ ਬਜਬਜ ਘਾਟ ਤੋਂ ਚਾਰ-ਪੰਜ ਮੀਲ ਦੂਰ ਸਿੱਖਾਂ ਨੂੰ ਰੋਕ ਲਿਆ ਅਤੇ ਉਹਨਾਂ ਨੂੰ ਵਾਪਸ ਸਟੇਸ਼ਨ ਲਾਗੇ ਲਿਆਂਦਾ ਗਿਆ। ਇੱਥੇ ਪਹੁੰਚ ਕੇ ਜਹਾਜ਼ ਦੇ ਮੁਸਾਫਿਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ। ਸਟੇਸ਼ਨ ਦੇ ਲਾਗੇ ਪੁਲਿਸ ਸੰਗੀਨਾਂ ਤਾਣੀ ਖੜੀ ਸੀ। ਈਸਟਵੁੱਡ ਬਹੁਤ ਨਿਰਦਈ ਅਫ਼ਸਰ ਸੀ। ਟਹਿਲ ਸਿੰਘ ਨਾਂ ਦੇ ਮੁਸਾਫਿਰ ਨੇ ਉਸ ਕੋਲੋਂ ਡੰਡਾ ਖੋਹ ਲਿਆ। ਭੜਕੇ ਹੋਏ ਈਸਟ ਵੁੱਡ ਨੇ ਗੋਲੀਆਂ ਚਲਾ ਦਿੱਤੀਆਂ। ਮੁਸਾਫਿਰਾਂ ਵਿੱਚ ਹਫੜਾ-ਦਫੜੀ ਮੱਚ ਗਈ। ਮੁਨਸ਼ਾ ਸਿੰਘ ਨਾਂ ਦੇ ਗੱਭਰੂ ਨੇ ਈਸਟਵੁੱਡ ਕੋਲੋਂ ਪਿਸਤੌਲ ਖੋਹ ਕੇ ਉਸ ਨਾਲ ਉਸ ਨੂੰ ਚਿੱਤ ਕਰ ਦਿੱਤਾ। ਪੁਲਿਸ ਨੇ ਅੰਧਾ-ਧੁੰਦ ਫਾਇਰਿੰਗ ਸ਼ੁਰੂ ਕਰ ਦਿੱਤੀ। 19 ਮੁਸਾਫਿਰ ਅਤੇ ਇੱਕ ਰਾਹਗੀਰ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। 23 ਮੁਸਾਫਿਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਤਿੰਨ ਪੁਲਿਸ ਕਰਮਚਾਰੀ ਵੀ ਮਾਰੇ ਗਏ। ਵੱਖ ਵੱਖ ਇਤਿਹਾਸਕਾਰ ਇਹ ਵੇਰਵੇ ਵੱਖ-ਵੱਖ ਦੱਸਦੇ ਹਨ। 200 ਤੋਂ ਵੱਧ ਮੁਸਾਫਿਰ ਫੜ ਲਏ ਗਏ ਅਤੇ ਉਹਨਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਕਈ ਮੁਸਾਫਿਰ ਪੁਲਿਸ ਦੀ ਗ੍ਰਿਫਤਾਰੀ ਵਿੱਚੋਂ ਵੀ ਬਚ ਨਿਕਲਣ ਵਿੱਚ ਕਾਮਯਾਬ ਹੋ ਗਏ। ਇਹਨਾਂ ਵਿੱਚ ਬਾਬਾ ਗੁਰਦਿੱਤ ਸਿੰਘ ਵੀ ਸ਼ਾਮਿਲ ਸੀ। ਬਾਬਾ ਜੀ ਦੇ ਸਪੁੱਤਰ ਬਲਵੰਤ ਸਿੰਘ ਗ੍ਰਿਫਤਾਰ ਹੋਣ ਵਾਲਿਆਂ ਵਿੱਚ ਸ਼ਾਮਿਲ ਸਨ। ਉਹਨਾਂ ਨੂੰ ਕੁਝ ਸਮੇਂ ਲਈ ਅਲੀਪੁਰ ਜੇਲ੍ਹ ਵਿੱਚ ਰੱਖਿਆ ਗਿਆ ਅਤੇ ਬਾਅਦ ਵਿੱਚ

ਸਰਹਾਲੀ ਭੇਜ ਦਿੱਤਾ ਗਿਆ।

ਬਜਬਜ ਘਾਟ ਦੇ ਸਾਕੇ ਪਿੱਛੋਂ ਬਾਬਾ ਜੀ ਸੱਤ ਸਾਲ ਲਈ ਗੁਪਤਵਾਸ ਰਹੇ। ਬਜਬਜ ਘਾਟ ਤੋਂ ਉਹ ਕੁਝ ਬੰਗਾਲੀਆਂ ਦੀ ਮਦਦ ਨਾਲ ਰੇਲ ਗੱਡੀ ਵਿੱਚ ਸਵਾਰ ਹੋ ਕੇ ਜਗਨਨਾਥ ਪੁਰੀ ਪਹੁੰਚਣ ਵਿੱਚ ਕਾਮਯਾਬ ਹੋ ਗਏ। ਇੱਥੇ ਸਮੁੰਦਰ ਦੇ ਕੰਢੇ ਬਣੇ ਮੰਦਰ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਬਣੇ ਗੁਰਦੁਆਰੇ ਦੇ ਦਰਸ਼ਨ ਕੀਤੇ ਅਤੇ ਇੱਥੋਂ 'ਖਾਲਸਾ ਸੇਵਕ' ਅੰਮ੍ਰਿਤਸਰ ਵੱਲ ਇੱਕ ਚਿੱਠੀ ਵੀ ਭੇਜੀ। ਫਿਰ ਉਹ ਵਿਸਾਖਾਪਟਨਮ, ਗੁਪਾਲ ਮੰਦਰ, ਸੁਪਾਰੀ, ਭਦਰਾਚਲ, ਨੈਨਪੁਰ, ਹਜ਼ੂਰ ਸਾਹਿਬ ਅਤੇ ਹੋਰ ਕਈ ਥਾਵਾਂ 'ਤੇ ਰਹੇ। ਗੁਪਤਵਾਸ ਸਮੇਂ ਦੇ ਦੌਰਾਨ ਬਾਬਾ ਜੀ ਨੇ ਗੁਜਰਾਤ ਦੇ ਸ਼ਹਿਰ ਸਵਾਈ ਵਿੱਚ ਦੋ ਸਾਲ ਲਈ ਹਿਕਮਤ ਵੀ ਕੀਤੀ। ਜ਼ਲ੍ਹਿਆਂਵਾਲੇ ਬਾਗ਼ ਦੇ ਸਾਕੇ ਸਮੇਂ ਗੁਰਦਿੱਤ ਸਿੰਘ ਬੜੌਦਾ ਵਿੱਚ ਸਨ। ਜ਼ਲ੍ਹਿਆਂਵਾਲੇ ਬਾਗ਼ ਦੇ ਸਾਕੇ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਦਨਾਕ ਸਾਕਿਆਂ ਦਾ ਉਹਨਾਂ ਦੇ ਮਨ 'ਤੇ ਬਹੁਤ ਗਹਿਰਾ ਪ੍ਰਭਾਵ ਪਿਆ। ਗੁਪਤਵਾਸ ਦੇ ਸਮੇਂ ਦੌਰਾਨ ਉਹ ਕਈ ਕਾਂਗਰਸੀ ਲੀਡਰਾਂ ਨੂੰ ਮਿਲੇ। 13 ਮਾਰਚ, 1921 ਨੂੰ ਬਾਬਾ ਗੁਰਦਿੱਤ ਸਿੰਘ ਮਹਾਤਮਾ ਗਾਂਧੀ ਜੀ ਨੂੰ ਮਿਲਣ ਲਈ ਅਹਿਮਦਾਬਾਦ ਗਏ। ਮਹਾਤਮਾ ਗਾਂਧੀ ਨੇ ਉਹਨਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦੇਣ। 5 ਨਵੰਬਰ, 1921 ਨੂੰ ਬਾਬਾ ਜੀ ਦਿੱਲੀ ਵਿਖੇ ਹੋਏ ਕਾਂਗਰਸ ਦੇ ਸਰਬ ਹਿੰਦ ਸਮਾਗਮ ਵਿੱਚ ਸ਼ਾਮਲ ਹੋਏ। ਗਾਂਧੀ ਜੀ ਦੀ ਪ੍ਰੇਰਨਾ ਸਦਕਾ ਬਾਬਾ ਜੀ ਨੇ ਅਖਬਾਰਾਂ ਵਿੱਚ ਐਲਾਨ ਛਪਵਾਇਆ ਕਿ ਉਹ 15 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦੇਣਗੇ। ਜਦ ਉਹ 15 ਨਵੰਬਰ ਨੂੰ ਸ਼੍ਰੀ ਨਨਕਾਣਾ ਸਾਹਿਬ ਵਿਖੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ ਤਾਂ ਉਸ ਦਿਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੂਰਬ ਹੋਣ ਕਰਕੇ ਉਥੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਮੌਜੂਦ ਸੀ। ਇਸ ਦੀਵਾਨ ਵਿੱਚ ਬੱਬਰ ਅਕਾਲੀ ਮੋਤਾ ਸਿੰਘ, ਜੋ ਗੁਪਤਵਾਸ ਵਿੱਚ ਰਹਿ ਰਿਹਾ ਸੀ ਨੇ ਵੀ ਆਪਣਾ ਭਾਸ਼ਣ ਦਿੱਤਾ ਅਤੇ ਆਲੋਪ ਹੋ ਗਿਆ। ਗ੍ਰਿਫ਼ਤਾਰੀ ਤੋਂ ਪਹਿਲਾਂ ਬਾਬਾ ਜੀ ਨੇ ਸੰਗਤ ਨੂੰ ਲਗਭਗ ਦੋ  ਘੰਟੇ ਸੰਬੋਧਨ ਕੀਤਾ। ਇਸ ਤੋਂ ਪਿੱਛੋਂ ਉਹ ਪ੍ਰਸਿੱਧ ਅਕਾਲੀ ਨੇਤਾ ਤੇਜਾ ਸਿੰਘ ਸਮੁੰਦਰੀ ਅਤੇ ਹੋਰਨਾਂ ਨੇਤਾਵਾਂ ਨੂੰ ਨਾਲ ਲੈ ਕੇ ਪੁਲਿਸ ਕਮਿਸ਼ਨ ਦੇ ਪੇਸ਼ ਹੋ ਗਿਆ। ਇੱਥੋਂ ਉਸ ਨੂੰ ਆਰਜ਼ੀ ਤੌਰ 'ਤੇ ਗ੍ਰਿਫ਼ਤਾਰ ਕਰਕੇ ਤਿੰਨ ਮਹੀਨੇ ਲਈ ਡੇਰਾ ਗਾਜੀ ਖਾਂ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇੱਥੋਂ ਉਹ 28 ਫਰਵਰੀ, 1922 ਨੂੰ ਰਿਹਾਅ ਕੀਤੇ ਗਏ। ਜੇਲ੍ਹ ਤੋਂ ਰਿਹਾਈ ਪਿੱਛੋਂ ਕਾਂਗਰਸ ਅਤੇ ਖਿਲਾਫ਼ਤ ਕਮੇਟੀ ਵੱਲੋਂ ਉਹਨਾਂ ਦਾ ਥਾਂ-ਥਾਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਸਮੇਂ ਹੋਏ ਜਲਸਿਆਂ ਵਿੱਚ ਉਹਨਾਂ ਪੰਜਾਬ ਵਿੱਚ ਅੰਗਰੇਜ਼ੀ ਰਾਜ ਦੇ ਖਿਲਾਫ਼ ਜੋਸ਼ੀਲੀਆਂ ਤਕਰੀਰਾਂ ਕੀਤੀਆਂ। 7 ਮਾਰਚ, 1922 ਨੂੰ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਦਾ ਪ੍ਰਚਾਰ ਕਰਨ ਦੇ ਦੋਸ਼ ਹੇਠ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ 28 ਜੁਲਾਈ, 1922 ਨੂੰ ਦਫ਼ਾ 124-

ਏ ਅਧੀਨ ਪੰਜ ਸਾਲ ਲਈ ਕੈਦ ਦੀ ਸ਼ਜਾ ਸੁਣਾਕੇ ਮੀਆਂ ਵਾਲੀ ਜੇਲ੍ਹ ਭੇਜ ਦਿੱਤਾ। ਕੈਦ ਦੌਰਾਨ ਉਹਨਾਂ ਆਪਣੇ ਹੋਏ ਨੁਕਸਾਨ ਸੰਬੰਧੀ ਸਰਕਾਰ ਨਾਲ ਚਿੱਠੀ-ਪੱਤਰੀ ਸ਼ੁਰੂ ਕੀਤੀ। ਉਹਨਾਂ 16 ਅਪ੍ਰੈਲ, 1925 ਨੂੰ ਸਰਕਾਰ ਉੱਤੇ ਸਵਾ ਦੋ ਲੱਖ ਰੁਪਏ ਹਰਜਾਨੇ ਦਾ ਦਾਅਵਾ ਕਰ ਦਿੱਤਾ। ਮੁਕੱਦਮਾ ਪਹਿਲੀ ਦਸੰਬਰ 1932 ਨੂੰ ਖਾਰਜ ਹੋ ਗਿਆ। ਉਹਨਾਂ ਬਾਅਦ ਵਿੱਚ ਇਸ ਫੈਸਲੇ ਦੇ ਵਿਰੁੱਧ ਅਪੀਲ ਵੀ ਕੀਤੀ, ਜੋ ਖਾਰਜ ਹੋ ਗਈ।

1926 ਵਿੱਚ ਸ. ਸਰਮੁਖ ਸਿੰਘ ਝਬਾਲ ਦੀ ਗ੍ਰਿਫਤਾਰੀ ਹੋਣ 'ਤੇ ਉਹ ਕੁਝ ਸਮੇਂ ਲਈ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਣਾਏ ਗਏ। 1929 'ਚ ਉਹਨਾਂ ਨੂੰ ਸਰਬ ਹਿੰਦ ਕਾਂਗਰਸ ਦਾ ਡੈਲੀਗੇਟ ਚੁਣਿਆ ਗਿਆ। ਇਸੇ ਸਾਲ ਲਾਹੌਰ ਦੇ ਕਾਂਗਰਸ ਸੈਸ਼ਨ ਵਿੱਚ ਸ਼ਾਮਲ ਹੋ ਕੇ ਉਹਨਾਂ ਬੱਬਰ ਅਕਾਲੀਆਂ ਦੇ ਹੱਕ ਵਿੱਚ ਧੜੱਲੇਦਾਰ ਭਾਸ਼ਨ ਦਿੱਤਾ। 1930-33 ਦੌਰਾਨ ਉਹ ਕਾਂਗਰਸੀ ਅੰਦੋਲਨਾਂ ਵਿੱਚ ਹਿੱਸਾ ਲੈਣ ਕਰਕੇ ਤਿੰਨ ਵਾਰ ਜੇਲ੍ਹ ਗਏ। ਜਨਵਰੀ 1931 ਵਿੱਚ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਪੰਜ ਮਹੀਨੇ ਕੈਦ ਦੀ ਸਜ਼ਾ ਦਿੱਤੀ ਗਈ। ਫ਼ਰਵਰੀ 1932 ਵਿੱਚ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਸੈਂਟਰਲ ਜੇਲ੍ਹ ਅਲੀਪੁਰ ਵਿੱਚ ਨਜ਼ਰਬੰਦ ਕੀਤਾ ਗਿਆ। ਉਹ 1933 ਵਿੱਚ ਕੁਝ ਸਮੇਂ ਲਈ ਪ੍ਰੈਜੀਡੈਂਸੀ ਜੇਲ੍ਹ ਵਿੱਚ ਕੈਦ ਰਹੇ। 1934 ਵਿੱਚ ਬਿਹਾਰ ਵਿੱਚ ਪਏ ਅਕਾਲ ਸਮੇਂ ਬਾਬਾ ਜੀ ਨੇ ਤਨਦੇਹੀ ਨਾਲ ਸੇਵਾ ਕੀਤੀ। 1936 ਵਿੱਚ ਉਹਨਾਂ ਪੰਜਾਬ ਅਸੰਬਲੀ ਦੀ ਚੋਣ ਕਾਂਗਰਸ ਟਿਕਟ 'ਤੇ ਹਲਕਾ ਸਰਹਾਲੀ ਤੋਂ ਲੜੀ। ਉਹਨਾਂ ਦਾ ਮੁਕਾਬਲਾ ਅਕਾਲੀ ਉਮੀਦਵਾਰ ਸ. ਪ੍ਰਤਾਪ ਸਿੰਘ ਕੈਰੋਂ ਨਾਲ ਸੀ, ਜੋ ਥੋੜੀਆਂ ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ। ਬਾਬਾ ਜੀ ਦੇ ਸੱਦੇ 'ਤੇ 30 ਮਈ, 1936 ਨੂੰ ਪੰਡਤ ਜਵਾਹਰ ਲਾਲ ਨਹਿਰੂ ਸਰਹਾਲੀ ਪੁੱਜੇ ਸਨ। ਇਸ ਸਮੇਂ ਉਹਨਾਂ ਤਰਨਤਾਰਨ ਵਿਖੇ ਸ਼ਹੀਦ ਕਾਨਫਰੰਸ ਨੂੰ ਸੰਬੋਧਨ ਕੀਤਾ ਸੀ ਅਤੇ ਤਰਨਤਾਰਨ ਵਿਖੇ 'ਸ਼ਹੀਦ ਲਾਇਬਰੇਰੀ' ਦਾ ਨੀਂਹ ਪੱਥਰ ਰੱਖਿਆ ਸੀ। 1940 ਦੇ ਆਸ-ਪਾਸ ਉਹਨਾਂ ਆਪਣੇ ਰਿਹਾਇਸ਼ ਕਲੱਕਤੇ ਕਰ ਲਈ ਸੀ ਅਤੇ ਬਜਬਜਘਾਟ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਏ ਸਨ। ਉਹਨਾਂ ਕਾਮਾਗਾਟਾਮਾਰੂ ਜਹਾਜ਼ ਦੀ ਦਰਦਨਾਕ ਘਟਨਾ ਨੂੰ 'ਗੁਰੂ ਨਾਨਕ ਜਹਾਜ਼, ਦੇ ਮੁਸਾਫਿਰਾਂ ਦੀ ਦਰਦਭਰੀ ਕਥਾ' ਨਾਂ ਹੇਠ ਕਲਮ ਬੱਧ ਕੀਤਾ, ਜੋ ਸਰਕਾਰ ਵੱਲੋਂ ਜ਼ਬਤ ਕੀਤੀ ਦੱਸੀ ਜਾਂਦੀ ਹੈ। 1921 ਵਿੱਚ ਭਾਈ ਰਾਏ ਸਿੰਘ ਨੇ ਬਾਬਾ ਜੀ ਦੀ ਲਿਖੀ ਹੋਈ ਜ਼ੁਲਮੀ ਕਥਾ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤੀ ਸੀ। ਇਸ ਤੋਂ ਇਲਾਵਾ ਬਾਬਾ ਜੀ ਵੱਲੋਂ ਲਿਖੇ ਦਰਜ਼ਨਾਂ ਪੈਫਲਿਟਾਂ ਦਾ ਵੇਰਵਾ ਵੀ ਮਿਲਦਾ ਹੈ। ਦੇਸ਼ ਵੰਡ ਤੋਂ ਪਹਿਲਾਂ ਉਹ ਬਜਬਜਘਾਟ ਵਿਖੇ ਯਾਦਗਾਰ ਬਣਾਉਣ ਲਈ ਮਹਾਤਮਾ ਗਾਂਧੀ ਨੂੰ ਵੀ ਮਿਲਿਆ, ਪਰ ਦੇਸ਼ ਦੇ ਬਟਵਾਰੇ ਕਰਕੇ ਇਹ ਕੰਮ ਪੱਛੜ ਗਿਆ। ਦੇਸ਼ ਦੀ ਆਜ਼ਾਦੀ ਪਿੱਛੋਂ ਉਹ ਬਜਬਜ ਘਾਟ ਵਿਖੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦੇ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਏ। ਬਜਬਜ ਘਾਟ ਵਿਖੇ ਸ਼ਹੀਦਾਂ ਦੀ ਯਾਦਗਾਰ ਦਾ ਉਦਘਾਟਨ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ

ਲਾਲ ਨਹਿਰੂ ਵੱਲੋਂ 1 ਜਨਵਰੀ, 1952 ਨੂੰ ਕੀਤਾ ਗਿਆ ਸੀ। ਬਜਬਜ ਘਾਟ ਦਾ ਗੋਲੀਕਾਂਡ ਭਾਰਤ ਦੇ ਆਜ਼ਾਦੀ ਅੰਦੋਲਨ ਦੀ ਅਹਿਮ ਘਟਨਾ ਹੈ ਅਤੇ ਬਜਬਜ ਘਾਟ ਵਿਖੇ ਸ਼ਹੀਦਾਂ ਦੀ ਯਾਦਗਾਰ ਕਾਇਮ ਕਰਨ ਵਿੱਚ ਬਾਬਾ ਗੁਰਦਿੱਤ ਸਿੰਘ ਦਾ ਅਹਿਮ ਰੋਲ ਸੀ।

1954 ਦੇ ਸ਼ੁਰੂ ਵਿੱਚ ਬਾਬਾ ਜੀ ਦੀ ਸਿਹਤ ਵਿਗੜਣੀ ਸ਼ੁਰੂ ਹੋ ਗਈ ਸੀ। ਇਸ ਸਮੇਂ ਉਹਨਾਂ ਨੇ ਸਨੇਹੀ ਅਤੇ ਪਰਿਵਾਰ ਵਾਲੇ ਉਹਨਾਂ ਨੂੰ ਅੰਮ੍ਰਿਤਸਰ ਲੈ ਆਏ। ਉਹਨਾਂ ਦੀ ਅੰਤਿਮ ਇੱਛਾ ਅਨੁਸਾਰ 4 ਜੁਲਾਈ, 1954 ਨੂੰ ਅੰਮ੍ਰਿਤਸਰ ਦੇ ਕੱਟੜਾ ਦਲ ਸਿੰਘ ਵਿਖੇ ਕਾਮਾਗਾਟਾਮਾਰੂ ਦੇ ਮੁਸਾਫਿਰਾਂ ਦਾ ਵਿਸ਼ਾਲ ਇਕੱਠ ਕੀਤਾ ਗਿਆ ਸੀ। 24 ਜੁਲਾਈ, 1954 ਨੂੰ ਜੰਗ-ਏ-ਆਜ਼ਾਦੀ ਦੇ ਉੱਘੇ ਘੁਲਾਟੀਏ ਬਾਬਾ ਗੁਰਦਿੱਤ ਸਿੰਘ ਜੀ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਵਿਛੋੜੇ ਸਮੇਂ ਪੰਡਤ ਨਹਿਰੂ ਰਾਜਸਥਾਨ ਦੇ ਅਜਮੇਰ ਵਿੱਚ ਕਿਸੇ ਜਲਸੇ ਨੂੰ ਸੰਬੋਧਿਤ ਕਰ ਰਹੇ ਸਨ, ਜਦ ਉਹਨਾਂ ਪਾਸ ਖਬਰ ਪਹੁੰਚੀ ਤਾਂ ਉਹਨਾਂ ਆਪਣਾ ਭਾਸ਼ਨ ਰੋਕ ਕੇ ਮਹਾਨ ਸੂਰਬੀਰ ਨੂੰ ਸ਼ਰਧਾਂਜਲੀ ਦਿੱਤੀ, "ਆਜ਼ਾਦੀ ਦੀ ਜੰਗ ਦਾ ਬਹਾਦਰ ਯੋਧਾ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ ਹੈ। ਉਹ ਸੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਜਿਸ ਨੇ ਆਜ਼ਾਦੀ ਦੀ ਜੰਗ ਵਿੱਚ ਸਦਾ ਸਾਡੀ ਅਗਵਾਈ ਕੀਤੀ ਸੀ। ਅਜਿਹੇ ਸੂਰਬੀਰਾਂ ਦੇ ਕਾਰਨਾਮਿਆਂ ਕਰਕੇ ਹੀ ਅੰਗਰੇਜ਼ੀ ਸਾਮਰਾਜ ਖਤਮ ਹੋਇਆ ਹੈ।"

25 ਜੁਲਾਈ ਨੂੰ ਬਾਬਾ ਜੀ ਦੀ ਅੰਤਿਮ ਯਾਤਰਾ ਅੰਮ੍ਰਿਤਸਰ ਦੇ ਬਜ਼ਾਰਾਂ ਵਿੱਚ ਕੱਢੀ ਗਈ। ਬਾਬਾ ਜੀ ਦੀ ਮ੍ਰਿਤਕ ਦੇਹ ਜ਼ਲ੍ਹਿਆਂਵਾਲੇ ਬਾਗ਼ ਵਿਖੇ ਵੀ ਲਿਆਂਦੀ ਗਈ। ਉੱਥੋਂ ਜਲੂਸ ਦੀ ਸ਼ਕਲ ਵਿੱਚ ਮ੍ਰਿਤਕ ਦੇਹ ਦੇ ਨਾਲ ਕਾਫ਼ਲਾ ਸਰਹਾਲੀ ਵਿਖੇ ਪਹੁੰਚਿਆ। ਉੱਥੇ ਉਹਨਾਂ ਦਾ ਅੰਤਿਮ ਸੰਸਕਾਰ ਬਾਬਾ ਰਾਮ ਸਿੰਘ ਦੇ ਗੁਰਦੁਆਰੇ ਦੇ ਵਿੱਚ ਕੀਤਾ ਗਿਆ। ਸਰਹਾਲੀ ਵਿਖੇ ਬਾਬਾ ਜੀ ਦਾ ਪੁਸ਼ਤੈਨੀ ਘਰ ਬੇ-ਆਬਾਦ ਪਿਆ ਹੈ। ਇੱਥੇ ਬਾਬਾ ਜੀ ਢੁੱਕਵੀਂ ਯਾਦਗਾਰ ਬਣਾਉਣ ਦੀ ਸਖ਼ਤ ਜ਼ਰੂਰਤ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਬਾਬਾ ਜੀ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਸਕਣ। ਸਰਹਾਲੀ ਵਿਖੇ ਬਾਬਾ ਗੁਰਦਿੱਤ ਸਿੰਘ ਜੀ ਦੇ ਨਾਂ 'ਤੇ ਸਰਕਾਰੀ ਆਈ.ਟੀ.ਆਈ.ਬਣੀ ਹੋਈ ਹੈ।

# ਬਾਬਾ ਗੁਰਮੁਖ ਸਿੰਘ ਲਲਤੋਂ

ਬਾਬਾ ਗੁਰਮੁਖ ਸਿੰਘ ਲਲਤੋਂ ਦਾ ਜਨਮ 3 ਦਸੰਬਰ, 1888 ਈਃ ਨੂੰ ਇੱਕ ਛੋਟੇ ਕਿਸਾਨ ਪਰਿਵਾਰ ਵਿੱਚ ਸ. ਹੁਸ਼ਨਾਕ ਸਿੰਘ ਦੇ ਘਰ ਮਾਤਾ ਪ੍ਰੇਮ ਕੌਰ ਦੀ ਕੁੱਖੋਂ ਪਿੰਡ ਲਲਤੋਂ ਖੁਰਦ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਗੁਰਮੁਖ ਸਿੰਘ ਦੇ ਦੋ ਭਰਾ ਹੋਰ ਸਨ–ਚੜ੍ਹਤ ਸਿੰਘ ਉਸ ਤੋਂ ਵੱਡਾ ਅਤੇ ਆਤਮਾ ਸਿੰਘ ਉਸ ਤੋਂ ਛੋਟਾ ਸੀ। ਗੁਰਮੁਖ ਸਿੰਘ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀਂ ਜਮਾਤ ਪਾਸ ਕੀਤੀ। ਉਹਨਾਂ ਦਸਵੀਂ ਜਮਾਤ ਚਰਚ ਮਿਸ਼ਨ ਸਕੂਲ ਲੁਧਿਆਣਾ ਤੋਂ ਪਾਸ ਕੀਤੀ। ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿੱਚ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ ਜਾਣ ਦਾ ਰੁਝਾਨ ਪੰਜਾਬੀਆਂ ਵਿੱਚ ਬਹੁਤ ਵਧ ਗਿਆ ਸੀ। ਚਰਚ ਮਿਸ਼ਨ ਸਕੂਲ ਦੇ ਵਿਦਿਆਰਥੀ ਲਾਲ ਸਿੰਘ ਪਿੰਡ ਨੰਦਪੁਰ, ਪੂਰਨ ਸਿੰਘ ਪਿੰਡ ਜਨੇਤਪੁਰਾ ਅਤੇ ਗੁਰਮੁਖ ਸਿੰਘ ਲਲਤੋਂ ਵੀ ਪਾਸਪੋਰਟ ਬਣਾਕੇ ਅਮਰੀਕਾ ਜਾਣ ਲਈ ਤਿਆਰ ਹੋ ਗਏ। ਕਲਕੱਤੇ ਜਾ ਕੇ ਇਹਨਾਂ ਨੂੰ ਪਤਾ ਲੱਗਿਆ ਕਿ ਇੱਥੋਂ ਅਮਰੀਕਾ ਨੂੰ ਕੋਈ ਸਿੱਧਾ ਜਹਾਜ਼ ਨਹੀਂ ਜਾਂਦਾ। ਅਮਰੀਕਾ ਨੂੰ ਜ਼ਿਆਦਾ ਜਹਾਜ਼ ਹਾਂਗਕਾਂਗ ਤੋਂ ਹੀ ਜਾਂਦੇ ਸਨ। ਇਹ ਤਿੰਨੇ ਟਿਕਟ ਲੈ ਕੇ ਫਿਰ ਹਾਂਗਕਾਂਗ ਚਲੇ ਗਏ। ਹਾਂਗਕਾਂਗ ਤੋਂ ਇੱਕ ਜਹਾਜ਼ ਅਮਰੀਕਾ ਜਾਣ ਲਈ ਤਿਆਰ ਖੜ੍ਹਾ ਸੀ। ਲਾਲ ਸਿੰਘ ਇਸ ਜਹਾਜ਼ ਰਾਹੀਂ ਅਮਰੀਕਾ ਚਲਾ ਗਿਆ। ਉਹ (ਪੂਰਨ ਸਿੰਘ) ਤੇ ਗੁਰਮੁਖ ਸਿੰਘ ਲਾਲ ਸਿੰਘ ਵਾਲੇ ਜਹਾਜ਼ ਵਿੱਚ ਨਾ ਜਾ ਸਕੇ। ਉਹਨਾਂ ਨੂੰ ਇੱਕ ਹਫਤਾ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਹੀ ਰੁਕਣਾ ਪਿਆ।[1]

ਇੱਕ ਹਫਤੇ ਬਾਅਦ 4 ਅਪ੍ਰੈਲ, 1913 ਨੂੰ ਗੁਰਮੁਖ ਸਿੰਘ ਆਪਣੇ ਦੋਸਤ ਪੂਰਨ ਸਿੰਘ ਨਾਲ ਕਾਮਾਗਾਟਾਮਾਰੂ ਵਿੱਚ ਸਵਾਰ ਹੋ ਕੇ ਹਾਂਗਕਾਂਗ ਤੋਂ ਕੈਨੇਡਾ ਲਈ ਰਵਾਨਾ ਹੋ ਗਿਆ। ਵੱਖ-ਵੱਖ ਬੰਦਰਗਾਹਾਂ ਤੋਂ ਮੁਸਾਫਿਰ ਜਹਾਜ਼ ਵਿੱਚ ਸਵਾਰ ਹੁੰਦੇ ਗਏ ਅਤੇ ਯਾਤਰੀਆਂ ਦੀ ਗਿਣਤੀ 376 ਹੋ ਗਈ। 22 ਮਈ, 1914 ਨੂੰ ਜਹਾਜ਼ ਕੈਨੇਡਾ ਦੇ ਸ਼ਹਿਰ ਵਿਕਟੋਰੀਆ ਪੁੱਜਿਆ। ਇਹ ਜਹਾਜ਼ 23 ਮਈ, 1914 ਨੂੰ ਵੈਨਕੂਵਰ ਬੰਦਰਗਾਹ 'ਤੇ ਉੱਪੜ ਗਿਆ, ਪਰ ਜਹਾਜ਼ ਦੇ ਯਾਤਰੀਆਂ ਨੂੰ ਉਤਰਣ ਦੀ ਇਜ਼ਾਜਤ ਨਹੀਂ ਦਿੱਤੀ ਗਈ। ਦੋ ਮਹੀਨੇ ਦੀ ਖੱਜਲ ਖੁਆਰੀ ਪਿੱਛੋਂ ਉੱਥੋਂ ਜਹਾਜ਼ 23 ਜੁਲਾਈ ਨੂੰ ਵਾਪਸੀ ਸਫ਼ਰ ਲਈ ਰਵਾਨਾ ਹੋ ਪਿਆ। 29 ਸਤੰਬਰ ਨੂੰ ਜਹਾਜ਼ ਕਲੱਕਤਾ ਤੋਂ 17 ਮੀਲ ਦੂਰ ਬਜਬਜਘਾਟ 'ਤੇ ਪਹੁੰਚ ਗਿਆ। ਇੱਥੇ ਪੁਲਿਸ ਨੇ ਮੁਸਾਫਿਰਾਂ ਉਪਰ ਅੰਧਾ-ਧੁੰਦ ਫਾਇਰਿੰਗ ਕਰ ਦਿੱਤੀ 19 ਮੁਸਾਫਿਰ ਅਤੇ ਇੱਕ ਰਾਹਗੀਰ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। 23 ਮੁਸਾਫਿਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਬਾਬਾ ਜੀ ਨੇ ਇਹ ਭਿਆਨਕ ਮੰਜ਼ਰ ਆਪਣੇ ਅੱਖੀਂ ਵੇਖਿਆ। ਬਾਬਾ ਜੀ ਨੂੰ ਗ੍ਰਿਫ਼ਤਾਰ ਕਰਕੇ ਤਿੰਨ ਮਹੀਨੇ ਲਈ ਅਲੀਪੁਰ ਦੀ ਜੇਲ੍ਹ

1. ਦ੍ਰਿੜ ਇਨਕਲਾਬੀ ਸੰਗਰਾਮੀਆ, ਹਜ਼ਾਰਾ ਸਿੰਘ ਹਮਦਮ, ਪੰਨਾ 19

ਭੇਜ ਦਿੱਤਾ ਗਿਆ। ਬਾਅਦ ਵਿੱਚ ਉਹਨਾਂ ਨੂੰ ਲਲਤੋਂ ਖੁਰਦ ਵਿਖੇ ਹੀ ਜੂਹ ਬੰਦ ਕਰ ਦਿੱਤਾ ਗਿਆ।

ਬਾਬਾ ਗਰਮੁਖ ਸਿੰਘ ਜੀ ਨੂੰ ਕਾਮਾਗਾਟਾਮਾਰੂ ਜਹਾਜ਼ ਵਿੱਚ ਹੀ ਗ਼ਦਰ ਪਾਰਟੀ ਦੀ ਰੰਗਤ ਚੜ੍ਹ ਗਈ ਸੀ। ਇਸ ਤੋਂ ਬਾਅਦ 1914-15 ਵਿੱਚ ਹਜ਼ਾਰਾਂ ਗ਼ਦਰੀ ਅਮਰੀਕਾ ਕੈਨੇਡਾ ਤੋਂ ਦੇਸ਼ ਪਰਤੇ। ਬਹੁਤੇ ਸਾਰੇ ਗ਼ਦਰੀ ਪੁਲਿਸ ਨੇ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤੇ। ਪਿੱਛੇ ਬਚੇ ਹੋਏ ਗ਼ਦਰੀਆਂ ਨੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਵਿਚਾਰ ਵਟਾਂਦਰਾ ਕਰਕੇ ਇੱਕ ਨੌਂ ਮੈਂਬਰੀ ਹਾਈ ਕਮਾਂਡ ਸਥਾਪਿਤ ਕਰ ਲਈ ਅਤੇ ਸਾਰੇ ਗ਼ਦਰੀਆਂ ਨੂੰ ਵੱਖ-ਵੱਖ ਜੱਥਿਆਂ ਵਿੱਚ ਵੰਡ ਦਿੱਤਾ। ਗੁਰਮੁਖ ਸਿੰਘ ਨੂੰ ਨਿਧਾਨ ਸਿੰਘ ਚੁੱਘਾ ਦੇ ਜੱਥੇ ਵਿੱਚ ਸ਼ਾਮਿਲ ਕੀਤਾ ਗਿਆ। ਹਿੰਦੋਸਤਾਨ ਵਿੱਚ ਗੁਰਮੁਖ ਸਿੰਘ ਦੀ ਇਨਕਲਾਬੀ ਜੱਦੋ-ਜਹਿਦ ਦੀ ਸ਼ੁਰੂਆਤ ਇੱਥੋਂ ਹੀ ਹੁੰਦੀ ਹੈ।[1] ਬਾਬਾ ਨਿਧਾਨ ਸਿੰਘ ਚੁੱਘਾ ਅਤੇ ਗੁਰਮੁਖ ਸਿੰਘ ਮਾਲਵਾ ਹਾਈ ਸਕੂਲ ਦੇ ਵਿਦਿਆਰਥੀਆਂ ਵਿੱਚ ਗ਼ਦਰ ਪਾਰਟੀ ਦਾ ਪ੍ਰਚਾਰ ਕਰਨ ਲਈ ਪੁੱਜੇ।

ਬਾਬਾ ਨਿਧਾਨ ਸਿੰਘ ਜੀ ਚੁੱਘਾ ਜੀ ਦੇ ਲੈਕਚਰਾਂ ਦਾ ਵਿਦਿਆਰਥੀਆਂ 'ਤੇ ਬਹੁਤ ਅਸਰ ਹੋਇਆ ਅਤੇ ਕਈ ਵਿਦਿਆਰਥੀ ਗ਼ਦਰ ਪਾਰਟੀ ਨਾਲ ਜੁੜ ਗਏ। ਗ਼ਦਰ ਪਾਰਟੀ ਲਈ ਪੈਸੇ ਦੀਆ ਲੋੜਾਂ ਪੂਰੀਆਂ ਕਰਨ ਲਈ ਗ਼ਦਰੀਆਂ ਵੱਲੋਂ ਕੁਝ ਡਾਕੇ ਮਾਰੇ ਗਏ, ਉਹਨਾਂ ਵਿੱਚ ਗੁਰਮੁਖ ਸਿੰਘ ਲਲਤੋਂ ਦੀ ਸਰਗਰਮ ਭੂਮਿਕਾ ਰਹੀ। 1915 ਦੇ ਸ਼ੁਰੂ ਵਿੱਚ ਇੱਕ ਦਿਨ ਇਹ ਚਾਰ ਸਾਥੀ-ਬਾਬਾ ਗੁਰਮੁਖ ਸਿੰਘ, ਨਿਧਾਨ ਸਿੰਘ ਚੁੱਘਾ, ਉੱਤਮ ਸਿੰਘ ਹਾਂਸ ਅਤੇ ਅਰਜਨ ਸਿੰਘ ਜਗਰਾਵਾਂ ਨੇ ਸਾਹਨੇਵਾਲ ਕਸਬੇ ਵਿੱਚ ਡਾਕਾ ਮਾਰਿਆ। ਮਕਾਨ ਦੇ ਅੰਦਰ ਉਸ ਸਮੇਂ ਇੱਕ ਅੱਧਖੜ ਇਸਤਰੀ ਤੇ ਇੱਕ ਉਸ ਦੀ ਮੁਟਿਆਰ ਧੀ, ਦੋਵੇਂ ਹੀ ਸਨ। ਆਈ ਟੋਲੀ ਵਿੱਚੋਂ ਉੱਤਮ ਸਿੰਘ ਹਾਂਸ ਕੋਠੇ ਦੀ ਛੱਤ 'ਤੇ ਚੜ੍ਹ ਕੇ ਪਹਿਰਾ ਦੇਣ ਲੱਗ ਪਿਆ। ਜਦੋਂ ਬਾਬਾ ਗੁਰਮੁਖ ਸਿੰਘ ਜੀ ਨੇ ਇਸਤਰੀ ਨੂੰ ਪਿਸਤੌਲ ਦਿਖਾ ਕੇ ਰੁਪਈਆ, ਪੈਸਾ ਅਤੇ ਹੋਰ ਮਾਲ ਲਿਆ ਕਿ ਦੇਣ ਲਈ ਕਿਹਾ ਤਾਂ ਉਸ ਇਸਤਰੀ ਦੀਆਂ ਧਾਹਾਂ ਹੀ ਨਿਕਲ ਗਈਆਂ। ਉਸ ਨੇ ਅੰਦਰੋਂ ਸਾਰੇ ਗਹਿਣੇ ਅਤੇ ਰੁਪਏ ਜਿੰਨੇ ਵੀ ਉਸ ਦੇ ਪਾਸ ਸਨ ਲਿਆ ਕੇ ਬਾਬਾ ਜੀ ਦੇ ਅੱਗੇ ਰੱਖ ਦਿੱਤੇ ਤੇ ਰੋਂਦੀ ਹੋਈ ਕਹਿਣ ਲੱਗੀ- "ਵੇ ਭਾਈ, ਇਹ ਗਹਿਣੇ ਅਤੇ ਪੈਸੇ ਇਸ ਕੁੜੀ ਦੇ ਵਿਆਹ ਲਈ ਰੱਖੇ ਹਨ ਅਤੇ ਥੋੜ੍ਹੇ ਦਿਨਾਂ ਤੱਕ ਇਸਦਾ ਵਿਆਹ ਹੋਣਾ ਹੈ।" ਬਾਬਾ ਗੁਰਮੁਖ ਸਿੰਘ ਅਤੇ ਨਿਧਾਨ ਸਿੰਘ ਚੁੱਘਾ ਨੇ ਸਾਰਾ ਮਾਲ ਇਸਤਰੀ ਦੇ ਮੁੜ ਹਵਾਲੇ ਕਰ ਦਿੱਤਾ ਅਤੇ ਇਹ ਚਾਰੇ ਸਾਥੀ ਉਸ ਦੇ ਘਰੋਂ ਖਾਲੀ ਹੱਥ ਬਾਹਰ ਨਿਕਲ ਆਏ।[2]

---

1. ਨਿਰਭੈ ਯੋਧੇ ਗ਼ਦਰੀ ਬਾਬੇ ਗੁਰਮੁਖ ਸਿੰਘ ਦੀ ਜੀਵਨੀ, ਭਗਤ ਸਿੰਘ ਬਿਲਗਾ, ਪੰਨਾ 27-28

2. ਦ੍ਰਿੜ ਇਨਕਲਾਬੀ ਸੰਗਰਾਮੀਆ, (ਜੀਵਨੀ ਬਾਬਾ ਗੁਰਮੁਖ ਸਿੰਘ), ਹਜਾਰਾ ਸਿੰਘ ਹਮਦਮ, ਪੰਨਾ 24.

27 ਜਨਵਰੀ, 1915 ਨੂੰ ਗੁਰਮੁਖ ਸਿੰਘ ਦੀ ਟੋਲੀ ਵੱਲੋਂ ਪਿੰਡ ਮਨਸੂਰਾਂ ਵਿਖੇ ਇੱਕ ਸੁਨਿਆਰੇ ਦੇ ਘਰ ਡਾਕਾ ਮਾਰਿਆ ਗਿਆ। ਇੱਥੋਂ ਗਹਿਣੇ ਗੱਟੇ ਤੋਂ ਇਲਾਵਾ ਗ਼ਦਰੀਆਂ ਦੇ ਹੱਥ ਬਹੁਤ ਸਾਰਾ ਪੈਸਾ ਲੱਗਿਆ। ਗੁਰਮੁਖ ਸਿੰਘ ਦੇ ਨਿਸ਼ਾਨਦੇਹੀ 'ਤੇ ਦੋਰਾਹੇ ਪੁਲ 'ਤੇ ਲੱਗੀ ਪੁਲੀਸ ਗਾਰਦ ਤੋਂ ਹਥਿਆਰਬੰਦ ਖੋਹਣ ਦੀ ਸਕੀਮ ਤਿਆਰ ਕੀਤੀ ਗਈ। 19 ਫ਼ਰਵਰੀ, 1915 ਨੂੰ ਗ਼ਦਰ ਯੋਜਨਾ ਦੀ ਅਸਫ਼ਲਤਾ ਪਿੱਛੋਂ ਗ਼ਦਰੀ ਆਗੂਆਂ ਅਤੇ ਵਰਕਰਾਂ ਦੀਆਂ ਗ੍ਰਿਫਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ।

20 ਫ਼ਰਵਰੀ, ਨੂੰ ਗੁਰਮੁਖ ਸਿੰਘ ਲਲਤੋਂ, ਪਰਮਾਨੰਦ ਝਾਂਸੀ, ਇੰਦਰ ਸਿੰਘ ਭਸੀਨ ਅਤੇ ਕ੍ਰਿਪਾਲ ਸਿੰਘ ਬੋਪਾਰਾਇ ਲਾਹੌਰ ਵਾਲੇ ਗ਼ਦਰੀ ਟਿਕਾਣੇ ਤੋਂ ਗਿਫ਼ਤਾਰ ਕਰ ਲਏ ਗਏ। ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਉੱਪਰ ਸਪੈਸ਼ਲ ਟ੍ਰਿਬਿਊਨਲ ਬਣਾਕੇ 26 ਅਪ੍ਰੈਲ, 1915 ਨੂੰ ਲਾਹੌਰ ਸਾਜਿਸ਼ ਕੇਸ ਪਹਿਲੇ ਅਧੀਨ ਮੁੱਕਦਮਾ ਸ਼ੁਰੂ ਕਰ ਦਿੱਤਾ ਗਿਆ। ਮੁੱਕਦਮੇ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ। ਫੈਸਲੇ ਅਨੁਸਾਰ ਬਾਬਾ ਲਲਤੋਂ ਜੀ ਨੂੰ ਬਾਮੁਸ਼ੱਕਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਕਾਲੇਪਾਣੀ ਭੇਜ ਦਿੱਤਾ ਗਿਆ। ਬਾਬਾ ਗੁਰਮੁਖ ਸਿੰਘ ਜੀ 10 ਦਸੰਬਰ ਨੂੰ ਅੰਡੇਮਾਨ ਜੇਲ੍ਹ ਪਹੁੰਚ ਗਏ। 1921 ਵਿੱਚ ਇੱਥੋਂ ਉਹਨਾਂ ਨੂੰ ਮਦਰਾਸ ਦੀ ਤ੍ਰਿਚਨਾਪਲੀ ਜੇਲ੍ਹ ਭੇਜ ਦਿੱਤਾ ਗਿਆ। 1922 ਵਿੱਚ ਇੱਥੋਂ ਉਹਨਾਂ ਦੀ ਬਦਲੀ ਅਕੋਲਾ ਜੇਲ੍ਹ ਦੀ ਹੋ ਗਈ। ਸਖ਼ਤ ਪਹਿਰੇ ਹੇਠ ਬਾਬਾ ਗੁਰਮੁਖ ਸਿੰਘ ਜੀ ਅਤੇ ਭਾਈ ਸੱਜਣ ਸਿੰਘ ਹੋਰਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਰੇਲ ਗੱਡੀ ਵਿੱਚ ਬਿਠਾਇਆ। ਬਾਬਾ ਜੀ ਨੇ ਆਪਣੇ ਫਰਾਰ ਹੋਣ ਦਾ ਮਨਸੂਬਾ ਆਪਣੇ ਸਾਥੀ ਸੱਜਣ ਸਿੰਘ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਸੱਜਣ ਸਿੰਘ ਨੇ ਆਪਣੇ ਕੋਲ ਲੁਕਾਕੇ ਰੱਖੀ ਸਾਰੀ ਮਾਇਆ ਗੁਰਮੁਖ ਸਿੰਘ ਦੇ ਸਪੁੱਰਦ ਕਰ ਦਿੱਤੀ। ਰਸਤੇ ਵਿੱਚ ਜਦੋਂ ਰੇਲ ਗੱਡੀ ਜੰਗਲ ਰਸਤੇ ਵਿੱਚ ਗੁਜ਼ਰ ਰਹੀ ਸੀ ਤਾਂ ਗਾਰਡ ਦੇ ਜਾਗੋ-ਮੀਟੀ ਹਾਲਤ ਵਿੱਚ ਬਾਬਾ ਗੁਰਮੁਖ ਸਿੰਘ ਜੀ ਨੇ ਚੱਲਦੀ ਰੇਲ ਗੱਡੀ ਵਿੱਚੋਂ ਬੇੜੀਆਂ ਸਮੇਤ ਛਾਲ ਮਾਰ ਦਿੱਤੀ। ਜਦ ਗਾਰਡ ਨੂੰ ਪਤਾ ਲੱਗਿਆ ਤਾਂ ਗੱਡੀ ਕੁਝ ਕਿਲੋਮੀਟਰ ਅੱਗੇ ਜਾ ਚੁੱਕੀ ਸੀ। ਬਾਬਾ ਜੀ ਨੇ ਇੱਕ ਲੁਹਾਰ ਦੀ ਮੱਦਦ ਨਾਲ ਪੈਰਾਂ ਦੀਆਂ ਬੇੜੀਆਂ ਕਟਵਾਂ ਲਈਆਂ ਅਤੇ ਫਿਰ ਕਾਂਗਰਸੀ ਲੀਡਰ ਰਾਜ ਗੋਪਾਲਚਾਰੀਆ (ਰਾਜ ਗੋਪਾਲਚਾਰੀਆ ਬਾਅਦ ਵਿੱਚ ਹਿੰਦੋਸਤਾਨ ਦਾ ਪਹਿਲਾ ਗਵਰਨਰ ਜਨਰਲ ਬਣਿਆ) ਦੇ ਘਰ ਪਹੁੰਚ ਗਏ। ਫਿਰ ਕੁਝ ਸਮੇਂ ਲਈ ਨੰਦੇੜ ਸਾਹਿਬ ਦੇ ਗੁਰਦੁਆਰੇ ਜਾ ਠਹਿਰੇ।

ਨੰਦੇੜ ਸਾਹਿਬ ਕੁਝ ਦਿਨ ਰਹਿਣ ਤੋਂ ਬਾਅਦ ਬਾਬਾ ਜੀ ਨੇ ਪੰਜਾਬ ਵੱਲ ਚਾਲੇ ਪਾ ਦਿੱਤੇ। ਪੰਜਾਬ ਵਿੱਚ ਉਹ ਦੇਸ਼ ਭਗਤ ਪਿਆਰਾ ਸਿੰਘ ਲੰਗੇਰੀ ਕੋਲ ਉਸ ਦੇ ਪਿੰਡ ਲੰਗੇਰੀ ਲਗਭਗ ਇੱਕ ਮਹੀਨਾ ਠਹਿਰੇ। ਪਿਆਰਾ ਸਿੰਘ ਲੰਗੇਰੀ ਜੀ ਨੇ ਬਾਬਾ ਜੀ ਨੂੰ ਬਾਹਰ ਭੇਜਣ ਵਿੱਚ ਬਹੁਤ ਸਹਿਯੋਗ ਦਿੱਤਾ। ਉਹਨਾਂ ਬਾਬਾ ਗੁਰਮੁਖ ਸਿੰਘ ਜੀ ਨੂੰ ਤੇਜਾ ਸਿੰਘ ਸੁਤੰਤਰ ਦੇ ਪ੍ਰਚਾਰਕ ਜੱਥੇ ਨਾਲ ਅਫ਼ਗਾਨਿਸਤਾਨ

ਭੇਜ ਦਿੱਤਾ। ਮਾਸਟਰ ਊਧਮ ਸਿੰਘ ਕਸੇਲ ਪਹਿਲਾਂ ਹੀ 1922 ਵਿੱਚ ਜੇਲ੍ਹ ਵਿੱਚੋਂ ਭੱਜਕੇ ਅਫ਼ਗਾਨਿਸਤਾਨ ਵਿੱਚ ਆ ਗਿਆ ਸੀ ਅਤੇ ਉਸ ਦੇ ਕਾਬਲ ਵਿੱਚ ਅੱਡਾ ਬਣਾ ਲਿਆ ਸੀ। ਬਾਬਾ ਗੁਰਮੁਖ ਸਿੰਘ ਵੀ 1922 ਦੇ ਆਖੀਰ ਵਿੱਚ ਉਸਦੇ ਕੋਲ ਆ ਗਏ।[1] ਤਕਰੀਬਨ ਇੱਕ ਸਾਲ ਕਾਬਲ ਵਿੱਚ ਰਿਹਾਇਸ਼ ਦੌਰਾਨ ਗੁਰਮੁਖ ਸਿੰਘ ਤੇ ਊਧਮ ਸਿੰਘ ਨੇ ਕਾਬਲ ਕੇਂਦਰ ਵਿਚਲੇ ਹਿੰਦੁਸਤਾਨੀਆਂ ਨਾਲ ਸਲਾਹ ਮਸ਼ਵਰੇ ਕਰ ਲਏ ਅਤੇ ਦੋਸਤ ਮੁਲਕਾਂ ਦੇ ਅਧਿਕਾਰੀਆਂ ਸੋਵੀਅਤ ਰੂਸ, ਤੁਰਕੀ ਅਤੇ ਅਮਾਨ ਉੱਲਾ ਦੀ ਸਰਕਾਰ ਨਾਲ ਵੀ ਗੂੜੇ ਰਿਸ਼ਤੇ ਕਾਇਮ ਕਰ ਲਏ ਸਨ।[2]

ਗੁਪਤ ਤੌਰ 'ਤੇ ਕਾਬਲ ਦੇ ਗ਼ਦਰੀ ਆਗੂ ਮਾਸਟਰ ਊਧਮ ਸਿੰਘ ਅਤੇ ਗੁਰਮੁਖ ਸਿੰਘ ਦੇਸ਼ ਪਰਤ ਕੇ ਅਕਾਲੀ ਅਤੇ ਕਾਂਗਰਸੀ ਆਗੂਆਂ ਨੂੰ ਮਿਲੇ ਤਾਂ ਜੋ ਇਨ੍ਹਾਂ ਲਹਿਰਾਂ ਨੂੰ ਇਨਕਲਾਬੀ ਰੂਪ ਦਿੱਤਾ ਜਾ ਸਕੇ। ਪਰ ਉਹ ਆਪਣੇ ਮਕਸਦ ਵਿੱਚ ਕਾਮਯਾਬ ਨਾ ਹੋਏ। ਊਧਮ ਸਿੰਘ ਅਤੇ ਗੁਰਮੁਖ ਸਿੰਘ 1923 ਦੇ ਆਖੀਰ ਵਿੱਚ ਵਾਪਸ ਕਾਬਲ ਚਲੇ ਗਏ। ਭਾਈ ਸੰਤੋਖ ਸਿੰਘ ਅਤੇ ਰਤਨ ਸਿੰਘ ਮਾਸਕੋ ਰਾਹੀਂ ਕਾਬਲ ਪਹੁੰਚ ਚੁੱਕੇ ਸਨ।[3]

ਮਾਸਟਰ ਊਧਮ ਸਿੰਘ ਅਤੇ ਗੁਰਮੁਖ ਸਿੰਘ ਨੂੰ ਅਮਾਨ ਉੱਲਾ ਦੀ ਹਕੂਮਤ ਨੇ ਪਨਾਹ ਦੇ ਕੇ ਹਰ ਤਰ੍ਹਾਂ ਦੀ ਮਦਦ ਕੀਤੀ। ਉਸ ਵੇਲੇ ਹਿੰਦੁਸਤਾਨ ਦੀ ਆਜ਼ਾਦੀ ਦੇ ਦੋਸਤਾਂ ਵੱਜੋਂ ਤਿੰਨ ਤਾਕਤਾਂ ਕਾਬਲ ਵਿੱਚ ਕੰਮ ਕਰ ਰਹੀਆਂ ਸਨ। ਇੱਕ ਸੀ ਅਮਾਨਉੱਲਾ ਦੀ ਅਫਗਾਨ ਹਕੂਮਤ, ਦੂਜੀ ਸੋਵੀਅਤ ਰੂਸ ਦਾ ਸਫ਼ਾਰਤਖਾਨਾ ਅਤੇ ਤੀਜੀ ਟਰਕੀ ਦਾ ਸਫ਼ਾਰਤਖਾਨਾ। ਕਾਬਲ ਉਸ ਵੇਲੇ ਆਜ਼ਾਦੀ ਪਸੰਦ ਤਾਕਤਾਂ ਦਾ ਇੱਕ ਇਨਕਲਾਬੀ ਕੇਂਦਰ ਬਣ ਗਿਆ ਸੀ। ਉਸ ਸਮੇਂ ਯੂਰਪ ਵਿਚਲੇ ਤੇ ਟਰਕੀ ਵਿਚਲੇ ਬਚ ਰਹੇ ਇਨਕਲਾਬੀ ਕਾਬਲ ਪਹੁੰਚੇ। ਤਾਸ਼ਕੰਦ ਦੇ ਹਿਜਰਤੀ ਸਟੂਡੈਂਟ ਵੀ ਕਾਬਲ ਪਹੁੰਚ ਚੁੱਕੇ ਸਨ। ਇਨ੍ਹਾਂ ਸਭ ਦਾ ਤਾਲਮੇਲ ਕਰਵਾਉਣ ਅਤੇ ਸਾਂਭ ਸੰਭਾਲ ਵਿੱਚ ਮਦਦ ਕਰਨੀ ਕਾਬਲ ਦੇ ਗ਼ਦਰੀ ਕੇਂਦਰ ਦਾ ਅਹਿਮ ਫਰਜ਼ ਹੋ ਗਿਆ ਸੀ। ਗੁਰਮੁਖ ਸਿੰਘ ਨੇ ਇਹ ਸਾਰੇ ਕਾਰਜ ਖ਼ੁਫੀਆ ਰਹਿ ਕੇ ਪੂਰੇ ਕਰਨੇ ਸਨ। ਉਸ ਨੇ ਕਾਬਲ ਦਰਿਆ ਦੇ ਕੰਢੇ ਇੱਕ ਸੋਢਾ ਵਾਟਰ ਫੈਕਟਰੀ ਖੋਲ੍ਹੀ ਹੋਈ ਸੀ।[4]

ਕਾਬਲ ਵਿੱਚ ਭਾਈ ਸੰਤੋਖ ਸਿੰਘ ਅਤੇ ਰਤਨ ਸਿੰਘ ਰਾਏਪੁਰ ਡੱਬਾ ਦੇ ਪਹੁੰਚਣ ਨਾਲ ਕਾਬਲ ਦੇ ਕੇਂਦਰ ਨੂੰ ਹੋਰ ਵੀ ਬਲ ਮਿਲਿਆ। ਰਤਨ ਸਿੰਘ ਨੇ ਈਸ਼ਰ ਸਿੰਘ ਦੇ ਨਾਂਅ ਹੇਠ ਕਾਬਲ ਵਿੱਚ ਦੁਕਾਨ ਖੋਲ੍ਹ ਲਈ, ਜਿਸ ਨੂੰ ਪਾਰਟੀ ਦਫ਼ਤਰ ਵਜੋਂ ਜਾਣਿਆਂ ਜਾਂਦਾ ਸੀ। ਮਾਸਟਰ ਊਧਮ ਸਿੰਘ ਅਤੇ ਗੁਰਮੁਖ ਸਿੰਘ ਨੇ ਸਰਹੱਦੀ ਇਲਾਕੇ ਵਿੱਚ ਪਹਿਲਾਂ ਵਾਂਗ ਹੀ ਜੱਥੇਬੰਦਕ ਕੰਮ ਕਰਦੇ ਰਹਿਣਾ ਸੀ। ਭਾਈ ਸੰਤੋਖ ਸਿੰਘ ਨੇ ਹਿੰਦੁਸਤਾਨ ਵਿੱਚ ਜਾ ਕੇ ਪਾਰਟੀ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨਾ

1. ਦ੍ਰਿੜ ਇਨਕਲਾਬੀ ਸੰਗਰਾਮੀਆ (ਬਾਬਾ ਗੁਰਮੁਖ ਸਿੰਘ ਜੀ ਦੀ ਜੀਵਨੀ) ਹਜ਼ਾਰਾ ਸਿੰਘ ਹਮਦਮ, ਪੰਨਾ 32
2. ਨਿਰਭੈ ਯੋਧੇ ਗ਼ਦਰੀ ਬਾਬੇ ਗੁਰਮੁਖ ਸਿੰਘ ਦੀ ਜੀਵਨੀ, ਭਗਤ ਸਿੰਘ ਬਿਲਗਾ, ਪੰਨਾ 57
3. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਭਗਤ ਸਿੰਘ ਬਿਲਗਾ, ਪੰਨਾ 171
4. ਭਾਈ ਸੰਤੋਖ ਸਿੰਘ ਕਿਰਤੀ, ਇਨਕਲਾਬੀ ਸੂਝ ਦਾ ਸਫ਼ਰ, ਡਾ. ਤੇਜਿੰਦਰ ਵਿਰਲੀ, ਪੰਨਾ 143

ਸੀ। ਇਸ ਕੰਮ ਵਿੱਚ ਮਾਸਟਰ ਊਧਮ ਸਿੰਘ ਕਸੇਲ, ਬਾਬਾ ਗੁਰਮੁਖ ਸਿੰਘ ਅਤੇ ਰਤਨ ਸਿੰਘ ਰਾਏਪੁਰ ਡੱਬਾ ਨੇ ਸੰਤੋਖ ਸਿੰਘ ਦੀ ਸਹਾਇਤਾ ਕਰਨੀ ਸੀ। ਰਤਨ ਸਿੰਘ ਨੇ ਅਮਰੀਕਾ ਤੇ ਯੂਰਪ ਦੇ ਗ਼ਦਰੀਆਂ ਨਾਲ ਕੌਮਿਨਟਰਨ ਦੇ ਸੰਬੰਧ ਸਥਾਪਤ ਕਰਨੇ ਸਨ ਜਦ ਕਿ ਭਾਰਤੀ ਇਲਾਕਿਆਂ ਨੂੰ ਪਨਾਹ ਦੇਣ ਤੇ ਮਾਸਕੋ ਨਾਲ ਜੋੜਨ ਦਾ ਕੰਮ ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਮਾਸਟਰ ਊਧਮ ਸਿੰਘ ਕਸੇਲ ਨੇ ਕਰਨਾ ਸੀ।[1]

1917 ਵਿੱਚ ਰੂਸ ਵਿੱਚ ਆਏ ਇਨਕਲਾਬ ਦਾ ਸਾਰੇ ਵਿਸ਼ਵ 'ਤੇ ਪ੍ਰਭਾਵ ਪਿਆ। ਰੂਸੀ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਬਾਬਾ ਜੀ ਨੇ ਕਮਿਊਨਿਸਟ ਵਿਚਾਰਧਾਰਾ ਅਪਣਾ ਲਈ। 1924 ਵਿੱਚ ਗੁਰਮੁਖ ਸਿੰਘ ਸੋਵੀਅਤ ਸੰਘ ਵਿੱਚ ਪਹੁੰਚਣ ਵਿੱਚ ਕਾਮਯਾਬ ਹੋਇਆ, ਜਿੱਥੇ ਇਸ ਨੇ ਪ੍ਰੋਫ਼ੈਸਰ ਦਯਾਕੋਵ ਵਰਗੇ ਅਧਿਆਪਕਾਂ ਤੋਂ ਕਮਿਊਨਿਸਟ ਸਿਧਾਂਤਾਂ ਦੀ ਸਿੱਖਿਆ ਹਾਸਲ ਕੀਤੀ।[2]

ਗੁਰਮੁਖ ਸਿੰਘ ਨੇ ਸੋਵੀਅਤ ਸਿਸਟਮ ਦਾ ਗਹਿਰਾ ਅਧਿਐਨ ਕੀਤਾ। ਆਪ ਮੁੜ ਕਾਬਲ ਪੁੱਜ ਗਏ।[3]

ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਦੇ ਜੀਵਨੀਕਾਰ ਉੱਘੇ ਖੋਜੀ ਗ਼ਦਰੀ ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਮਾਸਟਰ ਜੀ ਦੀ ਜੀਵਨੀ ਵਿੱਚ ਜ਼ਿਕਰ ਕਰਦੇ ਹਨ ਕਿ ਬਾਬਾ ਗੁਰਮੁਖ ਸਿੰਘ ਅਤੇ ਸ. ਊਧਮ ਸਿੰਘ ਵਾਰੋ-ਵਾਰੀ ਲੁਕ ਛਿਪਕੇ ਪੰਜਾਬ ਆਉਂਦੇ ਅਤੇ ਅਕਾਲੀ ਆਗੂਆਂ ਨੂੰ ਮਿਲਕੇ ਸ਼ਾਂਤਮਈ ਦਾ ਰਾਹ ਤਿਆਗ ਕੇ ਇਨਕਲਾਬੀ ਰਾਹ ਅਖ਼ਤਿਆਰ ਕਰਨ ਲਈ ਉਹਨਾਂ ਨੂੰ ਪ੍ਰੇਰਦੇ ਰਹਿੰਦੇ ਸਨ। ਕਾਬਲ ਵਿੱਚ ਰਹਿੰਦਿਆਂ ਸ. ਊਧਮ ਸਿੰਘ ਕਸੇਲ ਅਤੇ ਬਾਬਾ ਗੁਰਮੁਖ ਸਿੰਘ ਨੇ ਬਰਤਾਨਵੀ ਹਕੂਮਤ ਵਿਰੁੱਧ ਭਾਰਤ ਸਾਂਝੀਵਾਲ ਐਸੋਸੀਏਸ਼ਨ ਨਾਅ ਦੀ ਜੱਥੇਬੰਦੀ ਬਣਾਈ। ਭਾਈ ਸੰਤੋਖ ਸਿੰਘ ਦੀ ਸੰਪਾਦਨਾ ਹੇਠ ਕਿਰਤੀ ਅਖਬਾਰ ਕੱਢਣ ਦਾ ਫੈਸਲਾ ਕਾਬਲ ਕੇਂਦਰ ਵਿਖੇ ਹੋਇਆ। ਕਿਰਤੀ ਨਾਂ ਦੇ ਫੈਸਲੇ ਸਮੇਂ ਹੋਈ ਮੀਟਿੰਗ ਵਿੱਚ ਬਾਬਾ ਗੁਰਮੁਖ ਸਿੰਘ, ਮਾ. ਊਧਮ ਸਿੰਘ ਕਸੇਲ, ਕਾਮਰੇਡ ਵਾਸਦੇਵ ਸਿੰਘ, ਭਾਈ ਰਤਨ ਸਿੰਘ, ਸ. ਸੱਜਣ ਸਿੰਘ ਅਤੇ ਸੁੰਦਰ ਸਿੰਘ ਮਾਹਿਲਪੁਰ ਸ਼ਾਮਲ ਸਨ।[4]

ਦੇਸ਼ ਪਰਤ ਕੇ ਭਾਈ ਸੰਤੋਖ ਸਿੰਘ ਨੇ ਫ਼ਰਵਰੀ, 1926 ਵਿੱਚ ਕਿਰਤੀ ਅਖਬਾਰ ਕੱਢਣਾ ਸ਼ੁਰੂ ਕਰ ਦਿੱਤਾ ਸੀ। ਮਾਰਚ 1926 ਵਿੱਚ ਕਾਬਲ ਕੇਂਦਰ ਦੇ ਮੋਢੀ ਮਾਸਟਰ ਊਧਮ ਸਿੰਘ ਕਸੇਲ ਦੀ ਪੰਜਾਬ ਤੋਂ ਕਾਬਲ ਵਾਪਸ ਜਾਂਦਿਆਂ ਸਮੇਂ ਪਠਾਣਾਂ ਹੱਥੋਂ ਸ਼ਹੀਦ ਹੋ ਗਏ ਸਨ। ਅਜਿਹੇ ਸਮੇਂ ਕਾਬਲ ਦੇ ਗ਼ਦਰੀ ਕੇਂਦਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਬਾਬਾ ਗੁਰਮੁਖ ਸਿੰਘ ਲਲਤੋਂ ਦੇ ਸਿਰ ਆਣ ਪਈਆਂ।

ਅਪ੍ਰੈਲ 1928 ਵਿੱਚ ਗੁਰਮੁਖ ਸਿੰਘ, ਅਨੂਪ ਸਿੰਘ ਦੇ ਨਾਂ ਹੇਠ ਅਫ਼ਗਾਨੀ

1. ਭਾਈ ਸੰਤੋਖ ਸਿੰਘ ਕਿਰਤੀ, ਇਨਕਲਾਬੀ ਸੂਝ ਦਾ ਸਫ਼ਰ, ਡਾ. ਤਜਿੰਦਰ ਵਿਰਲੀ, ਪੰਨਾ 147
2. ਸਿੱਖ ਧਰਮ ਵਿਸ਼ਵ ਕੋਸ਼, ਮੁੱਖ ਸੰਪਾਦਕ, ਡਾ. ਜੋਧ ਸਿੰਘ, ਪੰਨਾ 428
3. ਨਿਰਭੈ ਯੋਧੇ ਗ਼ਦਰੀ ਬਾਬੇ ਗੁਰਮੁਖ ਸਿੰਘ ਦੀ ਜੀਵਨੀ, ਭਗਤ ਸਿੰਘ ਬਿਲਗਾ, ਪੰਨਾ 62
4. ਜੀਵਨੀ ਗ਼ਦਰੀ ਬਾਬਾ ਸ਼ਹੀਦ ਸ. ਊਧਮ ਸਿੰਘ ਕਸੇਲ, ਚਰੰਜੀ ਲਾਲ ਕੰਗਣੀਵਾਲ, ਪੰਨਾ 80

ਪਾਸਪੋਰਟ ਬਣਾਕੇ ਰੂਸ ਦੇ ਰਸਤੇ ਅਮਰੀਕਾ ਲਈ ਰਵਾਨਾ ਹੋ ਗਏ। ਅਮਰੀਕਾ ਪਹੁੰਚ ਕੇ ਉਹਨਾਂ ਗ਼ਦਰ ਪਾਰਟੀ ਦੇ ਪ੍ਰਧਾਨ ਨਿਧਾਨ ਸਿੰਘ ਮਹੇਸ਼ਰੀ ਨਾਲ ਮਿਲਕੇ ਗ਼ਦਰ ਪਾਰਟੀ ਨੂੰ ਸੰਗਠਿਤ ਕਰਨ ਅਤੇ ਪਾਰਟੀ ਲਈ ਫੰਡ ਇਕੱਤਰ ਕਰਨ ਵਿੱਚ ਭਰਪੂਰ ਯੋਗਦਾਨ ਪਾਇਆ। ਸਾਨਫਰਾਂਸਿਸਕੋ ਵਿਖੇ ਹੀ ਬਾਬਾ ਜੀ ਦਾ ਅਪੈਂਡਿਕਸ ਦਾ ਉਪਰੇਸ਼ਨ ਹੋਇਆ। ਗ਼ਦਰੀ ਪਾਰਟੀਆਂ ਦੀਆਂ ਵਧਦੀਆਂ ਸਰਗਰਮੀਆਂ ਨੂੰ ਵੇਖਦੇ ਹੋਏ ਅਮਰੀਕਨ ਸਰਕਾਰ ਨੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਗ਼ਦਰ ਪਾਰਟੀ ਵੱਲੋਂ ਬਾਬਾ ਜੀ ਨੂੰ ਜ਼ਮਾਨਤ 'ਤੇ ਰਿਹਾਅ ਕਰਵਾ ਲਿਆ ਗਿਆ।

ਇੱਥੋਂ ਬਾਬਾ ਜੀ ਅਫਰੀਕਾ ਮਹਾਂਦੀਪ ਦੇ ਦੇਸ਼ ਕੀਨੀਆ ਵਿੱਚ ਚਲੇ ਗਏ ਅਤੇ ਫਿਰ ਹਿੰਦੁਸਤਾਨ ਪਰਤ ਆਏ। ਕੁਝ ਸਮਾਂ ਦੇਸ਼ ਵਿੱਚ ਰਹਿਣ ਪਿੱਛੋਂ ਬਾਬਾ ਜੀ ਅਫ਼ਗਾਨਿਸਤਾਨ ਚਲੇ ਗਏ। ਅਫ਼ਗਾਨਿਸਤਾਨ ਵਿੱਚ ਉਸ ਸਮੇਂ ਬਾਦਸ਼ਾਹ ਨਾਦਰਸ਼ਾਹ ਦੀ ਹਕੂਮਤ ਸੀ, ਜੋ ਅੰਗਰੇਜ਼ਾਂ ਦਾ ਹੱਥ-ਠੋਕਾ ਸੀ। ਉਸ ਨੇ ਬਾਬਾ ਜੀ ਨੂੰ ਅਤੇ ਪ੍ਰਿਥਵੀ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਕਾਬਲ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ। ਕਾਬਲ ਵਿੱਚ ਬਾਬਾ ਜੀ ਦੀ ਗ੍ਰਿਫ਼ਤਾਰੀ ਦੀ ਖਬਰ ਜਦੋਂ ਪੰਜਾਬ ਦੇ ਅਖਬਾਰਾਂ ਵਿੱਚ ਛਪੀ ਤਾਂ ਦੇਸ਼ ਭਗਤਾਂ ਨੇ ਬਾਬਾ ਜੀ ਦੀ ਰਿਹਾਈ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਵੱਧਦੇ ਰੋਹ ਨੂੰ ਦੇਖਦੇ ਕਾਬਲ ਦੀ ਹਕੂਮਤ ਨੇ ਇੱਕ ਸਾਲ ਪਿੱਛੋਂ ਬਾਬਾ ਜੀ ਨੂੰ ਰਿਹਾਅ ਕਰਕੇ ਮਾਸਕੋ ਭੇਜ ਦਿੱਤਾ। ਬਾਬਾ ਜੀ ਥੋੜ੍ਹਾ ਸਮਾਂ ਸੋਵੀਅਤ ਯੂਨੀਅਨ ਵਿੱਚ ਰਹੇ ਅਤੇ ਫਿਰ ਸਮੁੰਦਰੀ ਰਸਤੇ ਰਾਹੀਂ ਹਿੰਦੁਸਤਾਨ ਆ ਗਏ।

ਪੰਜਾਬ ਵਿੱਚ ਆ ਕੇ ਬਾਬਾ ਜੀ ਭੇਸ ਬਦਲਕੇ ਕੇਸ਼ੋ ਰਾਮ ਦੇ ਨਾਂ ਅਧੀਨ ਕਿਰਤੀ ਪਾਰਟੀ ਦਾ ਕੰਮ ਕਰਨ ਲੱਗ ਪਏ।[1] 1935 ਵਿੱਚ ਬਾਬਾ ਜੀ ਕਿਰਤੀ ਪਾਰਟੀ ਦੇ ਸਕੱਤਰ ਚੁਣ ਲਏ ਗਏ। ਉਹ 'ਕਿਰਤੀ' ਅਤੇ 'ਲਾਲ ਢੰਡੋਰਾ' ਨਿਕਲ ਰਹੇ ਦੋਹਾਂ ਪਰਚਿਆਂ ਦੇ ਇੰਨਚਾਰਜ ਵੀ ਬਣਾਏ ਗਏ।[2]

ਅਕਤੂਬਰ 1936 ਵਿੱਚ ਬਾਬਾ ਗੁਰਮੁਖ ਸਿੰਘ ਨੂੰ ਲਾਹੌਰ ਦੇ ਵੱਡੇ ਡਾਕਖਾਨੇ ਵਿੱਚ ਡਾਕ ਪਾਉਂਦੇ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ। ਬਾਬਾ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਦੋ ਮਹੀਨੇ ਬਾਅਦ ਉਹਨਾਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਅਤੇ ਫਿਰ ਉਮਰ ਕੈਦ ਕੱਟਣ ਲਈ ਕਾਲੇਪਾਣੀ ਭੇਜ ਦਿੱਤਾ ਗਿਆ। ਬਾਬਾ ਜੀ ਨੇ ਅੰਡੇਮਾਨ ਜਾਂਦਿਆਂ ਹੀ ਬਾਕੀ ਕੈਦੀਆਂ ਨਾਲ ਮਿਲਕੇ ਦੇਸ਼ ਵਾਪਸ ਲੈ ਜਾਣ ਲਈ ਭੁੱਖ ਹੜਤਾਲ ਕਰ ਦਿੱਤੀ। ਦੇਸ਼ ਵਿੱਚ ਵੀ ਦੇਸ਼ ਭਗਤਾਂ ਨੇ ਅੰਡੇਮਾਨ ਕਾਲੇਪਾਣੀਆਂ ਦੇ ਕੈਦੀਆਂ ਦੀ ਦੇਸ਼ ਵਾਪਸੀ ਲਈ ਅੰਦੋਲਨ ਸ਼ੁਰੂ ਕਰ ਦਿੱਤੇ।

ਲੋਕਾਂ ਦੇ ਜ਼ਬਰਦਸਤ ਅੰਦੋਲਨਾਂ ਅੱਗੇ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ। ਰਾਜਸੀ ਕੈਦੀਆਂ ਨੂੰ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ

---

1. ਦ੍ਰਿੜ ਇਨਕਲਾਬੀ ਸੰਗਰਾਮੀਆ, ਬਾਬਾ ਗੁਰਮੁਖ ਸਿੰਘ ਲਲਤੋਂ ਦੀ ਜੀਵਨੀ, ਹਜ਼ਾਰਾ ਸਿੰਘ ਹਮਦਮ, ਪੰਨਾ 6
2. ਉਹੀ, ਪੰਨਾ 44

ਗਿਆ। ਬਾਬਾ ਜੀ ਨੂੰ ਡੇਰਾ ਗਾਜ਼ੀਖਾਨ, ਫਿਰ ਮੁਲਤਾਨ ਅਤੇ ਆਖਰ ਵਿੱਚ ਲਾਇਲਪੁਰ ਦੀ ਜੇਲ੍ਹ ਵਿੱਚ ਭੇਜਿਆ ਗਿਆ। 1946 ਦੇ ਸ਼ੁਰੂ ਵਿੱਚ ਉਹ ਜਦੋਂ ਲਾਇਲਪੁਰ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਲੁਧਿਆਣੇ ਪਹੁੰਚੇ ਤਾਂ ਉਹਨਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਉਹਨਾਂ ਨੂੰ 1946 ਵਿੱਚ ਹਿੰਦ ਕਮਿਊਨਿਸਟ ਪਾਰਟੀ ਪੰਜਾਬ ਦੀ ਸੂਬਾ ਕਮੇਟੀ ਦਾ ਮੈਂਬਰ ਬਣਾਇਆ ਗਿਆ। ਇਸ ਸਮੇਂ ਹੀ ਉਹਨਾਂ ਨੂੰ ਪੰਜਾਬ ਕਿਸਾਨ ਸਭਾ ਦਾ ਪ੍ਰਧਾਨ ਵੀ ਚੁਣਿਆ ਗਿਆ। ਪੰਜਾਬ ਕਿਸਾਨ ਸਭਾ ਦਾ ਸਲਾਨਾ ਇਜਲਾਸ ਜਾਂਗਪੁਰ, ਜ਼ਿਲ੍ਹਾ ਲੁਧਿਆਣਾ ਵਿਖੇ ਬਾਬਾ ਗੁਰਮੁਖ ਸਿੰਘ ਜੀ ਦੀ ਅਗਵਾਈ ਹੇਠ ਸਫ਼ਲਤਾਪੂਰਵਕ ਹੋਇਆ।

1948 ਤੋਂ ਲੈ ਕੇ 1952 ਤੱਕ ਬਾਬਾ ਜੀ ਦੇ ਗ੍ਰਿਫ਼ਤਾਰੀ ਵਾਰੰਟ ਨਿਕਲੇ ਰਹੇ। ਇਸ ਸਮੇਂ ਉਹਨਾਂ ਨੇ ਗੁਪਤਵਾਸ ਰਹਿ ਕੇ ਸਾਮਰਾਜੀ-ਜਾਗੀਰੂ ਪ੍ਰਬੰਧ ਨੂੰ ਬਦਲਣ ਅਤੇ ਨਵਾਂ ਲੋਕਰਾਜੀ ਪ੍ਰਬੰਧ ਸਥਾਪਿਤ ਕਰਨ ਲਈ ਕਈ ਯਤਨ ਕੀਤੇ।

1959 ਵਿੱਚ ਕੈਰੋਂ ਰਾਜ ਸਮੇਂ ਪੰਜਾਬ ਵਿੱਚ ਖੁਸ਼ਹੈਸੀਅਤੀ ਟੈਕਸ ਦੇ ਸੰਬੰਧ ਵਿੱਚ ਮੋਰਚਾ ਲਾਇਆ ਗਿਆ। ਇਸ ਸਮੇਂ ਬਾਬਾ ਜੀ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਸਨ। ਇਸ ਮੋਰਚੇ ਦੌਰਾਨ 10 ਹਜ਼ਾਰ ਕਿਸਾਨ ਜੇਲ੍ਹਾਂ ਵਿੱਚ ਗਏ। 10 ਕਿਸਾਨ ਭੈਣਾਂ ਅਤੇ ਭਰਾ ਸ਼ਹੀਦ ਹੋਏ। ਅੰਤ ਵਿੱਚ ਸਰਕਾਰ ਨੂੰ ਲਾਇਆ ਹੋਇਆ ਖੁਸ਼ਹੈਸੀਅਤ ਟੈਕਸ ਵਾਪਸ ਲੈਣਾ ਪਿਆ। ਬਾਬਾ ਜੀ ਦੀ ਅਗਵਾਈ ਹੇਠ ਮੋਰਚਾ ਸ਼ਾਨਦਾਰ ਸਫ਼ਲਤਾ ਨਾਲ ਸੰਪੰਨ ਹੋਇਆ। 1962 ਵਿੱਚ ਚੀਨੀ ਹਮਲੇ ਸਮੇਂ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਕੇ ਗੁੜਗਾਉਂ ਅਤੇ ਫਿਰ ਨਾਭਾ ਦੀ ਜੇਲ੍ਹ ਵਿੱਚ ਰੱਖਿਆ ਗਿਆ। ਬਾਬਾ ਜੀ ਨੇ ਨਾਭਾ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਦਿੱਤੀ। ਪੰਜਾਬ ਸਰਕਾਰ ਨੇ ਉਹਨਾਂ ਨੂੰ ਰਿਹਾਅ ਕਰ ਦਿੱਤਾ।

ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਵਿੱਚ ਬਾਬਾ ਗੁਰਮੁਖ ਸਿੰਘ ਦੀ ਪ੍ਰੇਰਨਾ ਸਦਕਾ ਦੇਸ਼-ਵਿਦੇਸ਼ ਤੋਂ ਬਹੁਤ ਸਾਰੀ ਰਾਸ਼ੀ ਇਕੱਤਰ ਹੋਈ। ਬਾਬਾ ਜੀ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਨੇ ਵੀ ਇਸ ਯਾਦਗਾਰ ਦੀ ਉਸਾਰੀ ਵਿੱਚ ਇੱਕ ਲੱਖ ਰੁਪਏ ਦਾ ਸਹਿਯੋਗ ਪਾਇਆ। ਜਲੰਧਰ ਦੀ ਦੇਸ਼ ਭਗਤ ਯਾਦਗਾਰ ਹਾਲ ਬਾਬਾ ਜੀ ਦੀ ਜ਼ਿੰਦ-ਜਾਨ ਰਹੀ। ਯਾਦਗਾਰ ਹਾਲ ਨੂੰ ਸ਼ੁਰੂ ਕਰਨ ਲਈ ਬਾਬਾ ਗੁਰਮੁਖ ਸਿੰਘ ਲੁਧਿਆਣਾ ਛੱਡ ਕੇ ਜਲੰਧਰ ਵਿੱਚ ਖਰੀਦੀ ਗਈ ਕੋਠੀ ਵਿੱਚ ਆ ਟਿਕੇ। ਕਾਮਰੇਡ ਹਜ਼ਾਰਾ ਸਿੰਘ ਹਮਦਮ ਉਨ੍ਹਾਂ ਦੇ ਸਾਥੀ ਬਣੇ।

ਅੰਤਲੇ ਸਮੇਂ ਬਾਬਾ ਜੀ ਸਖ਼ਤ ਬਿਮਾਰ ਹੋ ਗਏ। ਉਨ੍ਹਾਂ ਨੂੰ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ 13 ਮਾਰਚ, 1977 ਨੂੰ ਬਾਬਾ ਜੀ ਅਕਾਲ ਚਲਾਣਾ ਕਰ ਗਏ। 14 ਅਪ੍ਰੈਲ ਨੂੰ ਉਹਨਾਂ ਦੀ ਮ੍ਰਿਤਕ ਦੇਹ ਨੂੰ ਲਾਲ ਝੰਡੇ ਵਿੱਚ ਲਪੇਟ ਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਲਲਤੋਂ ਖੁਰਦ ਲਿਜਾਇਆ ਗਿਆ, ਜਿੱਥੇ ਇਨਕਲਾਬ ਦੇ ਪੁੰਜ ਬਾਬਾ ਗੁਰਮੁਖ ਸਿੰਘ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ।

ਦੇਸ਼ ਭਗਤ ਯਾਦਗਾਰ ਜਲੰਧਰ ਬਾਬਾ ਜੀ ਦੀ ਯਾਦ ਵਿੱਚ ਯਾਦਗਾਰੀ

ਹਾਲ ਅਤੇ ਪਿੰਡ ਲਲਤੋਂ ਖੁਰਦ ਵਿਖੇ ਬਾਬਾ ਜੀ ਦੀ ਯਾਦਗਾਰ ਬਣੀ ਹੋਈ ਹੈ। ਬਾਬਾ ਜੀ ਚੜ੍ਹਦੀ ਜਵਾਨੀ ਤੋਂ ਲੈ ਕੇ ਆਪਣੀ ਜ਼ਿੰਦਗੀ ਦੇ ਅੰਤਮ ਸਾਹਾਂ ਤੱਕ ਹਰ ਪਲ ਜਮਹੂਰੀ ਇਨਕਲਾਬ ਸਿਰਜਣ ਅਤੇ ਸਮਾਜਵਾਦੀ ਰਾਜ ਪ੍ਰਬੰਧ ਉਸਾਰਨ ਵਿੱਚ ਜੁੱਟੇ ਰਹੇ।

# .ਗ਼ਦਰੀ ਗੁਲਾਬ ਕੌਰ

ਗ਼ਦਰ ਲਹਿਰ ਦੀ ਮਾਈ ਭਾਗੋ ਵਜੋਂ ਜਾਣੀ ਜਾਂਦੀ ਗ਼ਦਰੀ ਗੁਲਾਬ ਕੌਰ ਦਾ ਜਨਮ 1890 ਈ: ਦੇ ਲਗਭਗ ਪਟਿਆਲਾ ਰਿਆਸਤ ਦੇ ਪਿੰਡ ਬਖਸ਼ੀਵਾਲਾ (ਹੁਣ ਜ਼ਿਲ੍ਹਾ ਸੰਗਰੂਰ) ਵਿੱਚ ਤੰਗੀਆਂ-ਤੁਰਸ਼ੀਆਂ ਦੇ ਮਾਰੇ ਇੱਕ ਕਿਸਾਨ ਪਰਿਵਾਰ ਵਿੱਚ ਹੋਇਆ। ਉਹ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸੀ। ਘਰ ਦੀ ਆਰਥਿਕ ਤੰਗੀ, ਲੜਕੀਆਂ ਦੀ ਪੜ੍ਹਾਈ ਦਾ ਰਿਵਾਜ਼ ਨਾ ਹੋਣ ਕਰਕੇ ਬੀਬੀ ਗੁਲਾਬ ਨੇ ਕੋਈ ਸਕੂਲੀ ਵਿੱਦਿਆ ਹਾਸਲ ਨਾ ਕੀਤੀ। ਉਸ ਨੇ ਗੁਜ਼ਾਰੇ ਜੋਗੀ ਗੁਰਮੁਖੀ ਆਪਣੇ ਪਿੰਡ ਦੇ ਇੱਕ ਡੇਰੇ ਵਿੱਚੋਂ ਜ਼ਰੂਰ ਸਿੱਖ ਲਈ ਸੀ। ਸਮੇਂ ਦੇ ਰਿਵਾਜ਼ ਅਨੁਸਾਰ ਬਾਲ ਵਰੇਸ ਵਿੱਚ ਹੀ ਉਹਨਾਂ ਦਾ ਵਿਆਹ ਲਾਗਲੇ ਪਿੰਡ ਜਖੇਪਲ ਦੇ ਸਰਦਾਰ ਮਾਨ ਸਿੰਘ ਨਾਲ ਹੋ ਗਿਆ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਬਹੁਤ ਸਾਰੇ ਹਿੰਦੀ ਰੁਜ਼ਗਾਰ ਦੀ ਭਾਲ ਵਿੱਚ ਕੈਨੇਡਾ, ਅਮਰੀਕਾ ਦੇਸ਼ਾਂ ਵਿੱਚ ਜਾਣੇ ਸ਼ੁਰੂ ਹੋ ਗਏ ਸਨ। 1903 ਈ: ਤੋਂ ਪਹਿਲਾਂ ਭਾਰਤੀ ਅਮਰੀਕਾ ਤੇ ਕੈਨੇਡਾ ਵਿੱਚ ਬਹੁਤ ਘੱਟ ਸਨ। ਪਰ 1906 ਤੋਂ ਪਿੱਛੋਂ ਇਹਨਾਂ ਦੀ ਗਿਣਤੀ ਕਾਫ਼ੀ ਵਧ ਗਈ। ਜਦੋਂ ਹਿੰਦੀ ਲੋਕ ਬਹੁਤ ਵੱਡੀ ਗਿਣਤੀ ਵਿੱਚ ਪਹੁੰਚਣ ਲੱਗੇ ਤਾਂ ਕੈਨੇਡਾ ਅਮਰੀਕਾ ਦੇ ਮੂਲ ਨਿਵਾਸੀ ਇਹਨਾਂ ਤੋਂ ਘ੍ਰਿਣਾ ਕਰਨ ਲੱਗ ਪਏ। ਇਹਨਾਂ ਦੇਸ਼ਾਂ ਨੇ ਭਾਰਤੀਆਂ ਦੇ ਆਪਦੇ ਦੇਸ਼ਾਂ ਵਿੱਚ ਦਾਖਲੇ ਲਈ ਕਈ ਪ੍ਰਕਾਰ ਦੀਆਂ ਰੁਕਾਵਟਾਂ ਖੜੀਆਂ ਕਰ ਦਿੱਤੀਆਂ। ਅਮਰੀਕਾ ਨੇ ਆਪਣੇ ਦੇਸ਼ ਆਉਣ ਵਾਲਿਆਂ ਦੇ ਸਾਰੇ ਰਸਤੇ ਬੰਦ ਕਰ ਦਿੱਤੇ, ਕੇਵਲ ਮਨੀਲਾ ਦੇ ਰਸਤੇ ਹੀ ਅਮਰੀਕਾ ਪਹੁੰਚਿਆ ਜਾ ਸਕਦਾ ਸੀ। ਉਸ ਸਮੇਂ ਹਿੰਦੁਸਤਾਨੀ ਪਹਿਲਾਂ ਮਨੀਲਾ ਜਾਂਦੇ ਸਨ। ਉੱਥੋਂ ਦੇ ਛੇ ਮਹੀਨੇ ਦੇ ਠਹਿਰਾਓ ਨਾਲ ਉਨ੍ਹਾਂ ਨੂੰ ਫਿਲਪਾਇਨ ਦੀ ਨਾਗਰਿਕਤਾ ਮਿਲ ਜਾਂਦੀ ਸੀ। ਉੱਥੋਂ ਦੀ ਨਾਗਰਿਕਤਾ ਪ੍ਰਾਪਤ ਕਰਕੇ ਹਿੰਦੀ ਲੋਕ ਅਮਰੀਕਾ ਪਹੁੰਚ ਜਾਂਦੇ ਸਨ। ਇਸੇ ਸਮੇਂ ਦੌਰਾਨ ਰੋਜ਼ੀ-ਰੋਟੀ ਕਮਾਉਣ ਖਾਤਰ ਮਾਨ ਸਿੰਘ ਅਤੇ ਗੁਲਾਬ ਕੌਰ ਦੇ ਮਨ ਵਿੱਚ ਵੀ ਅਮਰੀਕਾ ਜਾਣ ਦਾ ਵਿਚਾਰ ਆਇਆ। ਉਹ ਦੋਵੇਂ ਫਿਲਪਾਇਨ ਦੀ ਰਾਜਧਾਨੀ ਮਨੀਲਾ ਪਹੁੰਚ ਗਏ ਅਤੇ ਉੱਥੇ ਗੁਜ਼ਾਰੇ ਲਈ ਮਿਹਨਤ ਮਜ਼ਦੂਰੀ ਕਰਨ ਲੱਗੇ। ਇੱਥੇ ਰਹਿਣ ਦੌਰਾਨ ਬੀਬੀ ਗੁਲਾਬ ਕੌਰ ਰੋਜ਼ ਗੁਰਦੁਆਰੇ ਜਾਣ ਲੱਗੀ ਪਈ। ਉਸ ਸਮੇਂ ਵਿਦੇਸ਼ਾਂ ਵਿਚਲੇ ਗੁਰਦੁਆਰੇ ਭਾਰਤੀਆਂ ਦੇ ਰਲ-ਬਹਿਣ ਦੀ ਸਾਂਝੀ ਥਾਂ ਸਨ, ਜਿੱਥੇ ਦੇਸ਼ ਦੀ ਗੁਲਾਮੀ ਬਾਰੇ ਅਕਸਰ ਵਿਚਾਰਾਂ ਹੁੰਦੀਆਂ ਰਹਿੰਦੀਆਂ ਸਨ। ਵਿਦੇਸ਼ਾਂ ਵਿੱਚ ਰਹਿ ਰਹੇ ਭਾਰਤੀ ਉਸ ਸਮੇਂ ਲਾਮਬੰਦ ਹੋ ਰਹੇ ਸਨ। 21 ਅਪ੍ਰੈਲ, 1913 ਨੂੰ ਗ਼ਦਰ ਪਾਰਟੀ ਹੋਂਦ ਵਿੱਚ ਆ ਗਈ ਸੀ। ਪਹਿਲੀ ਨਵੰਬਰ, 1913 ਨੂੰ ਇਸ ਨੇ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਤੋਂ ਗ਼ਦਰ ਸਪਤਾਹਿਕ ਪੱਤਰ ਛਾਪਣਾ ਸ਼ੁਰੂ ਕਰ ਦਿੱਤਾ ਸੀ, ਜੋ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਤੱਕ ਪਹੁੰਚਦਾ ਸੀ। ਵਿਦੇਸ਼ਾਂ ਵਿੱਚ ਵੱਖ-

ਵੱਖ ਥਾਂਈਂ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਬਣ ਰਹੀਆਂ ਸਨ। ਮਨੀਲਾ ਵਿੱਚ ਗ਼ਦਰ ਪਾਰਟੀ ਇਕਾਈ ਦੇ ਪ੍ਰਧਾਨ ਹਾਫ਼ਿਜ਼-ਅਬਦੁੱਲਾ ਜਗਰਾਵਾਂ ਵਾਲੇ ਸਨ। ਉਹਨਾਂ ਦਾ ਮਨੀਲਾ ਦੇ ਗੁਰਦੁਆਰੇ ਵਿੱਚ ਅਕਸਰ ਆਉਣ-ਜਾਣ ਸੀ। ਇੱਥੇ ਬੀਬੀ ਗੁਲਾਬ ਕੌਰ ਉਹਨਾਂ ਦੇ ਸੰਪਰਕ ਵਿੱਚ ਆ ਗਏ। ਇੱਥੇ ਹੀ ਉਹਨਾਂ ਦਾ ਮੇਲ ਗ਼ਦਰੀ ਜੀਵਨ ਸਿੰਘ ਦੌਲੇ ਸਿੰਘ ਵਾਲਾ ਨਾਲ ਹੋਇਆ। ਗੁਰਦੁਆਰੇ ਵਿੱਚ ਅਕਸਰ ਗ਼ਦਰ ਪਾਰਟੀ ਦਾ ਪ੍ਰਚਾਰ ਹੁੰਦਾ, ਜਿਸ ਦਾ ਬੀਬੀ ਗੁਲਾਬ ਕੌਰ ’ਤੇ ਕਾਫ਼ੀ ਪ੍ਰਭਾਵ ਪਿਆ। ਗ਼ਦਰੀਆਂ ਦਾ ਤੀਜਾ ਵੱਡਾ ਜੱਥਾ, ਜਿਸ ਵਿੱਚ ਗ਼ਦਰ ਪਾਰਟੀ ਦੇ ਸਾਰੇ ਲੀਡਰ ਬਾਬਾ ਜਵਾਲਾ ਸਿੰਘ, ਬਾਬਾ ਸ਼ੇਰ ਸਿੰਘ, ਰੂੜ ਸਿੰਘ, ਕਰਮ ਸਿੰਘ ਚੀਮਾ, ਨਿਧਾਨ ਸਿੰਘ ਚੁੱਘਾ, ਪਿਆਰਾ ਸਿੰਘ ਲੰਗੇਰੀ ਆਦਿ ਸਨ, ਸਾਨਫਰਾਂਸਿਸਕੋ ਤੋਂ 29 ਅਗਸਤ, 1914 ਨੂੰ ਐਸ.ਐਸ. ਕੋਰੀਆ ਜਹਾਜ਼ ਉੱਤੇ ਚੱਲਿਆ। ਇਸ ਜਹਾਜ਼ ਦੇ ਯਾਤਰੀਆਂ ਦੇ ਮਨੀਲਾ ਪਹੁੰਚਣ ’ਤੇ ਉਹਨਾਂ ਦੇ ਸਵਾਗਤ ਅਤੇ ਠਹਿਰਾਓ ਦਾ ਪ੍ਰਬੰਧ ਉੱਥੋਂ ਦੇ ਗ਼ਦਰ ਪਾਰਟੀ ਦੀ ਮਨੀਲਾ ਸ਼ਾਖਾ ਦੇ ਪ੍ਰਧਾਨ ਹਾਫ਼ਿਜ਼ ਅਬਦੁੱਲਾ ਵੱਲੋਂ ਕੀਤਾ ਹੋਇਆ ਸੀ। ਗ਼ਦਰੀਆਂ ਦੇ ਸਵਾਗਤ ਵਿੱਚ ਉੱਥੋਂ ਦੇ ਗੁਰਦੁਆਰੇ ਵਿੱਚ ਸ਼ਾਨਦਾਰ ਜਲਸਾ ਹੋਇਆ। ਜਿਸ ਵਿੱਚ ਫਿਲਪਾਈਨ ਦੀ ਗ਼ਦਰੀ ਸ਼ਾਖਾ ਦੇ ਪ੍ਰਧਾਨ ਹਾਫ਼ਿਜ਼ ਅਬਦੁੱਲਾ ਨੇ ਉੱਥੋਂ ਦੇ ਹਿੰਦੀਆਂ ਨੂੰ ਦੇਸ਼ ਜਾ ਕੇ ਗ਼ਦਰ ਦੀਆਂ ਤਿਆਰੀਆਂ ਕਰਨ ਲਈ ਅਪੀਲ ਕੀਤੀ। ਹੋਰ ਗ਼ਦਰੀ ਆਗੂਆਂ ਨੇ ਵੀ ਜੋਸ਼ੀਲੇ ਲੈਕਚਰ ਦਿੱਤੇ। ਗ਼ਦਰੀ ਆਗੂਆਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬੀਬੀ ਗੁਲਾਬ ਕੌਰ ਅਤੇ ਉਸਦੇ ਪਤੀ ਮਾਨ ਸਿੰਘ ਅਤੇ ਕਈ ਹੋਰਾਂ ਨੇ ਵੀ ਦੇਸ਼ ਜਾਣ ਵਾਸਤੇ ਆਪਣੇ ਨਾਂ ਦਰਜ ਕਰਾਏ। ਜਹਾਜ਼ ਨੇ ਅਗਲੇ ਦਿਨ ਤੁਰਨਾ ਸੀ। ਘਰ ਜਾ ਕੇ ਮਾਨ ਸਿੰਘ ਦਾ ਮਨ ਡੋਲ ਗਿਆ। ਪਰ ਬੀਬੀ ਗੁਲਾਬ ਕੌਰ ਨੇ ਵਤਨ ਪਹੁੰਚਣ ਦੀ ਮਨ ਵਿੱਚ ਪੱਕੀ ਧਾਰੀ ਹੋਈ ਸੀ ਕਿ ਹਰ ਹੀਲੇ ਦੇਸ਼ ਪਹੁੰਚਣਾ ਹੈ ਅਤੇ ਫਿੰਰਗੀ ਰਾਜ ਦਾ ਖਾਤਮਾ ਕਰਨਾ ਹੈ। ਮਨੀਲਾ ਤੋਂ ਬੀਬੀ ਗੁਲਾਬ ਕੌਰ ਹੋਰ ਗ਼ਦਰੀਆਂ ਨਾਲ ਜਹਾਜ਼ ਵਿੱਚ ਸਵਾਰ ਹੋ ਗਈ, ਜਦ ਕਿ ਉਸਦਾ ਪਤੀ ਮਾਨ ਸਿੰਘ ਉੱਥੇ ਹੀ ਰਹਿ ਗਿਆ।

ਮਨੀਲਾ ਤੋਂ ਜਹਾਜ਼ ਵਿੱਚ ਸਵਾਰ ਹੋਣ ਵਾਲੇ ਹੋਰ ਗ਼ਦਰੀਆਂ ਵਿੱਚ ਪ੍ਰਧਾਨ ਹਾਫ਼ਿਜ਼ ਅਬਦੁੱਲਾ, ਰਹਿਮਤ ਅਲੀ ਵਜੀਦ ਕੇ, ਜੀਵਨ ਸਿੰਘ ਦੌਲੇ ਸਿੰਘ ਵਾਲਾ ਸਮੇਤ 50 ਕੁ ਦੇ ਲਗਭਗ ਗ਼ਦਰੀ ਸਨ। ਸ਼ਿੰਗਾਪੁਰ ਪਹੁੰਚਣ ’ਤੇ ਗ਼ਦਰੀਆਂ ਨੇ ਐਸ.ਐਸ. ਕੋਰੀਆ ਜਹਾਜ਼ ਬਦਲ ਲਿਆ ਅਤੇ ਉਹ ਤੋਸ਼ਾਮਾਰੂ ਵਿੱਚ ਸਵਾਰ ਹੋ ਗਏ। ਰਸਤੇ ਵਿੱਚ ਜਹਾਜ਼ ਸਿੰਘਾਪੁਰ, ਹਾਂਗਕਾਂਗ ਅਤੇ ਪਿਨਾਂਗ ਕਈ ਕਈ ਦਿਨ ਰੁਕਿਆ। ਸਫ਼ਰ ਦੇ ਦੌਰਾਨ ਰਸਤੇ ਵਿੱਚ ਕਈ ਬਹਿਸਾਂ ਅਤੇ ਲੈਕਚਰ ਚੱਲਦੇ ਰਹੇ। ਬਾਬਾ ਕੇਸਰ ਸਿੰਘ ਠੱਠਗੜ੍ਹ ਲਿਖਦੇ ਹਨ ਕਿ ਭਾਈ ਜਵਾਲਾ ਸਿੰਘ, ਭਾਈ ਸ਼ੇਰ ਸਿੰਘ, ਬੀਬੀ ਗੁਲਾਬ ਕੌਰ, ਭਾਈ ਪਰਮਾਨੰਦ ਝਾਂਸੀ ਆਦਿ ਬੜੇ ਜੋਸ਼ੀਲੇ ਪ੍ਰਚਾਰਕ ਸਨ। ਬੀਬੀ ਗੁਲਾਬ ਕੌਰ ਤਾਂ ਚੂੜੀਆਂ ਲਾਹ-ਲਾਹ ਸੁੱਟਦੀ ਤੇ ਆਖਦੀ ਜੋ ਕਾਇਰ ਆਪਣੇ ਦੇਸ਼ ਦੀ ਆਜ਼ਾਦੀ ਲਈ ਹੱਥ ਆਏ ਇਸ ਮੌਕੇ ਲੜਨ ਤੋਂ ਪਿੱਛੇ ਹਟਦਾ

ਹੈ ਤਾਂ ਉਹ ਚੂੜੀਆਂ ਪਾ ਕੇ ਬੈਠ ਜਾਏ। ਅਸੀਂ ਤੀਵੀਂਆਂ ਉਨ੍ਹਾਂ ਦੀ ਥਾਂ ਲੜਾਂਗੀਆਂ।[1] ਤੋਸ਼ਾਮਾਰੂ ਜਹਾਜ਼ 28 ਅਕਤੂਬਰ, 1914 ਨੂੰ ਕਲਕੱਤੇ ਪਹੁੰਚ ਗਿਆ। ਸਰਕਾਰ ਨੇ ਇਸ ਤੋਂ ਪਹਿਲਾਂ ਹੀ ਇਨਗਰੈਂਸ ਆਰਡੀਨੈਸ ਜਾਰੀ ਕਰ ਦਿੱਤਾ ਸੀ, ਜਿਸ ਅਨੁਸਾਰ ਬਾਹਰੋਂ ਆਉਣ ਵਾਲੇ ਹਿੰਦੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਪਰ ਜੋ ਗ਼ਦਰੀ ਗ੍ਰਿਫ਼ਤਾਰੀਆਂ ਤੋਂ ਬਚ ਗਏ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਭਾਗਾਂ ਵਿੱਚ ਗ਼ਦਰੀ ਡਟੈਚਮੈਟਾਂ ਖੜੀਆਂ ਕਰ ਲਈਆਂ। ਗ਼ਦਰੀ ਯੋਧੇ ਦੇਸ਼ ਵਿੱਚ ਗ਼ਦਰ ਦੀਆਂ ਤਿਆਰੀਆਂ ਕਰਨ ਵਿੱਚ ਜੁੱਟ ਗਏ। ਹਰਨਾਮ ਸਿੰਘ ਟੁੰਡੀਲਾਟ, ਪਿਆਰਾ ਸਿੰਘ ਲੰਗੇਰੀ, ਬੰਤਾ ਸਿੰਘ ਸੰਘਵਾਲ, ਬੀਬੀ ਗੁਲਾਬ ਕੌਰ ਕਪੂਰਥਲਾ, ਹੁਸ਼ਿਆਰਪੁਰ ਅਤੇ ਜਲੰਧਰ ਦੇ ਪਿੰਡਾਂ ਵਿੱਚ ਸਰਗਰਮ ਹੋ ਗਏ। ਉਹ ਰਾਤ ਨੂੰ ਪਿੰਡਾਂ ਵਿੱਚ ਮੀਟਿੰਗਾਂ ਕਰਦੇ ਤੇ ਦਿਨ ਨਿਕਲਣ ਤੋਂ ਪਹਿਲਾਂ ਹੀ ਆਪਣੇ ਅਗਲੇ ਪੜਾਅ 'ਤੇ ਪਹੁੰਚ ਜਾਂਦੇ।[2] ਇੱਕ ਰਾਤ ਸੰਘਵਾਲ ਦੇ ਚੁਬਾਰੇ ਵਿੱਚ ਗ਼ਦਰ ਪਾਰਟੀ ਦੀ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਬਾਰੇ ਪੁਲਿਸ ਨੂੰ ਕਿਸੇ ਨੇ ਖਬਰ ਦੇ ਦਿੱਤੀ। ਦੂਜੇ ਪਾਸੇ ਗ਼ਦਰੀਆਂ ਦੇ ਹਮਦਰਦ ਭਗਤ ਰਾਮ ਚੱਢਾ ਨੇ ਪੁਲਿਸ ਦੇ ਪੈਣ ਵਾਲੇ ਛਾਪੇ ਦੀ ਸੂਚਨਾ ਸੰਘਵਾਲ ਦੇ ਗ਼ਦਰੀਆਂ ਨੂੰ ਵੀ ਕਰ ਦਿੱਤੀ। ਇਸ ਮੀਟਿੰਗ ਵਿੱਚ ਬੀਬੀ ਗੁਲਾਬ ਕੌਰ ਵੀ ਹਾਜ਼ਰ ਸੀ। ਗ਼ਦਰੀ ਤਾਂ ਛਾਲਾਂ ਮਾਰਕੇ ਫਰਾਰ ਹੋ ਗਏ। ਪਰ ਕੁਝ ਲਿਟਰੇਚਰ ਅਤੇ ਹਥਿਆਰ ਕਾਹਲੀ ਵਿੱਚ ਪਿੱਛੇ ਛੱਡ ਗਏ। ਬੀਬੀ ਗੁਲਾਬ ਕੌਰ ਨੇ ਪਿੱਛੇ ਰਹਿ ਕੇ ਸਾਰਾ ਸਮਾਨ ਟੋਕਰੀ ਵਿੱਚ ਪਾ ਲਿਆ। ਘੱਗਰਾ ਪਾਈ ਅਤੇ ਘੁੰਡ ਕੱਢੀ ਉਹ ਖੂਹ ਦੇ ਰਾਹ ਪੈ ਗਈ। ਪੁਲਿਸ ਉਸ ਦੇ ਕੋਲ ਦੀ ਲੰਘ ਗਈ। ਮੀਟਿੰਗ ਵਾਲੀ ਥਾਂ ਤੋਂ ਪੁਲਿਸ ਦੇ ਹੱਥ ਕੁਝ ਨਾ ਆਇਆ।[3]

ਬੀਬੀ ਗੁਲਾਬ ਕੌਰ ਪਿੰਡਾਂ ਵਿੱਚ ਘੁੰਮਣ ਸਮੇਂ ਚੂੜੀਆਂ ਵੇਚਕੇ ਜਾਂ ਫਿਰ ਆਪਣੇ ਟਿਕਾਣੇ 'ਤੇ ਬੈਠ ਕੇ ਚਰਖਾ ਕੱਤਦੀ। ਉਹ ਗ਼ਦਰੀਆਂ ਤੋਂ ਸੁਨੇਹੇ ਪ੍ਰਾਪਤ ਕਰਦੀ ਅਤੇ ਉਨ੍ਹਾਂ ਨੂੰ ਗੁਪਤ ਟਿਕਾਣਿਆਂ ਤੇ ਪਹੁੰਚਾ ਦਿੰਦੀ। ਗੁਲਾਬ ਕੌਰ ਨੇ ਗ਼ਦਰੀਆਂ ਦੇ ਕਈ ਗੁਪਤ ਅੱਡਿਆਂ 'ਤੇ ਰਹਿਕੇ ਅੰਮ੍ਰਿਤਸਰ ਅਤੇ ਲਾਹੌਰ ਵਿਖੇ ਵੀ ਕੰਮ ਕੀਤਾ।[4] ਫ਼ਰਵਰੀ 1915 ਵਿੱਚ ਗ਼ਦਰੀਆਂ ਵਲੋਂ ਦੇਸ਼ ਵਿੱਚ ਗ਼ਦਰ ਕਰਨ ਦੀ ਸਕੀਮ ਅਸਫ਼ਲ ਹੋ ਗਈ। ਗ਼ਦਰੀਆਂ ਦੀਆਂ ਧੜਾ-ਧੜ ਗ੍ਰਿਫਤਾਰੀਆਂ ਹੋ ਗਈਆਂ। ਉਹਨਾਂ ਉੱਪਰ ਲਾਹੌਰ ਸਾਜਿਸ਼ ਕੇਸ ਚਲਾਏ ਗਏ। ਗ਼ਦਰੀਆਂ ਨੂੰ ਫਾਂਸੀਆਂ, ਕਾਲੇਪਾਣੀਆਂ ਅਤੇ ਲੰਬੀ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਗ਼ਦਰੀ ਗੁਲਾਬ ਕੌਰ ਨੂੰ ਵੀ ਸਰਕਾਰ ਨੇ 1916 ਵਿੱਚ ਗ੍ਰਿਫ਼ਤਾਰ ਕਰ

---

1. ਗ਼ਦਰੀ ਸ਼ਹੀਦ ਲਾਲ ਸਿੰਘ ਸਾਹਿਬਾਣਾ ਬਾਰੇ ਚਿਰੰਜੀ ਲਾਲ ਕੰਗਣੀਵਾਲ ਦਾ ਲੇਖ ਦੇਖੋ ਨਵਾਂ ਜ਼ਮਾਨਾ 30 ਅਕਤੂਬਰ, 2011
2. ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬ, ਰਾਮ ਸਿੰਘ ਮਜੀਠਾ, ਪੰਨਾ 118
3. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਬਾਬਾ ਭਗਤ ਸਿੰਘ ਵਿਲਗਾ, ਪੰਨਾ 60-61
4. ਸੰਗਰੂਰ ਜ਼ਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ, ਬਲਬੀਰ ਲੌਂਗੋਵਾਲ, ਪੰਨਾ 49

ਲਿਆ ਅਤੇ ਬਿਨਾਂ ਮੁਕੱਦਮਾ ਚਲਾਏ ਬੰਗਾਲ ਰੈਗੂਲੇਸ਼ਨ ਤਹਿਤ 1921 ਤੱਕ ਨਜ਼ਰਬੰਦ ਰੱਖਿਆ। ਲਾਹੌਰ ਜੇਲ੍ਹ ਅਤੇ ਸ਼ਾਹੀ ਕਿਲ੍ਹੇ ਵਿੱਚ ਆਪ 'ਤੇ ਬੇ-ਤਹਾਸ਼ਾ ਸਰੀਰਕ ਤਸੱਦਦ ਕੀਤਾ ਗਿਆ। ਰਿਹਾਈ ਉਪਰੰਤ ਆਪ ਆਪਣੇ ਧਰਮ ਭਰਾ ਬਾਬਾ ਅਮਰ ਸਿੰਘ ਕੋਟਲਾ ਨੌਧ ਸਿੰਘ ਪਾਸ ਰਹਿਣ ਲੱਗੇ ਅਤੇ ਇੱਥੇ ਹੀ 1931 ਵਿੱਚ ਸਦੀਵੀਂ ਵਿਛੋੜਾ ਦੇ ਗਏ।[1] ਮਿਲਖਾ ਸਿੰਘ ਸਨੇਹੀ ਦੀ ਲਿਖੀ ਪੁਸਤਕ 'ਗ਼ਦਰੀ ਬੀਬੀ ਗੁਲਾਬ ਕੌਰ ਬਖਸ਼ੀਵਾਲਾ' ਵਿੱਚ ਬੀਬੀ ਦਾ ਅੰਤਿਮ ਵਿਛੋੜਾ ਸੰਨ 1941 ਵਿੱਚ ਲਿਖਿਆ ਗਿਆ। ਇਸੇ ਕਿਤਾਬ ਦੇ ਵਿੱਚ ਲਿਖੇ ਆਰਟੀਕਲ 'ਬੀਬੀ ਗੁਲਾਬ ਕੌਰ' ਦੇ ਲੇਖਕ ਕਾਮਰੇਡ ਚਰੰਜੀ ਲਾਲ ਕੰਗਣੀਵਾਲ ਵੀ ਲਿਖਦੇ ਹਨ ਕਿ ਪੰਜਾਬ ਦੀ ਸ਼ੇਰਨੀ 1941 ਨੂੰ ਇਸ ਦੁਨੀਆਂ ਤੋਂ ਰੁਖਸਤ ਹੋ ਗਈ। ਗ਼ਦਰੀ ਬਾਬਿਆਂ ਦੇ ਮਾਨਤਾ ਪ੍ਰਾਪਤ ਇਤਿਹਾਸਕਾਰ ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ ਆਪਣੇ ਆਰਟੀਕਲ 'ਗ਼ਦਰੀ ਗੁਲਾਬ ਕੌਰ ਵਿੱਚ ਬੀਬੀ ਜੀ ਦੀ ਮੌਤ ਦਾ ਸਾਲ 1941 ਹੀ ਦੱਸਦੇ ਹਨ।[2] ਪਰ ਪੁਸਤਕ 'ਚਾਰ ਕ੍ਰਾਂਤੀਕਾਰੀ ਵਿਰਾਂਗਣਾ' ਦੀ ਲੇਖਕ ਤਾਰਾ ਸ਼ਰਮਾ ਆਪਣੀ ਖੋਜ ਰਾਹੀਂ ਲਿਖਦੇ ਹਨ ਕਿ 'ਗ਼ਦਰੀ ਬੀਬੀ ਗੁਲਾਬ ਕੌਰ ਦੀ ਮੌਤ 28 ਜੁਲਾਈ, 1925 ਨੂੰ ਛਾਤੀ ਵਿੱਚ ਫੈਲੇ ਭਿਆਨਕ ਕੈਂਸਰ ਕਾਰਨ ਸੂਰਜ ਦੇ ਛਪਾਅ ਦੇ ਸਮੇਂ ਹੋਈ ਅਤੇ 29 ਜੁਲਾਈ, 1925 ਨੂੰ ਬੀਬੀ ਦੇ ਮ੍ਰਿਤਕ ਦੇਹ ਨੂੰ ਨਾਅਰਿਆਂ ਦੀ ਗੂੰਜ ਵਿੱਚ ਬਾਬਾ ਸ਼ਿਵ ਸਿੰਘ, ਭਾਈ ਅਮਰ ਸਿੰਘ, ਸ. ਦਲੀਪ ਸਿੰਘ ਅਤੇ ਸ. ਜਵਾਲਾ ਸਿੰਘ ਨੇ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਅੰਤਿਮ ਸੰਸਕਾਰ ਬੜੀ ਸ਼ਾਨ ਨਾਲ ਕੀਤਾ।[3] ਬੀਬੀ ਗੁਲਾਬ ਕੌਰ ਸੱਚਮੁੱਚ ਹੀ ਗ਼ਦਰ ਲਹਿਰ ਦੀ ਮਾਈ ਭਾਗੋ ਸੀ, ਜਿਸ ਦੇ ਪ੍ਰਚਾਰ ਸਦਕਾ ਗ਼ਦਰੀਆਂ ਵਿੱਚ ਨਵੇਂ ਜੋਸ਼ ਅਤੇ ਉਤਸ਼ਾਹ ਦਾ ਪ੍ਰਸਾਰ ਹੋਇਆ। ਉਸ ਨੇ ਕਈ ਵਾਰ ਗ਼ਦਰੀਆਂ ਨੂੰ ਮੌਤ ਦੇ ਮੂੰਹੋਂ ਬਚਾਇਆ। ਗ਼ਦਰ ਲਹਿਰ ਦੇ ਇਤਿਹਾਸ ਵਿੱਚ ਉਸ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਹੁੰਦਾ ਰਹੇਗਾ।

---

1. ਸੰਗਰੂਰ ਜ਼ਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ, ਬਲਬੀਰ ਲੌਂਗੋਵਾਲ, ਪੰਨਾ 50
2. ਚਾਰ ਕ੍ਰਾਂਤੀਕਾਰੀ ਵਿਰਾਂਗਣਾਂ ਤਾਰਾ ਸ਼ਰਮਾ, ਪੰਨਾ 67
3. ਚਾਰ ਕ੍ਰਾਂਤੀਕਾਰੀ ਵਿਰਾਂਗਣਾਂ, ਤਾਰਾ ਸ਼ਰਮਾ, ਪੰਨਾ 58

# ਬਾਬਾ ਜਵਾਲਾ ਸਿੰਘ ਠੱਠੀਆਂ

ਜਵਾਲਾ ਸਿੰਘ ਦੀ ਜਵਾਲਾ ਬੁਝੀ ਹੀ ਨਾ,
ਝੱਖੜ ਜ਼ਾਲਮਾਂ ਬਹੁਤ ਝੁਲਾ ਦਿੱਤੇ।
ਕਾਲੇ ਪਾਣੀ ਤੇ ਹਿੰਦ ਦੇ ਹੋਰ ਜੇਲ੍ਹੀਂ,
ਦੀਵੇ ਜਗਦੇ ਕਈ ਬੁਝਾ ਦਿੱਤੇ।
ਜਵਾਲਾ ਰਹੀ ਜਗਦੀ ਜਵਾਲਾ ਸਿੰਘ ਜੀ ਦੀ,
ਦੀਵੇ ਹੋਰ ਵੀ ਨਵੇਂ ਜਗਾ ਦਿੱਤੇ।
ਥਾਂ-ਥਾਂ ਕਿਸਾਨ ਕਮੇਟੀਆਂ ਸਾਜ ਕੇ ਤੇ,
ਜਥੇਬੰਦ ਕਿਸਾਨ ਕਰਵਾ ਦਿੱਤੇ।[1]

ਗ਼ਦਰ ਪਾਰਟੀ ਦੀ ਮਹਾਨ ਸ਼ਖ਼ਸੀਅਤ ਬਾਬਾ ਜਵਾਲਾ ਸਿੰਘ ਜੀ ਦਾ ਜਨਮ ਬਿਆਸ ਨੇੜੇ ਅੰਮ੍ਰਿਤਸਰ ਦੇ ਪਿੰਡ ਠੱਠੀਆਂ ਦੇ ਸ. ਕਨੱਈਆ ਸਿੰਘ ਦੇ ਘਰ ਸੰਨ 1876 ਵਿੱਚ ਹੋਇਆ। ਇਹ ਪਿੰਡ ਅੰਮ੍ਰਿਤਸਰ ਦੀ ਤਹਿਸੀਲ ਬਾਬਾ ਬਕਾਲਾ ਵਿੱਚ ਹੈ। ਇਸਦਾ ਡਾਕਘਰ ਸਠਿਆਲਾ ਹੈ। ਇਹ ਬਿਆਸ ਤੋਂ ਅੱਗੇ ਬਾਬਾ ਬਕਾਲਾ ਤੋਂ ਬਟਾਲਾ ਜਾਂਦੀ ਸੜਕ ਦੇ ਸੱਜੇ ਪਾਸੇ ਅਤੇ ਬਿਆਸ ਦੇ ਰੇਲਵੇ ਸਟੇਸ਼ਲ ਤੋਂ ਪੂਰਵ-ਉੱਤਰ ਵੱਲ 8 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ।[2] ਉਹਨਾਂ ਦੇ ਦੋ ਭਰਾ ਨਰੈਣ ਸਿੰਘ ਅਤੇ ਸੁਰੈਣ ਸਿੰਘ ਅਤੇ ਇੱਕ ਭੈਣ ਕਿੱਸੋ ਸੀ। ਬਾਬਾ ਜੀ ਸਭ ਤੋਂ ਛੋਟੇ ਸਨ। ਉਹ ਵੀ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਹੋਰਨਾਂ ਪੰਜਾਬੀਆਂ ਵਾਂਗ ਆਰਥਿਕ ਖ਼ੁਸ਼ਹਾਲੀ ਦੀ ਤਲਾਸ਼ ਵਿੱਚ ਵਿਦੇਸ਼ ਚਲੇ ਗਏ। ਉਹ 1905 ਵਿੱਚ ਚੀਨ ਪਹੁੰਚ ਗਏ। ਇੱਥੋਂ ਪਨਾਮਾ ਮੈਕਸੀਕੋ ਦੇ ਰਸਤੇ 1908 ਵਿੱਚ ਕੈਲੇਫੋਰਨੀਆ (ਅਮਰੀਕਾ) ਜਾ ਪਹੁੰਚੇ। ਕੈਲੇਫੋਰਨੀਆ ਵਿੱਚ ਬਾਬਾ ਜਵਾਲਾ ਸਿੰਘ ਅਤੇ ਬਾਬਾ ਵਿਸਾਖਾ ਸਿੰਘ ਨੇ ਮਿਲਕੇ ਸਟਾਕਟਨ ਸ਼ਹਿਰ ਦੇ ਨੇੜੇ ਦਰਿਆ ਹੋਲਟਵਿਲ ਦੇ ਕੰਢੇ ’ਤੇ 500 ਏਕੜ ਜ਼ਮੀਨ ਪਟੇ ’ਤੇ ਲੈ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਪਿੱਛੋਂ ਸੰਤੋਖ ਸਿੰਘ ਕਿਰਤੀ, ਹਜ਼ਾਰਾ ਸਿੰਘ ਦਦੇਹਰ ਅਤੇ ਨੌਧ ਸਿੰਘ ਵੀ ਇਹਨਾਂ ਦੇ ਹਿੱਸੇਦਾਰ ਬਣ ਗਏ। ਬਾਬਾ ਜੀ ਦੇ ਫ਼ਾਰਮ ’ਤੇ ਆਲੂਆਂ ਦੀ ਪੈਦਾਵਾਰ ਬਹੁਤ ਹੁੰਦੀ ਸੀ, ਜਿਸ ਕਰਕੇ ਉਹ ਅਮਰੀਕਾ ਵਿੱਚ ‘ਆਲੂਆਂ ਦੇ ਬਾਦਸ਼ਾਹ’ ਵੱਜੋਂ ਪ੍ਰਸਿੱਧ ਹੋ ਗਏ।

ਬਾਬਾ ਜਵਾਲਾ ਸਿੰਘ ਧਾਰਮਿਕ ਵਿਚਾਰਾਂ ਵਾਲੇ ਗੁਰਸਿੱਖ ਸਨ। ਉਹਨਾਂ ਅਮਰੀਕਾ ਵਿੱਚ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਹੋਰਨਾਂ ਨਾਲ ਮਿਲ ਕੇ

---

1. ਲਹੂ ਭਿੰਨੀਆਂ ਯਾਦਾਂ ’ਤੇ ਸਵੈ ਜੀਵਨੀ ਬਾਬਾ ਹਰਭਜਨ ਸਿੰਘ ਚਮਿੰਡਾ, ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ, ਪੰਨਾ 45.
2. ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਜੀਵਨ ਤੇ ਹੱਥ ਲਿਖਤਾਂ ਚਰੰਜੀ ਲਾਲ ਕੰਗਣੀਵਾਲ, ਪੰਨਾ 19

'ਪੈਸੇਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ' ਕਾਇਮ ਕੀਤੀ ਅਤੇ ਕੈਲੇਫੋਰਨੀਆ ਦੇ ਸ਼ਹਿਰ ਸਟਾਕਟਨ ਵਿੱਚ ਗੁਰਦੁਆਰਾ ਵੀ ਬਣਾਇਆ। ਇਸ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਾਬਾ ਵਿਸਾਖਾ ਸਿੰਘ, ਸਕੱਤਰ ਸੰਤੋਖ ਸਿੰਘ ਅਤੇ ਖਜ਼ਾਨਚੀ ਨੌਧ ਸਿੰਘ ਬਣਾਏ ਗਏ। ਹਜ਼ਾਰਾ ਸਿੰਘ ਦਦੇਹਰ ਨੂੰ ਗ੍ਰੰਥੀ ਦੀ ਸੇਵਾ ਦਿੱਤੀ ਗਈ। ਬਾਅਦ ਵਿੱਚ ਇਹ ਗੁਰਦੁਆਰਾ ਗ਼ਦਰ ਲਹਿਰ ਦਾ ਵੱਡਾ ਕੇਂਦਰ ਸਾਬਤ ਹੋਇਆ। ਕੈਲੇਫੋਰਨੀਆ ਵਿੱਚ ਆਉਣ ਵਾਲਾ ਹਰ ਭਾਰਤੀ ਜਿਸ ਦੀ ਕਿਤੇ ਹੋਰ ਠਾਹਰ ਨਾ ਹੁੰਦੀ, ਉਹ ਬਾਬਾ ਜਵਾਲਾ ਸਿੰਘ ਜੀ ਦੇ ਫਾਰਮ 'ਤੇ ਆ ਟਿਕਦਾ। ਬਾਬਾ ਜੀ ਦਾ ਫਾਰਮ 'ਭਾਈਆ ਵਾਲੇ ਡੇਰੇ' ਵਜੋਂ ਬਹੁਤ ਮਸ਼ਹੂਰ ਹੋ ਗਿਆ। ਬਾਬਾ ਵਿਸਾਖਾ ਸਿੰਘ ਲਿਖਦੇ ਹਨ।

ਦਸ ਤੁਰਦੇ ਤੇ ਵੀਹ ਸਨ ਆ ਜਾਂਦੇ,
ਲੱਗੀ ਰਹਿੰਦੀ ਸੀ ਸਦਾ ਬਹਾਰ ਭਾਈ।
'ਭਾਈਆ ਵਾਲਾ' ਇਹ ਡੇਰਾ ਮਸ਼ਹੂਰ ਹੋਇਆ,
ਸਭ ਜਾਣਦਾ ਸੀ ਨਰ ਨਾਰ ਭਾਈ।[1]

ਬਾਬਾ ਜਵਾਲਾ ਸਿੰਘ ਜੀ ਨੇ ਗੁਰੂ ਨਾਨਕ ਐਜੂਕੇਸ਼ਨਲ ਸੋਸਾਇਟੀ ਬਣਾਕੇ ਗੁਰੂ ਗੋਬਿੰਦ ਸਿੰਘ ਸਕਾਲਰਸ਼ਿਪ ਦੇ ਨਾਮ 'ਤੇ ਵਜ਼ੀਫੇ ਦੇਣ ਲਈ 1912 ਦੀਆਂ ਗਰਮੀਆਂ ਵਿੱਚ ਪੂਰੇ ਹਿੰਦੁਸਤਾਨ ਵਿੱਚੋਂ ਛੇ ਵਿਦਿਆਰਥੀਆਂ ਦੀ ਚੋਣ ਕਰਵਾਈ। ਚੁਣੇ ਗਏ ਇਹਨਾਂ ਵਿਦਿਆਰਥੀਆਂ ਦੇ ਨਾਂ ਇਸ ਪ੍ਰਕਾਰ ਸਨ-1. ਸ. ਨੰਦ ਸਿੰਘ ਸੀਹਰਾ ਫਿਲੌਰ ਬੰਬਈ ਕਾਲਜ ਅੰਧੇਰੀ, 2. ਐਸ. ਸ਼ਰਮਾ ਮਦਰਾਸ, 3. ਮੂਲ ਸਿੰਘ ਮੈਡੀਕਲ ਕਾਲਜ ਲਾਹੌਰ, 4. ਗਿਆਨ ਸਿੰਘ ਸਿੰਧ, ਹੈਦਰਾਬਾਦ, 5. ਗੋਬਿੰਦ ਬਿਹਾਰੀ ਲਾਲ ਪੰਜਾਬ ਯੂਨੀਵਰਸਿਟੀ ਲਾਹੌਰ, 6. ਯੂ.ਆਰ. ਭੁਕਟਨਾਰ ਬੰਬਈ। ਇਹਨਾਂ ਵਿੱਚੋਂ ਗਿਆਨ ਸਿੰਘ ਅਤੇ ਮੂਲ ਸਿੰਘ ਨਿਯਤ ਸਮੇਂ ਤਿਆਰੀ ਨਾ ਕਰ ਸਕਣ ਕਰਕੇ ਇਸ ਸਕੀਮ ਤੋਂ ਵਾਂਝੇ ਰਹਿ ਗਏ ਸਨ। ਵਿਦਿਆਰਥੀਆਂ ਦੀ ਰਿਹਾਇਸ਼ ਨੂੰ 'ਗੁਰੂ ਨਾਨਕ ਦੇਵ ਆਸ਼ਰਮ' ਦਾ ਨਾ ਦਿੱਤਾ ਗਿਆ ਸੀ।[2] ਇਹਨਾਂ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਪੜ੍ਹਾਈ ਦਾ ਸਾਰਾ ਖਰਚ ਬਾਬਾ ਜੀ ਵੱਲੋਂ ਕੀਤਾ ਜਾਂਦਾ ਸੀ। ਬਾਬਾ ਜਵਾਲਾ ਸਿੰਘ ਆਪਣੀਆਂ ਹੱਥ ਲਿਖਤਾਂ ਵਿੱਚ ਲਿਖਦੇ ਹਨ ਕਿ 'ਮੈਂ ਛੇ ਸੌ ਡਾਲਾ' (ਡਾਲਰ) ਨਗਦ ਲਾਲਾ ਹਰਦਿਆਲ ਨੂੰ ਦੇ ਦਿੱਤਾ ਤੇ ਨਾਲ ਹੀ ਦੋ ਸੌ ਡਾਲਰ ਦਾ ਰਾਸ਼ਨ ਵਗੈਰਾ ਲੈ ਕੇ ਬਰਕਲੇ ਭੇਜ ਦਿੱਤਾ। ਮੈਂ ਆਪਣੀ ਤਰਫੋਂ ਇੱਕ ਸਾਲ ਵਾਸਤੇ ਨਿਸ਼ਚਿੰਤ ਹੋ ਕੇ ਬੈਠ ਗਿਆ ਸੀ।[3]

---

1. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਚੈਨ ਸਿੰਘ ਚੈਨ, ਪੰਨਾ 97
2. ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਜੀਵਨ ਅਤੇ ਹੱਥ ਲਿਖਤਾਂ, ਚਰੰਜੀ ਲਾਲ ਕੰਗਣੀਵਾਲ, ਪੰਨਾ 25.
3. ਲਿਖਤਾਂ ਗ਼ਦਰੀ ਬਾਬਾ ਜਵਾਲਾ ਸਿੰਘ, ਸੰਪਾਦਕ ਬਲਵੀਰ ਪਰਵਾਨਾ, ਪੰਨਾ 15 ਅਤੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਜੀਵਨ ਅਤੇ ਹੱਥ ਲਿਖਤਾਂ, ਚਰੰਜੀ ਲਾਲ ਕੰਗਣੀਵਾਲ, ਪੰਨਾ 78.

1912 ਈ: ਵਿੱਚ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਹੋਣੀ ਸੀ। ਚੋਣ ਵਰ੍ਹੇ ਦਾ ਉੱਥੇ ਵਪਾਰ ਅਤੇ ਆਰਥਿਕਤਾ 'ਤੇ ਵੀ ਅਸਰ ਪੈਂਦਾ ਹੈ। ਮੰਦਵਾੜੇ ਸਦਕਾ ਭਾਈ ਜਵਾਲਾ ਸਿੰਘ ਦੇ ਖੇਤਾਂ ਦੇ ਆਲੂਆਂ ਦੀਆਂ ਲੱਖਾਂ ਬੋਰੀਆਂ ਵਿਕਣੋਂ ਰਹਿ ਗਈਆਂ। ਉਨ੍ਹਾਂ ਦੇ ਖੇਤੀਬਾੜੀ ਵਿਚਲੇ ਹਿੱਸੇਦਾਰ ਵੀ ਸਾਥ ਛੱਡ ਗਏ। ਬਾਬਾ ਵਿਸਾਖਾ ਸਿੰਘ ਅਤੇ ਭਾਈ ਸੰਤੋਖ ਸਿੰਘ ਹੀ ਉਹਨਾਂ ਨਾਲ ਡਟੇ ਰਹੇ। ਵਿਦਿਆਰਥੀਆਂ ਦੇ ਵਜ਼ੀਫਿਆਂ ਦੀ ਰਕਮ ਯਤਨ ਕਰਨ ਦੇ ਬਾਵਜੂਦ ਵੀ ਇਕੱਠੀ ਨਹੀਂ ਹੋ ਰਹੀ ਸੀ। ਆਖਿਰ ਬਾਬਾ ਜੀ ਨੇ ਇੱਕ ਜੋੜੀ ਘੋੜਿਆਂ ਦੀ ਗਹਿਣੇ ਰੱਖ ਕੇ ਲਾਲਾ ਹਰਦਿਆਲ ਸਿੰਘ ਨੂੰ ਦੋ ਸੌ ਡਾਲਰ ਹੋਰ ਭੇਜ ਦਿੱਤਾ ਅਤੇ ਖਰਚਾ ਸੰਯਮ ਨਾਲ ਕਰਨ ਲਈ ਵੀ ਲਿਖ ਕੇ ਭੇਜ ਦਿੱਤਾ। 1912 ਦੇ ਆਖੀਰ ਵਿੱਚ ਵੈਨਕੂਵਰ ਤੋਂ ਭਾਈ ਭਾਗ ਸਿੰਘ ਅਤੇ ਬਲਵੰਤ ਸਿੰਘ ਨੇ ਚਿੱਠੀ ਲਿਖ ਕੇ ਬਾਬਾ ਜਵਾਲਾ ਸਿੰਘ ਨੂੰ ਕੈਨੇਡਾ ਬੁਲਾ ਲਿਆ।

ਬਾਬਾ ਜਵਾਲਾ ਸਿੰਘ ਨੇ ਵਿਦਿਆਰਥੀ ਨੰਦ ਸਿੰਘ ਸੀਹਰਾ ਨੂੰ ਨਾਲ ਲੈ ਕੇ ਪਹਿਲੀ ਜਨਵਰੀ 1913 ਨੂੰ ਵੈਨਕੂਵਰ ਪਹੁੰਚ ਗਏ। ਬਾਬਾ ਜੀ ਵਿਦਿਆਰਥੀਆਂ ਦੇ ਵਜ਼ੀਫਿਆਂ ਖਾਤਰ ਮਾਇਆ ਇਕੱਠੀ ਕਰਨ ਲਈ ਔਰੇਗਨ, ਵਿਕਟੋਰੀਆ, ਪੋਰਟਲੈਂਡ ਤੱਕ ਗਏ, ਪਰ ਆਸ ਦੇ ਮੁਤਾਬਿਕ ਬਹੁਤ ਘੱਟ ਡਾਲਰ ਇਕੱਠੇ ਹੋਏ। ਸੰਤ ਤੇਜਾ ਸਿੰਘ ਦੀ ਭਾਈ ਜਵਾਲਾ ਸਿੰਘ ਅਤੇ ਲਾਲਾ ਹਰਦਿਆਲ ਨਾਲ ਵਿਗੜ ਗਈ। ਬਾਬਾ ਜਵਾਲਾ ਸਿੰਘ ਨੇ ਵਜ਼ੀਫਿਆਂ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ। ਪਰ ਕੈਨੇਡਾ ਫੇਰੀ ਦੌਰਾਨ ਬਾਬਾ ਜੀ ਦਾ ਮੇਲ ਕਰਤਾਰ ਸਿੰਘ ਸਰਾਭਾ ਨਾਲ ਹੋ ਗਿਆ। ਉਹਨਾਂ ਕਰਤਾਰ ਸਿੰਘ ਸਰਾਭੇ ਨੂੰ ਬਰਕਲੇ ਲਾਲਾ ਹਰਦਿਆਲ ਕੋਲ ਭੇਜ ਦਿੱਤਾ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਕੈਨੇਡਾ ਵਿੱਚ ਦਾਖਲੇ 'ਤੇ ਕਈ ਪ੍ਰਕਾਰ ਦੀਆਂ ਬੰਦਸ਼ਾਂ ਲਗਾਈਆਂ ਗਈਆਂ। 1913 ਵਿੱਚ ਇੱਕ ਕਾਨੂੰਨ ਪਾਸ ਕਰਕੇ ਭਾਰਤੀਆਂ ਨੂੰ ਅਮਰੀਕਾ ਵਿੱਚ ਜ਼ਮੀਨ ਖਰੀਦਣ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਗਿਆ। 22 ਫ਼ਰਵਰੀ, 1913 ਨੂੰ ਯੂਨਾਈਟਿਡ ਇੰਡੀਆ ਲੀਗ ਅਤੇ ਖਾਲਸਾ ਦੀਵਾਨ ਸੋਸਾਇਟੀ ਦੀ ਵੈਨਕੂਵਰ ਵਿਖੇ ਸਾਂਝੀ ਮੀਟਿੰਗ ਕਰਕੇ ਇੱਕ ਵਫ਼ਦ ਹਿੰਦੀਆਂ ਦੇ ਪਰਵਾਸ ਉੱਪਰ ਲਾਈਆਂ ਬੰਦਸ਼ਾਂ ਨੂੰ ਖਤਮ ਕਰਵਾਉਣ ਲਈ ਲੰਡਨ ਦੀ ਸਰਕਾਰ ਨਾਲ ਰਾਬਤਾ ਕਾਇਮ ਕਰਨ ਅਤੇ ਭਾਰਤ ਵਿਚਲੀਆਂ ਰਾਜਨੀਤਿਕ ਧਾਰਮਿਕ ਸੰਸਥਾਵਾਂ ਤੋਂ ਸਹਿਯੋਗ ਹਾਸਲ ਕਰਨ ਲਈ ਭੇਜਣ ਦਾ ਫੈਸਲਾ ਕੀਤਾ। ਇਹ ਵਫ਼ਦ ਨੰਦ ਸਿੰਘ ਸੀਹਰਾ, ਬਲਵੰਤ ਸਿੰਘ ਅਤੇ ਨਰਾਇਣ ਸਿੰਘ ਦੇ ਅਧਾਰਿਤ ਭੇਜਿਆ ਗਿਆ। ਨੰਦ ਸਿੰਘ ਸੀਹਰਾ ਨੂੰ ਵਫ਼ਦ ਦਾ ਮੁੱਖ ਬੁਲਾਰਾ ਚੁਣਿਆ ਗਿਆ।

ਇਹ ਵਫ਼ਦ ਅਮਰੀਕਨ ਅਤੇ ਕੈਨੇਡੀਅਨ ਪਰਵਾਸੀ ਹਿੱਤਾਂ ਦੀ ਨੁਮਾਇੰਦਗੀ ਕਰਦਾ ਸੀ। ਨੰਦ ਸਿੰਘ ਸੀਹਰਾ ਨੂੰ ਭਾਈ ਜਵਾਲਾ ਸਿੰਘ ਦੀ ਸਿਫ਼ਾਰਿਸ਼ 'ਤੇ ਅਮਰੀਕਾ ਵਿੱਚ ਵੱਸਦੇ ਭਾਰਤੀਆਂ ਦੇ ਹਿੱਤਾਂ ਦੀ ਨੁਮਾਇੰਦਗੀ ਲਈ ਵਫ਼ਦ ਵਿੱਚ ਸ਼ਾਮਲ ਕੀਤਾ ਗਿਆ ਸੀ ਤੇ ਦੂਜੇ ਦੋਵੇਂ ਕੈਨੇਡੀਅਨ ਪਰਵਾਸੀਆਂ ਦੀ ਪ੍ਰਤੀਨਿਧਤਾ

ਕਰਦੇ ਸਨ।[1] ਇਹ ਡੈਪੂਟੇਸ਼ਨ ਅਪ੍ਰੈਲ 1913 ਦੇ ਪਹਿਲੇ ਹਫ਼ਤੇ ਲੰਦਨ ਪੁੱਜਿਆ, ਪਰ ਮਹੀਨਾ ਰੁਕ ਕੇ ਨਿਰਾਸ਼ ਦਿੱਲੀ ਵੱਲ ਚੱਲ ਪਿਆ। ਦੇਸ਼ ਪੁੱਜ ਕੇ ਇਸ ਨੇ ਪੰਜਾਬ ਵਿੱਚ ਕਈ ਥਾਂਈਂ ਮੀਟਿੰਗਾਂ ਕੀਤੀਆਂ ਅਤੇ ਇੱਥੋਂ ਸਮੱਰਥਨ ਜੁਟਾਉਣ ਦੀ ਕੋਸ਼ਿਸ਼ ਕੀਤੀ। ਇਸ ਵਫ਼ਦ ਨੂੰ ਪ੍ਰੈਸ ਅਤੇ ਰਾਜਸੀ ਲੋਕਾਂ ਵਲੋਂ ਕਾਫੀ ਸਮਰਥਨ ਦਿੱਤਾ ਗਿਆ। ਇਹ ਵਫ਼ਦ ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਅਤੇ ਵਾਇਸਰਾਇ ਹਿੰਦ ਲਾਰਡ ਹਾਰਡਿੰਗ ਨੂੰ ਵੀ ਮਿਲਿਆ, ਪਰ ਨਤੀਜਾ ਕੋਈ ਤਸੱਲੀਬਖਸ਼ ਨਹੀਂ ਨਿਕਲਿਆ।

ਅਮਰੀਕਾ ਅਤੇ ਕੈਨੇਡਾ ਵਿੱਚ ਭਾਵੇਂ ਭਾਰਤੀਆਂ ਦੇ ਸਮੂਹ ਆਪਣੇ ਆਪਣੇ ਤੌਰ 'ਤੇ ਸਰਗਰਮ ਸਨ, ਪਰ ਕੇਂਦਰੀ ਜੱਥੇਬੰਦੀ ਦੀ ਜ਼ਰੂਰਤ ਸੀ, ਜੋ 21 ਅਪ੍ਰੈਲ, 1913 ਨੂੰ 'ਹਿੰਦੀ ਐਸੋਸ਼ੀਏਸ਼ਨ ਆਫ਼ ਪੈਸੇਫਿਕ ਕੋਸਟ' ਦੇ ਰੂਪ ਵਿੱਚ ਪੂਰੀ ਹੋਈ। ਪਾਰਟੀ ਵਲੋਂ ਪਹਿਲੀ ਨਵੰਬਰ 1913 ਨੂੰ ਗ਼ਦਰ ਨਾਂ ਦਾ ਸਪਤਾਹਿਕ ਪਰਚਾ ਕੱਢਿਆ ਗਿਆ ਅਤੇ ਪਾਰਟੀ ਗ਼ਦਰ ਪਾਰਟੀ ਵਜੋਂ ਪ੍ਰਸਿੱਧ ਹੋ ਗਈ। 31 ਦਸੰਬਰ, 1913 ਨੂੰ ਕੈਲੇਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਵਿੱਚ ਬਾਬਾ ਜਵਾਲਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਉੱਦਮ ਨਾਲ ਪਰਵਾਸੀ ਭਾਰਤੀਆਂ ਦੀ ਇੱਕ ਵਿਸ਼ਾਲ ਕਾਨਫਰੰਸ ਹੋਈ। ਜਿਸ ਵਿੱਚ ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ, ਲਾਲਾ ਹਰਦਿਆਲ ਜਨਰਲ ਸਕੱਤਰ, ਮੀਤ ਪ੍ਰਧਾਨ ਕੇਸਰ ਸਿੰਘ ਠੱਠਗੜ੍ਹ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਅਤੇ ਜਥੇਬੰਦਕ ਸਕੱਤਰ ਮੁਨਸ਼ੀ ਰਾਮ ਸ਼ਾਮਲ ਹੋਏ। ਬੁਲਾਰਿਆਂ ਨੇ ਅੰਗਰੇਜ਼ੀ ਰਾਜ ਦੇ ਕੱਚੇ ਚਿੱਠੇ ਖੋਲਦਿਆਂ ਜੋਸ਼ੀਲੇ ਲੈਕਚਰ ਕੀਤੇ। ਕਾਨਫਰੰਸ ਵਿੱਚ ਪਾਰਟੀ ਨੂੰ ਸਰਬ ਅਮਰੀਕੀ ਬਣਾਉਣ ਦਾ ਫੈਸਲਾ ਹੋਇਆ। ਕੈਨੇਫੋਰਨੀਆ ਤੋਂ ਬਾਬਾ ਜਵਾਲਾ ਸਿੰਘ ਨੂੰ ਪਾਰਟੀ ਦਾ ਮੀਤ ਪ੍ਰਧਾਨ ਵੀ ਬਣਾ ਲਿਆ ਗਿਆ ਅਤੇ ਪਹਿਲਾਂ ਬਣੀ ਐਗਜੈਕਟਿਵ ਕਮੇਟੀ ਵਿੱਚ ਵੀ ਵਾਧਾ ਕੀਤਾ ਗਿਆ। ਇਸ ਕਾਨਫਰੰਸ ਦਾ ਸਾਰਾ ਖਰਚਾ ਹੌਲਟਵਿਲ ਫਾਰਮ ਵੱਲੋਂ ਕੀਤਾ ਗਿਆ ਸੀ। ਗ਼ਦਰ ਲਹਿਰ ਦੇ ਹੋ ਰਹੇ ਵਿਕਾਸ ਤੋਂ ਅੰਗਰੇਜ਼ ਸਰਕਾਰ ਭੈ-ਭੀਤ ਸੀ। ਸਰਕਾਰ ਨੇ ਗ਼ਦਰ ਲਹਿਰ ਨੂੰ ਕਮਜ਼ੋਰ ਕਰਨ ਲਈ 25 ਮਾਰਚ, 1914 ਨੂੰ ਪਾਰਟੀ ਦੇ ਜਨਰਲ ਸਕੱਤਰ ਲਾਲਾ ਹਰਦਿਆਲ ਵਿਰੁੱਧ ਕੇਸ ਬਣਾਕੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਫਿਰ ਅਪ੍ਰੈਲ 1914 ਦੇ ਪਹਿਲੇ ਹਫ਼ਤੇ ਚੁੱਪ-ਚੁਪੀਤੇ ਯੂਰਪ ਨੂੰ ਜਾਣ ਵਾਲੇ ਇੱਕ ਜਹਾਜ਼ ਵਿੱਚ ਚੜ੍ਹਾ ਦਿੱਤਾ ਗਿਆ ਤੇ ਉਹ ਸੁੱਖੀ ਸ਼ਾਂਦੀ ਸਵਿਟਜ਼ਰਲੈਂਡ ਪਹੁੰਚ ਗਏ। ਲਾਲਾ ਜੀ ਦੀ ਥਾਂ ਭਾਈ ਸੰਤੋਖ ਸਿੰਘ ਨੂੰ ਪਾਰਟੀ ਦਾ ਜਰਨਲ ਸਕੱਤਰ ਚੁਣਿਆ ਗਿਆ। ਅੰਗਰੇਜ਼ਾਂ ਦੀ ਸੋਚ ਅਨੁਸਾਰ ਲਾਲਾ ਹਰਦਿਆਲ ਦੇ ਚਲੇ ਜਾਣ ਪਿੱਛੋਂ ਪਾਰਟੀ ਦਾ ਕੰਮ ਮੱਧਮ ਨਾ ਪਿਆ। ਸਗੋਂ ਪਾਰਟੀ ਦੀਆਂ ਇਨਕਲਾਬੀ ਸਰਗਰਮੀਆਂ ਵਧ ਗਈਆਂ। ਬਾਬਾ ਜਵਾਲਾ ਸਿੰਘ ਦੇ ਫਾਰਮ 'ਤੇ ਮਾਸਟਰ ਊਧਮ ਸਿੰਘ ਕਸੇਲ ਦੀ ਦੇਖ-ਰੇਖ ਹੇਠ ਭਾਰਤੀਆਂ ਲਈ ਮਿਲਟਰੀ ਟ੍ਰੇਨਿੰਗ, ਬੰਬ ਬਣਾਉਣ ਅਤੇ ਚਲਾਉਣ ਬਾਰੇ ਟ੍ਰੇਨਿੰਗ ਕੈਂਪ ਖੋਲ੍ਹ ਦਿੱਤਾ ਗਿਆ। ਭਾਰਤੀਆਂ ਨੂੰ ਹਥਿਆਰਬੰਦ

1. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 81.

ਟ੍ਰੇਨਿੰਗ ਲਈ ਪੂਰੀ ਤਰ੍ਹਾਂ ਟ੍ਰੇਂਡ ਕੀਤਾ ਜਾਣ ਲੱਗ ਪਿਆ। ਬਾਬਾ ਜੀ ਦੇ ਫਾਰਮ ਵਿੱਚ ਹੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦਾ 5 ਜੁਲਾਈ, 1914 ਨੂੰ ਹੱਥ ਉੱਡ ਗਿਆ ਸੀ, ਜਦੋਂ ਉਹ ਇੱਕ ਅੰਗਰੇਜ਼ ਦੋਸਤ ਕੋਲੋਂ ਬੰਬ ਬਣਾਉਣ ਦੀ ਸਿਖਲਾਈ ਲੈ ਰਹੇ ਸਨ। ਬਾਬਾ ਜਵਾਲਾ ਸਿੰਘ ਨੇ ਉਸ ਦਾ ਇਲਾਜ ਇੱਕ ਪ੍ਰਾਈਵੇਟ ਡਾਕਟਰ ਤੋਂ ਕਰਵਾਉਣ ਦਾ ਪ੍ਰਬੰਧ ਇਹ ਕਹਿ ਕੇ ਕਰਵਾਇਆ ਕਿ ਉਸਦਾ ਹੱਥ ਆਤਿਸ਼ਬਾਜ਼ੀ ਚੱਲਣ ਨਾਲ ਉੱਡ ਗਿਆ ਹੈ, ਤਾਂ ਜੋ ਅਮਰੀਕਨ ਸਰਕਾਰ ਕਿਸੇ ਪ੍ਰਕਾਰ ਦਾ ਐਕਸ਼ਨ ਨਾ ਲੈ ਸਕੇ।[1]

ਬਾਬਾ ਗੁਰਦਿੱਤ ਸਿੰਘ ਸਰਹਾਲੀ ਵਾਲੇ ਦਾ ਕਾਮਾਗਾਟਾਮਾਰੂ ਜਹਾਜ਼ ਹਿੰਦੀਆਂ ਦੀ ਸਿੱਧੇ ਸਫ਼ਰ ਦੀ ਸ਼ਰਤ ਪੂਰੀ ਕਰਦਾ ਹੋਇਆ 4 ਅਪ੍ਰੈਲ, 1914 ਨੂੰ ਹਾਂਗਕਾਂਗ ਤੋਂ ਤੁਰਿਆ ਸੀ। 23 ਮਈ, 1914 ਨੂੰ 376 ਮੁਸਾਫਿਰਾਂ ਵਾਲੇ ਕਾਮਾਗਾਟਾਮਾਰੂ ਵੈਨਕੂਵਰ ਪੁੱਜਿਆ ਤਾਂ ਇਮੀਗਰੇਸ਼ਨ ਅਧਿਕਾਰੀਆਂ ਨੇ ਜਹਾਜ਼ ਦੇ ਮੁਸਾਫਿਰਾਂ ਨੂੰ ਉਤਰਣ ਦੀ ਆਗਿਆ ਨਾ ਦਿੱਤੀ। ਦੋ ਮਹੀਨੇ ਦੀ ਖ਼ੱਜ਼ਲ-ਖੁਆਰੀ ਪਿੱਛੋਂ ਜਹਾਜ਼ ਨੂੰ ਆਪਣੇ ਵਾਪਸੀ ਸਫ਼ਰ 'ਤੇ ਤੋਰ ਦਿੱਤਾ ਗਿਆ ਸੀ। ਬਜਬਜ ਦੇ ਘਾਟ 'ਤੇ ਖੇਡੀ ਗਈ ਨਾਟਕ ਦੀ ਏਸ ਆਖੀਰਲੀ ਝਾਕੀ ਨੇ ਬਲਦੀ 'ਤੇ ਹੋਰ ਵੀ ਤੇਲ ਪਾ ਦਿਤਾ ਸੀ। ਜਿਸ ਨੇ ਦੇਸ਼ ਭਗਤਾਂ ਦੇ ਰੋਹ ਨੂੰ "ਮਰੋ ਜਾਂ ਮਾਰੋ" ਦੇ ਜੋਸ਼ ਵਿੱਚ ਤਬਦੀਲ ਕਰ ਦਿੱਤਾ ਸੀ।[2] ਇਸ ਸਮੇਂ ਗ਼ਦਰ ਅਖ਼ਬਾਰ ਭਾਰਤੀਆਂ ਨੂੰ ਵਾਪਸ ਦੇਸ਼ ਜਾ ਕੇ ਹਥਿਆਰਬੰਦ ਇਨਕਲਾਬ ਲਿਆਉਣ ਲਈ ਪ੍ਰੇਰ ਰਿਹਾ ਸੀ। ਪਹਿਲੀ ਵੱਡੀ ਸੰਸਾਰ ਜੰਗ ਸ਼ੁਰੂ ਹੋਣ 'ਤੇ ਗ਼ਦਰੀ ਵਹੀਰਾਂ ਘੱਤਕੇ ਦੇਸ਼ ਨੂੰ ਪਰਤਣੇ ਸ਼ੁਰੂ ਹੋ ਗਏ। 29 ਅਗਸਤ, 1914 ਨੂੰ ਸਾਨਫਰਾਂਸਿਸਕੋ ਤੋਂ ਐਸ.ਐਸ. ਕੋਰੀਆ ਜਹਾਜ਼ ਬਾਬਾ ਜਵਾਲਾ ਸਿੰਘ ਸਮੇਤ 62 ਹਿੰਦੀਆਂ ਨੂੰ ਲੈ ਕੇ ਰਵਾਨਾ ਹੋਇਆ। ਇਸ ਜਹਾਜ਼ ਦੇ ਯੋਕੋਹਾਮਾ ਪਹੁੰਚਣ 'ਤੇ ਪੰਡਤ ਪਰਮਾਨੰਦ ਝਾਂਸੀ ਵਾਲੇ ਵੀ ਆਪਣੇ ਸਾਥੀਆਂ ਸਮੇਤ ਇਸੇ ਜਹਾਜ਼ ਵਿੱਚ ਸਵਾਰ ਹੋ ਗਏ ਸਨ।

ਉਸ ਸਮੇਂ ਜਹਾਜ਼ ਹਾਂਗਕਾਂਗ ਤੋਂ ਬਦਲਣੇ ਪੈਂਦੇ ਸਨ। ਹਾਂਗਕਾਂਗ ਉੱਤਰ ਕੇ ਗ਼ਦਰੀ ਉੱਥੋਂ ਦੇ ਗੁਰਦੁਆਰੇ ਵਿੱਚ ਕੁਝ ਦਿਨ ਰੁਕੇ। ਗੁਰਦੁਆਰੇ ਵਿੱਚ ਰੋਜ਼ਾਨਾ ਦੀਵਾਨ ਲੱਗਦੇ। ਬਾਬਾ ਜਵਾਲਾ ਸਿੰਘ ਅਤੇ ਹੋਰ ਗ਼ਦਰੀ ਜੋਸ਼ੀਲੀਆਂ ਤਕਰੀਰਾਂ ਨਾਲ ਮੁਸਾਫਿਰਾਂ ਵਿੱਚ ਜੋਸ਼ ਭਰਦੇ ਰਹੇ। ਹਾਂਗਕਾਂਗ ਵਿਖੇ ਹੀ ਗ਼ਦਰੀਆਂ ਦਾ ਮੇਲ ਮਨੀਲਾ ਤੋਂ ਆਏ ਜੱਥੇ ਨਾਲ ਹੋਇਆ। ਇਸ ਵਿੱਚ ਗ਼ਦਰੀ ਗੁਲਾਬ ਕੌਰ ਬਹੁਤ ਹੀ ਜੋਸ਼ੀਲੀ ਪ੍ਰਚਾਰਕ ਸੀ, ਜਿਸ ਨੂੰ ਗ਼ਦਰ ਲਹਿਰ ਦੀ ਮਾਈ ਭਾਗੋ ਕਹਿ ਕੇ ਜਾਣਿਆ ਜਾਂਦਾ ਹੈ। ਹਾਂਗਕਾਂਗ ਤੋਂ ਗ਼ਦਰੀਆਂ ਨੇ ਤੋਸ਼ਾਮਾਰੂ ਜਹਾਜ਼ ਕਿਰਾਏ 'ਤੇ ਕਰ ਲਿਆ ਅਤੇ ਆਪਣੇ ਸਫ਼ਰ 'ਤੇ ਰਵਾਨਾ ਹੋ ਗਏ। ਇਸ ਜਹਾਜ਼ ਨੂੰ ਕੁਝ ਦਿਨ ਸ਼ਿੰਘਾਪੁਰ ਰੁਕਣਾ ਪਿਆ। ਜਹਾਜ਼ ਦੇ ਇੱਥੇ ਠਹਿਰਣ ਦੌਰਾਨ ਬਾਬਾ ਜਵਾਲਾ ਸਿੰਘ,

---

1. ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਜੀਵਨ ਅਤੇ ਹੱਥ ਲਿਖਤਾਂ, ਚਰੰਜੀ ਲਾਲ ਕੰਗਣੀਵਾਲ, ਪੰਨਾ 30
2. ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਸੋਹਨ ਸਿੰਘ ਜੋਸ਼, ਪੰਨਾ 132

ਬਾਬਾ ਕੇਸਰ ਸਿੰਘ ਅਤੇ ਪਰਮਾਨੰਦ ਝਾਂਸੀ ਨੇ ਇੱਥੋ ਤੈਨਾਤ ਸਿੱਖ ਅਤੇ ਰਾਜਪੂਤ ਫੌਜੀਆਂ ਅਤੇ ਬਲੋਚ ਰੈਜਮੈਂਟਾਂ ਦੇ ਜਵਾਨਾਂ ਵਿੱਚ ਗ਼ਦਰ ਦਾ ਪ੍ਰਚਾਰ ਕੀਤਾ। ਬਾਬਾ ਪਰਮਾਨੰਦ ਝਾਂਸੀ ਦੇ ਬਿਆਨ ਅਨੁਸਾਰ ਤੋਸ਼ਾਮਾਰੂ ਦੇ ਡੈਕ ’ਤੇ ਗ਼ਦਰੀਆਂ ਦਾ ਪ੍ਰਚਾਰ ਸੁਣਨ ਲਈ 1000 ਫੌਜੀ ਆਏ।[1] ਸਿੰਘਾਪੁਰ ਵਿੱਚ ਗ਼ਦਰੀਆਂ ਦੇ ਪ੍ਰਚਾਰ ਸਦਕਾ ਉੱਥੋਂ ਦੀ ਫੌਜ ਨੇ ਅੰਗਰੇਜ਼ਾਂ ਖਿਲਾਫ ਬਗਾਵਤ ਕਰ ਦਿੱਤੀ ਸੀ। ਗ਼ਦਰੀਆਂ ਦੇ ਜਹਾਜ਼ ਨੂੰ ਪੀਨਾਂਗ ਪੁੱਜਣ ਤੋਂ ਫਿਰ ਰੋਕ ਲਿਆ ਗਿਆ। ਚਾਰ-ਚੁਫੇਰੇ 7 ਜਹਾਜ਼ ਪਹਿਰੇ ’ਤੇ ਲਾ ਦਿੱਤੇ ਗਏ। ਜਿਸ ’ਤੇ ਗ਼ਦਰੀਆਂ ਦਾ ਇੱਕ ਡੈਪੂਟੇਸ਼ਨ ਬਾਬਾ ਜਵਾਲਾ ਸਿੰਘ, ਬਾਬਾ ਕੇਸਰ ਸਿੰਘ, ਪਰਮਾਨੰਦ ਝਾਂਸੀ, ਅਰੂੜ ਸਿੰਘ ਅਤੇ ਜਗਤ ਰਾਮ ਦੇ ਅਧਾਰਿਤ ਉੱਥੋਂ ਦੇ ਗਵਰਨਰ ਨੂੰ ਮਿਲਿਆ। ਫਿਰ ਜਹਾਜ਼ ਨੂੰ ਉੱਥੋਂ ਤੋਰ ਦਿੱਤਾ ਗਿਆ।[2]

29 ਅਕਤੂਬਰ, 1914 ਨੂੰ ਤੋਸ਼ਾਮਾਰੂ ਜਹਾਜ਼ ਕਲਕੱਤੇ ਪਹੁੰਚ ਗਿਆ। ਇਸ ਵਿੱਚ 173 ਮੁਸਾਫਿਰ ਸਨ। ਜਹਾਜ਼ ਦੇ ਕਲਕੱਤੇ ਪਹੁੰਚਣ ਤੇ ਮੁਸਾਫਿਰਾਂ ਦੀ ਤਲਾਸ਼ੀ ਇੰਦਰ ਸਿੰਘ ਸੋਢੀ ਫੌਜੀ ਅਫਸਰ ਨੇ ਲਈ ਅਤੇ ਜਹਾਜ਼ ਦੇ ਮੁਸਾਫਿਰਾਂ ਨੂੰ ਫੌਜੀ ਪਹਿਰਿਆਂ ਹੇਠ ਪੰਜਾਬ ਤੋਰ ਦਿੱਤਾ ਗਿਆ। ਗੱਡੀ ਦਿੱਲੀ-ਬਠਿੰਡਾ ਦੇ ਰਸਤੇ ਰਾਏਵਿੰਡ ਸਟੇਸ਼ਨ ’ਤੇ ਪਹੁੰਚ ਗਈ। ਇੱਥੇ ਸਭ ਗ਼ਦਰੀਆਂ ਦੇ ਨਾਂ ਅਤੇ ਪਤੇ ਲਿਖੇ ਗਏ। ਇਥੋਂ 54 ਗ਼ਦਰੀ ਮਿੰਟਗੁਮਰੀ ਜੇਲ੍ਹ, ਅਤੇ 54 ਸੈਂਟਰਲ ਜੇਲ੍ਹ ਮੁਲਤਾਨ ਭੇਜ ਦਿੱਤੇ ਗਏ। ਹਿੰਦੂ ਮੁਸਲਮਾਨ ਅਤੇ ਮੋਨੇ ਗ਼ਦਰੀ ਛੱਡ ਦਿੱਤੇ ਗਏ। ਜਿਸ ਕਰਕੇ ਪੰਡਤ ਜਗਤ ਰਾਮ, ਪ੍ਰਿਥਵੀ ਸਿੰਘ ਆਜ਼ਾਦ, ਪਰਮਾਨੰਦ ਝਾਂਸੀ ਅਤੇ ਕਈ ਹੋਰ ਜੇਲ੍ਹ ਜਾਣ ਤੋਂ ਬਚ ਗਏ। ਬਾਬਾ ਜਵਾਲਾ ਸਿੰਘ, ਬਾਬਾ ਕੇਸਰ ਸਿੰਘ, ਬਾਬਾ ਭਾਗ ਸਿੰਘ ਕੈਨੇਡੀਅਨ ਅਤੇ ਹੋਰ ਗ਼ਦਰੀਆਂ ਨੂੰ 2 ਨਬੰਵਰ, 1914 ਨੂੰ ਰਾਏਵਿੰਡ ਤੋਂ ਮਿੰਟਗੁਮਰੀ ਜੇਲ੍ਹ ਭੇਜਿਆ ਗਿਆ। ਉਸ ਸਮੇਂ ਮਿੰਟਗੁਮਰੀ ਜੇਲ੍ਹ ਦਾ ਦਰੋਗਾ ਰਾਮ ਦਿੱਤਾ ਸੀ, ਜੋ ਬਹੁਤ ਜ਼ਾਲਮ ਵਿਅਕਤੀ ਸੀ। ਇੱਥੇ ਕੈਦ ਗ਼ਦਰੀਆਂ ਵਿੱਚੋਂ 9 ਨੂੰ ਸਮਾਜ ਲਈ ਬਹੁਤ ਖਤਰਨਾਕ ਸਮਝਿਆ ਗਿਆ। ਜਿਸ ਕਰਕੇ ਕੁਝ ਦਿਨ ਬਾਅਦ ਹੀ 23 ਨਵੰਬਰ, 1914 ਨੂੰ ਬਾਬਾ ਜਵਾਲਾ ਸਿੰਘ ਨੂੰ ਪਾਲ ਸਿੰਘ ਮਰਹਾਣਾ ਅਤੇ ਇੰਦਰ ਸਿੰਘ ਦੇ ਨਾਲ ਬੇੜੀ ਹੱਥਕੜੀ ਲਾ ਕੇ ਮੀਆਂ ਵਾਲੀ ਜੇਲ੍ਹ ਭੇਜ ਦਿੱਤਾ ਗਿਆ। ਫਰਵਰੀ 1915 ਵਿੱਚ ਗ਼ਦਰ ਦੀ ਅਸਫ਼ਲਤਾ ਪਿੱਛੋਂ ਸਾਰੇ ਗ਼ਦਰੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਇਕੱਠੇ ਕਰਨਾ ਸ਼ੁਰੂ ਕਰ ਦਿੱਤਾ ਗਿਆ। ਬਾਬਾ ਜੀ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। ਇਹ ਮੁਕੱਦਮਾ 26 ਅਪ੍ਰੈਲ, 1915 ਨੂੰ ਸ਼ੁਰੂ ਹੋਇਆ। ਮੁਕੱਦਮੇ ਸਮੇਂ ਜਿਹੜਾ ਹੌਂਸਲਾ ਬਾਬਾ ਜੀ ਨੇ ਦਿਖਾਇਆ ਉਹ ਸਭ ਨੂੰ ਹੈਰਾਨ ਕਰ ਦੇਣ ਵਾਲਾ ਸੀ। ਮੁਕੱਦਮੇ ਦੀ ਕਾਰਵਾਈ ਦੌਰਾਨ ਸਰਕਾਰੀ ਗਵਾਹ ਨੇ ਭਾਈ ਜਗਤ ਸਿੰਘ ਦੀ ਸ਼ਨਾਖਤ ਕਰਦਿਆਂ ਕਿਹਾ ਕਿ “ਜਨਾਬ ਮੁਲਜ਼ਮ ਨੇ ਪੱਗ

---

1. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 141

2. ਵਧੇਰੇ ਵਿਸਥਾਰ ਲਈ ਦੇਖੋ ਪੰਨਾ 141, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ 142-144

ਬਦਲੀ ਹੋਈ ਹੈ, ਇਸ ਲਈ ਮੈਥੋਂ ਪਛਾਣ ਨਹੀਂ ਹੁੰਦੀ।" ਅੱਗੋਂ ਬਾਬਾ ਜਵਾਲਾ ਸਿੰਘ ਨੇ ਹੱਸਦਿਆਂ ਜਵਾਬ ਦਿੱਤਾ ਪੱਗ ਹੀ ਬਦਲੀ ਹੈ, ਚਿਹਰਾ ਤਾਂ ਨਹੀਂ ਬਦਲਿਆ ਹੋਇਆ।" ਸਰਕਾਰੀ ਵਕੀਲ ਨੇ ਬਾਬਾ ਜੀ ਨੂੰ ਘੁਰਕੀ ਦਿੰਦਿਆ ਕਿਹਾ ਕਿ "ਤੂੰ ਚੁੱਪ ਰਹਿ।" ਅੱਗੋਂ ਬਾਬਾ ਜੀ ਨੇ ਕੜਕਵੀਂ ਆਵਾਜ਼ ਵਿੱਚ ਕਿਹਾ ਕਿ, "ਤੂੰ ਹੋਸ਼ ਨਾਲ ਗੱਲ ਕਰ।" ਜੱਜ ਨੇ ਅਦਾਲਤ ਦੀ ਤੌਹੀਨ ਦੇ ਦੋਸ਼ ਵਿੱਚ ਬਾਬਾ ਜੀ ਨੂੰ ਤੀਹ ਬੈਂਤਾਂ ਦੀ ਸਜ਼ਾ ਸੁਣਾ ਦਿੱਤੀ। ਕਹਿੰਦੇ ਹਨ ਕਿ 15 ਬੈਂਤ ਇੱਕ ਆਦਮੀ ਨੇ ਮਾਰੇ ਅਤੇ ਪੰਦਰਾਂ ਦੂਸਰੇ ਨੇ, ਜ਼ਿਆਦਾ ਦਿੱਕਤ ਕਰਨ ਬੈਂਤ ਠਹਿਰਾ-ਠਹਿਰਾ ਕੇ ਮਾਰੇ ਗਏ। ਪਾਹਰਿਆ ਦੁਹਾਈ ਕਰਨ ਦੀ ਥਾਂ ਆਪ ਇੱਕ ਦੋ ਤਿੰਨ ਕਰਕੇ ਤੀਹਾਂ ਤੱਕ ਗਿਣਦੇ ਰਹੇ। ਪਰ ਬਾਬਾ ਜੀ ਦੀ ਸ਼ਹਿਨਣਸ਼ੀਲਤਾ ਤੇ ਬਹਾਦਰੀ ਤੱਕ ਕੇ ਜੇਲ੍ਹ ਦੇ ਕੈਦੀ ਤੇ ਅਫ਼ਸਰ ਦੰਗ ਰਹਿ ਗਏ।"[1]

ਪਹਿਲੇ ਲਾਹੌਰ ਸਾਜ਼ਿਸ ਕੇਸ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ। ਮੁਕੱਦਮੇ ਦੀ ਸੁਣਵਾਈ ਦੌਰਾਨ ਜਿੱਥੇ ਖੁਫੀਆ ਵਿਭਾਗ ਨੇ ਲਿਖਿਆ ਕਿ ਜਵਾਲਾ ਸਿੰਘ ਗ਼ਦਰ ਪਾਰਟੀ ਦੀ ਪ੍ਰਬੰਧਕੀ ਕਮੇਟੀ ਦਾ ਮੈਂਬਰ ਸੀ, ਉੱਥੇ ਅਦਾਲਤ ਨੇ ਆਪਣੇ ਫੈਸਲੇ ਵਿੱਚ ਉਨਾਂ ਨੂੰ 'ਬਰੇਨ ਆਫ ਪਾਰਟੀ' ਲਿਖਿਆ। ਬਾਬਾ ਜੀ ਨੂੰ ਪਹਿਲਾਂ ਮੌਤ ਦੀ ਸਜ਼ਾ ਸੁਣਾਈ ਗਈ, ਜੋ ਪਿੱਛੋਂ ਉਮਰ ਕੈਦ ਜਲਾਵਤਨੀ ਵਿੱਚ ਬਦਲ ਦਿੱਤੀ।[2]

ਬਾਬਾ ਜਵਾਲਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਭਾਈ ਪਿਆਰਾ ਸਿੰਘ ਲੰਗੇਰੀ, ਊਧਮ ਸਿੰਘ ਕਸੇਲ ਅਤੇ ਹੋਰਨਾਂ ਗ਼ਦਰੀਆਂ ਨੂੰ ਜਲਾਵਤਨੀ ਤੋਂ ਪਹਿਲਾਂ ਕੁਝ ਦਿਨਾਂ ਲਈ ਰਾਵਲਪਿੰਡੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਬਾਬਾ ਜਵਾਲਾ ਸਿੰਘ ਹੁਰੀਂ ਜੇਲ੍ਹ ਵਿੱਚੋਂ ਨੱਸਣ ਦੀਆਂ ਸਕੀਮਾਂ ਬਣਾਉਣ ਲੱਗੇ। ਸਾਥੀ ਮੰਗਲ ਸਿੰਘ ਅਲੀਪੁਰ ਦਾ ਪਿਉ ਝੰਡਾ ਸਿੰਘ ਮੁੱਦਾ ਡਾਕੂ ਉੱਥੇ ਸੀ। ਉਹ ਬੜਾ ਦਲੇਰ ਸੀ, ਉਸ ਨੇ ਆਪਣੇ ਗਲੇ ਵਿੱਚ ਵੱਡਾ ਸਾਰਾ ਗੌਣਾ ਬਣਾਇਆ ਹੋਇਆ ਸੀ, ਜਿਸ ਵਿੱਚ ਰੁਪਏ ਤੇ ਹੋਰ ਚੀਜਾਂ ਵੀ ਰੱਖਦਾ ਸੀ। ਬਾਬਾ ਜਵਾਲਾ ਸਿੰਘ ਨੇ ਇਸ ਨਾਲ ਗੱਲਬਾਤ ਕੀਤੀ ਤੇ ਆਪਣਾ ਪ੍ਰੋਗਰਾਮ ਦੱਸਿਆ। ਇਸ ਨੇ ਪੂਰੀ ਮਦਦ ਕਰਨ ਦਾ ਇਕਰਾਰ ਕੀਤਾ। ਇਸ ਦੀ ਮਾਰਫ਼ਤ ਵਾਰਡਨ ਰਾਹੀਂ ਸਮਾਨ ਮੰਗਵਾ ਕੇ ਬਾਬਾ ਜੀ ਨੇ ਬਾਰਾਂ ਬੰਬ ਤਿਆਰ ਕਰ ਲਏ, ਸੀਖਾਂ ਕੱਟਣ ਦਾ ਸਮਾਨ ਵੀ ਤਿਆਰ ਕਰ ਲਿਆ। ਜੇਲ੍ਹ ਭੰਨ ਕੇ ਭੱਜਣ ਦਾ ਪੂਰਾ ਪ੍ਰਬੰਧ ਕਰ ਲਿਆ। ਪਰ ਇੱਕ ਪਠਾਣ ਨੇ ਭੇਦ ਖੋਲ ਦਿੱਤਾ।[3] ਉਸ ਪਠਾਣ ਨੇ ਦਰੋਗੇ ਨੂੰ ਜਾ ਦੱਸਿਆ। ਬਾਬਾ ਜੀ ਅਤੇ ਹੋਰ ਗ਼ਦਰੀਆਂ ਦੀ ਜੇਲ੍ਹੋਂ ਫਰਾਰ ਹੋਣ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ। ਇਸ ਘਟਨਾ ਤੋਂ ਪਿੱਛੋਂ ਬਾਬਾ ਜੀ ਨੂੰ 7 ਦਸੰਬਰ, 1915 ਨੂੰ 40 ਹੋਰ ਗ਼ਦਰੀ ਸਾਥੀਆਂ ਸਮੇਤ

---

1. ਜੀਵਨੀ ਸ਼ਹੀਦ ਬਾਬਾ ਜਵਾਲਾ ਸਿੰਘ, ਡਾ. ਭਾਗ ਸਿੰਘ, ਪੰਨਾ 31.
2. ਗ਼ਦਰੀ ਬਾਬਾ ਜਵਾਲਾ ਸਿੰਘ ਜੀਵਨ ਅਤੇ ਹੱਥ ਲਿਖਤਾਂ, ਚਰੰਜੀ ਲਾਲ ਕੰਗਣੀਵਾਲ, ਪੰਨਾ 31
3. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਚੈਨ ਸਿੰਘ ਚੈਨ, ਪੰਨਾ 126

ਅੰਡੇਮਾਨ ਕਾਲੇਪਾਣੀ ਦੀ ਜੇਲ੍ਹ ਭੇਜ ਦਿੱਤਾ ਗਿਆ। ਬਾਬਾ ਜਵਾਲਾ ਸਿੰਘ ਅਤੇ ਹੋਰ ਗ਼ਦਰੀਆਂ ਨੇ ਗੈਰ ਮਨੁੱਖੀ ਮੁਸ਼ੱਕਤਾਂ ਕਰਨ ਤੋਂ ਇਨਕਾਰ ਕਰ ਦਿੱਤਾ। ਸੁੱਕਾ ਨਾਰੀਅਲ ਕੁੱਟਣ ਦੀ ਮੁਸ਼ਕੱਤ ਦੇ ਮਾਮਲੇ 'ਤੇ ਜਦੋਂ ਉੱਥੋਂ ਦੇ ਜੇਲ੍ਹਰ ਬੇਰੀ ਨੇ ਪਰਮਾਨੰਦ ਝਾਂਸੀ ਨੂੰ ਮੰਦਾ ਬੋਲਿਆ ਤਾਂ ਪਰਮਾਨੰਦ ਝਾਂਸੀ ਨੇ ਉਸ ਦੇ ਢਿੱਡ ਵਿੱਚ ਜ਼ੋਰ ਦੀ ਲੱਤ ਮਾਰ ਕੇ ਉਸ ਨੂੰ ਥੱਲੇ ਸੁੱਟ ਲਿਆ। ਕਰਨਲ ਮਰੇ ਸੁਪਰਡੈਂਟ ਜੇਲ੍ਹ ਨੇ ਪੇਸ਼ੀ ਕਰਕੇ ਪਰਮਾਨੰਦ ਨੂੰ ਤੀਹ ਬੈਤਾਂ ਦੀ ਸ਼ਜਾ ਸੁਣਾ ਦਿੱਤੀ। ਜੇਲ੍ਹ ਅਧਿਕਾਰੀਆਂ ਦੇ ਵਤੀਰੇ ਵਿਰੁੱਧ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਅਤੇ ਹੋਰਨਾਂ ਗ਼ਦਰੀਆਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਜੇਲ੍ਹ ਅਧਿਕਾਰੀਆਂ ਨੇ ਗ਼ਦਰੀਆਂ ਦੀਆਂ ਸਜ਼ਾਵਾਂ ਵਧਾ ਦਿੱਤੀਆਂ। ਕੁਝ ਖਤਰਨਾਕ ਗ਼ਦਰੀਆਂ ਲਈ ਲੋਹੇ ਦੇ ਪਿੰਜਰੇ ਬਣਾਏ ਗਏ। ਜਿਨ੍ਹਾਂ ਵਿੱਚ ਮਾਸਟਰ ਚਤਰ ਸਿੰਘ, ਬਾਬਾ ਜਵਾਲਾ ਸਿੰਘ ਅਤੇ ਬਾਬੂ ਅਮਰ ਸਿੰਘ ਇੰਜਨੀਅਰ ਜਿਹੇ ਸ਼ਾਮਲ ਸਨ। ਪਿੰਜਰੇ ਬੰਦ ਕੈਦ ਸਮੇਂ ਇਹਨਾਂ ਕੈਦੀਆਂ ਨੇ ਨਾਂ ਕਦੇ ਬਾਹਰ ਦੀ ਹਵਾ ਖਾਧੀ ਨਾ ਸੂਰਜ ਦੇ ਦਰਸ਼ਨ ਕੀਤੇ। ਅੰਡੇਮਾਨ ਜੇਲ੍ਹ ਦੀਆਂ ਅਜਿਹੀਆਂ ਹਾਲਤਾਂ ਦੇ ਚਰਚੇ ਹੋਣੇ ਸ਼ੁਰੂ ਹੋਏ ਤਾਂ ਸਰਕਾਰ ਨੂੰ ਰਾਇਲ ਅੰਡੇਮਾਨ ਕਮਿਸ਼ਨਰ ਦਾ ਗਠਨ ਕਰਨਾ ਪਿਆ। ਜਿਸ ਨੇ ਰਾਜਸੀ ਕੈਦੀਆਂ ਨੂੰ ਹੋਰਨਾਂ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਸਿਫਾਰਿਸ਼ ਕਰ ਦਿੱਤੀ।

ਇਸ ਸਮੇਂ ਪੰਜਾਬ ਦੇ ਕੈਦੀਆਂ ਨੂੰ ਮਦਰਾਸ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਭੇਜਿਆ ਗਿਆ। ਬਾਬਾ ਜਵਾਲਾ ਸਿੰਘ 27 ਅਗਸਤ, 1921 ਨੂੰ ਕੋਇੰਬਟੂਰ ਜੇਲ੍ਹ ਭੇਜੇ ਗਏ। ਇੱਥੇ ਉਹਨਾਂ ਦੇ ਸਾਥੀ ਬਾਬਾ ਸੋਹਣ ਸਿੰਘ ਭਕਨਾ, ਭਾਈ ਹਰੀ ਸਿੰਘ ਕੱਕੜ, ਭਾਈ ਚੂਹੜ ਸਿੰਘ ਲੀਲ੍ਹ ਅਤੇ ਭਾਈ ਵਸਾਵਾ ਸਿੰਘ ਆਦਿ ਗ਼ਦਰੀ ਨਜ਼ਰਬੰਦ ਸਨ। ਇੱਥੇ ਬਾਬਾ ਜਵਾਲਾ ਸਿੰਘ ਨੂੰ ਮੋਪਲਾਂ ਲਹਿਰ ਨਾਲ ਸਬੰਧਿਤ ਕੈਦੀਆਂ ਦੀ ਇਮਦਾਦ ਕਰਨ ਦੇ ਦੋਸ਼ਾਂ ਤਹਿਤ ਦੂਸਰੀ ਵਾਰ ਤੀਹ ਬੈਤਾਂ ਦੀ ਸ਼ਜਾ ਭੁਗਤਣੀ ਪਈ। ਇੱਥੋਂ ਬਾਬਾ ਜਵਾਲਾ ਸਿੰਘ ਅਤੇ ਚੂਹੜ ਸਿੰਘ ਲੀਲ੍ਹ ਨੂੰ 24 ਨਵੰਬਰ, 1922 ਭੰਡਾਰਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਇਸ ਜੇਲ੍ਹ ਵਿੱਚ ਬਾਬਾ ਜੀ ਨੇ ਜੇਲ੍ਹ ਹਾਕਮਾਂ ਦੀ ਬਦਸਲੂਕੀ ਦੇ ਵਿਰੋਧ ਵਿੱਚ ਲੰਬੀ ਭੁੱਖ ਹੜਤਾਲ ਕਰ ਦਿੱਤੀ। ਇਸ ਸਮੇਂ ਦੌਰਾਨ ਬਾਬਾ ਜੀ ਵਜ਼ਨ ਦੋ ਸੌ ਪੌਂਡ ਤੋਂ ਘਟਕੇ ਅੱਧਾ ਰਹਿ ਗਿਆ। ਆਖਿਰ ਬਾਬਾ ਵਿਸਾਖਾ ਸਿੰਘ ਜੀ ਦੇ ਕਹਿਣ 'ਤੇ ਉਹਨਾਂ ਆਪਣੀ ਭੁੱਖ ਹੜਤਾਲ ਛੱਡ ਦਿੱਤੀ ਅਤੇ ਜੇਲ੍ਹ ਅਧਿਕਾਰੀਆਂ ਤੋਂ ਲਗਭਗ ਆਪਣੀਆਂ ਸਭ ਮੰਗਾਂ ਮੰਨਵਾ ਲਈਆਂ।

ਲਗਾਤਾਰ 18 ਸਾਲ ਦੀ ਸਜ਼ਾ ਭੁਗਤਣ ਪਿੱਛੋਂ 1933 ਵਿੱਚ ਬਾਬਾ ਜਵਾਲਾ ਸਿੰਘ ਰਿਹਾਅ ਹੋਏ। ਉਸ ਸਮੇਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਪ੍ਰਧਾਨ ਬਾਬਾ ਵਿਸਾਖਾ ਸਿੰਘ ਬਿਮਾਰ ਅਤੇ ਜੂਹਬੰਦ ਸਨ। ਉਨ੍ਹਾਂ ਬਾਬਾ ਜਵਾਲਾ ਸਿੰਘ ਨੂੰ ਕਾਇਮ-ਮੁਕਾਮ ਪ੍ਰਧਾਨ ਥਾਪ ਕੇ ਕਮੇਟੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਬਾਬਾ ਜਵਾਲਾ ਸਿੰਘ ਨੇ ਤੇਜਾ ਸਿੰਘ ਸਫ਼ਰੀ ਨੂੰ ਨਾਲ ਲੈ ਕੇ ਬਿਹਾਰ ਅਤੇ ਬੰਗਾਲ ਦੇ ਇਲਾਕਿਆਂ ਦਾ ਦੌਰਾ ਕਰਕੇ ਦੇਸ਼ ਭਗਤ ਪਰਵਿਾਰ ਸਹਾਇਕ ਕਮੇਟੀ ਲਈ ਚੋਖੀ

ਮਾਇਆ ਇਕੱਠੀ ਕੀਤੀ।[1] ਉਹਨਾਂ ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਬਾਬਾ ਪ੍ਰਿਥਵੀ ਸਿੰਘ ਲਾਲੜੂ ਦੀ ਕਾਬਲ ਵਿੱਚ ਹੋਈ ਗ੍ਰਿਫ਼ਤਾਰੀ ਸਮੇਂ ਉਨ੍ਹਾਂ ਦੀ ਰਿਹਾਈ ਲਈ ਪੰਜਾਬ ਵਿੱਚ ਚੱਲ ਰਹੀ ਐਜੀਟੇਸ਼ਨ ਵਿੱਚ ਵੱਧ-ਚੜ੍ਹਕੇ ਹਿੱਸਾ ਲਿਆ ਅਤੇ ਆਖੀਰ ਕਾਬਲ ਦੀ ਹਕੂਮਤ ਨੂੰ ਦੋਹਾਂ ਗ਼ਦਰੀ ਯੋਧਿਆਂ ਨੂੰ ਰਿਹਾਅ ਕਰਨਾ ਪਿਆ। 1934 ਈ: ਵਿੱਚ ਉਹ ਕਿਰਤੀ ਅਖਬਾਰ ਦੇ ਮੈਨੇਜਰ ਬਣਾਏ ਗਏ। ਅਖਬਾਰ ਦੀ ਕਾਮਯਾਬੀ ਲਈ ਉਹਨਾਂ ਦਿਨ ਰਾਤ ਇੱਕ ਕਰਕੇ ਕੰਮ ਕੀਤਾ।

ਬਾਬਾ ਜਵਾਲਾ ਸਿੰਘ ਨੇ ਪੰਜਾਬ ਵਿੱਚ ਕਿਰਤੀ ਕਿਸਾਨ ਲਹਿਰ ਨੂੰ ਲਾਮਬੰਦ ਕਰਨ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ। ਉਹਨਾਂ ਨੂੰ 6 ਜੁਲਾਈ, 1935 ਨੂੰ ਕੰਮੋਕੀ ਪਿੰਡ ਵਿੱਚ ਕਿਰਤੀ-ਕਿਸਾਨਾਂ ਦੇ ਜਲਸੇ ਵਿੱਚ ਭਾਸ਼ਨ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਹਨਾਂ ਉੱਪਰ ਮੁੱਕਦਮਾ ਚਲਾਇਆ ਗਿਆ। ਇਸ ਮੁਕੱਦਮੇ ਵਿੱਚ ਉਹਨਾਂ ਨੂੰ ਇੱਕ ਸਾਲ ਦੀ ਕੈਦ ਅਤੇ 200 ਰੁਪਏ ਜ਼ੁਰਮਾਨੇ ਦੀ ਸ਼ਜਾ ਹੋਈ। ਬਾਬਾ ਜੀ ਨੇ ਇਹ ਕੈਦ ਮੁਲਤਾਨ ਸੈਂਟਰਲ ਜੇਲ੍ਹ ਵਿੱਚ ਭੁਗਤੀ।

ਪ੍ਰਾਂਤਕ ਅਸੈਂਬਲੀ ਦੀਆਂ 1937 ਵਿੱਚ ਹੋਈਆਂ ਚੋਣਾਂ ਸਮੇਂ ਬਾਬਾ ਜਵਾਲਾ ਸਿੰਘ ਜੀ ਦੀ ਅਗਵਾਈ ਹੇਠ 'ਦੇਸ਼ ਭਗਤ ਇਲੈਕਸ਼ਨ ਬੋਰਡ' ਬਣਾਕੇ ਚੋਣਾਂ ਲੜੀਆਂ ਗਈਆਂ। ਜਿਸ ਵਿੱਚ ਇਸ ਮੋਰਚੇ ਨੇ 9 ਸੀਟਾਂ ਉੱਪਰ ਆਪਣੇ ਉਮੀਦਵਾਰ ਖੜੇ ਕੀਤੇ ਅਤੇ 7 ਸੀਟਾਂ ਉੱਪਰ ਜਿੱਤ ਪ੍ਰਾਪਤ ਕੀਤੀ।

23 ਮਾਰਚ, 1937 ਨੂੰ ਪੰਜਾਬ ਕਿਸਾਨ ਸਭਾ ਦਾ ਗਠਨ ਹੋਣ 'ਤੇ ਬਾਬਾ ਜਵਾਲਾ ਸਿੰਘ ਇਸ ਦੇ ਪ੍ਰਧਾਨ ਬਣਾਏ ਗਏ। ਕੁਝ ਹੀ ਦਿਨਾਂ ਵਿੱਚ 75000 ਕਿਸਾਨ, ਕਿਸਾਨ ਸਭਾ ਦੇ ਮੈਂਬਰ ਬਣ ਗਏ। ਬਾਬਾ ਜੀ ਦੀ ਅਗਵਾਈ ਹੇਠ ਨੀਲੀਬਾਰ ਅਤੇ ਗੰਜੀਬਾਰ ਦੇ ਮੁਜ਼ਾਰਿਆਂ ਦਾ ਘੋਲ ਸਫ਼ਲਤਾ ਨਾਲ ਲੜਿਆ ਗਿਆ ਅਤੇ ਜਿੱਤ ਪ੍ਰਾਪਤ ਕੀਤੀ ਗਈ। 1938 ਵਿੱਚ ਬਾਬਾ ਜੀ ਸਰਬ ਹਿੰਦ ਕਿਸਾਨ ਸਭਾ ਦੇ ਇਜਲਾਸ ਵਿੱਚ ਸ਼ਾਮਲ ਹੋਣ ਲਈ ਕੋਮੀਲਾ (ਬੰਗਾਲ) ਜਾ ਰਹੇ ਸਨ ਤਾਂ ਰਸਤੇ ਵਿੱਚ ਜਖ਼ਮੀ ਹੋ ਗਏ। ਉਹਨਾਂ ਨੂੰ ਲਾਹੌਰ ਦੇ ਮਿਊ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿੱਥੇ ਉਹ 9 ਮਈ, 1938 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ। ਬਾਬਾ ਜਵਾਲਾ ਸਿੰਘ ਜੀ ਮਹਾਨ ਦੇਸ਼ ਭਗਤ ਅਤੇ ਉੱਘੇ ਗ਼ਦਰੀ ਆਗੂ ਸਨ। ਉਹ ਦੇਸ਼ ਦੀ ਆਜ਼ਾਦੀ ਅਤੇ ਕਿਰਤੀ, ਕਿਸਾਨਾਂ ਮਜ਼ਦੂਰਾਂ, ਮੁਜ਼ਾਰਿਆਂ ਦੇ ਹੱਕਾਂ ਲਈ ਜ਼ਿੰਦਗੀ ਦੇ ਅੰਤ ਤੱਕ ਡਟੇ ਰਹੇ।

ਬਾਬਾ ਜੀ ਦੀ ਸ਼ਖ਼ਸੀਅਤ ਬਾਰੇ ਉਹਨਾਂ ਦੇ ਜੀਵਨੀਕਾਰ ਡਾ. ਭਾਗ ਸਿੰਘ ਲਿਖਦੇ ਹਨ, "ਬਾਬਾ ਜੀ ਇੱਕ ਮਜ਼ਬੂਤ ਕਿਸਾਨੀ ਜਿਸਮ ਰੱਖਦੇ ਸਨ, ਜਿਹੜਾ ਬੜਾ ਕਮਾਇਆ ਹੋਇਆ ਅਤੇ ਗੈਰ ਮਾਮੂਲੀ ਤਾਕਤ ਰੱਖਦਾ ਸੀ। ਆਪ ਦਾ ਰੰਗ ਸਾਉਲਾ ਚਿਹਰਾ ਤੇ ਮੱਥਾ ਖੁੱਲ੍ਹਾ ਅਤੇ ਦੰਦ ਚਿੱਟੇ ਤੇ ਮਜ਼ਬੂਤ ਸਨ। 62 ਸਾਲ ਦੀ ਉਮਰ

---

1. ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਜੀਵਨ ਅਤੇ ਹੱਥ ਲਿਖਤਾਂ, ਚਰੰਜੀ ਲਾਲ ਕੰਗਣੀਵਾਲ, ਪੰਨਾ 41

ਵਿੱਚ ਵੀ ਅਜਿਹੀ ਸਖ਼ਤ ਜਾਨ ਤੇ ਹਠੀਲੇ ਸਨ ਕਿ ਆਪ ਦੇ ਨਾਲ ਪ੍ਰੇਮ ਕਰਨ ਵਾਲੇ ਨੌਜਵਾਨ ਆਪ ਦੀ ਤਾਕਤ ਅਤੇ ਦ੍ਰਿੜਤਾ ਅੱਗੇ ਸਿਰ ਨਵਾਇਆ ਕਰਦੇ ਸਨ। ਚਿਹਰਾ ਹਮੇਸ਼ਾਂ ਹੰਸੂ-ਹੰਸੂ ਕਰਦਾ ਸੀ। ਫ਼ਿਕਰ ਤੇ ਗ਼ਮ ਕਦੇ ਲਾਗੇ ਭਟਕਦੇ ਵੀ ਨਹੀਂ ਸਨ, ਬੇ ਉਮੀਦੀ ਬਾਬਾ ਜੀ ਤੋਂ ਕੋਹਾਂ ਦੂਰ ਭੱਜਦੀ ਸੀ।[1]

---

1. ਜੀਵਨੀ ਸ਼ਹੀਦ ਬਾਬਾ ਜਵਾਲਾ ਸਿੰਘ ਜੀ, ਡਾ. ਭਾਗ ਸਿੰਘ, ਪੰਨਾ 45

# ਪੰਡਤ ਜਗਤ ਰਾਮ ਹਰਿਆਣਾ

ਪੰਡਤ ਜਗਤ ਰਾਮ ਹਰਿਆਣਾ ਗ਼ਦਰ ਪਾਰਟੀ ਦੇ ਪ੍ਰਮੁੱਖ ਆਗੂਆਂ ਵਿੱਚੋਂ ਸਨ। ਉਹ ਘਰੋਂ ਪੜ੍ਹਨ ਲਈ ਅਮਰੀਕਾ ਗਏ, ਪਰ ਉੱਥੋਂ ਦੇ ਆਜ਼ਾਦ ਵਾਤਾਵਰਣ ਅਤੇ ਲਾਲਾ ਹਰਦਿਆਲ ਦੀ ਸੰਗਤ ਸਦਕਾ ਉੱਥੋਂ ਸੱਚੇ ਇਨਕਲਾਬੀ ਬਣਕੇ ਵਤਨ ਪਰਤੇ। ਉਹਨਾਂ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ 1915 ਵਿੱਚ ਪਹਿਲਾਂ 24 ਦੇਸ਼ ਭਗਤਾਂ ਸਮੇਤ ਫਾਂਸੀ, ਜਾਇਦਾਦ ਜ਼ਬਤੀ ਦੀ ਸਜ਼ਾ ਹੋਈ, ਪਰ ਬਾਅਦ ਵਿੱਚ 17 ਇਨਕਲਾਬੀਆਂ ਦੀ ਫਾਂਸੀ ਤੋੜੀ ਗਈ ਤਾਂ ਉਹਨਾਂ ਦੀ ਸਜ਼ਾ ਉਮਰ ਕੈਦ ਜਲਾਵਤਨੀ ਤੇ ਜ਼ਾਇਦਾਦ ਜ਼ਬਤੀ ਕਰ ਦਿੱਤੀ ਗਈ। ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਜੱਜਾਂ ਨੇ ਉਸ ਬਾਰੇ ਆਪਣੇ ਫੈਸਲੇ ਵਿੱਚ ਟਿੱਪਣੀ ਕੀਤੀ ਹੈ, ''ਉਹ ਕ੍ਰਾਂਤੀਕਾਰੀਆਂ ਦਾ ਸਹਿਯੋਗੀ ਹੈ, ਅਤੇ ਖੁਦ ਇੰਨ੍ਹਾਂ ਸਾਜਿਸ਼ਕਾਰਾਂ ਵਿੱਚੋਂ ਇੱਕ ਸਭ ਤੋਂ ਮਹੱਤਵਪੂਰਨ ਹੈ।''

ਪੰਡਤ ਜਗਤ ਰਾਮ ਦਾ ਜਨਮ 1887 ਈ: ਵਿੱਚ ਪੰਡਤ ਦਿੱਤਾ ਰਾਮ ਦੇ ਘਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬੇ ਹਰਿਆਣਾ ਵਿੱਚ ਹੋਇਆ। ਉਹ ਹਰਿਆਣਾ ਦੇ ਸਕੂਲ ਤੋਂ ਦਸਵੀਂ ਕਰਕੇ ਫਿਰ ਲਾਹੌਰ ਦੇ ਡੀ.ਏ.ਵੀ. ਕਾਲਜ ਵਿੱਚ ਦਾਖਲ ਹੋਏ। ਸਮੇਂ ਦੇ ਰਿਵਾਜ਼ ਅਨੁਸਾਰ ਕਾਲਜ ਪੜ੍ਹਦੇ ਸਮੇਂ ਹੀ ਉਨ੍ਹਾਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਹੋ ਗਿਆ। ਨਵੰਬਰ 1911 ਵਿੱਚ ਉਹ ਅਮਰੀਕਾ ਵਿੱਚ ਪੜ੍ਹਨ ਲਈ ਚਲੇ ਗਏ। ਅਮਰੀਕਾ ਵਿੱਚ ਉਹਨਾਂ ਦਾ ਸੰਪਰਕ ਲਾਲਾ ਹਰਦਿਆਲ ਨਾਲ ਹੋਇਆ ਅਤੇ ਉਹ ਲਾਲਾ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ।

21 ਅਪ੍ਰੈਲ, 1913 ਨੂੰ ਇੱਕ ਵੱਡੀ ਇਕੱਤਰਤਾ ਆਸਟੋਰੀਆ ਵਿੱਚ ਹੋਈ, ਜਿਸ ਵਿੱਚ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ ਦਾ ਗਠਨ ਹੋਇਆ। ਪਹਿਲੀ ਨਵੰਬਰ 1913 ਨੂੰ ਗ਼ਦਰ ਦਾ ਪਲੇਠਾ ਅੰਕ ਛਪਿਆ। ਗ਼ਦਰ ਦੇ ਪਹਿਲੇ ਪਰਚੇ ਵਿੱਚ ਔਰਗੇਨ ਤੇ ਵਾਸ਼ਿੰਗਟਨ ਦੇ ਮਜ਼ਦੂਰ ਡੇਰਿਆਂ ਦੀਆਂ ਕਾਨਫਰੰਸਾਂ ਦੀਆਂ ਖ਼ਬਰਾਂ ਨਿਕਲੀਆਂ ਅਤੇ ਆਸਟੋਰੀਆ ਵਿੱਚ ਪਾਰਟੀ ਦੇ ਬੱਝਣ ਬਾਬਤ ਮਸਾਲਾ ਛਪਿਆ। ਇਹ ਪੜ੍ਹਕੇ ਕੈਲੇਫੋਰਨੀਆ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਹਿੰਦੀਆਂ ਵਿੱਚ ਆਈ ਹੋਈ ਜਾਗ੍ਰਤੀ ਨੂੰ ਬੜਾ ਉਤਸ਼ਾਹ ਮਿਲਿਆ। ਉਹਨਾਂ ਨੇ ਵੀ ਦਸੰਬਰ 1913 ਦੀਆਂ ਵੱਡੇ ਦਿਨ (ਕ੍ਰਿਸਮਸ) ਦੀਆਂ ਛੁੱਟੀਆਂ ਅੰਦਰ ਸੈਕਰਾਮੈਂਟੋ ਵਿੱਚ ਇੱਕ ਕਾਨਫਰੰਸ ਸੱਦੀ। ਜਿਸ ਵਿੱਚ ਕੈਲੇਫੋਰਨੀਆ ਤੋਂ ਜਵਾਲਾ ਸਿੰਘ ਠੱਠੀਆਂ, ਭਾਈ ਸੰਤੋਖ ਸਿੰਘ, ਸੰਤ ਵਿਸਾਖਾ ਸਿੰਘ, ਨਿਧਾਨ ਸਿੰਘ ਚੁੱਘਾ, ਭਾਈ ਅਰੂੜ ਸਿੰਘ ਤੇ ਭਾਈ ਚੰਨਣ ਸਿੰਘ ਚੂਹੜਚੱਕ, ਪੰਡਤ ਜਗਤ ਰਾਮ ਹਰਿਆਣਾ, ਭਾਈ ਕਰਮ ਸਿੰਘ ਚੀਮਾ, ਭਾਈ ਕਰਤਾਰ ਸਿੰਘ ਦੁੱਕੀ, ਭਾਈ ਹਜ਼ਾਰਾ ਸਿੰਘ ਦਦੇਹਰ, ਭਾਈ ਭਗਤ ਸਿੰਘ ਦੂਜਾ ਨਾਮ ਗਾਂਧਾ ਸਿੰਘ ਕੱਚਰਭੰਨ ਅਤੇ ਹੋਰ ਅਨੇਕਾਂ ਸਾਥੀ ਸ਼ਾਮਲ ਹੋਏ। ਪਾਰਟੀ ਵਲੋਂ ਪ੍ਰਧਾਨ ਸੋਹਣ ਸਿੰਘ ਭਕਨਾ, ਜਨਰਲ

ਸਕੱਤਰ ਲਾਲਾ ਹਰਦਿਆਲ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ ਅਤੇ ਆਰਗੇਨਾਈਜ਼ਰ ਸਕੱਤਰ ਮੁਨਸ਼ੀ ਰਾਮ ਸ਼ਾਮਲ ਹੋਏ। ਕਾਨਫਰੰਸ ਵਿੱਚ ਪਾਰਟੀ ਨੂੰ ਸਰਬ ਅਮਰੀਕੀ ਬਣਾਉਣ ਦਾ ਫੈਸਲਾ ਹੋਇਆ ਅਤੇ ਨਵੀਂ ਚੋਣ ਹੋਈ, ਜਿਸ ਵਿੱਚ ਉਹੀ ਪਹਿਲੇ ਅਹੁਦੇਦਾਰ ਆਪਣਿਆਂ ਆਪਣਿਆਂ ਅਹੁਦਿਆਂ 'ਤੇ ਮੁੜ ਚੁਣੇ ਗਏ। ਕੈਲੇਫੋਰਨੀਆ ਵੱਲੋਂ ਭਾਈ ਜਵਾਲਾ ਸਿੰਘ ਨੂੰ ਮੀਤ ਪ੍ਰਧਾਨ ਲੈ ਲਿਆ ਗਿਆ। ਅਹੁਦੇਦਾਰਾਂ ਤੋਂ ਇਲਾਵਾ ਭਾਈ ਸੰਤੋਖ ਸਿੰਘ, ਭਾਈ ਕਰਤਾਰ ਸਿੰਘ ਸਰਾਭਾ, ਭਾਈ ਅਰੂੜ ਸਿੰਘ, ਭਾਈ ਪ੍ਰਿਥਵੀ ਸਿੰਘ, ਪੰਡਤ ਜਗਤ ਰਾਮ, ਭਾਈ ਕਰਮ ਸਿੰਘ ਚੀਮਾ, ਭਾਈ ਨਿਧਾਨ ਸਿੰਘ ਚੁੱਘਾ, ਸੰਤ ਵਿਸਾਖਾ ਸਿੰਘ, ਪੰਡਤ ਮੁਨਸ਼ੀ ਰਾਮ, ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਆਦਿ ਇੰਤਜ਼ਾਮੀਆ ਕਮੇਟੀ ਵਿੱਚ ਲਏ ਗਏ। ਇਸ ਤਰ੍ਹਾਂ ਦਰਿਆ ਕੋਲੰਬੀਆ ਦੇ ਮੰਡ ਵਿੱਚੋਂ ਪੁੰਗਰਕੇ ਪਾਰਟੀ ਸਰਬ ਅਮਰੀਕਨ ਬਣ ਗਈ।[1]

ਗ਼ਦਰ ਅਖਬਾਰ ਦਾ ਪਲੇਠਾ ਅੰਕ ਉਰਦੂ ਵਿੱਚ ਯੁਗਾਂਤਰ ਆਸ਼ਰਮ, ਸਾਨਫਰਾਂਸਿਸਕੋ ਤੋਂ ਪਹਿਲੀ ਨਵੰਬਰ 1913 ਨੂੰ ਨਿਕਲਿਆ। ਪੰਜਾਬੀ ਵਿੱਚ ਗ਼ਦਰ ਦਾ ਪਲੇਠਾ ਅੰਕ 8 ਦਸੰਬਰ, 1913 ਨੂੰ ਛਪਿਆ। ਇਸ ਦੇ ਉਪਰਲੇ ਪਾਸੇ ਖੱਬੇ ਖੂੰਜੇ ਵਿੱਚ ਨੇ 'ਬੰਦੇ' ਅਤੇ ਸੱਜੇ ਪਾਸੇ ਦੇ ਖੂੰਜੇ ਵਿੱਚ 'ਮਾਤ੍ਰਮ' ਛਪਿਆ ਹੋਇਆ ਹੈ। ਇਨ੍ਹਾਂ ਦੋਹਾਂ ਸ਼ਬਦਾਂ ਦੇ ਵਿਚਕਾਰ ਹੈ: "ਜੇ ਤਉ ਪ੍ਰੇਮ ਖੇਲਨ ਕਾ ਚਾਉ ਸਿਰ ਧਰਿ ਤਲੀ ਗਲੀ ਮੇਰੀ ਆਓ" ਹੇਠਾਂ ਗ਼ਦਰ ਦੇ ਚੋਟੀ ਲੇਖ ਦਾ ਬਲਾਕ ਛਪਿਆ ਹੋਇਆ ਹੈ, ਇਸ ਦੇ ਰਤਾਂ ਕੁ ਹੇਠਾਂ ਬਾਰੀਕ ਅੱਖਰਾਂ ਵਿੱਚ ਸਪਤਾਹਿਕ ਛਪਿਆ ਹੋਇਆ ਹੈ। ਗ਼ਦਰ ਦੀ ਮੋਟੀ ਸਿਆਹ ਰੇਖਾ ਉੱਪਰ ਉੱਕਰਿਆ ਹੋਇਆ ਹੈ– "ਬਰਤਾਨਵੀ ਸਰਕਾਰ ਦਾ ਦੁਸ਼ਮਣ, ਉਰਦੂ ਗੁਰਮੁਖੀ ਅਖਬਾਰ ਤੇ ਖੱਬੇ ਕੋਨੇ ਵਿੱਚ ਹੇਠਾਂ ਦੋਵੇਂ ਲਾਈਨਾਂ ਦੇ ਵਿੱਚਕਾਰ ਜਿਲਦ ਪਹਿਲੀ ਤੇ ਸੱਜੇ ਕੋਨੇ ਵਿੱਚ ਨੰਬਰ-1 ਤੇ ਇਨ੍ਹਾਂ ਸ਼ਬਦਾਂ ਦੇ ਵਿੱਚਕਾਰ ਹੈ: ਯੁਗਾਂਤਰ ਆਸ਼ਰਮ, ਸਾਨਫਰਾਸਿਸਕੋ, ਅਮਰੀਕਾ 8 ਦਸੰਬਰ, 1913" ਬਾਕੀ ਦਾ ਸਫਾ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ: ਸੱਜੇ ਅੱਧ ਵਿੱਚ 'ਬਰਤਾਨਵੀ ਰਾਜ ਦਾ ਪਰਦਾਫਾਸ਼' ਕੀਤਾ ਗਿਆ ਹੈ ਤੇ ਖੱਬੇ ਪਾਸੇ ਅੱਧ ਵਿੱਚ ਤਤਕਰਾ ਹੈ। ਪਹਿਲੇ ਲੇਖ ਦਾ ਸਿਰਲੇਖ ਹੈ: "ਸਾਡਾ ਕੰਮ ਸਾਡਾ ਨਾਂ" (ਪੰਨਾ-2), ਇਹ 1 ਨਵੰਬਰ, 1913 ਨੂੰ ਪ੍ਰਕਾਸ਼ਿਤ ਹੋਏ ਉਰਦੂ ਸਪਤਾਹਿਕ ਦੇ ਪਹਿਲੇ ਅੰਕ ਵਿੱਚ ਛਪੇ ਲੇਖ ਦੀ ਨਕਲ ਹੈ। ਦੂਜਾ ਹੈ 'ਅੰਕੜਿਆਂ ਦੀ ਗਵਾਹੀ' ਤੀਜਾ 'ਸਿੱਖ ਤੇ ਸਰਕਾਰ' ਬਾਰੇ ਹੈ ਅਤੇ ਚੌਥਾ ਹੈ: '1857 ਦੇ ਗ਼ਦਰ ਦਾ ਇਤਿਹਾਸ' ਤੇ ਫਿਰ ਇੱਕ ਲੇਖ ਹੈ 'ਅਮਰੀਕਨ ਕੀ ਆਖਦੇ ਹਨ?' ਤੇ ਫਿਰ ਹੈ ਇੱਕ ਘੱਟ ਮਹੱਤਵਪੂਰਨ ਲੇਖ, ਇੱਕ ਕਵਿਤਾ ਤੇ ਨੋਟ।[2]

ਅਖ਼ਬਾਰ ਦੇ ਪਹਿਲੇ ਅੰਕ ਕਰਤਾਰ ਸਿੰਘ ਸਰਾਭਾ ਅਤੇ ਰਘੁਬੀਰ ਦਿਆਲ ਨੇ ਹੱਥ ਨਾਲ ਚੱਲਣ ਵਾਲੀ ਮਸ਼ੀਨ ਨਾਲ ਛਾਪੇ।

---

1. ਗੁਰਚਰਨ ਸਿੰਘ ਸੈਂਸਰਾ, ਗ਼ਦਰ ਪਾਰਟੀ ਦਾ ਇਤਿਹਾਸ, ਪੰਨਾ 98
2. ਸੋਹਨ ਸਿੰਘ ਜੋਸ਼, ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ, ਪੰਨਾ 114

ਪਾਰਟੀ ਦਾ ਕੇਂਦਰੀ ਦਫ਼ਤਰ ਯੁਗੰਤਰ ਆਂਸ਼ਰਮ ਸਾਨਫਰਾਂਸਿਸਕੋ ਵਿਖੇ ਬਣ ਗਿਆ ਸੀ। ਇੰਤਜ਼ਾਮੀਆ ਕਮੇਟੀ ਦੇ ਮੈਂਬਰ ਫੰਡ ਇਕੱਠਾ ਕਰਦੇ ਅਤੇ ਸਥਾਨਕ ਕਮੇਟੀਆਂ ਵੀ ਆਪਣੇ ਮਾਹਵਾਰੀ ਚੰਦੇ ਕੇਂਦਰੀ ਦਫ਼ਤਰ ਨੂੰ ਭੇਜ ਦਿੰਦੀਆਂ ਸਨ। ਜਦ ਗ਼ਦਰ ਅਖ਼ਬਾਰ ਵੱਡੀ ਗਿਣਤੀ ਵਿੱਚ ਛਪਣ ਲੱਗ ਪਿਆ ਤਾਂ ਪੱਕੇ ਤੌਰ 'ਤੇ ਕਈ ਇਨਕਲਾਬੀ ਯੁਗੰਤਰ ਆਸ਼ਰਮ ਵਿੱਚ ਆ ਕੇ ਵੱਖ-ਵੱਖ ਫਰਜ਼ ਨਿਭਾਉਣ ਲੱਗ ਪਏ। ਵਾਅਦਾ ਮੁਆਫ਼ ਗਵਾਹ ਅਮਰ ਸਿੰਘ ਦੇ ਲਾਹੌਰ ਕੇਸ ਦੀ ਸੁਣਵਾਈ ਦੌਰਾਨ ਜਗਤ ਰਾਮ ਬਾਰੇ ਦਿੱਤੇ ਬਿਆਨ ਅਨੁਸਾਰ, "ਇਹ ਦੋਸ਼ੀ 1913 ਦੇ ਅੰਤ ਵਿੱਚ ਸਾਨਫਰਾਂਸਿਸਕੋ ਵਿਖੇ "ਗ਼ਦਰ ਪ੍ਰੈਸ" ਦੇ ਪਰਮਾਨੈਂਟ ਸਟਾਫ਼ ਵਿੱਚ ਸੀ।[1]

ਪੰਡਤ ਜਗਤ ਰਾਮ ਅਖਬਾਰ ਦੀ ਡਾਕ ਰਵਾਨਾ ਕਰਨ ਦੇ ਇੰਚਾਰਜ ਸਨ। ਇਹ ਕੰਮ ਬਹੁਤ ਜ਼ਿੰਮੇਵਾਰੀ ਦਾ ਸੀ, ਕਿਉਂਕਿ ਅਮਰੀਕਾ ਤੋਂ ਬਾਹਰ ਜਿੰਨ੍ਹਾਂ ਪਤਿਆਂ ਉੱਤੇ ਅਖਬਾਰ ਭੇਜਿਆ ਜਾਂਦਾ ਸੀ, ਉਨ੍ਹਾਂ ਬਾਰੇ ਬੜਾ ਰਾਜ਼ ਰੱਖਿਆ ਜਾਂਦਾ ਸੀ, ਤਾਂ ਕਿ ਅੰਗਰੇਜ਼ ਕਰਮਚਾਰੀ ਅਤੇ ਉਹਨਾਂ ਦੇ ਏਜੰਟਾਂ ਨੂੰ ਪਤਾ ਨਾ ਲੱਗ ਸਕੇ। ਜਿਸ ਰਜਿਸਟਰ ਵਿੱਚ ਇਹ ਐਡਰੈੱਸ ਸਨ, ਉਹ ਡਾਕ ਪਾਉਣ ਪਿੱਛੋਂ ਬੈਂਕ ਦੇ ਸੇਫ਼ ਡਿਪੋਜਿਟ ਵਿੱਚ ਰੱਖਿਆ ਜਾਂਦਾ ਸੀ। ਬਾਅਦ ਵਿੱਚ ਇਹ ਪਤੇ ਜੋ ਹਜ਼ਾਰਾਂ ਦੀ ਗਿਣਤੀ ਵਿੱਚ ਸਨ, ਪੰਡਤ ਜਗਤ ਰਾਮ ਨੇ ਜ਼ੁਬਾਨੀ ਯਾਦ ਕਰ ਲਏ ਸਨ।[2] ਪੰਡਤ ਜਗਤ ਰਾਮ ਦੀ ਯਾਦ ਸ਼ਕਤੀ ਕਮਾਲ ਦੀ ਸੀ। ਉਹ ਚੰਗਾ ਪੜ੍ਹਿਆ ਲਿਖਿਆ ਅਤੇ ਪ੍ਰਭਾਵਸ਼ਾਲੀ ਬੁਲਾਰਾ ਸੀ।

ਅਮਰੀਕਾ ਦੀ ਸਰਕਾਰ ਨੇ 25 ਮਾਰਚ, 1914 ਨੂੰ ਲਾਲਾ ਹਰਦਿਆਲ ਨੂੰ ਗ੍ਰਿਫ਼ਤਾਰ ਕਰ ਲਿਆ, ਤਾਂ ਉਸ ਦੀ ਜ਼ਮਾਨਤ ਕਰਵਾਉਣ ਲਈ ਫੰਡ ਦੀ ਲੋੜ ਸੀ। ਇਸ ਸਮੇਂ ਪੰਡਤ ਜਗਤ ਰਾਮ ਨੇ ਔਕਸਨਾਰਡ ਵਿੱਚੋਂ ਉਗਰਾਹੀ ਕੀਤੀ।[3] ਗ਼ਦਰ ਪਾਰਟੀ ਵਲੋਂ ਲਾਲਾ ਜੀ ਨੂੰ ਜ਼ਮਾਨਤ 'ਤੇ ਰਿਹਾਅ ਕਰਵਾਕੇ ਸਵਿਟਜਰਲੈਂਡ ਭੇਜ ਦਿੱਤਾ ਗਿਆ। ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿੱਛੋਂ ਗ਼ਦਰ ਅਖ਼ਬਾਰ ਦਾ ਪ੍ਰਬੰਧ ਇੱਕ ਬੋਰਡ ਦੇ ਹਵਾਲੇ ਕੀਤਾ ਗਿਆ, ਜਿਸ ਦੇ ਮੈਂਬਰ ਸ੍ਰੀ ਰਾਮ ਚੰਦ ਪਿਸ਼ਾਵਰੀਆ, ਸ੍ਰੀ ਮੋਹਨ ਲਾਲ, ਪੰਡਤ ਜਗਤ ਰਾਮ, ਕਰਤਾਰ ਸਿੰਘ ਸਰਾਭਾ ਅਤੇ ਹਰਨਾਮ ਸਿੰਘ ਟੁੰਡੀਲਾਟ ਸਨ।[4] ਪਾਰਟੀ ਵੱਲੋਂ ਗ਼ਦਰ ਅਖਬਾਰ ਵਿੱਚ ਐਲਾਨ-ਏ-ਜੰਗ ਛਾਪਣ ਤੋਂ ਪਿੱਛੋਂ ਦੂਸਰੇ ਯੁੱਧ ਸਮੇਂ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਇਨਕਲਾਬੀ ਦੇਸ਼ ਪਰਤਣੇ ਸ਼ੁਰੂ ਹੋ ਗਏ। ਇਸ ਸਮੇਂ 60-70 ਇਨਕਲਾਬੀਆਂ ਨੂੰ ਲੈ ਕੇ 29 ਅਗਸਤ, 1914 ਨੂੰ ਸਾਨਫਰਾਂਸਿਸਕੋ ਤੋਂ ਕੋਰੀਆ ਨਾਂ ਦਾ ਜਹਾਜ਼ ਹਾਂਗਕਾਂਗ ਲਈ ਰਵਾਨਾ ਹੋਇਆ। ਇਸ ਜਹਾਜ਼ ਵਿੱਚ ਪ੍ਰਿਥੀ ਸਿੰਘ, ਪੰਡਤ ਜਗਤ

1. ਮਾਲਵਿੰਦਰਜੀਤ ਸਿੰਘ ਵੜੈਚ, ਹਰਿੰਦਰ ਸਿੰਘ, ਗ਼ਦਰ ਲਹਿਰ ਦੇ ਮੂਲ ਦਸਤਾਵੇਜ, ਪੰਨਾ 74
2. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਪੰਨਾ 167
3. ਚਰੰਜੀ ਲਾਲ ਕੰਗਣੀਵਾਲ ਦੇ ਲੇਖ ਭੁੱਲਿਆ ਵਿਸਰਿਆ ਨਾਇਕ-ਗ਼ਦਰੀ ਬਾਬਾ ਜਗਤ ਰਾਮ ਵਿੱਚੋਂ।
4. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਪੰਨਾ 167

ਰਾਮ, ਬਾਬਾ ਕੇਸਰ ਸਿੰਘ, ਬਾਬਾ ਜਵਾਲਾ ਸਿੰਘ ਠੱਠੀਆਂ, ਊਧਮ ਸਿੰਘ ਕਸੇਲ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਅਰੂੜ ਸਿੰਘ ਚੂਹੜਚੱਕ, ਅਮਰ ਸਿੰਘ, ਨਵਾਬ ਖਾਨ ਸਮੇਤ ਹੋਰ ਗ਼ਦਰੀ ਸਵਾਰ ਸਨ। ਕੋਰੀਆ ਜਹਾਜ਼ ਜਾਪਾਨ ਦੀਆਂ ਬੰਦਰਗਾਹਾਂ ਯੋਕੋਹਾਮਾ, ਕੋਬੇ, ਨਾਗਾਸਾਕੀ ਅਤੇ ਫਿਲਪਾਇਨ ਦੀ ਬੰਦਰਗਾਹ ਮਨੀਲਾ ਠਹਿਰਦਾ ਹੋਇਆ ਅੰਤ ਨੂੰ ਹਾਂਗਕਾਂਗ ਆ ਠਹਿਰਿਆ। ਜਹਾਜ਼ ਦੇ ਹਾਂਗਕਾਂਗ ਪੁੱਜਣ ਤੋਂ ਪਹਿਲਾਂ ਭਾਈ ਨਿਧਾਨ ਸਿੰਘ ਚੁੱਘਾ ਨੇ ਸ਼ੰਘਾਈ ਤੋਂ ਤਾਰ ਰਾਹੀਂ ਇਤਲਾਹ ਦਿੱਤੀ ਕਿ ਹਾਂਗਕਾਂਗ ਤਲਾਸ਼ੀਆਂ ਹੁੰਦੀਆਂ ਹਨ। ਇਸ ਲਈ ਹਥਿਆਰ ਭਾਈ ਜਗਤ ਰਾਮ ਦੇ ਹਵਾਲੇ ਕਰਕੇ ਇਨਕਲਾਬੀ ਸਾਹਿਤ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ। ਹਾਂਗਕਾਂਗ ਤੋਂ ਤੋਸ਼ਾਮਾਰੂ ਜਹਾਜ਼ ਭਾਰਤ ਵੱਲ ਜਾਣ ਲਈ ਕਿਰਾਏ 'ਤੇ ਕੀਤਾ ਗਿਆ।

ਹਾਂਗਕਾਂਗ ਵਿਖੇ ਗ਼ਦਰੀਆਂ ਦੀ ਇੱਕ ਕੇਂਦਰੀ ਕਮੇਟੀ ਬਣਾਈ ਗਈ, ਜਿਸ ਨੇ ਰਸਤੇ ਵਿੱਚ ਕਿਸੇ ਮੁਸ਼ਕਿਲ ਆਉਣ ਦੇ ਸਮੇਂ ਅਤੇ ਦੇਸ਼ ਪਹੁੰਚਕੇ ਗ਼ਦਰ ਲਹਿਰ ਨੂੰ ਅਗਵਾਈ ਦੇਣੀ ਸੀ। ਇਸ ਕਮੇਟੀ ਵਿੱਚ ਬਾਬਾ ਕੇਸਰ ਸਿੰਘ, ਬਾਬਾ ਜਵਾਲਾ ਸਿੰਘ ਠੱਠੀਆਂ, ਪੰਡਤ ਜਗਤ ਰਾਮ ਹਰਿਆਣਾ, ਬਾਬਾ ਨਿਧਾਨ ਸਿੰਘ ਚੁੱਘਾ, ਅਰੂੜ ਸਿੰਘ ਚੂਹੜਚੱਕ ਅਤੇ ਸ਼ੇਰ ਸਿੰਘ ਵੇਈਂਪੂਈਂ ਮੈਂਬਰ ਲਏ ਗਏ। ਰਸਤੇ ਵਿੱਚ ਜਗਤ ਰਾਮ ਨੇ ਸਿੰਘਾਪੁਰ ਵਿੱਚ ਫੌਜਾਂ ਨੂੰ ਬਗਾਵਤ ਕਰਨ ਲਈ ਪ੍ਰੇਰਿਆ। ਪਿਨਾਂਗ ਵਿਖੇ ਉਹ ਪਰਮਾਨੰਦ ਦੂਜੇ ਦੇ ਨਾਲ "ਅੰਮ੍ਰਿਤਾ ਬਜ਼ਾਰ ਪ੍ਰਤਿਕਾ" ਨੂੰ ਇੱਕ ਤਾਰ ਭੇਜਣ ਲਈ ਗਿਆ ਕਿ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਕ੍ਰਾਂਤੀ ਅਜੇ ਸ਼ੁਰੂ ਹੋਈ ਹੈ ਜਾਂ ਨਹੀਂ। ਪਿਨਾਂਗ ਤੋਂ ਜਹਾਜ਼ ਤੋਰਨ ਲਈ ਗਵਰਨਰ ਨੂੰ ਮਿਲਣ ਵਾਲੇ ਡੈਪੂਟੇਸ਼ਨ ਵਿੱਚ ਪੰਡਤ ਜਗਤ ਰਾਮ ਡੈਪੂਟੇਸ਼ਨ ਦੇ ਬੁਲਾਰੇ ਵਜੋਂ ਸ਼ਾਮਲ ਹੋਇਆ।

29 ਅਕਤੂਬਰ ਨੂੰ ਤੋਸ਼ਾਮਾਰੂ ਜਹਾਜ਼ ਕਲਕੱਤਾ ਦੇ ਘਾਟ 'ਤੇ ਪਹੁੰਚ ਗਿਆ। ਜਹਾਜ਼ ਦੇ ਕਲਕੱਤਾ ਪਹੁੰਚਣ ਤੋਂ ਪਹਿਲਾਂ ਹੀ ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਮੋਨੇ ਤੇ ਮੁਸਲਿਮ ਭਾਈਚਾਰੇ ਨੂੰ ਛੱਡਕੇ ਬਾਕੀ ਜਿਹੜੇ ਬਹੁਤੇ ਸਿੱਖ ਸਨ ਗ੍ਰਿਫ਼ਤਾਰ ਕੀਤੇ ਗਏ। ਪੰਡਤ ਜਗਤ ਰਾਮ ਕੋਲ ਹਥਿਆਰ ਸਨ। ਉਸ ਬਾਰੇ ਪ੍ਰਿਥਵੀ ਸਿੰਘ ਆਜ਼ਾਦ ਨੇ ਲਿਖਿਆ ਹੈ, "ਤੋਸ਼ਾ ਮਾਰੂ ਜਦੋਂ ਕਲਕੱਤਾ ਘਾਟ 'ਤੇ ਲੱਗਾ ਤਾਂ ਪੰਡਤ ਜਗਤ ਰਾਮ ਨੇ ਆਪਣੇ ਕੀਮਤੀ ਕੱਪੜੇ ਲਾਹ ਕੇ ਇੱਕ ਗਰੀਬ ਮੁਸਾਫ਼ਿਰ ਨੂੰ ਦੇ ਦਿੱਤੇ ਅਤੇ ਉਸ ਦੇ ਪੁਰਾਣੇ ਕੱਪੜੇ ਆਪ ਪਹਿਨ ਲਏ। ਜਗਤ ਰਾਮ ਨੂੰ 6-7 ਪਿਸਤੌਲਾਂ ਵਾਲੀ ਜਿਹੜੀ ਪੇਟੀ ਡਾਕਟਰ ਦੇ ਕੈਬਿਨ ਵਿੱਚ ਰੱਖੀ ਸੀ, ਉਸ ਦੀ ਚਿੰਤਾ ਸੀ। ਅਤਿ ਨਾਜ਼ੁਕ ਸਮੇਂ ਡਾਕਟਰ ਦੇ ਕਮਰੇ ਵਿੱਚ ਹਥਿਆਰਾਂ ਵਾਲੀ ਪੇਟੀ ਨੂੰ ਚੁੱਕ ਲਿਆਉਣਾ ਬੜੇ ਹੌਸਲੇ ਦਾ ਕੰਮ ਸੀ, ਜਿਹੜਾ ਜਾਨ ਦੀ ਬਾਜ਼ੀ ਲਗਾ ਕੇ ਹੀ ਕੀਤਾ ਜਾ ਸਕਦਾ ਸੀ। ਪੰਡਤ ਜਗਤ ਰਾਮ ਦ੍ਰਿੜ ਇਰਾਦਾ ਧਾਰ ਕੇ ਡਾਕਟਰ ਦੇ ਕੈਬਿਨ ਵਿੱਚ ਚਲਾ ਗਿਆ, ਪੇਟੀ ਨੂੰ ਚੁੱਕ ਕੇ ਜਿਉਂ ਹੀ ਬਾਹਰ ਨਿਕਲਣ ਲੱਗਾ ਤਾਂ ਸਾਹਮਣੇ ਡਾਕਟਰ ਆਉਂਦਾ ਮਿਲਿਆ। ਲਿਬਾਸ ਪੁਰਾਣਾ ਹੋਣ ਕਰਕੇ ਜਗਤ ਰਾਮ ਪਛਾਣਿਆ ਨਾ ਗਿਆ।

ਡਾਕਟਰ ਨੇ ਪੁੱਛਿਆ ਕਿ ਤੂੰ ਕੌਣ ਹੈਂ, ਇਹ ਪੇਟੀ ਕਿਸ ਦੀ ਹੈ? ਪੰਡਤ ਜੀ ਨੇ ਪੇਟੀ ਸੁੱਟੀ ਤੇ ਦੌੜ ਗਏ।[1]

ਕਲਕੱਤਾ ਪਹੁੰਚਣ ਸਮੇਂ ਪੰਡਤ ਜਗਤ ਰਾਮ ਹਰਿਆਣਾ, ਪ੍ਰਿਥਵੀ ਸਿੰਘ ਲਾਲੜੂ, ਪਰਮਾਨੰਦ ਝਾਂਸੀ ਆਦਿ ਪੁਲਿਸ ਦੀ ਗ੍ਰਿਫ਼ਤਾਰੀ ਤੋਂ ਬਚ ਗਏ ਸਨ। ਇਸ ਤੋਂ ਪਹਿਲਾਂ ਕਰਤਾਰ ਸਿੰਘ ਸਰਾਭਾ ਦੇਸ਼ ਪਰਤ ਕੇ ਆਪਣੇ ਮਿਸ਼ਨ ਵਿੱਚ ਜੁੱਟ ਗਿਆ ਸੀ। ਪੁਲਿਸ ਦੀ ਨਜ਼ਰ ਤੋਂ ਬਚੇ ਹੋਏ ਗ਼ਦਰੀ ਦੇਸ਼ ਪਰਤਕੇ ਗ਼ਦਰ ਦੀਆਂ ਤਿਆਰੀਆਂ ਵਿੱਚ ਜੁੱਟ ਗਏ। ਦੇਸ਼ ਪੁੱਜੇ ਗ਼ਦਰੀਆਂ ਨੇ ਕਰਤਾਰ ਸਿੰਘ ਸਰਾਭਾ, ਬਾਬਾ ਨਿਧਾਨ ਸਿੰਘ ਚੁੱਘਾ, ਡਾਕਟਰ ਮਥਰਾ ਸਿੰਘ, ਭਾਈ ਪਿਆਰਾ ਸਿੰਘ ਲੰਗੇਰੀ, ਪੰਡਤ ਜਗਤ ਰਾਮ ਹਰਿਆਣਾ ਆਦਿ ਦੇ ਅਧਾਰਿਤ ਇੱਕ ਕਮੇਟੀ ਬਣਾਈ, ਜਿਸ ਦੀਆਂ ਹਦਾਇਤਾਂ 'ਤੇ ਕੰਮ ਚੱਲ ਰਿਹਾ ਸੀ। ਗ਼ਦਰੀ ਮਾਝੇ ਮਾਲਵੇ ਅਤੇ ਦੁਆਬੇ ਵਿੱਚ ਮੀਟਿੰਗਾਂ ਕਰ ਰਹੇ ਸਨ। 17 ਨਵੰਬਰ, 1914 ਨੂੰ ਗ਼ਦਰੀ ਆਗੂਆਂ ਦੀ ਮੀਟਿੰਗ ਲਾਢੋਵਾਲ ਵਿਖੇ ਹੋਈ, ਜਿਸ ਦਾ ਤੋਸ਼ਾਮਾਰੂ ਜਹਾਜ਼ ਉੱਤੇ ਹਾਂਗਕਾਗ ਫੈਸਲਾ ਕੀਤਾ ਗਿਆ ਸੀ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚੋਂ ਵਿਸ਼ੇਸ਼ ਇਹ ਸਨ: ਪਿਰਥੀ ਸਿੰਘ, ਪੰਡਤ ਜਗਤ ਰਾਮ, ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਰਾਮਰੱਖਾ, ਜੀਵਨ ਸਿੰਘ, ਪੰਡਤ ਕਾਂਸ਼ੀ ਰਾਮ ਅਤੇ ਜਗਤ ਸਿੰਘ। ਬੰਬ ਬਨਾਉਣ ਅਤੇ ਗ਼ਦਰੀ ਸਾਹਿਤ ਛਾਪਣ ਬਾਰੇ ਵਿਚਾਰ ਚਰਚਾ ਹੋਈ। ਪਰ ਵੱਡਾ ਫੈਸਲਾ ਹੋਇਆ ਕਿ ਵੱਖ-ਵੱਖ ਸਰਕਾਰੀ ਖ਼ਜ਼ਾਨਿਆਂ ਨੂੰ ਲੁੱਟਿਆ ਜਾਵੇ।[2] ਗ਼ਦਰ ਪਾਰਟੀ ਵੱਲੋਂ ਆਪਣੇ ਆਗੂਆਂ ਅਤੇ ਵਰਕਰਾਂ ਦੀਆਂ ਡਿਊਟੀਆਂ ਫੌਜਾਂ ਨਾਲ ਸੰਪਰਕ ਕਰਨ ਦੀਆਂ ਲਗਾਈਆਂ ਗਈਆਂ। ਗ਼ਦਰ ਪਾਰਟੀ ਨੂੰ ਹਥਿਆਰਬੰਦ ਇਨਕਲਾਬ ਲਿਆਉਣ ਲਈ ਹਥਿਆਰਾਂ ਦੀ ਸਖ਼ਤ ਜ਼ਰੂਰਤ ਸੀ। ਹਥਿਆਰਾਂ ਦਾ ਪ੍ਰਬੰਧ ਕਰਨ ਦਾ ਇੰਚਾਰਜ ਪੰਡਤ ਜਗਤ ਰਾਮ ਹਰਿਆਣਾ ਨੂੰ ਲਾਇਆ ਗਿਆ। ਉਹ ਪੱਛਮੀ ਸਰਹੱਦੀ ਸੂਬੇ ਦੇ ਆਜ਼ਾਦ ਇਲਾਕੇ ਵਿੱਚ ਰਫ਼ਲਾਂ ਅਤੇ ਪਿਸਤੌਲਾਂ ਆਦਿ ਖਰੀਦਣ ਦਾ ਬੰਦੋਬਸਤ ਕਰਨ ਗਿਆ ਹੋਇਆ 23 ਨਵੰਬਰ, 1914 ਨੂੰ ਪਿਸ਼ਾਵਰ ਛਾਉਣੀ ਵਿੱਚੋਂ ਫੜ੍ਹਿਆ ਗਿਆ। ਉਹ ਪਿਸ਼ਾਵਰ ਵਿੱਚ ਲਾਲ ਚੰਦ, ਅਮੀਰ ਚੰਦ ਅਤੇ ਕੇਸ਼ੋ ਰਾਮ ਨੂੰ ਮਿਲਿਆ ਸੀ। ਇਨ੍ਹਾਂ ਤਿੰਨਾਂ ਨੂੰ ਫੜ੍ਹਕੇ ਸਰਹੱਦੀ ਜੁਰਮਾਂ ਤੇ ਕਾਇਦਿਆਂ ਅਨੁਸਾਰ ਸਜ਼ਾ ਦਿੱਤੀ ਗਈ।[3] ਇੰਸਪੈਕਟਰ ਅਹਿਮਦ ਖਾਨ, ਜਿਸ ਨੇ ਜਗਤ ਰਾਮ ਨੂੰ ਗ੍ਰਿਫਤਾਰ ਕੀਤਾ ਸੀ ਨੂੰ ਪੰਡਤ ਜਗਤ ਰਾਮ ਨੇ ਦੱਸਿਆ ਕਿ ਉਹ ਰਾਮ ਰੱਖਾ ਪੁੱਤਰ ਖਰੈਤੀ ਰਾਮ, ਝੀਵਰ, ਪਿੰਡ ਕੱਕੜ ਜਲੰਧਰ ਛਾਉਣੀ ਦਾ ਵਸਨੀਕ ਹੈ ਅਤੇ ਇੱਥੇ ਹਲਵਾਈ ਦੀ ਦੁਕਾਨ ਕਰਨ ਲਈ ਜਗ੍ਹਾ ਵੇਖਣ ਆਇਆ ਸੀ। ਗ੍ਰਿਫ਼ਤਾਰੀ ਉਪਰੰਤ ਜਗਤ ਰਾਮ ਵਿਰੁੱਧ ਧਾਰਾ 109, ਕ੍ਰਿਮੀਨਲ

---

1. ਚਰੰਜੀ ਲਾਲ ਕੰਗਣੀਵਾਲ ਜੀ ਦੇ ਲੇਖ ਭੁੱਲਿਆ-ਵਿਸਰਿਆ ਨਾਇਕ- ਗ਼ਦਰੀ ਬਾਬਾ ਜਗਤ ਰਾਮ ਵਿੱਚੋਂ।
2. ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ, ਪੰਨਾ 238
3. ਗੁਰਚਰਨ ਸਿੰਘ ਸੈਂਸਰਾ, ਗ਼ਦਰ ਪਾਰਟੀ ਦਾ ਇਤਿਹਾਸ, ਪੰਨਾ 183

ਪ੍ਰੋਸੀਜ਼ਰ ਕੋਡ ਦੇ ਤਹਿਤ ਕਾਰਵਾਈ ਕੀਤੀ ਗਈ।

ਪਹਿਲਾ ਲਾਹੌਰ ਸਾਜਿਸ਼ ਕੇਸ 26 ਅਪ੍ਰੈਲ, 1915 ਨੂੰ ਡੀਫ਼ੈਂਸ ਆਫ਼ ਇੰਡੀਆ ਅਧੀਨ ਲਾਹੌਰ ਜੇਲ੍ਹ ਅੰਦਰ ਸ਼ੁਰੂ ਹੋਇਆ। ਹੋਰਨਾਂ ਗ਼ਦਰੀਆਂ ਦੇ ਨਾਲ ਪੰਡਤ ਜਗਤ ਰਾਮ ਨੂੰ ਇਸ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। 13 ਸਤੰਬਰ ਨੂੰ ਟ੍ਰਿਬਿਊਨਲ ਨੇ ਆਪਣਾ ਫੈਸਲਾ ਸੁਣਾਇਆ। 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ, 27 ਨੂੰ ਉਮਰ ਕੈਦ ਕਾਲੇਪਾਣੀ ਅਤੇ ਬਾਕੀਆਂ ਨੂੰ ਉਮਰ ਕੈਦ ਤੋਂ ਕੁਝ ਘੱਟ ਸਜ਼ਾਵਾਂ ਹੋਈਆਂ। 24 ਫ਼ਾਂਸੀ ਵਾਲੀ ਗ਼ਦਰੀਆਂ ਵਿੱਚ ਪੰਡਤ ਜਗਤ ਰਾਮ ਵੀ ਸ਼ਾਮਲ ਸੀ। ਬਾਅਦ ਵਿੱਚ ਲਾਰਡ ਹਾਰਡਿੰਗ ਦੇ ਹੁਕਮਾਂ ਤਹਿਤ 17 ਗ਼ਦਰੀਆਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਕਾਲੇਪਾਣੀ ਅਤੇ ਜਾਇਦਾਦ ਜ਼ਬਤੀ ਵਿੱਚ ਬਦਲਿਆ ਗਿਆ। ਸੱਤ ਗ਼ਦਰੀਆਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀਸ ਸਿੰਘ ਗਿੱਲਵਾਲੀ, ਸੁਰਜਨ ਸਿੰਘ ਗਿੱਲਵਾਲੀ (ਵੱਡਾ) ਅਤੇ ਸੁਰਜਨ ਸਿੰਘ ਗਿੱਲਵਾਲੀ (ਛੋਟਾ) ਨੂੰ 16 ਨਵੰਬਰ, 1915 ਨੂੰ ਸੈਂਟਰਲ ਜੇਲ੍ਹ ਲਾਹੌਰ ਵਿੱਚ ਫਾਂਸੀ ਚਾਹੜਕੇ ਸ਼ਹੀਦ ਕਰ ਦਿੱਤਾ। ਇਹਨਾਂ ਗ਼ਦਰੀ ਯੋਧਿਆਂ ਦੀ ਸ਼ਹਾਦਤ ਬਾਰੇ ਇਹਨਾਂ ਦੇ ਯੁੱਧ ਸਾਥੀ ਪੰਡਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ) ਨੇ ਆਪਣੀ ਲਿਖੀ ਹੋਈ ਕਵਿਤਾ ਉਸ ਸਮੇਂ ਪੇਸ਼ ਕੀਤੀ ਸੀ।

ਫ਼ਖਰ ਹੈ ਭਾਰਤ ਕੋ ਐ ਕਰਤਾਰ,
ਤੂੰ ਜਾਤਾ ਹੈ ਆਜ।
ਜਗਤ ਔਰ ਪਿੰਗਲੇ ਕੋ ਭੀ
ਸਾਥ ਲੀਏ ਜਾਤਾ ਹੈ ਆਜ
ਹਮ ਤੁਮ੍ਹਾਰੇ ਮਿਸ਼ਨ ਕੋ
ਪੂਰਾ ਕਰੇਂਗੇ ਬਾਗੀਓ
ਕਸਮ ਹਰ ਹਿੰਦੀ ਤੁਮ੍ਹਾਰੇ ਖ਼ੂਨ ਕੀ
ਖਾਤਾ ਹੈ ਆਜ[1]

ਅੰਡੇਮਾਨ ਭੇਜਣ ਵਾਲੇ ਪ੍ਰਮੁੱਖ ਗ਼ਦਰੀਆਂ ਵਿੱਚ ਪੰਡਤ ਜਗਤ ਰਾਮ ਪ੍ਰਮੁੱਖ ਸਨ। ਉਹਨਾਂ ਨੂੰ ਹੋਰਾਂ ਸਾਥੀਆਂ ਨਾਲ ਲਾਹੌਰ ਤੋਂ ਸੀਖਾਂ ਵਾਲੇ ਬੰਦ ਡੱਬਿਆਂ ਵਿੱਚ ਕਲਕੱਤੇ ਲਿਜਾਇਆ ਗਿਆ। ਉੱਥੇ ਕੁਝ ਦਿਨ ਅਲੀਪੁਰ ਜੇਲ੍ਹ ਵਿੱਚ ਰੱਖਿਆ ਗਿਆ। ਫਿਰ 7 ਦਸੰਬਰ, 1915 ਨੂੰ ਹੋਰਨਾਂ ਸਾਥੀਆਂ ਸਮੇਤ ਕਲਕੱਤੇ ਤੋਂ ਐਸ.ਐਸ. ਮਹਾਰਾਜਾ ਉੱਤੇ ਸਵਾਰ ਕਰਕੇ 10 ਦਸੰਬਰ, 1915 ਦੀ ਸ਼ਾਮ ਨੂੰ ਪੋਰਟ ਬਲੇਅਰ ਪਹੁੰਚਾਇਆ ਗਿਆ। ਇੱਥੋਂ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਦੋ ਦੋ ਦੀਆਂ ਜੋੜੀਆਂ ਬਣਾ ਕੇ ਕਾਲੇਪਾਣੀ ਦੀ ਸੈਲੂਲਰ ਜੇਲ੍ਹ ਵਿੱਚ ਭੇਜ ਦਿੱਤਾ

1. ਗਿਆਨੀ ਹੀਰਾ ਸਿੰਘ ਦਰਦ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਨਾ 155

ਗਿਆ।

ਸੈਲੂਲਰ ਜੇਲ੍ਹ ਵਿੱਚ ਬੰਦ ਕੈਦੀਆਂ ਕੋਲੋਂ ਸਖ਼ਤ ਮੁਸ਼ੱਕਤ ਲਈ ਜਾਂਦੀ ਸੀ ਅਤੇ ਬਹੁਤ ਘਟੀਆ ਖਾਣਾ ਦਿੱਤਾ ਜਾਂਦਾ ਸੀ। ਜਿਸ ਦਾ ਵਰਨਣ ਬਾਬਾ ਵਿਸਾਖਾ ਸਿੰਘ ਦਦੇਹਰ ਨੇ ਕੀਤਾ ਹੈ।

ਅੰਡੇਮਾਨ ਦੇ ਅੰਦਰ ਜਾਂ ਅਸੀਂ ਪਹੁੰਚੇ,
ਅੰਦਰ ਕੋਠੀਆਂ ਬੰਦ ਕਰਾਇਆ ਸਾਨੂੰ।
ਲੱਕੜ ਮੂੰਗਲੀ ਦੇ ਕੇ ਸਾਡੇ ਤਾਈਂ,
ਛਿਲਕਾ ਰੱਖ ਕੇ ਕੋਲ ਸੁਣਾਇਆ ਸਾਨੂੰ।
ਪਿੱਛੋਂ ਖਾਣਾ ਨਿਕੰਮਾ ਤੇ ਬਹੁਤ ਥੋੜ੍ਹਾ,
ਤਾੜ-ਫਾੜ ਦੇ ਨਾਲ ਡਰਾਇਆ ਸਾਨੂੰ।
ਵੇਖੋ ਗੁਰਮੁਖੋ ਰੰਗ ਕਰਤਾਰ ਚੰਗਾ,
ਅੰਡੇਮਾਨ ਦੇ ਵਿੱਚ ਦਿਖਾਇਆ ਸਾਨੂੰ।
ਚੱਲ ਦੇ ਮੁਸ਼ੱਕਤ 'ਵਿਸਾਖ' ਭਾਈ,
ਭਾਣਾ ਉਸ ਮਹਾਰਾਜ ਵਰਤਾਇਆ ਸਾਨੂੰ।[1]

ਅੰਡੇਮਾਨ ਜੇਲ੍ਹ ਵਿੱਚ ਨਜ਼ਰਬੰਦਾਂ ਨਾਲ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਦਸੰਬਰ 1915 ਤੱਕ ਅੰਡੇਮਾਨ ਜੇਲ੍ਹ ਵਿੱਚ 40 ਗ਼ਦਰੀ ਕੈਦੀ ਪੁੱਜ ਚੁੱਕੇ ਸਨ। ਗ਼ਦਰੀ ਦੇਸ਼ ਭਗਤਾਂ ਤੋਂ ਪਹਿਲਾਂ ਇੱਥੇ ਬੰਗਾਲੀ ਇਨਕਲਾਬੀ ਅਤੇ ਹੋਰ ਕੈਦੀ ਸਜ਼ਾਵਾਂ ਭੁਗਤ ਰਹੇ ਸਨ। ਗ਼ਦਰੀਆਂ ਨੇ ਜੇਲ੍ਹ ਅਧਿਕਾਰੀਆਂ ਦੀਆਂ ਵਧੀਕੀਆਂ ਦੇ ਵਿਰੁੱਧ ਜੇਲ੍ਹ ਅੰਦਰ ਕਈ ਭੁੱਖ ਹੜਤਾਲਾਂ ਕੀਤੀਆਂ। ਅੰਡੇਮਾਨ ਅੰਦਰ ਗ਼ਦਰੀ ਕੈਦੀਆਂ ਨੇ ਪਹਿਲੀ ਹੜਤਾਲ ਕੰਮ ਦੀ 13 ਜਨਵਰੀ, 1916 ਨੂੰ ਕੀਤੀ ਸੀ। ਜਿਸ ਵਿੱਚ ਹੋਰਨਾਂ ਨਾਲ ਜਗਤ ਰਾਮ ਵੀ ਸ਼ਾਮਲ ਸੀ। ਕੰਮ ਤੋਂ ਇਨਕਾਰ ਕਰਨ 'ਤੇ 6-6 ਮਹੀਨੇ ਚੱਕੀ ਬੰਦ, ਘੱਟ ਖੁਰਾਕ, ਬੇੜੀਆਂ ਦੀਆਂ ਸਜ਼ਾਵਾਂ ਸੱਤ ਦੇਸ਼ ਭਗਤਾਂ ਨੂੰ ਮਿਲੀਆਂ ਸਨ। ਇਹ ਸਨ ਬਾਬਾ ਜਵਾਲਾ ਸਿੰਘ, ਭਾਈ ਹਜ਼ਾਰਾ ਸਿੰਘ, ਸਾਉਣ ਸਿੰਘ, ਭਾਈ ਖੁਸ਼ਹਾਲ ਸਿੰਘ, ਭਾਈ ਜਗਤ ਸਿੰਘ, ਸ੍ਰੀ ਜਗਤ ਰਾਮ ਤੇ ਮਾਸਟਰ ਊਧਮ ਸਿੰਘ ਕਸੇਲ।[2] ਮਜ਼ਬੂਤ ਇਰਾਦੇ ਵਾਲੇ ਪੰਡਤ ਜਗਤ ਰਾਮ ਦਾ ਸਰੀਰ ਇੰਨ੍ਹਾਂ ਜ਼ੁਲਮਾਂ ਤੇ ਜ਼ਿਆਦਤੀਆਂ ਨਾਲ ਏਨਾਂ ਕਮਜ਼ੋਰ ਹੋ ਗਿਆ ਕਿ ਉਹ ਸਾਥੀਆਂ ਦੀਆਂ ਜੱਦੋ ਜਹਿਦਾਂ ਵਿੱਚ ਸ਼ਾਮਲ ਹੋਣ ਤੋਂ ਅਸਮੱਰਥ ਹੋ ਗਏ। ਫਿਰ ਵੀ ਸਾਥੀਆਂ ਨਾਲ ਭਾਵਨਾਵਾਂ ਦੀ ਮਜ਼ਬੂਤੀ ਨੂੰ ਦੇਖਕੇ ਅੰਗਰੇਜ਼ ਅਧਿਕਾਰੀ ਖ਼ਤਰਨਾਕ ਮੁਜ਼ਰਮ ਹੀ ਸਮਝਦੇ ਰਹੇ। ਅੰਡੇਮਾਨ ਜੇਲ੍ਹ ਤੋੜਨ 'ਤੇ ਪੰਡਤ ਜੀ ਨਾਗਪੁਰ ਜੇਲ੍ਹ ਵਿੱਚ ਰੱਖੇ ਗਏ। ਫਿਰ ਫ਼ਿਰੋਜ਼ਪੁਰ, ਮੁਲਤਾਨ ਅਤੇ ਗੁਜਰਾਤ ਦੀਆਂ ਜੇਲ੍ਹ ਵਿੱਚ ਰੱਖਣ ਤੋਂ

---

1. ਬਿਕਰਮ ਸਿੰਘ ਘੁੰਮਣ, ਸੰਤ ਬਾਬਾ ਵਿਸਾਖਾ ਸਿੰਘ, ਪੰਨਾ 88
2. ਚਰੰਜੀ ਜੀ ਲਾਲ ਕੰਗਣੀਵਾਲ, ਜੀਵਨੀ ਗ਼ਦਰੀ ਬਾਬਾ ਸ਼ਹੀਦ ਮਾ. ਊਧਮ ਸਿੰਘ ਕਸੇਲ ਪੰਨਾ 45

ਬਾਅਦ ਸੰਨ 1934 ਵਿੱਚ ਰਿਹਾਅ ਕੀਤੇ ਗਏ। ਗੁਜਰਾਤ ਦੀ ਜੇਲ੍ਹ ਵਿੱਚ ਉਹਨਾਂ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ ਸੀ। ਇਸੇ ਕਰਕੇ ਡਾ. ਗੋਪੀ ਚੰਦ ਭਾਰਗੋ, ਐਮ.ਏ. ਅਨਸਾਰੀ ਉਚੇਚਾ ਜੇਲ੍ਹ ਵਿੱਚ ਪਹੁੰਚ ਕੇ ਉਹਨਾਂ ਦਾ ਇਲਾਜ ਕਰਦੇ ਰਹੇ।[1]

ਜੇਲ੍ਹ ਵਿੱਚੋਂ ਰਿਹਾਈ ਉਪਰੰਤ ਉਹਨਾਂ 'ਤੇ ਕਈ ਬੰਦਸ਼ਾਂ ਲਗਾਈਆਂ ਗਈਆਂ। 1939-1943 ਦੌਰਾਨ ਉਹ ਸਿਆਸੀ ਤੌਰ 'ਤੇ ਸਰਗਰਮ ਰਹੇ ਅਤੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਦੇਸ਼ ਆਜ਼ਾਦ ਹੋਣ ਉਪਰੰਤ 1952 ਵਿੱਚ ਪੰਜਾਬ ਅਸੈਂਬਲੀ ਦੀਆਂ ਪਹਿਲੀ ਵਾਰ ਹੋਈਆਂ ਚੋਣਾਂ ਵਿੱਚ ਉਹ ਹੁਸ਼ਿਆਰਪੁਰ (ਜਨਰਲ) ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਪੰਜਾਬ ਅਸੈਂਬਲੀ ਲਈ ਚੁਣੇ ਗਏ। ਇਸ ਸਮੇਂ ਉਹਨਾਂ ਦਾ ਮੁੱਖ ਮੁਕਾਬਲਾ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਬਾਬਾ ਹਰਨਾਮ ਸਿੰਘ ਟੁੰਡੀਲਾਟ ਨਾਲ ਸੀ। ਦੋਵੇਂ ਉਮੀਦਵਾਰ ਹੀ ਕੁਰਬਾਨੀ ਦੇ ਪੁੰਜ ਅਤੇ ਪ੍ਰਮੁੱਖ ਗ਼ਦਰੀ ਯੋਧੇ ਸਨ। ਅੰਤ ਪੰਡਤ ਜਗਤ ਰਾਮ 3 ਜਨਵਰੀ, 1955 ਨੂੰ ਦਿੱਲੀ ਦੇ ਇੱਕ ਹਸਪਤਾਲ ਵਿੱਚ ਸਦੀਵੀਂ ਵਿਛੋੜਾ ਦੇ ਗਏ। ਹੁਸ਼ਿਆਰਪੁਰ ਵਿਖੇ ਉਹਨਾਂ ਦੇ ਨਾਂ 'ਤੇ ਪੰਡਤ ਜਗਤ ਰਾਮ ਸਰਕਾਰੀ ਪੋਲੀਟੈਕਨਿਕ ਕਾਲਜ ਬਣਿਆ ਹੋਇਆ ਹੈ। ਅੱਜ ਨਵੀਂ ਪੀੜ੍ਹੀ ਨੂੰ ਪੰਡਤ ਜਗਤ ਰਾਮ ਜਿਹੇ ਯੋਧਿਆਂ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।

1. ਚਰੰਜੀ ਜੀ ਲਾਲ ਕੰਗਣੀਵਾਲ ਦੇ ਲੇਖ ਭੁੱਲਿਆ ਵਿਸਰਿਆ ਨਾਇਕ-ਗ਼ਦਰੀ ਜਗਤ ਰਾਮ ਵਿੱਚੋਂ।

# ਲਾਲਾ ਠਾਕਰ ਦਾਸ ਧੂਰੀ (ਧੂਰਾ)

ਲਾਲਾ ਠਾਕਰ ਦਾਸ ਧੂਰੀ (ਧੂਰਾ) ਦਾ ਜਨਮ ਪਿਤਾ ਸਾਵਣ ਰਾਮ ਦੇ ਘਰ ਮਾਤਾ ਕਰਮੋ ਦੇਵੀ ਦੀ ਕੁੱਖੋਂ ਗੌੜ ਬ੍ਰਾਹਮਣ ਪਰਿਵਾਰ ਵਿੱਚ ਪਟਿਆਲਾ ਰਿਆਸਤ ਦੇ ਪਿੰਡ ਧੂਰਾ (ਨਜ਼ਦੀਕ ਧੂਰੀ) (ਹੁਣ ਜ਼ਿਲ੍ਹਾ ਬਰਨਾਲਾ) ਵਿੱਚ 10 ਅਗਸਤ, 1880 ਈ: ਨੂੰ ਹੋਇਆ। ਠਾਕਰ ਦਾਸ ਦੇ ਪਿਤਾ ਜ਼ਮੀਨ ਜਾਇਦਾਦ ਦੇ ਮਾਲਕ ਸਨ ਅਤੇ ਪਰਿਵਾਰ ਸਰਦਾ ਪੁੱਜਦਾ ਸੀ। ਠਾਕਰ ਦਾਸ ਹੋਰਾਂ ਛੇਵੀਂ ਜਮਾਤ ਤੱਕ ਦੀ ਪੜ੍ਹਾਈ ਰਿਆਸਤ ਪਟਿਆਲਾ ਵਲੋਂ ਧੂਰੀ ਵਿਖੇ ਚਲਾਏ ਜਾ ਰਹੇ ਲੋਇਰ ਮਿਡਲ ਸਕੂਲ ਤੋਂ ਪ੍ਰਾਪਤ ਕੀਤੀ। 1895 ਈ: ਵਿੱਚ ਉਹਨਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਠਾਕਰ ਦਾਸ ਦਾ ਵਿਆਹ 1900 ਈ: ਦੇ ਆਸ-ਪਾਸ ਧੂਰੀ ਦੇ ਨੇੜੇ ਈਸੜੇ ਪਿੰਡ ਵਿਖੇ ਦੁਰਗਾ ਦੇਵੀ ਜੀ ਨਾਲ ਹੋਇਆ, ਜੋ ਆਪਣੇ ਮਾਪਿਆਂ ਦੀ ਇਕਲੌਤੀ ਬੇਟੀ ਸੀ। ਜਿਨ੍ਹਾਂ ਦੇ ਘਰ 1901-02 ਦੇ ਕਰੀਬ ਪੁੱਤਰ ਸ੍ਰੀ ਇੰਦਰ ਰਾਜ ਜੀ ਦਾ ਜਨਮ ਹੋਇਆ।[1] ਆਪਣੇ ਪਿਤਾ ਜੀ ਦੀ ਮੌਤ ਹੋ ਜਾਣ ਪਿੱਛੋਂ ਠਾਕਰ ਦਾਸ ਆਪਣੇ ਨੌਨਹਿਰੇ ਪਿੰਡ ਰੁਪਾਲੋਂ ਰਹਿਣ ਲੱਗ ਪਏ। ਰੁਪਾਲੋਂ ਪਿੰਡ ਰਹਿਣ ਸਮੇਂ ਉਹਨਾਂ ਕਰਿਆਨੇ ਦੀ ਦੁਕਾਨ ਵੀ ਖੋਲ੍ਹੀ ਰੱਖੀ, ਹੋ ਸਕਦਾ ਹੈ ਇਸੇ ਕਰਕੇ ਉਨ੍ਹਾਂ ਦੇ ਨਾਂ ਨਾਲ ਅਗੇਤਰ 'ਲਾਲਾ' ਜੁੜ ਗਿਆ ਹੋਵੇ।

ਰਾਮ ਲਾਲ ਪ੍ਰੇਮੀ ਮੇਲਾ ਗ਼ਦਰੀ ਬਾਬਿਆਂ ਦੇ ਸੋਵੀਨਾਰ (2001) ਵਿੱਚ ਲਿਖਦੇ ਹਨ ਕਿ ਉਹਨਾਂ ਨੇ ਸਮਰਾਲੇ ਦੇ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਪਰ ਬਾਬਾ ਜੀ ਦੇ ਜੀਵਨ ਸਬੰਧੀ ਖੋਜ ਕਰਤਾ ਪਵਨ ਹਰਚੰਦਪੁਰੀ ਜੀ ਦੇ ਅਨੁਸਾਰ ਹੋ ਸਕਦਾ ਕਿ ਉਹਨਾਂ ਲਾਹੌਰ ਵਿਖੇ ਪੜ੍ਹਾਈ ਕੀਤੀ ਹੋਵੇ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਠਾਕਰ ਦਾਸ ਹੋਰਾਂ ਲਾਹੌਰ ਵਿਖੇ ਰੇਲਵੇ ਵਿਭਾਗ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਇੱਥੋਂ ਹੀ ਉਹਨਾਂ ਦੇ ਕ੍ਰਾਂਤੀਕਾਰੀ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਲਾਹੌਰ ਉਸ ਸਮੇਂ ਦੇਸ਼ ਭਗਤਾਂ ਅਤੇ ਇਨਕਲਾਬੀਆਂ ਦਾ ਗੜ੍ਹ ਸੀ। ਲਾਹੌਰ ਵਿਖੇ ਉਹਨਾਂ ਦਾ ਸੰਪਰਕ ਸੂਫ਼ੀ ਅੰਬਾ ਪ੍ਰਸ਼ਾਦ, ਸਰਦਾਰ ਅਜੀਤ ਸਿੰਘ ਅਤੇ ਲਾਲਾ ਹਰਦਿਆਲ ਵਰਗੇ ਕ੍ਰਾਂਤੀਕਾਰੀਆਂ ਨਾਲ ਹੋਇਆ।

ਠਾਕਰ ਦਾਸ ਬਾਰੇ ਗ਼ਦਰ ਡਾਇਰੈਕਟਰੀ ਪੰਜਾਬ ਸੈਕਸ਼ਨ ਵਾਲਿਊਮ 4, 1913-1915 ਵਿੱਚ ਜ਼ਿਕਰ ਆਉਂਦਾ ਹੈ ਕਿ, "ਠਾਕਰ ਦਾਸ, ਉਰਫ਼ ਗੁਲਾਮ ਹੁਸੈਨ, ਸਾਵਣ ਰਾਮ ਬ੍ਰਾਹਮਣ ਦਾ ਪੁੱਤਰ, ਧੂਰੀ, ਪਟਿਆਲਾ ਇੱਕ ਬਦਨਾਮ ਅੰਦੋਲਨਕਾਰੀ, ਜੋ ਪਹਿਲੀ ਵਾਰ 1905 ਵਿੱਚ ਅਮਰੀਕਾ ਗਿਆ ਸੀ। ਅਮਰੀਕਾ ਪਹੁੰਚ ਕੇ ਉਹ ਨਿਊਯਾਰਕ ਬਾਰ ਐਸੋਸੀਏਸ਼ਨ ਦੇ ਵਕੀਲਾਂ ਵਲੋਂ ਬਣਾਏ ਗਏ ਇੰਡੀਆ ਹਾਊਸ ਵਿੱਚ ਰਲ ਗਿਆ ਅਤੇ ਅੰਗਰੇਜ਼ਾਂ ਵਿਰੁੱਧ ਬਾਗੀਆਨਾਂ ਤਕਰੀਰਾਂ

1. ਜੀਵਨ ਸੰਗਰਾਮ ਬਾਬਾ ਠਾਕਰ ਦਾਸ ਧੂਰਾ (ਸੰਯੁਕਤ ਸਕੱਤਰ) ਗ਼ਦਰ ਪਾਰਟੀ,, ਪਵਨ ਹਰਚੰਦਪੁਰੀ, ਪੰਨਾ 37

ਕਰਨ ਲੱਗ ਪਿਆ। 1907 ਵਿੱਚ ਵਾਪਸ ਭਾਰਤ ਆ ਕੇ ਲਾਹੌਰ ਅੰਦਰ ਭਾਰਤ ਮਾਤਾ ਸੁਸਾਇਟੀ ਨਾਂ ਦੇ ਸੰਗਠਨ ਨੂੰ ਸਰਗਰਮ ਕੀਤਾ।[1]

ਉਹਨਾਂ ਰਾਮ ਸ਼ਰਨ ਦਾਸ ਤਲਵਾੜ ਨਾਲ ਮਿਲਕੇ ਕਪੂਰਥਲਾ ਵਿਖੇ ਇਨਕਲਾਬੀ ਸਾਹਿਤ ਛਾਪਣ ਲਈ ਵੀ ਕੰਮ ਕੀਤਾ। ਰਾਮ ਸ਼ਰਨ ਦਾਸ ਜੀ ਲਿਖਦੇ ਹਨ ਕਿ, "ਲਿਬਰਟੀ ਦੇ ਅਖਬਾਰ ਜੋ ਲਾਹੌਰ ਦੇ ਸਾਰੇ ਕਾਲਜਾਂ ਵਿੱਚ ਵੰਡੇ ਗਏ ਸਨ, ਉਹ ਕਪੂਰਥਲਾ ਵਿੱਚ ਹੀ ਛਪੇ ਸਨ, ਅੰਗਰੇਜ਼ੀ ਦੀ ਕੰਪੋਜ਼ਿਗ ਮੈਂ ਕਰਦਾ ਸੀ ਹਿੰਦੀ, ਗੁਰਮੁਖੀ ਤੇ ਉਰਦੂ ਦੀ ਕੰਪੋਜਿੰਗ ਠਾਕਰ ਦਾਸ ਕਰਦਾ ਸੀ।[2] ਇਸ ਸਮੇਂ ਠਾਕਰ ਦਾਸ ਧੂਰਾ ਦੇ ਬੰਗਾਲ ਦੀ ਇਨਕਲਾਬੀ ਪਾਰਟੀ ਨਾਲ ਵੀ ਸਬੰਧ ਸਥਾਪਿਤ ਹੋ ਗਏ। ਕਪੂਰਥਲਾ ਪ੍ਰੈਸ ਵਿੱਚ ਕੰਮ ਕਰਦੇ ਸਮੇਂ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਪਰ ਬਾਅਦ ਵਿੱਚ ਜ਼ਮਾਨਤ ਦੇ ਕੇ ਛੁਡਾਅ ਲਿਆ ਗਿਆ।

1907-08 ਦੌਰਾਨ ਉਹ ਸਰਦਾਰ ਅਜੀਤ ਸਿੰਘ ਨਾਲ ਲਾਹੌਰ ਦੇ ਕਿਸੇ ਮੰਦਰ ਵਿੱਚ ਰੂਪੋਸ਼ ਹੋ ਕੇ ਕਾਫ਼ੀ ਸਮਾਂ ਇਕੱਠੇ ਰਹੇ। 1908 ਈ: ਵਿੱਚ ਉਹ ਆਪਣੇ ਸਾਥੀ ਰਾਮਦਾਸ ਸਰਾਲੀਆਂ ਸਮੇਤ ਪਟਿਆਲਾ ਰਿਆਸਤ ਵਿੱਚ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਪ੍ਰਚਾਰ ਕਰਦੇ ਫੜੇ ਗਏ। ਪਟਿਆਲਾ ਜੇਲ੍ਹ ਵਿੱਚ ਬੰਦ ਰਹੇ। ਇੱਕ ਦਿਨ ਮੌਕਾ ਤਾੜ ਕੇ ਜੇਲ੍ਹ ਵਿੱਚੋਂ ਫਰਾਰ ਹੋ ਗਏ। ਉਹ 1909 ਈ: ਵਿੱਚ ਗੁਪਤ ਤੌਰ 'ਤੇ ਦੇਸ਼ ਛੱਡ ਗਏ। ਇਸ ਸਮੇਂ ਉਹਨਾਂ ਈਰਾਨ ਵਿੱਚ ਜਾ ਕੇ ਸਰਦਾਰ ਅਜੀਤ ਸਿੰਘ ਅਤੇ ਸੂਫੀ ਅੰਬਾ ਪ੍ਰਸ਼ਾਦ ਨੂੰ ਉਹਨਾਂ ਦੀ ਹੋਣ ਵਾਲੀ ਗ੍ਰਿਫ਼ਤਾਰੀ ਤੋਂ ਸੁਚੇਤ ਕੀਤਾ। ਈਰਾਨ ਤੋਂ ਉਹ ਗੁਲਾਮ ਹੁਸੈਨ ਦੇ ਨਾਂ ਹੇਠ ਪਾਸਪੋਰਟ ਬਣਾਕੇ ਪੈਰਿਸ (ਫ਼ਰਾਸ) ਲਈ ਰਵਾਨਾ ਹੋ ਗਏ। ਉਹ ਪੈਰਿਸ ਜਾ ਕੇ ਮੈਡਮ ਕਾਮਾ ਨੂੰ ਮਿਲੇ। ਉੱਥੋਂ 25 ਅਗਸਤ, 1912 ਨੂੰ ਅਮਰੀਕਾ ਲਈ ਚੱਲ ਪਏ।[3]

ਜਦ ਗ਼ਦਰ ਪਾਰਟੀ ਦੀ ਸਥਾਪਨਾ ਹੋਈ ਤਾਂ ਠਾਕਰ ਦਾਸ ਧੂਰੀ ਜੀ ਦਾ ਅਹਿਮ ਰੋਲ ਸੀ। 1912 ਦੇ ਸ਼ੁਰੂ ਵਿੱਚ ਪੋਰਟਲੈਂਡ ਵਿਖੇ ਇੱਕ ਇਕੱਠ ਕੀਤਾ ਗਿਆ। ਜਿਸ ਵਿੱਚ ਅਮਰੀਕਾ ਖਿੱਤੇ ਦੇ ਵੱਡੀ ਗਿਣਤੀ ਵਿੱਚ ਭਾਰਤੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਬਣਾਈ ਜਾਵੇ। ਇਸ ਦੇ ਦਫ਼ਤਰ ਲਈ ਪੋਰਟਲੈਂਡ ਵਿਖੇ ਇੱਕ ਮਕਾਨ ਕਿਰਾਏ 'ਤੇ ਲਿਆ ਗਿਆ। ਜਥੇਬੰਦੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਗੁਰੂ ਦੱਤ ਕੁਮਾਰ ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਚੁਣੇ ਗਏ। ਉਰਦੂ ਵਿੱਚ 'ਹਿੰਦੁਸਤਾਨ' ਨਾਂ ਦਾ ਸਪਤਾਹਿਕ ਪਰਚਾ ਕੱਢਣ ਦਾ ਫੈਸਲਾ ਵੀ ਹੋਇਆ, ਪਰ ਜੀ.ਡੀ. ਕੁਮਾਰ ਦੇ ਬਿਮਾਰ ਹੋਣ ਸਦਕਾ ਪਰਚਾ ਜਾਰੀ ਨਾ ਹੋ ਸਕਿਆ। ਫਿਰ ਲਾਲਾ ਠਾਕੁਰ ਦਾਸ ਧੂਰੀ ਦੀ ਸਲਾਹ

---

1. ਜੀਵਨ ਸੰਗਰਾਮ ਬਾਬਾ ਠਾਕੁਰ ਦਾਸ ਧੂਰਾ, ਪਵਨ ਹਰਚੰਦਪੁਰੀ, ਪੰਨਾ 19
2. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 49
3. ਸੰਗਰੂਰ ਜ਼ਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ, ਬਲਵੀਰ ਲੌਂਗੋਵਾਲ, ਪੰਨਾ 67

’ਤੇ ਬਾਬਾ ਸੋਹਣ ਸਿੰਘ ਭਕਨਾ ਅਤੇ ਪੰਡਤ ਕਾਂਸ਼ੀ ਰਾਮ ਨੇ ਲਾਲਾ ਹਰਦਿਆਲ ਨੂੰ ਪੋਰਟਲੈਂਡ ਆਉਣ ਦਾ ਸੱਦਾ ਦਿੱਤਾ। ਲਾਲਾ ਹਰਦਿਆਲ 25 ਮਾਰਚ, 1913 ਨੂੰ ਕੈਲੈਫੋਰਨੀਆ ਤੋਂ ਸੇਂਟਜਾਨ ਪੰਡਤ ਕਾਸ਼ੀ ਰਾਮ ਦੇ ਡੇਰੇ ਪੁੱਜ ਗਏ। ਇੱਥੇ ਰਾਤ ਨੂੰ ਪੰਡਤ ਕਾਂਸ਼ੀ ਰਾਮ ਦੇ ਡੇਰੇ ’ਤੇ ਭਾਰਤੀ ਮਜ਼ਦੂਰਾਂ ਕਿਸਾਨਾਂ ਦੀ ਇੱਕ ਭਰਵੀਂ ਮੀਟਿੰਗ ਹੋਈ, ਜਿਸ ਵਿੱਚ ਲਾਲਾ ਹਰਦਿਆਲ, ਪੰਡਤ ਕਾਂਸ਼ੀ ਰਾਮ ਸਮੇਤ ਹੋਰ ਦੇਸ਼ ਭਗਤਾਂ ਨੇ ਵੀ ਆਪਣੇ ਵਿਚਾਰ ਰੱਖੇ। 31 ਮਾਰਚ, 1913 ਨੂੰ ਬਰਾਈਡਲਵਿਲ, 7 ਅਪ੍ਰੈਲ, 1913 ਨੂੰ ਲਿੰਟਨ, 14 ਅਪ੍ਰੈਲ ਨੂੰ ਰਿਆਸਤ ਵਾਸ਼ਿੰਗਟਨ ਦੇ ਕਸਬੇ ਵਾਨਾ (ਵਿਆਨਾ) ਵਿਖੇ ਭਰਵੇਂ ਇਕੱਠ ਹੋਏ। ਵੱਖ-ਵੱਖ ਥਾਂਈਂ ਮੀਟਿੰਗਾਂ ਅਤੇ ਬ੍ਰਾਂਚਾਂ ਕਾਇਮ ਕਰਨ ਪਿੱਛੋਂ 21 ਅਪ੍ਰੈਲ, 1913 ਨੂੰ ਆਸਟੋਰੀਆ ਵਿਖੇ ਬਾਬਾ ਕੇਸਰ ਸਿੰਘ ਜੀ ਠੱਠਗੜ੍ਹ ਦੇ ਡੇਰੇ ਵੱਡਾ ਇਕੱਠ ਹੋਇਆ, ਜਿਸ ਵਿੱਚ ਸਰਬ ਸਾਂਝੀ ਜਥੇਬੰਦੀ ਬਣਾਉਣ ਦਾ ਫੈਸਲਾ ਹੋਇਆ ਅਤੇ ਫੈਸਲਾ ਕੀਤਾ ਗਿਆ ਕਿ ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਦੀ ਥਾਂ ’ਤੇ ਹਿੰਦੀ ਐਸੋਸੀਏਸ਼ਨ ਹੀ ਰੱਖਿਆ ਜਾਵੇ, ਜੋ ਸੁਖਾਲਾ ਹੈ। ਸਰਬਸੰਮਤੀ ਨਾਲ ਹੋਈ ਪਾਰਟੀ ਦੀ ਚੋਣ ਵਿੱਚ ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ, ਕੇਸਰ ਸਿੰਘ ਠੱਠਗੜ੍ਹ ਮੀਤ-ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਲਾਲਾ ਠਾਕਰ ਦਾਸ ਧੂਰੀ ਸੰਯੁਕਤ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਮੜੌਲੀ ਖ਼ਜ਼ਾਨਚੀ ਚੁਣੇ ਗਏ। ਦਸੰਬਰ 1913 ਵਿੱਚ ਪਾਰਟੀ ਦੀ ਸੈਕਰਾਮੈਂਟੋ ਵਿੱਚ ਭਰਵੀਂ ਕਾਨਫਰੰਸ ਹੋਈ, ਜਿਸ ਪਿੱਛੋਂ ਇਹ ਪਾਰਟੀ ਸਰਬ ਅਮਰੀਕਨ ਬਣ ਗਈ।

1914 ਈਃ ਤੋਂ ਬਾਅਦ ਉਹਨਾਂ ਦੀਆਂ ਸਰਗਰਮੀਆਂ ਖੋਜ ਦੀ ਮੰਗ ਕਰਦੀਆਂ ਹਨ। ਅਠਾਰਾਂ ਸਾਲ ਬਾਅਦ 19 ਅਗਸਤ, 1932 ਨੂੰ ਉਹਨਾਂ ਦਾ ਇੱਕ ਪੱਤਰ ਆਪਣੇ ਪੁੱਤਰ ਇੰਦਰ ਰਾਜ ਨੂੰ ਆਇਆ, ਜਿਸ ਵਿੱਚ ਉਹਨਾਂ ਨੇ ਜ਼ਿਕਰ ਕੀਤਾ ਕਿ ਉਹਨਾਂ 1916 ਈਃ ਵਿੱਚ ਇੱਕ ਅਮਰੀਕਨ ਔਰਤ ਨਾਲ ਸ਼ਾਦੀ ਕਰਵਾ ਲਈ ਸੀ। ਫੇਰ 4 ਮਾਰਚ, 1933 ਈਃ ਦੇ ਪੱਤਰ ਵਿੱਚ ਲਿਖਿਆ ਹੈ ਕਿ ਉਹਨਾਂ ਦੇ ਘਰ ਵਾਲੀ ਦਾ ਨਾਂ ਮੋਡੇ. ਆਰ. ਸ਼ਰਮਨ ਹੈ। ਬਾਬਾ ਠਾਕੁਰ ਦਾਸ ਧੂਰਾ ਜੀ ਦੇ ਜੀਵਨੀਕਾਰ ਪਵਨ ਹਰਚੰਦਪੁਰੀ ਦੀ ਖੋਜ ਮੁਤਾਬਕ ਉਹਨਾਂ ਦੀ ਅਮਰੀਕਨ ਘਰਵਾਲੀ ਮੋਡੇ ਰਾਲਸਟਨ ਦੀ 16 ਅਪ੍ਰੈਲ, 1951 ਨੂੰ ਮੌਤ ਹੋ ਗਈ। ਉਸ ਤੋਂ ਬਾਅਦ 27 ਅਪ੍ਰੈਲ, 1951 ਨੂੰ ਬਾਬਾ ਠਾਕਰ ਦਾਸ ਜੀ ਦੀ ਵੀ ਰਹੱਸਮਈ ਮੌਤ ਹੋ ਗਈ।

# ਬਾਬਾ ਨਿਧਾਨ ਸਿੰਘ ਚੁੱਘਾ

ਬਾਬਾ ਨਿਧਾਨ ਸਿੰਘ ਚੁੱਘਾ ਸਿਰਕੱਢ ਗ਼ਦਰੀ ਸਨ। ਬਾਬਾ ਨਿਧਾਨ ਸਿੰਘ ਚੁੱਘਾ ਦਾ ਜਨਮ ਭਾਈ ਸੁੰਦਰ ਸਿੰਘ ਦੇ ਘਰ ਪਿੰਡ ਚੁੱਘਾ ਕਲਾਂ ਤਹਿਸੀਲ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ) ਵਿਖੇ ਮਾਤਾ ਨੰਦਾਂ ਦੀ ਕੁੱਖੋਂ ਹੋਇਆ। ਭਾਈ ਨਿਧਾਨ ਸਿੰਘ ਹੋਰੀਂ ਪੰਜ ਭਰਾ ਅਤੇ ਦੋ ਭੈਣਾਂ ਸਨ। ਭਾਈ ਉੱਤਮ ਸਿੰਘ ਆਪ ਤੋਂ ਵੱਡੇ ਸਨ ਅਤੇ ਭਗਵਾਨ ਸਿੰਘ, ਗਿਆਨ ਸਿੰਘ ਅਤੇ ਸ਼ਾਮ ਸਿੰਘ ਆਪ ਤੋਂ ਛੋਟੇ ਸਨ। ਭੈਣਾਂ ਦੇ ਨਾਂ ਪ੍ਰੇਮੀ ਅਤੇ ਖੇਮੀ ਸਨ।[1]

ਉਹਨਾਂ ਸੰਤ ਸਾਈਂ ਦਾਸ ਦੇ ਡੇਰੇ ਤੋਂ ਗੁਰਮੁਖੀ ਅੱਖਰਾਂ ਦਾ ਗਿਆਨ ਪ੍ਰਾਪਤ ਕੀਤਾ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬੀ ਕਿਸਾਨ ਰੋਜ਼ਗਾਰ ਲਈ ਵਿਦੇਸ਼ ਜਾਣੇ ਸ਼ੁਰੂ ਹੋ ਗਏ। ਇਸ ਸਮੇਂ ਬਾਬਾ ਜੀ ਦੇ ਵੱਡੇ ਭਰਾ ਉੱਤਮ ਸਿੰਘ ਪਿੰਡ ਦੇ ਕੁਝ ਹੋਰ ਕਿਸਾਨਾਂ ਨਾਲ ਸ਼ੰਘਾਈ ਚਲੇ ਗਏ। ਕੁਝ ਸਮੇਂ ਬਾਅਦ ਭਾਈ ਨਿਧਾਨ ਸਿੰਘ ਵੀ ਆਪਣੇ ਭਰਾ ਉੱਤਮ ਸਿੰਘ ਪਾਸ ਸ਼ੰਘਾਈ ਪਹੁੰਚ ਗਏ। ਬਾਅਦ ਵਿੱਚ ਉਹਨਾਂ ਨੇ ਆਪਣੇ ਭਰਾ ਭਗਵਾਨ ਸਿੰਘ ਨੂੰ ਵੀ ਆਪਣੇ ਕੋਲ ਬੁਲਾ ਲਿਆ। ਸ਼ੰਘਾਈ ਵਿਖੇ ਭਾਈ ਨਿਧਾਨ ਸਿੰਘ ਨੇ ਆਟਾ ਪੀਸਣ ਦਾ ਕੰਮ ਸ਼ੁਰੂ ਕਰ ਲਿਆ। ਨੌਂ ਦਸ ਸਾਲ ਖ਼ੂਬ ਦਿਲ ਲਾ ਕੇ ਕੰਮ ਕੀਤਾ ਅਤੇ ਚੰਗੇ ਪੈਸੇ ਕਮਾਏ।[2] ਪਰ ਇਸ ਦਹਾਕੇ ਦੌਰਾਨ ਉਹਨਾਂ ਦੇ ਭਰਾ ਉੱਤਮ ਸਿੰਘ ਅਤੇ ਪਿਤਾ ਸੁੰਦਰ ਸਿੰਘ ਜੀ ਰੱਬ ਨੂੰ ਪਿਆਰੇ ਹੋ ਗਏ। ਭਾਈ ਨਿਧਾਨ ਸਿੰਘ ਨੂੰ ਇਹਨਾ ਮੌਤਾਂ ਨਾਲ ਗਹਿਰਾ ਸਦਮਾ ਪੁੱਜਿਆ। ਉਨ੍ਹਾਂ ਆਪਣੇ ਭਰਾ ਭਗਵਾਨ ਸਿੰਘ ਨੂੰ ਪੱਕੇ ਤੌਰ 'ਤੇ ਪਿੰਡ ਰਹਿਣ ਲਈ ਆਖ ਦਿੱਤਾ ਅਤੇ ਆਪਣੇ ਛੋਟੇ ਭਰਾ ਗਿਆਨ ਸਿੰਘ ਨੂੰ ਚੀਨ ਸੱਦ ਲਿਆ ਅਤੇ ਬਾਅਦ ਵਿੱਚ ਉਸ ਨੂੰ ਆਸਟਰੇਲੀਆ ਭੇਜ ਦਿੱਤਾ। ਸ਼ੰਘਾਈ ਵੱਸਦੇ ਹਿੰਦੀਆਂ ਵਿੱਚ ਵਿਸ਼ੇਸ਼ ਕਰਕੇ ਸਿੱਖ ਸੰਗਤ ਵਿੱਚ ਉਹਨਾਂ ਦਾ ਚੰਗਾ ਅਸਰ ਰਸੂਖ ਬਣਿਆ ਹੋਇਆ ਸੀ। ਸ਼ੰਘਾਈ ਵਿੱਚ ਰਹਿੰਦੇ ਸਿੱਖਾਂ ਨੇ ਇੱਕ ਗੁਰਦੁਆਰੇ ਦੀ ਉਸਾਰੀ ਲਈ ਸਕੀਮ ਬਣਾਈ ਤਾਂ ਬਾਬਾ ਜੀ ਨੂੰ ਸਰਬਸੰਮਤੀ ਲਈ ਇਸ ਮੰਤਵ ਲਈ ਬਣਾਈ ਕਮੇਟੀ ਦਾ ਖ਼ਜ਼ਾਨਚੀ ਬਣਾਇਆ। ਬਾਬਾ ਜੀ 32 ਸਾਲ ਸ਼ੰਘਾਈ ਵਿੱਚ ਰਹੇ। ਆਪ ਸ਼ੁਰੂ ਤੋਂ ਲੈ ਕੇ ਅਮਰੀਕਾ ਜਾਣ ਤੱਕ ਗੁਰਦੁਆਰਾ ਕਮੇਟੀ ਦੇ ਖ਼ਜ਼ਾਨਚੀ ਰਹੇ।

ਸ਼ੰਘਾਈ ਵਿੱਚ ਰਹਿਣ ਸਮੇਂ ਨਿਧਾਨ ਸਿੰਘ ਨੇ 'ਮੈਹਰੀ' ਨਾਂ ਦੀ ਚੀਨੀ ਔਰਤ ਨਾਲ ਗੁਰ-ਮਰਿਯਾਦਾ ਅਨੁਸਾਰ ਵਿਆਹ ਕਰਵਾ ਲਿਆ ਅਤੇ ਉਹਨਾਂ ਦੇ ਘਰ ਇੱਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਬਿਜੈ ਸਿੰਘ ਰੱਖਿਆ ਗਿਆ।

1910 ਵਿੱਚ ਭਾਈ ਨਿਧਾਨ ਸਿੰਘ ਚੁੱਘਾ ਸਿਆਟਲ ਹੁੰਦੇ ਹੋਏ ਕੈਲੇਫੋਰਨੀਆ ਪਹੁੰਚੇ। ਇੱਥੇ ਪਹੁੰਚ ਕੇ ਭਾਈ ਨਿਧਾਨ ਸਿੰਘ ਨੂੰ ਬਾਗਾਂ ਵਿੱਚ

---

1. ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ, ਡਾ. ਸੁਰਜੀਤ ਚੰਦਰ, ਪੰਨਾ 29
2. ਉਹੀ, ਪੰਨਾ 35

ਮਜ਼ਦੂਰੀ ਦਾ ਕੰਮ ਮਿਲ ਗਿਆ। ਜਦੋਂ ਬਾਗਾਂ ਵਿੱਚ ਫ਼ਲ ਤੋੜਣ ਦਾ ਕੰਮ ਘਟਦਾ ਤਾਂ ਉਹ ਖੇਤੀ ਫ਼ਾਰਮਾਂ ਵਿੱਚ ਕੰਮ ਕਰਨ ਲੱਗ ਪੈਂਦੇ। ਉਹ ਸੁਭਾਅ ਤੋਂ ਹੀ ਮਿਹਨਤੀ ਸਨ। ਕੈਲੇਫੋਰਨੀਆ ਵਿੱਚ ਛੇਤੀ ਹੀ ਉਹਨਾਂ ਦੀ ਜਾਣ-ਪਛਾਣ ਅਤੇ ਸਾਂਝ ਵੱਧ ਗਈ।[1] ਆਪਣੇ ਮਿਲਣ-ਸਾਰ ਸੁਭਾਅ ਅਤੇ ਸਭ ਦੇ ਕੰਮ ਆਉਣ ਦੀ ਰੁਚੀ ਸਦਕਾ ਉਹ ਜਲਦੀ ਹੀ ਉੱਥੇ ਵਸਦੇ ਪੰਜਾਬੀਆਂ ਵਿੱਚ ਹਰਮਨ ਪਿਆਰੇ ਹੋ ਗਏ। ਇਸ ਸਮੇਂ ਅਮਰੀਕਾ ਵਿੱਚ ਆਉਣ ਵਾਲੇ ਪੰਜਾਬੀਆਂ ਉੱਪਰ ਸਖ਼ਤੀ ਸ਼ੁਰੂ ਹੋ ਗਈ। ਪੰਜਾਬੀ ਮਜ਼ਦੂਰਾਂ 'ਤੇ ਹਮਲੇ ਹੋਣੇ ਸ਼ੁਰੂ ਹੋ ਗਏ। ਨਸਲੀ ਵਿਤਕਰਾ ਜ਼ੋਰ ਫੜਦਾ ਗਿਆ ਅਤੇ ਅਮਰੀਕਨਾਂ ਨੇ ਏਸ਼ੀਅਨਾਂ ਨੂੰ ਬਾਹਰ ਕੱਢਣ ਲਈ ਇੱਕ ਲੀਗ ਬਣਾ ਲਈ। ਅਮਰੀਕਾ ਵਿੱਚ ਗਏ ਹੋਏ ਹਿੰਦੀ ਲੋਕ ਵੀ ਜੱਥੇਬੰਦ ਹੋਣੇ ਸ਼ੁਰੂ ਹੋ ਗਏ ਅਤੇ ਉਹਨਾਂ ਆਪਣੇ ਹਿੱਤਾਂ ਦੀ ਰੱਖਿਆ ਲਈ ਵੀ ਕੁਝ ਸੰਸਥਾਵਾਂ ਕਾਇਮ ਕਰ ਲਈਆਂ। 21 ਅ੍ਰਪੈਲ, 1913 ਨੂੰ ਆਸਟੋਰੀਆ ਵਿਖੇ ਗ਼ਦਰ ਪਾਰਟੀ ਹੋਂਦ ਵਿੱਚ ਆ ਗਈ। 31 ਦਸੰਬਰ, 1913 ਨੂੰ ਸੈਕਰਾਮੈਂਟੋ ਕਾਨਫਰੰਸ ਤੋਂ ਬਾਅਦ ਗ਼ਦਰ ਪਾਰਟੀ ਸਰਬ ਅਮਰੀਕਨ ਜਥੇਬੰਦੀ ਬਣ ਗਈ। ਗ਼ਦਰ ਪਾਰਟੀ ਦੀ ਪਹਿਲਾ ਹੋਈ ਚੋਣ ਤੋਂ ਇਲਾਵਾ ਇਸ ਸਮੇਂ ਕੈਨੇਫੋਰਨੀਆ ਵੱਲੋਂ ਭਾਈ ਜਵਾਲਾ ਸਿੰਘ ਨੂੰ ਮੀਤ ਪ੍ਰਧਾਨ ਲੈ ਲਿਆ ਗਿਆ। ਭਾਈ ਸੰਤੋਖ ਸਿੰਘ, ਭਾਈ ਕਰਤਾਰ ਸਿੰਘ ਸਰਾਭਾ, ਭਾਈ ਅਰੂੜ ਸਿੰਘ, ਭਾਈ ਪਿਰਥੀ ਸਿੰਘ, ਪੰਡਤ ਜਗਤ ਰਾਮ, ਭਾਈ ਕਰਮ ਸਿੰਘ ਚੀਮਾ, ਭਾਈ ਨਿਧਾਨ ਸਿੰਘ ਚੁੱਘਾ, ਸੰਤ ਵਿਸਾਖਾ ਸਿੰਘ, ਪੰਡਤ ਮੁਨਸ਼ੀ ਰਾਮ, ਭਾਈ ਹਰਨਾਮ ਸਿੰਘ ਕੋਟਲਾ, ਨੌਧ ਸਿੰਘ ਆਦਿ ਇੰਤਜ਼ਾਮੀਆਂ ਕਮੇਟੀ ਵਿੱਚ ਲਏ ਗਏ।[2]

ਇਸ ਕਾਨਫਰੰਸ ਤੋਂ ਉਪਰੰਤ ਭਾਈ ਨਿਧਾਨ ਸਿੰਘ ਚੁੱਘਾ ਨੇ ਆਪਣੀ ਜਾਇਦਾਦ ਜੋ ਉਸ ਵੇਲੇ ਤਕਰੀਬਨ 2,50000 ਡਾਲਰ ਦੀ ਸੀ, ਪਾਰਟੀ ਨੂੰ ਦੇ ਦਿੱਤੀ ਅਤੇ ਆਪਣਾ ਸਾਰਾ ਸਮਾਂ ਪਾਰਟੀ ਨੂੰ ਦੇਣ ਦਾ ਵਚਨ ਦਿੱਤਾ। ਬਾਬਾ ਨਿਧਾਨ ਸਿੰਘ ਚੁੱਘਾ, ਗਾਂਧਾ ਸਿੰਘ ਕੱਚਰਭੰਨ, ਕਰਤਾਰ ਸਿੰਘ ਦੁੱਕੀ ਲਤਾਲਾ ਤੇ ਹੋਰ ਗ਼ਦਰੀਆਂ ਨਾਲ 'ਗ਼ਦਰ ਦੇ ਪ੍ਰਚਾਰ ਅਤੇ ਪਾਰਟੀ' ਲਈ ਫੰਡ ਇਕੱਤਰ ਕਰਨ ਵਿੱਚ ਜੁੱਟ ਪਏ। ਪਹਿਲਾਂ ਵਿਸ਼ਵ ਯੁੱਧ ਛਿੜਦੇ ਸਾਰ ਹੀ ਪਾਰਟੀ ਨੇ ਦੇਸ਼ ਪਰਤਕੇ ਗ਼ਦਰ ਮਚਾਉਣ ਦਾ ਫੈਸਲਾ ਕਰ ਲਿਆ। ਗ਼ਦਰੀ ਅੱਗੜ-ਪਿੱਛੜ ਵਹੀਰਾਂ ਘੱਤਕੇ ਦੇਸ਼ ਨੂੰ ਚੱਲ ਪਏ। 29 ਅਗਸਤ, 1914 ਨੂੰ 60-70 ਇਨਕਲਾਬੀਆਂ ਨੂੰ ਲੈ ਕੇ ਐਸ.ਐਸ. ਕੋਰੀਆ ਜਹਾਜ਼ ਸਾਨਫਰਾਂਸਿਸਕੋ ਤੋਂ ਦੇਸ਼ ਲਈ ਰਵਾਨਾ ਹੋਇਆ, ਜਿਸ ਵਿੱਚ ਬਾਬਾ ਨਿਧਾਨ ਸਿੰਘ, ਪ੍ਰਿਥੀ ਸਿੰਘ, ਜਗਤ ਰਾਮ, ਕੇਸਰ ਸਿੰਘ, ਊਧਮ ਸਿੰਘ, ਜਵਾਲਾ ਸਿੰਘ ਸਮੇਤ ਮਸ਼ਹੂਰ ਗ਼ਦਰੀ ਸਵਾਰ ਸਨ। ਬੰਦਰਗਾਹ ਤੋਂ ਜਹਾਜ਼ ਦੇ ਰਵਾਨਾ ਹੋਣ ਤੋਂ ਪਹਿਲਾਂ ਇਨਕਲਾਬੀਆਂ ਨੂੰ ਮੌਲਵੀ ਬਰਕਤ ਉੱਲਾ, ਪੰਡਤ ਰਾਮ ਚੰਦ ਅਤੇ ਭਗਵਾਨ ਸਿੰਘ ਨੇ ਸੰਬੋਧਨ ਕੀਤਾ ਸੀ। ਰਸਤੇ ਵਿੱਚ ਨਾਗਾਸਾਕੀ ਵਿਖੇ ਭਾਈ ਨਿਧਾਨ ਸਿੰਘ ਜਹਾਜ਼ ਤੋਂ ਉੱਤਰ ਗਏ ਅਤੇ ਉਹ ਆਪਣੇ ਨਾਲ ਪਿਆਰਾ

---

1. ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ, ਡਾ. ਸੁਰਜੀਤ ਚੰਦਰ, ਪੰਨਾ 39
2. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 98.

ਸਿੰਘ ਲੰਗੇਰੀ ਨੂੰ ਲੈ ਕੇ ਸ਼ੰਘਾਈ ਚਲੇ ਗਏ। ਸ਼ੰਘਾਈ ਜਾ ਰਹੇ ਸਿੰਘਾਂ ਨੂੰ ਗਾਂਧਾ ਸਿੰਘ ਕੱਚਰਭੰਨ ਨੇ ਮਿਲ ਕੇ ਦੇਸ਼ ਦੇ ਹਾਲਾਤ ਬਾਰੇ ਦੱਸਿਆ ਕਿ ਕਲਕੱਤੇ ਦੀ ਬੰਦਰਗਾਹ 'ਤੇ ਉੱਤਰੇ ਗ਼ਦਰੀਆਂ ਨੂੰ ਫੜ ਲਿਆ ਗਿਆ ਹੈ। ਭਾਈ ਨਿਧਾਨ ਸਿੰਘ ਨੇ ਗ਼ਦਰੀਆਂ ਨੂੰ ਸੁਚੇਤ ਕੀਤਾ ਕਿ ਕਲਕੱਤੇ ਦੇ ਰਸਤੇ ਨਾ ਜਾਇਆ ਜਾਵੇ, ਬਾਅਦ ਵਿੱਚ ਗ਼ਦਰੀ ਕੋਲੰਬੋ ਦੇ ਰਸਤੇ ਦੇਸ਼ ਪੁੱਜਣੇ ਸ਼ੁਰੂ ਹੋਏ।[1]

ਭਾਈ ਨਿਧਾਨ ਸਿੰਘ ਨੇ ਸ਼ੰਘਾਈ ਪਹੁੰਚ ਕੇ ਗੁਰਦੁਆਰੇ ਦੇ ਦੀਵਾਨ ਵਿੱਚ ਗ਼ਦਰ ਪਾਰਟੀ ਦਾ ਪ੍ਰਚਾਰ ਕੀਤਾ ਅਤੇ ਉੱਥੇ ਰਹਿ ਰਹੇ ਭਾਰਤੀਆਂ ਨੂੰ ਇਨਕਲਾਬ ਦੀ ਖਾਤਰ ਦੇਸ਼ ਪਰਤਣ ਲਈ ਪ੍ਰੇਰਿਆ। ਉਹਨਾਂ ਦੇ ਪ੍ਰਚਾਰ ਸਦਕਾ ਉੱਥੋਂ 30 ਕੁ ਇਨਕਲਾਬੀ ਦੇਸ਼ ਪਰਤਣ ਲਈ ਤਿਆਰ ਹੋ ਗਏ। ਭਾਈ ਨਿਧਾਨ ਸਿੰਘ 15 ਮਾਰਚ, 1914 ਨੂੰ ਸ਼ੰਘਾਈ ਤੋਂ ਇਨਕਲਾਬੀ ਸਾਥੀਆਂ ਸਮੇਤ ਮਸ਼ੀਨਾਂ ਮਾਰੂ ਜਹਾਜ਼ ਰਾਹੀਂ ਦੇਸ਼ ਵੱਲ ਚੱਲ ਪਏ। ਸ਼ੰਘਾਈ ਤੋਂ ਚੱਲਣ ਸਮੇਂ ਭਾਈ ਨਿਧਾਨ ਸਿੰਘ ਆਪਣੀ ਪਤਨੀ ਅਤੇ ਪੁੱਤਰ ਨੂੰ ਵੀ ਮਿਲੇ। ਇਹ ਉਹਨਾਂ ਦੀ ਆਖਰੀ ਮੁਲਾਕਾਤ ਸੀ। ਰਸਤੇ ਵਿੱਚ ਹਾਂਗਕਾਂਗ ਅਤੇ ਪੀਨਾਂਗ ਵਿਖੇ ਯਾਤਰੀਆਂ ਨੂੰ ਬਹੁਤ ਦਿਨ ਰੁਕਣਾ ਪਿਆ। ਅਸਲ ਵਿੱਚ ਸਰਕਾਰ ਵੱਲੋਂ ਭਾਰਤੀਆਂ ਨੂੰ ਦੇਸ਼ ਪਰਤਣ ਤੋਂ ਰੋਕਿਆ ਜਾ ਰਿਹਾ ਸੀ। ਗ਼ਦਰੀਆਂ ਨੇ ਫੈਸਲਾ ਕੀਤਾ ਕਿ ਜਹਾਜ਼ ਦੀ ਰਵਾਨਗੀ ਲਈ ਪੀਨਾਂਗ ਦੇ ਗਵਰਨਰ ਨੂੰ ਮਿਲਿਆ ਜਾਵੇ। ਇਸ ਲਈ ਗ਼ਦਰੀਆਂ ਦਾ ਪੰਜ ਮੈਂਬਰੀ ਵਫ਼ਦ ਜਿਸ ਵਿੱਚ ਕੇਸਰ ਸਿੰਘ ਠੱਠਗੜ੍ਹ, ਨਿਧਾਨ ਸਿੰਘ ਚੁੱਘਾ, ਜਵਾਲਾ ਸਿੰਘ, ਜਗਤ ਰਾਮ ਅਤੇ ਰੂੜ ਸਿੰਘ ਚੂਹੜਚੱਕ ਸ਼ਾਮਲ ਸਨ, ਗਵਰਨਰ ਪੀਨਾਂਗ ਨੂੰ ਮਿਲਿਆ। ਮਸ਼ੀਨਾਮਾਰੂ ਜਹਾਜ਼ ਨੂੰ ਪੀਨਾਂਗ ਤੋਂ ਚੱਲਣ ਦੀ ਪ੍ਰਵਾਨਗੀ ਮਿਲ ਗਈ ਅਤੇ ਇਹ 25 ਅਕਤੂਬਰ ਨੂੰ ਕੋਲਬੂੰ ਪਹੁੰਚ ਗਿਆ। ਇੱਥੋਂ ਭਾਈ ਨਿਧਾਨ ਸਿੰਘ ਚੁੱਘਾ ਹਜ਼ੂਰ ਸਾਹਿਬ ਦੀ ਯਾਤਰਾ ਲਈ ਰਵਾਨਾ ਹੋ ਗਏ। ਕੁਝ ਸਮਾਂ ਉੱਥੇ ਠਹਿਰਣ ਤੋਂ ਬਾਅਦ ਉਹ ਸੁਰੱਖਿਅਤ ਆਪਣੇ ਪਿੰਡ ਪਹੁੰਚ ਗਏ।

ਦੇਸ਼ ਪਰਤੇ ਵਧੇਰੇ ਗ਼ਦਰੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਏ ਗਏ ਸਨ। ਕੁਝ ਚੋਣਵੇਂ ਗ਼ਦਰੀ ਹੀ ਸਨ, ਜੋ ਸੁਰੱਖਿਅਤ ਆਪਣੇ ਪਿੰਡਾਂ ਵਿੱਚ ਪਹੁੰਚੇ ਸਨ। ਦੇਸ਼ ਪਰਤੇ ਗ਼ਦਰੀਆਂ ਦੀ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਪਿਰਥੀ ਸਿੰਘ ਲਾਲੜੂ, ਪੰਡਤ ਜਗਤ ਰਾਮ, ਬੰਤਾ ਸਿੰਘ ਸੰਘਵਾਲ, ਅਰੂੜ ਸਿੰਘ ਚੂਹੜਚੱਕ ਆਦਿ ਦੇ ਅਧਾਰਿਤ ਗ਼ਦਰ ਦੇ ਪ੍ਰਚਾਰ ਪ੍ਰਸਾਰ ਲਈ ਇੱਕ ਕਮੇਟੀ ਬਣਾਈ ਗਈ। ਇਸ ਸਮੇਂ ਬਾਬਾ ਨਿਧਾਨ ਸਿੰਘ ਜੀ ਨੇ ਕਰਤਾਰ ਸਿੰਘ ਸਰਾਭਾ ਅਤੇ ਬਾਬਾ ਗਾਂਧਾ ਸਿੰਘ ਕੱਚਰਭੰਨ ਦੇ ਨਾਲ ਮਿਲਕੇ ਲੁਧਿਆਣੇ ਜ਼ਿਲ੍ਹੇ ਵਿੱਚ ਪ੍ਰਚਾਰ ਦਾ ਬਹੁਤ ਕੰਮ ਕੀਤਾ। ਉੱਥੋਂ ਬਹੁਤ ਸਾਰੇ ਵਿਦਿਆਰਥੀ ਪਾਰਟੀ ਦੇ ਕੰਮ ਆਏ। ਇਹਨਾਂ ਵਿੱਚੋਂ ਪੂਰਨ ਸਿੰਘ, ਕਿਰਪਾਲ ਸਿੰਘ ਬੋਪਾਰਾਏ, ਖੜਕ ਸਿੰਘ ਬੋਪਾਰਾਏ, ਸੱਜਣ ਸਿੰਘ ਨਾਰੰਗਵਾਲ ਖਾਸ ਵਰਣਨਯੋਗ ਹਨ। ਖੜਕ ਸਿੰਘ ਤੇ ਸੱਜਣ ਸਿੰਘ ਨੇ ਹੈੱਡ-

---

1. ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ, ਡਾ. ਸੁਰਜੀਤ ਚੰਦਰ, ਪੰਨਾ 51

ਕੁਆਰਟਰ ਵਿੱਚ ਕੰਮ ਕੀਤਾ।[1]

ਦੇਸ਼ ਪਰਤੇ ਗ਼ਦਰੀਆਂ ਨੇ ਅੰਮ੍ਰਿਤਸਰ, ਮੋਗੇ ਅਤੇ ਲੁਧਿਆਣਾ ਵਿਖੇ ਮੀਟਿੰਗਾਂ ਕੀਤੀਆਂ। ਪ੍ਰੰਤੂ ਖਾਸਾ ਅੰਮ੍ਰਿਤਸਰ) ਵਿਖੇ ਹੋਈ ਮੀਟਿੰਗ ਵਿੱਚ ਫੈਸਲਾ ਕਰਕੇ 15 ਨਵੰਬਰ ਨੂੰ ਗ਼ਦਰ ਦੀ ਤਾਰੀਖ ਨੀਯਤ ਕੀਤੀ ਗਈ ਅਤੇ ਡਾ. ਮਥਰਾ ਸਿੰਘ, ਸ. ਕਰਤਾਰ ਸਿੰਘ ਸਰਾਭਾ, ਪੰਡਤ ਜਗਤ ਰਾਮ, ਬਾਬਾ ਨਿਧਾਨ ਸਿੰਘ ਚੁੱਘਾ ਅਤੇ ਗੁੱਜਰ ਸਿੰਘ ਭਕਨਾ ਆਗੂ ਨਿਯੁਕਤ ਕੀਤੇ ਗਏ।[2] ਗ਼ਦਰੀਆਂ ਦੀ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। 16 ਨਵੰਬਰ, 1914 ਨੂੰ ਕਾਂਸ਼ੀ ਰਾਮ ਪੰਜਾਬ ਪਹੁੰਚ ਚੁੱਕੇ ਸਨ ਅਤੇ ਉਹ ਵੀ ਸਰਗਰਮ ਹੋ ਗਏ ਸਨ। 17 ਨਵੰਬਰ ਨੂੰ ਗ਼ਦਰੀਆਂ ਨੇ ਲਾਢੋਵਾਲ ਮੀਟਿੰਗ ਕੀਤੀ, ਜਿਸ ਵਿੱਚ ਪੰਡਤ ਕਾਂਸ਼ੀ ਰਾਮ, ਨਵਾਬ ਖਾਨ, ਪ੍ਰਿਥਵੀ ਸਿੰਘ, ਰਾਮ ਰੱਖਾ, ਜੀਵਨ ਸਿੰਘ, ਜਗਤ ਰਾਮ, ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਜਗਤ ਸਿੰਘ ਅਤੇ ਹੋਰ ਕਈ ਸਿਰਕੱਢ ਗ਼ਦਰੀਆਂ ਨੇ ਭਾਗ ਲਿਆ। ਡਾ. ਗੁਰਦੇਵ ਸਿੰਘ ਦਿਓਲ ਲਿਖਦੇ ਹਨ ਕਿ, "ਇਸ ਮੀਟਿੰਗ ਵਿੱਚ ਪ੍ਰਮੁੱਖ ਗ਼ਦਰੀ ਨੇਤਾ ਪੰਡਤ ਕਾਂਸ਼ੀ ਰਾਮ ਨੇ ਫੌਰੀ ਕਾਰਵਾਈ ਕਰਨ ਤੇ ਜ਼ੋਰ ਦਿੱਤਾ, ਕਿਉਂ ਜੋ ਧਨ ਦੀ ਕਮੀ ਸੀ ਅਤੇ ਉਸ ਨੇ ਇਹ ਵੀ ਸਲਾਹ ਦਿੱਤੀ ਕਿ ਖ਼ਜ਼ਾਨੇ ਵੀ ਲੁੱਟੇ ਜਾਣ।"[3]

19 ਨਵੰਬਰ ਨੂੰ ਮੋਗੇ ਮੀਟਿੰਗ ਹੋਈ, ਜਿਸ ਵਿੱਚ ਪੰਡਤ ਕਾਂਸ਼ੀ ਰਾਮ, ਨਿਧਾਨ ਸਿੰਘ ਚੁੱਘਾ, ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਪਿਰਥੀ ਸਿੰਘ ਅਤੇ ਨਵਾਬ ਖਾਨ ਸ਼ਾਮਲ ਹੋਏ। ਮੀਟਿੰਗ ਵਿੱਚ ਵੱਡਾ ਫੈਸਲਾ ਹੋਇਆ ਕਿ 25 ਨਵੰਬਰ ਨੂੰ ਮੀਆਂ ਮੀਰ ਦਾ ਮੈਗਜ਼ੀਨ ਲੁੱਟਿਆ ਜਾਵੇ। ਲੀਡਰਾਂ ਨੂੰ ਆਪਣੇ ਆਦਮੀ ਇਕੱਠੇ ਕਰਨ ਵਾਸਤੇ ਕਿਹਾ ਗਿਆ ਅਤੇ ਫਿਰ 23 ਨਵੰਬਰ ਨੂੰ ਬੱਦੋਵਾਲ, ਮੁੱਲਾਂਪੁਰ ਸਟੇਸ਼ਨਾਂ ਵਿਚਕਾਰ ਗ਼ਦਰੀਆਂ ਦੀ ਜ਼ਰੂਰੀ ਮੀਟਿੰਗ ਹੋਈ, ਜਿਸ ਵਿੱਚ ਸਰਵ ਸ੍ਰੀ ਨਿਧਾਨ ਸਿੰਘ ਚੁੱਘਾ, ਕਰਤਾਰ ਸਿੰਘ ਸਰਾਭਾ, ਪੰਡਤ ਕਾਂਸ਼ੀ ਰਾਮ, ਰਹਿਮਤ ਅਲੀ ਖਾਨ, ਜੀਵਨ ਸਿੰਘ, ਅਮਰ ਸਿੰਘ (ਵਾਅਦਾ ਮੁਆਫ਼) ਅਤੇ ਨਵਾਬ ਖਾਨ (ਵਾਅਦਾ ਮੁਆਫ਼) ਨੇ ਭਾਗ ਲਿਆ। ਬਾਬਾ ਨਿਧਾਨ ਸਿੰਘ ਚੁੱਘਾ ਅਤੇ ਕਾਂਸ਼ੀ ਰਾਮ ਦੀ ਰਿਪੋਰਟ ਮੀਆਂ ਮੀਰ ਮੈਗਜ਼ੀਨ ਉੱਤੇ ਹੱਲਾ ਕਰਨ ਦੀ ਸੀ।[4] ਗ਼ਦਰੀ ਪੂਰੀ ਤਿਆਰੀ ਵਿੱਚ ਸਨ ਅਤੇ ਸਭ ਨੇ ਆਪਣੀਆਂ ਡਿਊਟੀਆਂ ਵੰਡ ਲਈਆਂ ਸਨ। ਪਰ ਮੀਆਂ ਮੀਰ ਮੈਗਜ਼ੀਨ ਦੇ ਹਮਲੇ ਦੀ ਸਕੀਮ ਕਾਮਯਾਬ ਨਾ ਹੋ ਸਕੀ ਤਾਂ ਫਿਰ ਗ਼ਦਰੀਆਂ ਨੇ ਫ਼ਿਰੋਜ਼ਪੁਰ ਪਹੁੰਚ ਕੇ ਫ਼ਿਰੋਜ਼ਪੁਰ ਦੀ ਛਾਉਣੀ 'ਤੇ ਹਮਲਾ ਕਰਨਾ ਵਿਚਾਰਿਆ। ਇਸ ਮੀਟਿੰਗ ਵਿੱਚ ਬਾਬਾ ਨਿਧਾਨ ਸਿੰਘ ਚੁੱਘਾ ਨੇ ਦੱਸਿਆ ਕਿ 30 ਨਵੰਬਰ ਨੂੰ ਪਠਾਣ ਰਜਮੈਂਟ ਤੋਂ ਹਥਿਆਰ ਹਾਸਲ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਇਸ

---

1. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 182
2. ਗ਼ਦਰੀਆਂ ਦੀ ਛਾਉਣੀ ਝਾੜ ਸਾਹਿਬ, ਚਰੰਜੀ ਲਾਲ ਕੰਗਣੀਵਾਲ, ਪੰਨਾ 26
3. ਸ਼ਹੀਦ ਕਾਂਸ਼ੀ ਰਾਮ, ਐਚ.ਐਸ. ਦਿਲਗੀਰ, ਪੰਨਾ 111
4. ਗ਼ਦਰ ਪਾਰਟੀ ਲਹਿਰ, ਜਗਜੀਤ ਸਿੰਘ, ਪੰਨਾ, 239

ਕਰਕੇ ਹਮਲੇ ਨੂੰ 30 ਨਵੰਬਰ ਤੋਂ ਜ਼ਰਾ ਪਛੜਕੇ ਕੀਤਾ ਜਾ ਸਕੇਗਾ। ਇਸ ਮੀਟਿੰਗ ਵਿੱਚ ਇਕੱਤਰ ਹੋਏ ਗ਼ਦਰੀ ਵੱਖ-ਵੱਖ ਖਿੰਡ ਗਏ। ਕੁਝ ਲੁਧਿਆਣੇ ਜਾਣ ਵਾਲੀ ਗੱਡੀ ਫੜ ਕੇ ਚਲੇ ਗਏ। 20-25 ਗ਼ਦਰੀ ਜੋ ਗੱਡੀ ਚੜ੍ਹਨ ਤੋਂ ਖੁੰਝ ਗਏ ਉਹਨਾਂ ਨੇ ਮੋਗੇ ਦਾ ਸਰਕਾਰੀ ਖ਼ਜ਼ਾਨਾ ਲੁੱਟਣ ਦੀ ਵਿਉਂਤ ਬਣਾ ਲਈ ਅਤੇ ਉਹ ਟਾਂਗਿਆਂ ਵਿੱਚ ਸਵਾਰ ਹੋ ਕੇ ਮੋਗੇ ਵੱਲ ਚੱਲ ਪਏ। ਰਸਤੇ ਵਿੱਚ ਗ਼ਦਰੀ ਅਜੇ ਫਿਰੋਜ਼ਸ਼ਾਹ ਦੇ ਲਾਗੇ ਹੀ ਪੁੱਜੇ ਸਨ ਕਿ ਅਚਾਨਕ ਉੱਥੇ ਉਹਨਾਂ ਨੂੰ ਕੁਝ ਪੁਲਿਸ ਵਾਲੇ ਅਤੇ ਪੇਂਡੂ ਲੋਕ ਟੱਕਰ ਪਏ। ਇੱਥੇ ਗ਼ਦਰੀਆਂ ਦੀ ਪੁਲਿਸ ਨਾਲ ਮੁੱਠ-ਭੇੜ ਹੋ ਗਈ। ਜਿਸ ਵਿੱਚ ਦੋ ਗ਼ਦਰੀ ਚੰਦਾ ਸਿੰਘ ਵੜੈਚ ਅਤੇ ਧਿਆਨ ਸਿੰਘ ਬੰਗਸੀਪੁਰਾ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਸੱਤ ਗ਼ਦਰੀ ਸੂਰਬੀਰ ਪੰਡਤ ਕਾਂਸ਼ੀ ਰਾਮ ਮੜੌਲੀ ਖ਼ਜ਼ਾਨਚੀ ਗ਼ਦਰ ਪਾਰਟੀ, ਜੀਵਨ ਸਿੰਘ ਦੌਲੇ ਸਿੰਘ ਵਾਲਾ, ਰਹਿਮਤ ਅਲੀ ਵਜ਼ੀਦ ਕੇ, ਬਖਸ਼ੀਸ਼ ਸਿੰਘ ਖਾਨਪੁਰ, ਲਾਲ ਸਿੰਘ ਸਾਹਿਬਾਨਾ, ਜਗਤ ਸਿੰਘ ਬਿੰਝਲ ਅਤੇ ਧਿਆਨ ਸਿੰਘ ਉਮਰਪੁਰਾ ਗ੍ਰਿਫ਼ਤਾਰ ਕਰ ਲਏ ਗਏ। ਉਹਨਾਂ ਉੱਪਰ ਫ਼ਿਰੋਜ਼ਪੁਰ ਦੀ ਸ਼ੈਸ਼ਨ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ। ਇਹਨਾਂ ਸਭ ਨੂੰ ਫਾਂਸੀ ਦੀ ਸਜ਼ਾ ਹੋਈ। ਫਿਰੋਜ਼ਸ਼ਾਹ ਵਿਖੇ ਹੋਈ ਇਸ ਘਟਨਾ ਨਾਲ ਲਹਿਰ ਨੂੰ ਕਾਫ਼ੀ ਧੱਕਾ ਲੱਗਿਆ।

ਗ਼ਦਰੀਆਂ ਦੀ ਮੀਆਂ ਮੀਰ ਅਤੇ ਫ਼ਿਰੋਜ਼ਪੁਰ ਦੀਆਂ ਛਾਉਣੀਆਂ ਉੱਪਰ ਹਮਲੇ ਦੀਆਂ ਯੋਜਨਾਵਾਂ ਸਿਰੇ ਨਾ ਚੜ੍ਹ ਸਕੀਆਂ। ਪਰ ਸਿਰੜ ਦੇ ਪੱਕੇ ਗ਼ਦਰੀ ਆਪਣੇ ਮਿਸ਼ਨ ਵਿੱਚ ਜੁੱਟੇ ਰਹੇ। ਗ਼ਦਰੀਆਂ ਨੇ ਬੰਬਸ਼ਾਲੀ ਲਈ ਪਹਿਲਾ ਅੱਡਾ ਝਾਬੇਵਾਲ ਬਣਾਇਆ। ਜਨਵਰੀ 1915 ਵਿੱਚ ਗ਼ਦਰੀਆਂ ਨੂੰ ਸ਼ੱਕ ਹੋਇਆ ਕਿ ਸਰਕਾਰ ਨੂੰ ਇਸ ਦੀ ਭਿਣਕ ਪੈ ਗਈ ਹੈ। ਫਿਰ ਗ਼ਦਰੀਆਂ ਨੇ ਨਵਾਂ ਬੰਬਸ਼ਾਲੀ ਅੱਡਾ ਅਹਿਮਦਗੜ੍ਹ ਦੇ ਨੇੜੇ ਲੋਹਟਬੱਧੀ ਵਿਖੇ ਸੁਚਾਰੂ ਢੰਗ ਨਾਲ ਚਲਾਉਣ ਲਈ 20 ਜਨਵਰੀ, 1915 ਨੂੰ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਹੋਰਨਾਂ ਦੇ ਨਾਲ ਬਾਬਾ ਨਿਧਾਨ ਸਿੰਘ ਚੁੱਘਾ ਵੀ ਸ਼ਾਮਲ ਹੋਏ। ਗ਼ਦਰੀਆਂ ਵੱਲੋਂ 23 ਜਨਵਰੀ, 1915 ਤੋਂ ਲੈ ਕੇ 3 ਫ਼ਰਵਰੀ, 1915 ਤੱਕ ਵੱਡੇ ਸਿਆਸੀ ਡਾਕੇ ਨਾ ਚਾਹੁੰਦਿਆਂ ਹੋਇਆ ਵੀ ਧਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਾਰੇ ਗਏ। ਨਾ ਚਾਹੁੰਦਿਆਂ ਹੋਇਆ ਵੀ ਪਾਰਟੀ ਦੇ ਫੈਸਲੇ ਅਨੁਸਾਰ ਹੋਰਨਾਂ ਨਾਲ ਨਿਧਾਨ ਸਿੰਘ ਚੁੱਘਾ ਨੇ ਕੁਝ ਥਾਂਈਂ ਮਾਰੇ ਡਾਕਿਆਂ ਵਿੱਚ ਹਿੱਸਾ ਲਿਆ। ਭਾਈ ਨਿਧਾਨ ਸਿੰਘ ਚੁੱਘਾ ਅਤੇ ਭਾਈ ਹਰਨਾਮ ਸਿੰਘ ਨੇ ਜੇਹਲਮ, ਰਾਵਲਪਿੰਡੀ ਅਤੇ ਹੋਤੀ ਮਰਦਾਨ ਦੀਆਂ ਫੌਜੀ ਛਾਉਣੀਆਂ ਵਿੱਚ ਗ਼ਦਰ ਦਾ ਪ੍ਰਚਾਰ ਕੀਤਾ। 15 ਫ਼ਰਵਰੀ ਨੂੰ ਬਾਬਾ ਨਿਧਾਨ ਸਿੰਘ ਚੁੱਘਾ ਅਤੇ ਡਾ. ਮਥਰਾ ਸਿੰਘ ਜੇਹਲਮ ਅਤੇ ਰਾਵਲਪਿੰਡੀ ਵੱਲ ਗ਼ਦਰ ਦੀ ਨਿਯਤ ਤਾਰੀਕ 21 ਫ਼ਰਵਰੀ ਦੱਸਣ ਲਈ ਗਏ।

ਸਰਕਾਰੀ ਸੂਹੀਏ ਕਿਰਪਾਲ ਸਿੰਘ ਨੂੰ ਵੀ 21 ਫ਼ਰਵਰੀ ਦੀ ਜਾਣਕਾਰੀ ਮਿਲ ਗਈ, ਉਸ ਨੇ ਇਹ ਸੂਚਨਾ ਸਰਕਾਰ ਨੂੰ ਦੇ ਦਿੱਤੀ। ਗ਼ਦਰੀਆਂ ਨੂੰ ਵੀ ਪਤਾ ਲੱਗ ਗਿਆ ਕਿ ਸਾਡੀ ਗ਼ਦਰ ਦੀ ਤਾਰੀਕ ਸਰਕਾਰ ਨੂੰ ਪਤਾ ਲੱਗ ਗਈ ਹੈ। ਇਸ

ਲਈ ਉਹਨਾਂ ਗ਼ਦਰ ਦੀ ਤਾਰੀਖ 21 ਫ਼ਰਵਰੀ ਦੀ ਥਾਂ 19 ਫ਼ਰਵਰੀ ਕਰ ਦਿੱਤੀ। ਕਿਰਪਾਲ ਸਿੰਘ ਨੂੰ ਬਦਲੀ ਹੋਈ ਤਾਰੀਖ ਵੀ ਪਤਾ ਲੱਗ ਗਈ ਅਤੇ ਉਸ ਨੇ ਲਾਹੌਰ ਦੇ ਡੀ.ਐਸ.ਪੀ. ਲਿਆਕਤ ਖਾਂ ਨੂੰ ਇਹ ਸੂਚਨਾ ਵੀ ਦੇ ਦਿੱਤੀ। ਲਾਹੌਰ ਵਿੱਚ ਗ਼ਦਰੀ ਟਿਕਾਣਿਆਂ ’ਤੇ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਕਿਰਪਾਲ ਸਿੰਘ ਦੇ ਇਸ਼ਾਰੇ ’ਤੇ 19 ਫ਼ਰਵਰੀ ਨੂੰ ਪੁਲਿਸ ਨੇ ਲਾਹੌਰ ਵਿਚਲੇ ਗ਼ਦਰੀਆਂ ਦੇ ਇੱਕ ਮਕਾਨ ’ਤੇ ਛਾਪਾ ਮਾਰਕੇ ਭਾਈ ਹਿਰਦੇ ਰਾਮ ਮੰਡੀ, ਭਾਈ ਬਲਵੰਤ ਸਿੰਘ ਸਠਿਆਲਾ, ਭਾਈ ਖੜਕ ਸਿੰਘ ਬੋਪਾਰਾਏ (ਲੁਧਿਆਣਾ) ਅਤੇ ਸੁਰ ਸਿੰਘ ਦੇ ਤਿੰਨ ਗ਼ਦਰੀ ਵਰਕਰ ਕਾਲਾ ਸਿੰਘ, ਜਵੰਦ ਸਿੰਘ ਅਤੇ ਗੁਰਦਿੱਤ ਸਿੰਘ ਗ੍ਰਿਫ਼ਤਾਰ ਕਰ ਲਏ। 2 ਮਾਰਚ, 1915 ਨੂੰ ਹਰਨਾਮ ਸਿੰਘ ਟੁੰਡੀਲਾਟ, ਕਰਤਾਰ ਸਿੰਘ ਸਰਾਭਾ ਅਤੇ ਜਗਤ ਸਿੰਘ ਸੁਰ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ। ਸਾਥੀਆਂ ਦੀਆਂ ਧੜਾ-ਧੜ ਹੋ ਰਹੀਆਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਬਾਬਾ ਨਿਧਾਨ ਸਿੰਘ ਬੁਲੰਦ ਹੌਂਸਲੇ ਨਾਲ ਆਪਣੀਆਂ ਸਰਗਰਮੀਆਂ ਜਾਰੀ ਰੱਖ ਰਹੇ ਸਨ। ਇਸ ਸਮੇਂ ਸਕੇਤ (ਮੰਡੀ), ਅਜੋਕੇ ਹਿਮਾਚਲ ਪ੍ਰਦੇਸ਼ ਵਿੱਚ ਜਾ ਕੇ ਮੀਆਂ ਜਵਾਹਰ ਸਿੰਘ, ਜੋ ਮੰਡੀ ਰਿਆਸਤ ਦੀ ਗੱਦੀ ਦਾ ਦਾਅਵੇਦਾਰ ਸੀ ਨੂੰ ਮਿਲੇ। ਅੰਗਰੇਜ਼ਾਂ ਨੇ ਜਵਾਹਰ ਸਿੰਘ ਨੂੰ ਮੰਡੀ ਦੀ ਰਿਆਸਤ ਦੀ ਰਾਣੀ ਦਾ ਜਾਨਸੀਨ ਮੰਨਣ ਤੋਂ ਇਨਕਾਰ ਕਰਕੇ ਮਿਸਟਰ ਗੌਰਡਨ ਵਾਕੁਰ ਨੂੰ ਰੈਜੀਡੈਂਟ ਨਿਯੁਕਤ ਕਰ ਦਿੱਤਾ ਸੀ। ਬਾਬਾ ਨਿਧਾਨ ਸਿੰਘ ਨੇ ਮੀਆਂ ਜਵਾਹਰ ਸਿੰਘ ਨਾਲ ਮਿਲਕੇ ਅੰਗਰੇਜ਼ਾਂ ਵੱਲੋਂ ਨਿਯੁਕਤ ਰੈਜੀਡੈਂਟ ਵਾਕੁਰ ਦਾ ਕਤਲ ਕਰਨ ਅਤੇ ਮੰਡੀ ਦਾ ਮੈਗਜ਼ੀਨ ਅਤੇ ਖ਼ਜ਼ਾਨਾ ਲੁੱਟਣ ਲਈ ਵਿਉਂਤ ਬਣਾ ਲਈ ਅਤੇ ਇਸ ਮਕਸਦ ਲਈ ਆਦਮੀ ਲੈਣ ਲਈ ਪੰਜਾਬ ਪਰਤ ਆਏ। ਬਾਬਾ ਨਿਧਾਨ ਸਿੰਘ ਜੀ ਨੂੰ 29 ਅਪ੍ਰੈਲ, 1915 ਨੂੰ ਕਮਾਲਪੁਰਾ (ਨੇੜੇਂ) ਜਗਰਾਉਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੰਡੀ ਰਿਆਸਤ ਵਾਲੀ ਯੋਜਨਾ ਸਿਰੇ ਨਾ ਚੜ੍ਹ ਸਕੀ। ਇਤਿਹਾਸ ਵਿੱਚ ਇਸ ਯੋਜਨਾ ਨੂੰ ਮੰਡੀ ਸਾਜਿਸ਼ ਕੇਸ ਵਜੋਂ ਜਾਣਿਆ ਜਾਂਦਾ ਹੈ।

ਬਾਬਾ ਨਿਧਾਨ ਸਿੰਘ ਚੁੱਘਾ ਜੀ ਦੀ ਗ੍ਰਿਫਤਾਰੀ ਤੋਂ ਕੇਵਲ ਤਿੰਨ ਦਿਨ ਪਹਿਲਾਂ ਹੀ 26 ਅਪ੍ਰੈਲ, 1915 ਨੂੰ ਗ਼ਦਰੀਆਂ ਉੱਪਰ ਲਾਹੌਰ ਸਾਜਿਸ਼ ਕੇਸ ਦਾ ਮੁਕੱਦਮਾ ਸ਼ੁਰੂ ਹੋ ਗਿਆ ਸੀ। ਬਾਬਾ ਜੀ ਨੂੰ ਇਸ ਮੁਕੱਦਮੇ ਵਿੱਚ ਸ਼ਾਮਲ ਕਰ ਲਿਆ ਗਿਆ। ਅਦਾਲਤ ਵਿੱਚ ਉਹਨਾਂ ਦੀ ਪਛਾਣ ਅਮਰ ਸਿੰਘ, ਮੂਲਾ ਸਿੰਘ, ਜਵਾਲਾ ਸਿੰਘ, ਨਵਾਬ ਖਾਨ ਅਤੇ ਸੁੱਚਾ ਸਿੰਘ ਨੇ ਕੀਤੀ। ਲਾਹੌਰ ਸਾਜਿਸ਼ ਕੇਸ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ। ਇਸ ਕੇਸ ਵਿੱਚ 82 ਦੋਸ਼ੀ ਸ਼ਾਮਲ ਕੀਤੇ ਗਏ 65 ਹਾਜ਼ਰ ਹੋਏ। ਇਨਾਂ ਵਿੱਚੋਂ 24 ਨੂੰ ਫਾਂਸੀ, 27 ਨੂੰ ਉਮਰ ਕੈਦ, 6 ਨੂੰ ਘੱਟ ਸਜ਼ਾਵਾਂ ਹੋਇਆ। ਬਾਬਾ ਨਿਧਾਨ ਸਿੰਘ ਜੀ ਦਾ ਨਾਂ ਵੀ 24 ਫਾਂਸੀ ਵਾਲੇ ਆਦਮੀਆਂ ਵਿੱਚ ਸ਼ਾਮਲ ਸੀ।

ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਫੈਸਲੇ ਵਿੱਚ ਬਾਬਾ ਜੀ ਬਾਰੇ ਲਿਖਿਆ ਹੋਇਆ ਹੈ ਕਿ,“ਇਹ ਦੋਸ਼ੀ ਇੱਕ ਬਹੁਤ ਹੀ ਖਤਰਨਾਕ ਅਪਰਾਧੀ ਹੈ, ਅਤੇ ਸਭ

ਤੋਂ ਭੈੜੇ ਅਤੇ ਸਭ ਤੋਂ ਮਹੱਤਵਪੂਰਨ ਸਾਜਿਸ਼ ਕਰਤਾਵਾਂ ਵਿੱਚੋਂ ਇੱਕ ਹੈ। ਅਸੀਂ ਇਸ ਦੋਸ਼ੀ ਨੂੰ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 121 (ਜੰਗ ਛੇੜਨ ਲਈ ਉਕਸਾਉਣਾ) 121 ਏ, 122, 124 ਏ, 131, 395/109 ਅਤੇ 226 ਦੇ ਤਹਿਤ ਅਪਰਾਧ ਲਈ ਦੋਸ਼ੀ ਠਹਿਰਾਉਂਦੇ ਹਾਂ।"[1]

ਸ੍ਰੀ ਰਘੂਨਾਥ ਸਹਾਏ ਜਿਹੇ ਕੁਝ ਕੌਮ ਪ੍ਰਸਤ ਵਕੀਲਾਂ ਨੇ ਆਪਣੇ ਆਪ ਇੱਕ ਕਮੇਟੀ ਬਣਾ ਕੇ ਲਾਹੌਰ ਸਾਜਿਸ਼ ਕੇਸ ਦੀ ਪੈਰਵੀ ਕਰਨੀ ਸ਼ੁਰੂ ਕੀਤੀ। ਉਹ ਇਲਾਹਾਬਾਦ ਵਿਖੇ ਪੰਡਤ ਜਵਾਹਰ ਲਾਲ ਨਹਿਰੂ ਦੇ ਪਿਤਾ ਪੰਡਤ ਮੋਤੀ ਲਾਲ ਨਹਿਰੂ ਪਾਸ ਕੁਝ ਭਰੋਸੇਯੋਗ ਦਸਤਾਵੇਜ਼ ਲੈ ਕੇ ਪੁੱਜੇ। ਪੰਡਤ ਨਹਿਰੂ ਨੇ ਰਾਇ ਦਿੱਤੀ ਕਿ ਇਹਨਾਂ ਚੌਵੀਆਂ ਵਿੱਚੋਂ ਸਤਾਰਾਂ ਤਾਂ ਪੰਜਾਬ ਦੀ ਧਰਤੀ 'ਤੇ ਪੈਰ ਰੱਖਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ। ਪੰਡਤ ਮੋਤੀ ਲਾਲ ਜੀ ਦੀ ਸਲਾਹ ਨਾਲ ਵਕੀਲਾਂ ਦਾ ਇਹ ਡੈਪੂਟੇਸ਼ਨ ਵਾਇਸਰਾਏ ਦੀ ਕੌਂਸਲ ਦੇ ਨਾਮਜ਼ਦ ਭਾਰਤੀ ਮੈਂਬਰਾਂ ਸਰ ਹਰਨਾਮ ਸਿੰਘ ਕਪੂਰਥਲਾ, ਸ੍ਰੀ ਮਦਨ ਮੋਹਨ ਮਾਲਵੀਆ ਅਤੇ ਸਰ ਇਮਾਮ ਅਲੀ ਮਦਰਾਸ ਨੂੰ ਮਿਲਿਆ। ਫਿਰ ਇਹ ਡੈਪੂਟੇਸ਼ਨ ਵਾਇਸਰਾਏ ਲਾਰਡ ਹਾਰਡਿੰਗ ਨੂੰ ਵੀ ਮਿਲਿਆ। ਲਾਰਡ ਹਾਰਡਿੰਗ ਨੇ 24 ਫਾਂਸੀ ਵਾਲੇ ਗ਼ਦਰੀਆਂ ਵਿੱਚੋਂ 17 ਗ਼ਦਰੀਆਂ ਦੀ ਫਾਂਸੀ ਤੋੜ ਦਿੱਤੀ ਅਤੇ ਉਹਨਾਂ ਨੂੰ ਉਮਰ ਕੈਦ ਕਾਲੇਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦੇ ਦਿੱਤੀ। ਇਸ ਸਮੇਂ ਬਾਬਾ ਜੀ ਨੂੰ ਵੀ ਫਾਂਸੀ ਦੀ ਥਾਂ ਤੇ ਉਮਰ ਕੈਦ ਕਾਲੇਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ।

ਬਾਬਾ ਨਿਧਾਨ ਸਿੰਘ ਚੁੱਘਾ ਹੋਰ ਉਮਰ ਕੈਦ (ਕਾਲੇ ਪਾਣੀ) ਵਾਲੇ ਗ਼ਦਰੀਆਂ ਦੇ ਨਾਲ ਦਸੰਬਰ 1915 ਵਿੱਚ ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਪਹੁੰਚ ਗਏ। ਅੰਡੇਮਾਨ ਜੇਲ੍ਹ ਦੇ ਦੁੱਖਾਂ ਦਰਦਾਂ, ਭੁੱਖ ਹੜਤਾਲਾਂ ਅਤੇ ਗ਼ਦਰੀਆਂ ਦੀ ਜੇਲ੍ਹ, ਅਧਿਕਾਰੀਆਂ ਨਾਲ ਟਾਕਰਿਆਂ ਦੀ ਕਹਾਣੀ ਬਹੁਤ ਲੰਬੀ ਹੈ। ਇਸ ਜੇਲ੍ਹ ਦਾ ਸੁਪਰਡੈਂਟ ਮਿ. ਮਰੇ ਅਤੇ ਜੇਲਰ ਮਿ. ਬੇਰੀ ਬਹੁਤ ਹੀ ਜ਼ਾਲਮ ਅਧਿਕਾਰੀ ਸਨ। ਬਾਬਾ ਨਿਧਾਨ ਸਿੰਘ ਨੇ ਅੰਡੇਮਾਨ ਜੇਲ੍ਹ ਵਿੱਚ ਸਾਥੀਆਂ ਨਾਲ ਰਲ ਕੇ ਭੁੱਖ-ਹੜਤਾਲ ਕੀਤੀ। ਇੱਕ ਦਿਨ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਜੇਲ੍ਹਰ ਨੇ ਬੜੇ ਸ਼ਰਾਰਤੀ ਲਹਿਜ਼ੇ ਵਿੱਚ ਵਿਅੰਗ ਨਾਲ ਪੁੱਛਿਆ "ਕਿਵੇਂ ਆ ਕੀ ਹਾਲ ਐ ਤੇਰਾ? ਬਾਬਾ ਜੀ ਨੂੰ ਉਸਦੀ ਇਹ ਚੋਟ ਬੜੀ ਚੁਭੀ। ਇਸ ਦੇ ਜਵਾਬ ਵਿੱਚ ਬਾਬਾ ਚੁੱਘਾ ਬੋਲਿਐ, "ਲੱਗਦਾ ਆਪਣੀ ਭੈਣ ਲਈ ਵਰ ਲੱਭਦਾ ਫਿਰਦੈ? ਬਾਬਾ ਜੀ ਨੇ ਤੱਟ-ਫੱਟ ਦਾ ਜਵਾਬ ਝੱਟ-ਪੱਟ ਹੀ ਦੇ ਦਿੱਤਾ; ਕਹਿੰਦਾ ਪੈਰਾਂ ਵਿੱਚ ਬੇੜੀਆਂ, ਦਿਨ ਰਾਤ ਕੋਠੀ ਬੰਦ, ਘੱਟ ਤੇ ਨਿਕੰਮੀ ਖੁਰਾਕ, ਟਿੱਚਰਾਂ ਕਰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ ਓਏ? ਜਾਹ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ।" ਜਦ ਜੇਲ੍ਹਰ ਠਿੱਠ ਜਿਹਾ ਹੋ ਕੇ ਤੁਰਨ ਲੱਗਾ ਤਾਂ ਬਾਬੇ ਚੁੱਘੇ ਨੇ ਇੱਕ ਤੀਰ ਹੋਰ ਛੱਡ ਦਿੱਤਾ, "ਜਾਹ ਬੇਫਿਕਰ ਰਹੁ, ਤੇਰਾ

1. ਗ਼ਦਰ ਮੂਵਮੈਂਟ ਓਰਿਜ਼ਨਲ ਡਾਕੂਮੈਂਟਸ ਵਾਲਿਊਮ.1-ਬੀ, ਮਲਵਿੰਦਰ ਜੀਤ ਸਿੰਘ ਵੜੈਚ, ਹਰਿੰਦਰ ਸਿੰਘ, ਪੰਨਾ 155

ਭਣੌਈਆ ਰੰਗਾਂ ਵਿੱਚ ਵੱਸਦੈ''?[1]

ਅੰਡੇਮਾਨ ਜੇਲ੍ਹ ਵਿੱਚ ਕੈਦ ਦੇਸ਼ ਭਗਤਾਂ ਨੇ ਜ਼ਾਲਮ ਅਧਿਕਾਰੀਆਂ ਨਾਲ ਨਿਪਟਣ ਲਈ ਪੰਜ ਮੈਂਬਰੀ ਕਮੇਟੀ ਬਣਾਈ, ਜਿਸ ਵਿੱਚ ਬਾਬਾ ਵਿਸਾਖਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਜਵਾਲਾ ਸਿੰਘ ਅਤੇ ਭਾਈ ਕੇਹਰ ਸਿੰਘ ਸ਼ਾਮਲ ਸਨ। ਇਸ ਕਮੇਟੀ ਦੇ ਫੈਸਲੇ ਅਨੁਸਾਰ ਭਾਈ ਪਰਮਾਨੰਦ (ਝਾਂਸੀ) ਦੇ ਹੱਕ ਵਿੱਚ ਗ਼ਦਰੀ ਦੇਸ਼ ਭਗਤਾਂ ਵੱਲੋਂ 13 ਜਨਵਰੀ, 1916 ਨੂੰ ਹੜਤਾਲ ਕਰ ਦਿੱਤੀ ਗਈ। ਬਾਬਾ ਨਿਧਾਨ ਸਿੰਘ ਚੁੱਘਾ ਨੇ 29 ਹੋਰ ਗ਼ਦਰੀ ਦੇਸ਼ ਭਗਤਾਂ ਨਾਲ ਦੂਸਰੀ ਵਾਰ ਭੁੱਖ-ਹੜਤਾਲ ਭਾਈ ਭਾਨ ਸਿੰਘ ਸੁਨੇਤ ਨਾਲ ਜੇਲ੍ਹ ਅਧਿਕਾਰੀਆਂ ਵੱਲੋਂ ਕੀਤੇ ਅਣਮਨੁੱਖੀ ਵਿਹਾਰ ਦੇ ਵਿਰੁੱਧ ਕੀਤੀ। ਅੰਡੇਮਾਨ ਜੇਲ੍ਹ ਦੇ ਅਧਿਕਾਰੀਆਂ ਦੀਆਂ ਧੱਕੇਸ਼ਾਹੀਆਂ ਦੀ ਪੜਤਾਲ ਕਰਨ ਲਈ ਮਾਰਚ 1920 ਵਿੱਚ ਸਰਕਾਰ ਨੇ ਪੜਤਾਲੀਆ ਕਮਿਸ਼ਨ ਭੇਜਿਆ। ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਰਾਜਸੀ ਕੈਦੀਆਂ ਲਈ ਅੰਡੇਮਾਨ ਜੇਲ੍ਹ ਬੰਦ ਕਰਨ ਦੀ ਸ਼ਿਫਾਰਸ਼ ਕਰ ਦਿੱਤੀ। ਇਸ ਸਮੇਂ ਸਰਕਾਰ ਨੇ ਗ਼ਦਰੀ ਕੈਦੀਆਂ ਨੂੰ ਦੇਸ਼ ਦੀਆਂ ਹੋਰ ਜੇਲ੍ਹਾਂ ਵਿੱਚ ਭੇਜਣ ਦਾ ਫੈਸਲਾ ਕੀਤਾ। 23 ਅਪ੍ਰੈਲ, 1921 ਨੂੰ ਗ਼ਦਰੀਆਂ ਨੂੰ ਅੰਡੇਮਾਨ ਤੋਂ ਮਹਾਰਾਜਾ ਨਾਮੀਂ ਜਹਾਜ਼ ਰਾਹੀਂ ਦੇਸ਼ ਭੇਜਿਆ ਗਿਆ। ਇਹ ਜਹਾਜ਼ 27 ਅਗਸਤ ਨੂੰ ਮਦਰਾਸ ਦੀ ਬੰਦਰਗਾਹ 'ਤੇ ਆ ਲੱਗਿਆ। ਬਾਬਾ ਨਿਧਾਨ ਸਿੰਘ ਨੂੰ ਮਦਰਾਸ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਕੁਝ ਸਮੇਂ ਬਾਅਦ ਬਾਬਾ ਜੀ ਨੂੰ ਜੱਬਲਪੁਰ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਜੱਬਲਪੁਰ ਜੇਲ੍ਹ ਤੋਂ ਕੁਝ ਹੋਰ ਰਾਜਸੀ ਕੈਦੀਆਂ ਨਾਲ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਯੂ.ਪੀ. ਦੀਆਂ ਜੇਲ੍ਹਾਂ ਵਿੱਚ ਰੱਖਣ ਉਪਰੰਤ, ਸੈਂਟਰਲ ਜੇਲ੍ਹ ਮੁਲਤਾਨ ਭੇਜ ਦਿੱਤਾ ਗਿਆ। ਜਿੱਥੋਂ ਉਹ 28 ਨਵੰਬਰ, 1930 ਨੂੰ ਰਿਹਾਅ ਹੋਏ।[2] ਰਿਹਾਈ ਉਪਰੰਤ ਬਾਬਾ ਜੀ ਦਾ ਬਹੁਤ ਸ਼ਾਨਦਾਰ ਸੁਆਗਤ ਹੋਇਆ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭਾਰੀ ਇਕੱਠ ਵਿੱਚ ਬਾਬਾ ਜੀ ਨੂੰ ਸਿਰੋਪਾ ਭੇਂਟ ਕੀਤਾ ਗਿਆ। 1931 ਵਿੱਚ ਭਾਰਤ ਨੌਜਵਾਨ ਸਭਾ ਮੋਗਾ ਵੱਲੋਂ ਉਹਨਾਂ ਦੇ ਸਨਮਾਨ ਵਿੱਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਰਿਹਾਈ ਉਪਰੰਤ ਬਾਬਾ ਜੀ ਦੀ ਕਿਰਤੀ ਕਿਸਾਨਾਂ ਦੇ ਹਿੱਤਾਂ ਲਈ ਸਰਗਰਮ ਹੋ ਗਏ। ਬਾਬਾ ਅਰੂੜ ਸਿੰਘ ਅਤੇ ਬਾਬਾ ਨਿਧਾਨ ਸਿੰਘ ਚੁੱਘਾ ਦੀ ਰਿਹਾਈ ਹੋਣ ਤੋਂ ਬਾਅਦ ਜ਼ੀਰਾ ਅਤੇ ਮੋਗਾ ਦੀਆਂ ਤਹਿਸੀਲਾਂ ਕਿਰਤੀ ਪਾਰਟੀ ਦਾ ਗੜ੍ਹ ਬਣ ਗਈਆਂ ਸਨ।[3]

ਬਾਬਾ ਨਿਧਾਨ ਸਿੰਘ ਜੀ ਦਾ ਸਿੱਖ ਪੰਥ, ਕਿਸਾਨ- ਮਜ਼ਦੂਰ ਤਬਕੇ ਅਤੇ ਨੌਜਵਾਨਾਂ ਵਿੱਚ ਵਿਸ਼ੇਸ਼ ਸਤਿਕਾਰ ਸੀ। ਗੱਲ ਕਿ ਬਾਬਾ ਜੀ ਸਭ ਵਰਗਾਂ ਵਿੱਚ ਹਰਮਨ-ਪਿਆਰੇ ਸਨ। 14 ਅਕਤੂਬਰ, 1932 ਨੂੰ ਗੁਰਦੁਆਰਾ ਪੰਜਾ ਸਾਹਿਬ ਦੀ

---

1. ਜੀਵਨੀ ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ, ਜਰਨੈਲ ਸਿੰਘ ਮੱਲੇਆਣਾ, ਪੰਨਾ 4
2. ਜੀਵਨੀ ਬਾਬਾ ਨਿਧਾਨ ਸਿੰਘ ਚੁੱਘਾ, ਡਾ. ਸੁਰਜੀਤ ਚੰਦਰ, ਪੰਨਾ 75
3. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਭਗਤ ਸਿੰਘ ਬਿਲਗਾ, ਪੰਨਾ 295

ਇਮਾਰਤ ਦਾ ਨੀਂਹ ਪੱਥਰ ਰੱਖਣ ਵਾਲੇ ਪੰਜ ਪਿਆਰਿਆਂ ਵਿੱਚ ਬਾਬਾ ਨਿਧਾਨ ਸਿੰਘ ਸ਼ਾਮਲ ਸਨ। ਦੂਸਰੀਆਂ ਪ੍ਰਸਿੱਧ ਸ਼ਖ਼ਸੀਅਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸੰਤ ਬਾਬਾ ਵਿਸਾਖਾ ਸਿੰਘ ਜੀ ਦਦੇਹਰ ਸਾਹਿਬ, ਸੰਤ ਬੁੱਧ ਸਿੰਘ ਜੀ ਅਤੇ ਪ੍ਰੋਫੈਸਰ ਜੋਧ ਸਿੰਘ ਸਨ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਨਾਲ ਵੀ ਬਾਬਾ ਨਿਧਾਨ ਸਿੰਘ ਚੁੱਘਾ ਜੁੜੇ ਰਹੇ। ਉਹ ਗੁਰਦੁਆਰਾ ਸਿੰਘ ਸਭਾ ਮੋਗਾ ਅਤੇ ਗੁਰਦੁਆਰਾ ਲੋਹਗੜ੍ਹ ਦੀਨਾਂ ਦੇ ਪ੍ਰਧਾਨ ਰਹੇ। ਅੰਤ 10 ਦਸੰਬਰ, 1936 ਨੂੰ ਬਾਬਾ ਨਿਧਾਨ ਸਿੰਘ ਚੁੱਘਾ ਮੋਗਾ ਵਿਖੇ ਅਕਾਲ ਚਲਾਣਾ ਕਰ ਗਏ।

ਬਾਬਾ ਜੀ ਦੀ ਯਾਦ ਵਿੱਚ ਕੋਟ ਈਸੇ ਖਾਂ (ਜ਼ਿਲ੍ਹਾ ਮੋਗਾ) ਅਤੇ ਮੋਗਾ ਸ਼ਹਿਰ ਦੇ ਬਾਹਰਵਾਰ ਜਲੰਧਰ-ਮੋਗਾ ਮਾਰਗ 'ਤੇ ਲੁਹਾਰਾ ਚੌਂਕ ਵਿੱਚ ਬਾਬਾ ਜੀ ਦੀ ਯਾਦ ਵਿੱਚ ਦੋ ਬੁੱਤ ਸਥਾਪਿਤ ਕੀਤੇ ਗਏ ਹਨ। ਚੁੱਘਾ ਕਲਾ ਮੋਗਾ ਦੇ ਸਰਕਾਰੀ ਹਾਈ ਸਕੂਲ ਦਾ ਨਾਂ ਬਾਬਾ ਨਿਧਾਨ ਸਿੰਘ ਚੁੱਘਾ ਜੀ ਦੇ ਨਾਂ ਉੱਪਰ ਰੱਖਿਆ ਹੋਇਆ ਹੈ।

# ਪੰਡਤ ਪਰਮਾਨੰਦ ਝਾਂਸੀ

ਗ਼ਦਰ ਲਹਿਰ ਦੇ ਇਤਿਹਾਸ ਵਿੱਚ ਇੱਕੋਂ ਸਮੇਂ ਦੋ ਪਰਮਾਨੰਦ ਹੋਏ ਹਨ। ਦੋਹਾਂ ਨੂੰ ਹੀ ਪਹਿਲੇ ਲਾਹੌਰ ਕੇਸ ਵਿੱਚ ਪਹਿਲਾਂ ਫ਼ਾਂਸੀ ਅਤੇ ਜਾਇਦਾਦ ਜ਼ਬਤੀ ਅਤੇ ਮੁੜ ਅੰਡੇਮਾਨ ਕਾਲੇਪਾਣੀ ਦੀ ਕੈਦ ਦੀਆਂ ਸਜ਼ਾਵਾਂ ਅਤੇ ਜਾਇਦਾਦ ਜ਼ਬਤੀ ਦੇ ਹੁਕਮ ਹੋਏ ਹਨ। ਪਹਿਲੇ ਗ਼ਦਰੀ ਪੰਡਤ ਪਰਮਾਨੰਦ ਲਾਹੌਰ ਵਾਲੇ ਸਨ। ਜਿਨ੍ਹਾਂ ਤਵਾਰੀਖ-ਏ-ਹਿੰਦ ਨਾਂ ਦੀ ਕਿਤਾਬ ਵੀ ਲਿਖੀ ਸੀ। ਇਹਨਾਂ ਨੂੰ ਪਰਮਾਨੰਦ (ਪਹਿਲਾ) ਵੀ ਕਿਹਾ ਜਾਂਦਾ ਹੈ। ਦੂਸਰੇ ਗ਼ਦਰੀ ਪਰਮਾਨੰਦ ਝਾਂਸੀ ਵਾਲੇ ਸਨ। ਇਹਨਾਂ ਨੂੰ ਪਰਨਮਾਨੰਦ (ਦੂਜਾ) ਵੀ ਕਿਹਾ ਜਾਂਦਾ ਹੈ। ਪੰਡਤ ਦੀ ਉਪਾਧੀ ਇਹਨਾਂ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਦਿੱਤੀ ਸੀ। ਉਸ ਤੋਂ ਬਾਅਦ ਇਤਿਹਾਸ ਵਿੱਚ ਇਹਨਾਂ ਦਾ ਜ਼ਿਕਰ ਪੰਡਤ ਪਰਮਾਨੰਦ ਝਾਂਸੀ ਦੇ ਨਾਂ ਨਾਲ ਆਉਂਦਾ ਹੈ। ਗ਼ਦਰ ਇਤਿਹਾਸ ਵਿੱਚ ਇਹਨਾਂ ਦੇ ਨਾਂ ਨਾਲ ਕਈ ਥਾਂ ਪਰਮਾਨੰਦ (ਯੂ.ਪੀ) ਵੀ ਲਿਖਿਆ ਮਿਲਦਾ ਹੈ।

ਪਰਮਾਨੰਦ ਦਾ ਜਨਮ 6 ਜੂਨ, 1889 ਈਃ ਨੂੰ ਉੱਤਰ-ਪ੍ਰਦੇਸ਼ ਦੇ ਬੁਦੇਲਖੰਡ ਇਲਾਕੇ ਦੇ ਪਿੰਡ ਸਕਰੋਧਾ ਖੜਕਾ ਤਹਿਸੀਲ ਰਾਠ, ਜ਼ਿਲ੍ਹਾ ਹਮੀਰਪੁਰ ਵਿਖੇ ਗਯਾ ਪ੍ਰਸ਼ਾਦ ਖਰੇ ਦੇ ਘਰ ਕਾਇਸਥ ਪਰਿਵਾਰ ਵਿੱਚ ਹੋਇਆ। ਉਹ ਛੇ ਭਰਾਵਾਂ ਅਤੇ ਦੋ ਭੈਣਾਂ ਵਿੱਚੋਂ ਸਭ ਤੋਂ ਛੋਟੇ ਸਨ। ਉਹਨਾਂ ਦੇ ਬਚਪਨ ਵਿੱਚ ਹੀ ਉਹਨਾਂ ਦੇ ਮਾਤਾ-ਪਿਤਾ ਰੱਬ ਨੂੰ ਪਿਆਰੇ ਹੋ ਗਏ ਸਨ। ਉਨ੍ਹਾਂ ਦੇ ਦਾਦਾ ਮਨਰਾਖਨਜੀ ਪ੍ਰਸਿੱਧ ਦੇਸ਼ ਭਗਤ ਸਨ ਅਤੇ ਉਹਨਾਂ 1857 ਦੇ ਵਿਦਰੋਹ ਵਿੱਚ ਬੜੀ ਸਰਗਰਮੀ ਨਾਲ ਹਿੱਸਾ ਲਿਆ ਸੀ। ਉਹਨਾਂ ਚਰਖਾਰੀ ਸਟੇਟ ਦੇ ਅੰਗਰੇਜ਼ ਪੱਖੀ ਰਾਜਕੁਮਾਰ ਨੂੰ ਗੋਲੀ ਮਾਰੀ ਸੀ। ਜਿਸ ਕਾਰਨ ਉਹਨਾਂ ਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਕੇ ਚਰਖਾਰੀ ਸਟੇਟ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਜੇਲ੍ਹ ਵਿੱਚ ਉਹਨਾਂ ਨੂੰ ਬਹੁਤ ਤਸੀਹੇ ਦਿੱਤੇ ਗਏ ਅਤੇ ਇੱਕ ਸਾਲ ਪਿੱਛੋਂ ਹੀ ਉਹਨਾਂ ਦੀ ਜੇਲ੍ਹ ਵਿੱਚ ਦਰਦਨਾਕ ਮੌਤ ਹੋ ਗਈ ਸੀ। ਆਪਣੇ ਭਰਾਵਾਂ ਦੇ ਕੋਲੋਂ ਜ਼ਾਲਮ ਅੰਗਰੇਜ਼ੀ ਹਕੂਮਤ ਦੇ ਅਜਿਹੇ ਅੱਤਿਆਚਾਰਾਂ ਦੀ ਗਾਥਾ ਸੁਣ ਕੇ ਬਚਪਨ ਵਿੱਚ ਹੀ ਪਰਮਾਨੰਦ ਦੇ ਮਨ ਵਿੱਚ ਦੇਸ਼ ਭਗਤੀ ਪ੍ਰਬਲ ਹੋ ਉੱਠੀ।

ਉਹਨਾਂ ਰਾਠ ਦੇ ਸਕੂਲ ਤੋਂ ਪ੍ਰਾਇਮਰੀ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ। ਅਗਲੇਰੀ ਪੜ੍ਹਾਈ ਲਈ ਉਹਨਾਂ ਇਲਾਹਾਬਾਦ ਦੀ ਕਾਇਸਥ ਪਾਠਸ਼ਾਲਾ ਵਿੱਚ ਦਾਖਲਾ ਲੈ ਲਿਆ। ਇਸ ਸਮੇਂ ਉਹ ਇਨਕਲਾਬੀ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ ਸਨ। 1907 ਵਿੱਚ ਉਹਨਾਂ ਨੂੰ ਇਨਕਲਾਬੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਸਦਕਾ ਕਾਇਸਥ ਪਾਠਸ਼ਾਲਾ ਤੋਂ ਕੱਢ ਦਿੱਤਾ ਗਿਆ। ਫਿਰ ਉਹ ਸੰਸਕ੍ਰਿਤ ਦੀ ਪੜ੍ਹਾਈ ਲਈ ਬਨਾਰਸ ਦੇ ਕੁਈਨਜ਼ ਸੰਸਕ੍ਰਿਤ ਕਾਲਜ ਵਿੱਚ ਦਾਖਲ ਹੋ ਗਏ। ਆਚਾਰੀਆ ਨਰਿੰਦਰ ਦੇਵ ਸੋਸ਼ਲਿਸਟ ਨੇਤਾ ਉਹਨਾਂ ਦੇ ਸਹਿਪਾਠੀ ਸਨ। ਇੱਥੋਂ

ਉਹ ਸ਼ਿਵ ਪ੍ਰਸ਼ਾਦ ਗੁਪਤਾ ਤੋਂ ਆਰਥਿਕ ਸਹਾਇਤਾ ਲੈ ਕੇ ਵਿਦੇਸ਼ ਲਈ ਰਵਾਨਾ ਹੋਏ। ਰਸਤੇ ਵਿੱਚ ਉਹਨਾਂ ਸਿੰਘਾਪੁਰ ਵਿਖੇ ਕਥਾ-ਵਾਰਤਾ ਕੀਤੀ। ਸਿੰਘਾਪੁਰ ਵਿਖੇ ਉਹਨਾਂ ਨੂੰ ਝਾਂਸੀ ਇਲਾਕੇ ਦੇ ਮੰਗਲ ਸਿੰਘ ਬਾਰੇ ਪਤਾ ਚੱਲਿਆ, ਜੋ ਕਿ ਇਸ ਇਲਾਕੇ ਵਿੱਚ ਡੇਅਰੀ ਫਾਰਮਿੰਗ ਦਾ ਕੰਮ ਕਰਦਾ ਸੀ। ਉਹ ਕੁਝ ਦਿਨ ਉਸ ਕੋਲ ਵੀ ਠਹਿਰੇ। ਉੱਥੋਂ ਉਹ ਹਾਂਗਕਾਂਗ ਅਤੇ ਫਿਰ ਜਾਪਾਨ ਚਲੇ ਗਏ। ਜਾਪਾਨ ਵਿੱਚ ਉਹਨਾਂ ਦਾ ਮੇਲ ਗ਼ਦਰੀ ਆਗੂ ਭਾਈ ਭਗਵਾਨ ਸਿੰਘ ਨਾਲ ਹੋਇਆ। ਟੋਕੀਉ ਦੀ ਮਿਲਟਰੀ ਯੂਨੀਵਰਸਿਟੀ ਵਿੱਚ ਦਾਖਲ ਹੋ ਕੇ ਪਰਮਾਨੰਦ ਝਾਂਸੀ ਨੇ ਫੌਜੀ ਸਿੱਖਿਆ ਵੀ ਪ੍ਰਾਪਤ ਕੀਤੀ। ਅਗਸਤ 1914 ਵਿੱਚ ਪਹਿਲੀ ਵਿਸ਼ਵ ਜੰਗ ਛਿੜਨ ਦੇ ਸਮੇਂ ਉਹ ਜਾਪਾਨ ਵਿੱਚ ਹੀ ਸਨ। ਉਹਨਾਂ ਦਾ ਲਾਲਾ ਹਰਦਿਆਲ ਨਾਲ ਵੀ ਚਿੱਠੀ-ਪੱਤਰ ਹੁੰਦਾ ਰਹਿੰਦਾ ਸੀ। ਜਾਪਾਨ ਵਿੱਚ ਇੱਕ ਵਾਰ ਉਹਨਾਂ ਦਾ ਮੇਲ ਬਾਬਾ ਸੋਹਣ ਸਿੰਘ ਭਕਨਾ ਨਾਲ ਵੀ ਹੋਇਆ। ਪਰਮਾਨੰਦ ਝਾਂਸੀ ਨੇ ਅਮਰੀਕਾ ਜਾਣ ਦਾ ਆਪਣਾ ਵਿਚਾਰ ਛੱਡ ਦਿੱਤਾ ਅਤੇ ਗ਼ਦਰ ਪਾਰਟੀ ਦੇ ਸੰਦੇਸ਼ ਅਨੁਸਾਰ ਦੇਸ਼ ਪਰਤਣ ਲਈ ਤਿਆਰ ਹੋ ਗਏ।

ਗ਼ਦਰ ਡਾਇਰੈਕਟਰੀ ਵਿੱਚ ਜ਼ਿਕਰ ਆਉਂਦਾ ਹੈ ਕਿ ਉਹ ਯੋਕੋਹਾਮਾ ਵਿਖੇ ਗ਼ਦਰੀ ਆਗੂਆਂ ਜਗਤ ਰਾਮ, ਕੇਸਰ ਸਿੰਘ ਅਤੇ ਜਵਾਲਾ ਸਿੰਘ ਵਾਲੇ ਐਸ.ਐਸ.ਕੋਰੀਆ ਜਹਾਜ਼ ਵਿੱਚ ਸਵਾਰ ਹੋ ਕੇ ਦੇਸ਼ ਲਈ ਰਵਾਨਾ ਹੋਏ। ਉਸ ਦੇ ਉਸ ਸਮੇਂ ਜਾਪਾਨੀ ਕੱਪੜੇ ਪਹਿਨੇ ਹੋਏ ਸਨ ਅਤੇ ਪਿਰਥੀ ਸਿੰਘ ਅਤੇ ਅਮਰ ਸਿੰਘ ਰਾਜਪੂਤ ਦੁਆਰਾ ਉਸ ਨੂੰ ਭਾਰਤੀ ਪਹਿਰਾਵਾ ਦਿੱਤਾ ਗਿਆ। ਉਸ ਨੇ ਜਹਾਜ਼ 'ਤੇ ਸਵਾਰ ਹੋ ਕੇ ਸਭ ਤੋਂ ਜ਼ਿਆਦਾ ਹਿੰਸਕ ਭਾਸ਼ਣ ਦਿੱਤੇ, ਜਿਸ ਨੇ ਸਰੋਤਿਆ ਨੂੰ ਬੰਨ੍ਹ ਕੇ ਰੱਖ ਦਿੱਤਾ। ਮੰਨਿਆਂ ਜਾਂਦਾ ਹੈ ਕਿ ਉਹ ਕੇਸਵਦੂ ਸ਼ਾਸਤਰੀ ਦੇ ਰਸੋਈਏ ਵਜੋਂ ਅਮਰੀਕਾ ਗਿਆ ਸੀ। ਭਾਰਤ ਪਰਤਣ 'ਤੇ ਉਸ ਨੇ ਕ੍ਰਾਂਤੀਕਾਰੀ ਸਰਗਰਮੀਆਂ ਵਿੱਚ ਮੋਹਰੀ ਹਿੱਸਾ ਲਿਆ ਅਤੇ ਪੰਜਾਬ ਅਤੇ ਬਨਾਰਸ ਦੇ ਸਾਜਿਸ਼ਕਾਰਾਂ ਦਾ ਆਪਸ ਵਿੱਚ ਮੇਲ ਕਰਵਾਇਆ।[1]

ਪਰਮਾਨੰਦ ਝਾਂਸੀ ਯੋਕੋਹਾਮਾ ਬੰਦਰਗਾਹ ਤੋਂ ਐਸ.ਐਸ.ਕੋਰੀਆ ਜਹਾਜ਼ ਵਿੱਚ ਸਵਾਰ ਹੋ ਗਏ। ਇਸੇ ਜਹਾਜ਼ ਰਾਹੀ ਭਾਈ ਜਵਾਲਾ ਸਿੰਘ, ਕੇਸਰ ਸਿੰਘ, ਪ੍ਰਿਥਵੀ ਸਿੰਘ, ਜਗਤ ਰਾਮ ਹਰਿਆਣਾ, ਨਿਧਾਨ ਸਿੰਘ ਚੁੱਘਾ ਆਦਿ ਪ੍ਰਸਿੱਧ ਗ਼ਦਰੀ ਦੇਸ਼ ਪਰਤ ਰਹੇ ਸਨ। ਰਸਤੇ ਵਿੱਚ ਜਹਾਜ਼ ਦੇ ਹਾਂਗਕਾਂਗ ਪਹੁੰਚਣ ਤੇ ਭਾਈ ਪਰਮਾਨੰਦ ਝਾਂਸੀ ਨੇ ਬੜੇ ਗਰਮ ਲੈਕਚਰ ਦਿੱਤੇ। ਹਾਂਗਕਾਂਗ ਤੋਂ ਹੋਰਨਾਂ ਗ਼ਦਰੀਆਂ ਨਾਲ ਤੋਸ਼ਾਮਾਰੂ ਵਿੱਚ ਸਵਾਰ ਹੋ ਕੇ ਦੇਸ਼ ਲਈ ਚੱਲ ਪਏ। ਜਹਾਜ਼ ਦੇ ਸਿੰਘਾਪੁਰ ਪੁੱਜਣ 'ਤੇ ਉਹ ਆਪਣੇ ਵਾਕਿਫ਼ਕਾਰ, ਜਿਸ ਕੋਲ ਜਾਪਾਨ ਜਾਂਦੇ ਸਮੇਂ ਵੀ ਰੁਕੇ ਸਨ, ਮੰਗਲ ਸਿੰਘ ਦੀ ਡੇਅਰੀ 'ਤੇ ਗਏ ਅਤੇ ਉੱਥੇ ਗ਼ਦਰ ਦਾ ਪ੍ਰਚਾਰ ਕੀਤਾ। ਦੂਜੇ ਦਿਨ ਤੋਸ਼ਾਮਾਰੂ ਜਹਾਜ਼ ਦੇ ਡੈਕ 'ਤੇ ਜਲਸਾ ਹੋਇਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਫੌਜੀ ਸ਼ਾਮਲ ਹੋਏ। ਇੱਥੇ ਬਾਬਾ ਕੇਸਰ ਸਿੰਘ ਨੇ "ਉੱਠੋਂ ਜਾਗੋ ਹਿੰਦੀ

1. ਗ਼ਦਰ ਡਾਇਰੈਕਟਰੀ, ਭਾਈ ਨਾਹਰ ਸਿੰਘ ਐਮ.ਏ. ਭਾਈ ਕਿਰਪਾਲ ਸਿੰਘ, ਪੰਨਾ 18

ਵੀਰੋ, ਕੌਮ ਗਰਕਦੀ ਜਾਂਦੀ ਏ" ਜੋਸ਼ੀਲੀ ਕਵਿਤਾ ਪੜ੍ਹੀ। ਬਾਅਦ ਵਿੱਚ ਪਰਮਾਨੰਦ ਝਾਂਸੀ ਨੇ ਦਲੀਲ ਯੁਕਤ ਭਾਸ਼ਨ ਦੇ ਕੇ ਫੌਜੀਆਂ ਅਤੇ ਹੋਰ ਲੋਕਾਂ ਨੂੰ ਬਗਾਵਤ ਕਰਨ ਦੀ ਪ੍ਰੇਰਨਾ ਦਿੱਤੀ। ਗ਼ਦਰ ਲਹਿਰ ਦੇ ਆਗੂਆਂ ਦੇ ਪ੍ਰਚਾਰ ਸਦਕਾ 1915 ਵਿੱਚ ਸਿੰਘਪੁਰ ਦੇ ਫੌਜੀਆਂ ਨੇ ਬਗਾਵਤ ਕਰ ਦਿੱਤੀ ਸੀ। ਰਸਤੇ ਵਿੱਚ ਪੀਨਾਂਗ ਵਿਖੇ ਵੀ ਗ਼ਦਰੀਆਂ ਨੇ ਪ੍ਰਚਾਰ ਕੀਤਾ। 29 ਅਕਤੂਬਰ, 1914 ਨੂੰ ਤੋਸ਼ਾਮਾਰੂ ਜਹਾਜ਼ ਕਲਕੱਤੇ ਪਹੁੰਚ ਗਿਆ। ਜਹਾਜ਼ ਦੇ ਕਲਕੱਤੇ ਪਹੁੰਚਣ 'ਤੇ ਉਹਨਾਂ ਦੀ ਤਲਾਸ਼ੀ ਲਈ ਗਈ। ਸਿੱਖ ਯਾਤਰੀਆਂ ਨੂੰ ਸਖਤ ਪਹਿਰੇ ਹੇਠ ਪੰਜਾਬ ਭੇਜ ਦਿੱਤਾ। ਹਿੰਦੂ-ਮੁਸਲਮਾਨ ਅਤੇ ਮੋਨੇ ਗ਼ਦਰੀ ਛੱਡ ਦਿੱਤੇ ਗਏ, ਜਿਸ ਕਰਕੇ ਪਰਮਾਨੰਦ ਝਾਂਸੀ, ਪੰਡਤ ਜਗਤ ਰਾਮ, ਪ੍ਰਿਥਵੀ ਸਿੰਘ ਆਜ਼ਾਦ ਅਤੇ ਕੁਝ ਹੋਰ ਗ਼ਦਰੀ ਗ੍ਰਿਫ਼ਤਾਰ ਹੋਣ ਤੋਂ ਬਚ ਗਏ।

ਉਹ ਕਲਕੱਤੇ ਵਿਖੇ ਕੁਝ ਦਿਨ ਠਹਿਰ ਗਏ। ਬਾਅਦ ਵਿੱਚ ਉਹਨਾਂ ਲਾਹੌਰ ਦੇ ਆਰੀਆ ਸਮਾਜ ਮੰਦਰ ਵਿਖੇ ਆਪਣਾ ਟਿਕਾਣਾ ਬਣਾ ਲਿਆ। ਉਹ ਆਪਣੇ ਸਾਥੀਆਂ ਨਾਲ ਮਿਲਕੇ ਗ਼ਦਰ ਦੀਆਂ ਤਿਆਰੀਆਂ ਵਿੱਚ ਰੁੱਝ ਗਏ। ਉਹਨਾਂ ਹਥਿਆਰ ਪ੍ਰਾਪਤ ਕਰਨ ਲਈ ਬੰਗਾਲ ਦੀ ਪਾਰਟੀ ਨਾਲ ਸੰਬੰਧ ਸਥਾਪਿਤ ਕੀਤੇ। ਪਿੰਗਲੇ ਦਸੰਬਰ (1914) ਦੇ ਆਖੀਰ ਵਿੱਚ ਪੰਜਾਬ ਆਏ ਅਤੇ ਅਮਰ ਸਿੰਘ ਨੂੰ ਨਾਲ ਲੈ ਕੇ ਕਪੂਰਥਲੇ ਗਏ, ਜਿੱਥੇ ਉਹਨਾਂ ਨਿਧਾਨ ਸਿੰਘ ਚੁੱਘਾ, ਕਰਤਾਰ ਸਿੰਘ ਸਰਾਭਾ, ਪਰਮਾਨੰਦ (ਯੂ.ਪੀ) ਅਤੇ ਰਾਮਸ਼ਰਨ ਦਾਸ ਨਾਲ ਮਿਲ ਕੇ ਮੀਟਿੰਗ ਕੀਤੀ। ਬੰਬਾਂ ਬਾਰੇ ਗੱਲਬਾਤ ਹੋਈ ਅਤੇ ਸ੍ਰੀ ਪਿੰਗਲੇ ਨੇ ਜ਼ਿਕਰ ਕੀਤਾ ਕਿ ਬੰਗਾਲ ਪਾਰਟੀ ਮਿਲਵਰਤਣ ਦੇਣ ਲਈ ਤਿਆਰ ਹੈ।[1]

31 ਦਸੰਬਰ, ਨੂੰ ਅੰਮ੍ਰਿਤਸਰ ਵਰਪਾਲੀ ਧਰਮਸ਼ਾਲਾ ਵਿੱਚ ਇੱਕ ਜ਼ਰੂਰੀ ਮੀਟਿੰਗ ਹੋਈ, ਜਿਸ ਵਿੱਚ ਮੂਲਾ ਸਿੰਘ ਅਤੇ ਅਮਰ ਸਿੰਘ (ਵਾਅਦਾ ਮੁਆਫਾਂ) ਤੋਂ ਇਲਾਵਾ ਕਰਤਾਰ ਸਿੰਘ ਸਰਾਭਾ, ਪਰਮਾਨੰਦ (ਯੂ.ਪੀ), ਹਰਨਾਮ ਸਿੰਘ (ਜਿਹਲਮ), ਪਿੰਗਲੇ, ਨਿਧਾਨ ਸਿੰਘ ਚੁੱਘਾ, ਡਾਕਟਰ ਮਥਰਾ ਸਿੰਘ, ਹਿਰਦੇ ਰਾਮ (ਮੰਡੀ ਰਿਆਸਤ), ਜਗਤ ਸਿੰਘ ਸੁਰ ਸਿੰਘ ਅਤੇ ਬਲਵੰਤ ਸਿੰਘ ਸਠਿਆਲਾ ਹਾਜ਼ਰ ਹੋਏ। ਇੱਥੇ ਗ਼ਦਰੀ ਪ੍ਰੋਗਰਾਮ ਦੇ ਵੱਖ-ਵੱਖ ਪਹਿਲੂਆਂ-ਖ਼ਜ਼ਾਨੇ ਲੁੱਟਣ, ਚੰਦਾ ਇਕੱਠਾ ਕਰਨ, ਫੌਜਾਂ ਨੂੰ ਪ੍ਰੇਰਨ, ਹਥਿਆਰ ਇਕੱਠੇ ਕਰਨ, ਬੰਬ ਤਿਆਰ ਕਰਨ ਅਤੇ ਡਾਕੇ ਮਾਰਨ ਸੰਬੰਧੀ ਵਿਚਾਰ ਚਰਚਾ ਹੋਈ।[2]

ਮੀਟਿੰਗਾਂ ਉਪਰੰਤ ਗ਼ਦਰੀ ਆਪੋ-ਆਪਣੀਆਂ ਡਿਊਟੀਆਂ ਕਰਨ ਲੱਗ ਪਏ। ਅੰਮ੍ਰਿਤਸਰ ਵਿੱਚ ਮੁੱਖ ਤੌਰ 'ਤੇ ਬੰਬ ਬਣਾਉਣ ਵਾਲੀ ਟੋਲੀ ਵਿੱਚ ਡਾ. ਮਥਰਾ ਸਿੰਘ, ਪਰਮਾਨੰਦ (ਯੂ.ਪੀ) ਅਤੇ ਹਿਰਦੇ ਰਾਮ (ਮੰਡੀ ਰਿਆਸਤ) ਸ਼ਾਮਲ ਸਨ। ਬਾਅਦ ਵਿੱਚ ਜਦ ਝਾਂਬੇਵਾਲ ਵਿਖੇ ਗ਼ਦਰੀਆਂ ਨੇ ਬੰਬਸ਼ਾਲੀ ਦਾ ਕੇਂਦਰ ਸਥਾਪਿਤ ਕੀਤਾ ਤਾਂ ਡਾਕਟਰ ਮਥਰਾ ਸਿੰਘ ਅਤੇ ਪਰਮਾਨੰਦ ਝਾਂਸੀ ਉੱਥੇ ਸਰਗਰਮ ਹੋ ਗਏ।

1. ਗ਼ਦਰ ਪਾਰਟੀ ਲਹਿਰ, ਜਗਜੀਤ ਸਿੰਘ, ਪੰਨਾ 252
2. ਉਹੀ, ਪੰਨਾ 252-253

27 ਜਨਵਰੀ ਨੂੰ ਮਨਸੂਰਾਂ ਪਏ ਡਾਕੇ ਪਿੱਛੋਂ ਝਾਂਬੇਵਾਲ ਦੀ ਬੰਬ ਫੈਕਟਰੀ ਪੁਲਿਸ ਦੇ ਨਿਸ਼ਾਨੇ 'ਤੇ ਆ ਗਈ। ਫਿਰ ਗ਼ਦਰੀਆਂ ਨੇ ਬੰਬ ਬਣਾਉਣ ਦੀ ਜਗ੍ਹਾ ਲੋਹਟਬੱਧੀ ਤਬਦੀਲ ਕਰ ਲਈ। ਪੰਡਤ ਪਰਮਾਨੰਦ ਝਾਂਸੀ ਦੇ ਬਿਆਨ ਅਨੁਸਾਰ ਉਸ ਦੀ ਡਿਊਟੀ ਕਾਨਪੁਰ, ਅਲਾਹਾਬਾਦ ਅਤੇ ਝਾਂਸੀ ਦੀਆਂ ਫੌਜਾਂ ਨਾਲ ਸੰਪਰਕ ਬਣਾਉਣ ਦੀ ਲਾਈ ਗਈ। ਇਨ੍ਹਾਂ ਛਾਉਣੀਆਂ ਵਿੱਚ ਗ਼ਦਰ ਦਾ ਪ੍ਰਚਾਰ ਕੀਤਾ। ਭਾਰਤ ਦਾ ਜੰਗੀ ਨਕਸ਼ਾ ਅਤੇ ਟੋਪੋਗਰਾਫ਼ੀ ਮੈਂ ਜਰਮਨਾਂ ਤੋਂ ਜਾਪਾਨ ਤੋਂ ਲਿਆਇਆ ਸੀ। ਛਾਉਣੀਆਂ ਦਾ ਦੌਰਾ ਕਰਕੇ ਜਦ ਮੈਂ ਮੁੜਿਆ ਤਾਂ ਮੇਰੀ ਡਿਊਟੀ ਡਾਕਟਰ ਮਥਰਾ ਸਿੰਘ ਨਾਲ ਲਾ ਦਿੱਤੀ ਗਈ।[1]

ਦੇਸ਼ ਪਰਤੇ ਗ਼ਦਰੀਆਂ ਨੇ ਆਪਣੀਆਂ ਤਿਆਰੀਆਂ ਮੁਕੰਮਲ ਕਰਕੇ 21 ਫ਼ਰਵਰੀ, 1915 ਨੂੰ ਦੇਸ਼ ਵਿੱਚ ਗ਼ਦਰ ਮਚਾਉਣ ਦੀ ਤਾਰੀਕ ਮਿਥ ਲਈ। ਸਭ ਤੋਂ ਪਹਿਲਾਂ ਮੀਆਂ-ਮੀਰ ਛਾਉਣੀ (ਲਾਹੌਰ) ਅਤੇ ਫ਼ਿਰੋਜ਼ਪੁਰ ਦੀ ਛਾਉਣੀ 'ਤੇ ਧਾਵੇ ਬੋਲਣੇ ਸਨ। ਪਰ ਕਿਰਪਾਲ ਸਿੰਘ ਨਾਂ ਦੇ ਗ਼ਦਾਰ ਰਾਹੀਂ ਇਹ ਸੂਚਨਾ ਅੰਗਰੇਜ਼ ਹਕੂਮਤ ਤੱਕ ਪਹੁੰਚ ਗਈ, ਇਸ ਦੀ ਭਿਣਕ ਗ਼ਦਰੀਆਂ ਨੂੰ ਵੀ ਪੈ ਗਈ। ਗ਼ਦਰੀਆਂ ਨੇ 15 ਫ਼ਰਵਰੀ ਨੂੰ ਲਾਹੌਰ ਵਿੱਚ ਹੰਗਾਮੀ ਮੀਟਿੰਗ ਕਰਕੇ ਗ਼ਦਰ ਦੀ ਤਾਰੀਕ ਬਦਲ ਕੇ 19 ਫ਼ਰਵਰੀ ਕਰ ਲਈ। ਇਸ ਸਮੇਂ ਗ਼ਦਰੀ ਵੱਖ-ਵੱਖ ਛਾਉਣੀਆਂ ਵਿੱਚ ਬਦਲੀ ਤਾਰੀਕ ਦੱਸਣ ਲਈ ਗਏ। ਪਰਮਾਨੰਦ ਝਾਂਸੀ ਨੂੰ ਬਦਲੀ ਹੋਈ ਤਾਰੀਕ ਦੱਸਣ ਲਈ ਪਿਸ਼ਾਵਰ ਦੀ ਛਾਉਣੀ ਭੇਜਿਆ ਗਿਆ। ਬਦਲੀ ਹੋਈ ਤਾਰੀਕ ਦਾ ਵੀ ਅੰਗਰੇਜ਼ ਹਕੂਮਤ ਨੂੰ ਪਤਾ ਲੱਗ ਗਿਆ। ਸਭ ਛਾਉਣੀਆਂ ਦੀਆਂ ਤਲਾਸ਼ੀਆਂ ਸ਼ੁਰੂ ਹੋ ਗਈਆਂ। ਗ਼ਦਰੀਆਂ ਦੀਆਂ ਵੀ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਪਿਸ਼ਾਵਰ ਤੋਂ ਕਿਸੇ ਤਰੀਕੇ ਪਰਮਾਨੰਦ ਝਾਂਸੀ ਲਾਹੌਰ ਪਹੁੰਚੇ। 23 ਫਰਵਰੀ ਨੂੰ ਪਰਮਾਨੰਦ ਝਾਂਸੀ ਅਤੇ ਬਾਬਾ ਗੁਰਮੁਖ ਸਿੰਘ ਲਲਤੋਂ ਵੀ ਲਾਹੌਰ ਤੋਂ ਗ੍ਰਿਫ਼ਤਾਰ ਕਰ ਲਏ ਗਏ। ਗ੍ਰਿਫ਼ਤਾਰ ਕਰਨ ਉਪਰੰਤ ਉਹਨਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਲਿਆਂਦਾ ਗਿਆ। ਗ੍ਰਿਫ਼ਤਾਰੀ ਸਮੇਂ ਪਰਮਾਨੰਦ ਕੋਲੋਂ ਭਾਰਤ ਦਾ ਜੰਗੀ ਨਕਸ਼ਾ ਅਤੇ ਇੰਡੀਆ ਦੀ ਟੋਪੋਗ੍ਰਾਫੀ ਦੇ ਨਕਸ਼ੇ ਮਿਲੇ।

ਉਹਨਾਂ ਨੂੰ ਗ੍ਰਿਫ਼ਤਾਰੀ ਉਪਰੰਤ ਲਾਹੌਰ ਸਾਜਿਸ਼ ਕੇਸ ਦੇ ਪਹਿਲੇ ਮੁਕਦੱਮੇ ਵਿੱਚ ਸ਼ਾਮਲ ਕਰ ਲਿਆ ਗਿਆ, ਜੋ 26 ਅਪ੍ਰੈਲ, 1915 ਨੂੰ ਸ਼ੁਰੂ ਹੋਇਆ। ਮੁਕੱਦਮੇ ਦੀ ਸੁਣਵਾਈ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਬਣਾਇਆ ਗਿਆ। ਏ.ਏ. ਇਰਵਨ ਮੁੱਖ ਕਮਿਸ਼ਨਰ ਅਤੇ ਟੀ.ਪੀ ਐਲਿਸ਼ ਅਤੇ ਸ਼ਿਓ ਨਰਾਇਣ ਇਸ ਟ੍ਰਿਬਿਊਨਲ ਦੇ ਵਿਸ਼ੇਸ਼ ਕਮਿਸ਼ਨਰ ਸਨ। ਮੁਕੱਦਮੇ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ। ਪੰਜ ਪੰਜ ਗ਼ਦਰੀਆਂ ਦੇ ਗਰੁੱਪ ਬਣਾ ਕੇ ਫੈਸਲਾ ਸੁਣਾਉਣ ਲਈ ਲਿਜਾਏ ਗਏ। ਪਹਿਲੇ ਗਰੁੱਪ ਵਿੱਚ ਕਰਤਾਰ ਸਿੰਘ ਸਰਾਭਾ, ਪਰਮਾਨੰਦ ਝਾਂਸੀ, ਬਾਬਾ ਅਰੂੜ ਸਿੰਘ ਚੂਹੜਚੱਕ, ਕਿਹਰ ਸਿੰਘ ਅਮਲੀ ਅਤੇ ਦੇਵਾ ਸਿੰਘ ਨੂੰ ਲੈ ਕੇ ਗਏ। ਕਰਤਾਰ

1. ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਗਿਆਨੀ ਹੀਰਾ ਸਿੰਘ ਦਰਦ, ਪੰਨਾ 148

ਸਿੰਘ ਸਰਾਭਾ, ਪਰਮਾਨੰਦ ਝਾਂਸੀ, ਅਤੇ ਅਰੂੜ ਸਿੰਘ ਨੂੰ ਫਾਂਸੀ ਦੇ ਹੁਕਮ ਸੁਣਾਏ ਗਏ ਜਦੋਂ ਕਿ ਕੇਹਰ ਸਿੰਘ ਅਤੇ ਦੇਵਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। 24 ਗ਼ਦਰੀਆਂ ਨੂੰ ਫਾਂਸੀ ਦੇ ਹੁਕਮ ਸੁਣਾਕੇ ਫਾਂਸੀ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਬਾਕੀ ਗ਼ਦਰੀਆਂ ਨੂੰ ਵੱਖਰੇ ਤੌਰ 'ਤੇ ਨਜ਼ਰਬੰਦ ਕਰ ਦਿੱਤਾ ਗਿਆ।

ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਵਾਅਦਾ ਮੁਆਫ਼ ਗਵਾਹ ਨਵਾਬ ਖਾਨ ਪਰਮਾਨੰਦ ਝਾਂਸੀ ਬਾਰੇ ਦੱਸਦਾ ਹੈ ਕਿ, "ਦੋਸ਼ੀ ਨੂੰ ਜਵਾਲਾ ਸਿੰਘ ਅਤੇ ਕੇਸਰ ਸਿੰਘ ਨੇ ਜਾਪਾਨੀ ਪਹਿਰਾਵਾ ਪਹਿਨਾ ਕੇ ਯੋਕੋਹਾਮਾ ਵਿਖੇ 'ਕੋਰੀਆ' ਜਹਾਜ਼ 'ਤੇ ਲਿਆਂਦਾ ਸੀ। ਗਵਾਹ ਉਸ ਨੂੰ ਇੱਕ ਮਹਾਨ ਸੰਸਕ੍ਰਿਤ ਵਿਦਵਾਨ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਉਹ ਜਹਾਜ਼ 'ਤੇ ਦੇਸ਼ ਧ੍ਰੋਹੀ ਸੰਸਕ੍ਰਿਤ ਦੀਆਂ ਕਵਿਤਾਵਾਂ ਸੁਣਾਉਂਦਾ ਸੀ- ਉਹਨਾਂ ਵਿੱਚੋਂ ਕੁਝ ਹਾਂਗਕਾਂਗ ਅਤੇ ਕਲਕੱਤਾ ਦੇ ਵਿਚਕਾਰ ਸੁਣਾਈਆਂ। ਸਿੰਘਾਪੁਰ ਵਿਖੇ ਦੋਸ਼ੀ ਉਹਨਾਂ ਵਿੱਚੋਂ ਇੱਕ ਹੈ, ਜੋ ਫੌਜਾਂ ਵਿੱਚ ਬਗਾਵਤ ਕਰਵਾਉਣ ਦਾ ਕੰਮ ਕਰਦੇ ਸਨ। ਦੋਸ਼ੀ ਉਹਨਾਂ ਵਿੱਚੋਂ ਇੱਕ ਹੈ ਜੋ ਪਿਨਾਂਗ ਵਿਖੇ ਅੰਮ੍ਰਿਤ ਬਾਜ਼ਾਰ ਪੱਤ੍ਰਿਕਾ ਨੂੰ ਤਾਰ ਦੇਣ ਲਈ ਗਏ ਸਨ।" ਲਾਹੌਰ ਸਾਜਿਸ਼ ਕੇਸ ਦੇ ਫੈਸਲੇ ਵਿੱਚ ਜ਼ਿਕਰ ਆਉਂਦਾ ਹੈ ਕਿ ਦੋਸ਼ੀ ਮੰਨਦਾ ਹੈ ਕਿ ਸਿੰਘਪੁਰ ਵਿਖੇ ਬੋਰਡ 'ਤੇ ਉਸ ਨੇ 'ਭਾਰਤ ਮਾਤਾ' ਕਵਿਤਾ ਸੁਣਾਈ ਸੀ, ਜਿਸ ਨੂੰ ਦੋਸ਼ੀ ਨੇ ਦੇਸ਼ ਧ੍ਰੋਹੀ ਨਹੀਂ ਮੰਨਿਆਂ। ਉਹ ਨਵੰਬਰ 1914 ਵਿੱਚ ਲਾਹੌਰ ਦੇ ਆਰੀਆ ਸਮਾਜ ਮੰਦਰ ਵਿਖੇ ਰਹਿਣ ਦੀ ਗੱਲ ਵੀ ਮੰਨਦਾ ਹੈ।

ਪਹਿਲੇ ਲਾਹੌਰ ਸਾਜਿਸ ਕੇਸ ਦੇ ਫੈਸਲੇ ਵਿੱਚ ਪਰਮਾਨੰਦ ਝਾਂਸੀ ਨੂੰ ਭਾਰਤੀ ਸੰਵਿਧਾਨ ਦੀ ਧਾਰਾ 121 (ਜੰਗ ਛੇੜਨ ਲਈ ਉਕਸਾਉਣਾ) 121 ਏ, 122 ਅਤੇ 124 ਏ ਦੇ ਅਧੀਨ ਅਪਰਾਧਾਂ ਦਾ ਦੋਸ਼ੀ ਠਹਿਰਾਉਂਦੇ ਹੋਏ ਫਾਂਸੀ ਦੀ ਸਜ਼ਾ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।

ਬਾਅਦ ਵਿੱਚ ਜਦ ਵਾਇਸਰਾਏ ਲਾਰਡ ਹਾਰਡਿੰਗ ਦੇ ਦਖਲ ਨਾਲ ਫ਼ਾਂਸੀ ਦੀਆਂ ਸਜ਼ਾਵਾਂ ਤੋੜੀਆਂ ਗਈਆਂ ਤਾਂ ਪਰਮਾਨੰਦ ਦੀ ਸਜ਼ਾ ਵੀ ਉਮਰ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਰਹਿ ਗਈ। ਨਵੰਬਰ ਦੇ ਆਖੀਰ ਵਿੱਚ ਕਾਲੇ ਪਾਣੀ ਵਾਲੇ ਗ਼ਦਰੀ ਲਾਹੌਰ ਤੋਂ ਸਖ਼ਤ ਪਹਿਰਿਆਂ ਹੇਠ ਗੱਡੀ ਵਿੱਚ ਬਿਠਾਕੇ ਕਲਕੱਤੇ ਪੁਚਾਏ ਗਏ। 7 ਦਸੰਬਰ, 1915 ਨੂੰ 17-18 ਹੋਰ ਗ਼ਦਰੀਆਂ ਦੇ ਨਾਲ ਪਰਮਾਨੰਦ ਝਾਂਸੀ ਵਾਲੇ ਮਹਾਰਾਜਾ ਜਹਾਜ਼ ਰਾਹੀਂ ਕਲਕੱਤੇ ਤੋਂ ਅੰਡੇਮਾਨ ਲਈ ਭੇਜੇ ਗਏ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਸ਼ੇਰ ਸਿੰਘ ਵੇਂਈਪੁਈਂ, ਹਿਰਦੇ ਰਾਮ ਰਿਆਸਤ ਮੰਡੀ ਆਦਿ ਗ਼ਦਰੀ ਇਸੇ ਪਹਿਲੇ ਜੱਥੇ ਵਿੱਚ ਪੋਰਟ ਬਲੇਅਰ ਪਹੁੰਚੇ। ਉਹਨਾਂ ਨੂੰ ਸੈਲੂਲਰ ਜੇਲ੍ਹ ਭੇਜ ਦਿੱਤਾ ਗਿਆ। ਉਸ ਸਮੇਂ ਇਸ ਜੇਲ੍ਹ ਵਿੱਚ ਬੜੇ ਜ਼ਾਲਮ ਅਤੇ ਕੁਰੱਖਤ ਅਧਿਕਾਰੀ ਨਿਯੁਕਤ ਸਨ। ਜੇਲ੍ਹ ਦਾ ਦਰੋਗਾ ਬੇਰੀ ਆਪਣੇ ਆਪ ਨੂੰ ਰੱਬ ਸਮਝਦਾ ਸੀ। ਗ਼ਦਰੀਆਂ ਦੇ ਜੇਲ੍ਹ ਵਿੱਚ ਦਾਖਲ ਹੁੰਦਿਆਂ ਹੀ ਦਰੋਗੇ ਬੇਰੀ ਨੇ ਭਾਸ਼ਨ ਝਾੜਨਾ ਸ਼ੁਰੂ ਕਰ ਦਿੱਤਾ, "ਇੱਕ ਖੁਦਾ ਆਸਮਾਨ 'ਤੇ ਹੈ ਅਤੇ ਇੱਥੋਂ ਦਾ ਖੁਦਾ

ਮੈਂ ਹੀ ਹਾਂ। ਬਾਬਾ ਅਬ ਤੁਮ ਹਿੰਦੋਸਤਾਨ ਮੇਂ ਨਹੀਂ ਅੰਡੇਮਾਨ ਮੇਂ ਹੋ। ਮੇਰਾ ਹਰ ਇੱਕ ਹੁਕਮ ਆਪਕੋ ਮਾਨਨਾ ਪੜ੍ਹੇਗਾ" ਆਦਿ ਆਦਿ। ਬਾਅਦ ਵਿੱਚ ਗ਼ਦਰੀਆਂ ਨੂੰ ਵੱਖ-ਵੱਖ ਬਲਾਕਾਂ ਵਿੱਚ ਬੰਦ ਕਰ ਦਿੱਤਾ ਗਿਆ।

ਦੂਜੇ ਦਿਨ ਜੇਲ੍ਹ ਨਿਯਮਾਂ ਦੇ ਉਲਟ ਜਾ ਕੇ ਗ਼ਦਰੀ ਕੈਦੀਆਂ ਨੂੰ ਸੁੱਕਾ ਨਾਰੀਅਲ ਕੁੱਟਣ ਦੀ ਮੁਸ਼ੱਕਤ ਦੇ ਦਿੱਤੀ। ਕਈਆਂ ਦੇ ਹੱਥਾਂ ਵਿੱਚ ਛਾਲੇ ਪੈ ਗਏ, ਪਰ ਮੁਸ਼ਕਤ ਪੂਰੀ ਨਾ ਹੋਈ। ਸ਼ਾਮ ਨੂੰ ਜਦ ਜੇਲ੍ਹਰ ਜੇਲ੍ਹ ਦਾ ਚੱਕਰ ਲਾਉਣ ਆਇਆ ਤਾਂ ਟੈਂਡਲ ਨੇ ਕੈਦੀਆਂ ਵੱਲੋਂ ਮੁਸ਼ਕੱਤ ਪੂਰੀ ਨਾ ਕਰਨ ਦੀ ਸ਼ਿਕਾਇਤ ਕਰ ਦਿੱਤੀ। ਮੁਸ਼ਕੱਤ ਪੂਰੀ ਨਾ ਹੋਣ 'ਤੇ ਜੇਲ੍ਹਰ ਨੇ ਛੋਟੀ ਉਮਰ ਦੇ ਹਿੰਦੂ ਕੈਦੀਆਂ ਪਰਮਾਨੰਦ ਲਾਹੌਰ ਅਤੇ ਪਰਮਾਨੰਦ ਝਾਂਸੀ ਨੂੰ ਦਬਕਾਉਣਾ ਸ਼ੁਰੂ ਕਰ ਦਿੱਤਾ। ਪਰਮਾਨੰਦ ਲਾਹੌਰ ਨੇ ਤਾਂ ਸਭ ਅੱਛਾ ਕਹਿਕੇ ਖਹਿੜਾ ਛੁਡਾਅ ਲਿਆ, ਪਰ ਪਰਮਾਨੰਦ ਝਾਂਸੀ ਰੋਹ ਵਿੱਚ ਆ ਗਿਆ। ਜੇਲ੍ਹਰ ਨੇ ਉਸ ਨੂੰ ਗਾਲ ਕੱਢ ਦਿੱਤੀ। ਕ੍ਰੋਧਿਤ ਹੋਏ ਪਰਮਾਨੰਦ ਝਾਂਸੀ ਨੇ ਜੇਲ੍ਹਰ ਨੂੰ ਕੁਰਸੀ ਤੋਂ ਹੇਠਾਂ ਸੁੱਟ ਲਿਆ, ਉਸ ਦੇ ਢਿੱਡ ਉੱਤੇ ਜ਼ੋਰ ਦੀ ਲੱਤ ਮਾਰੀ। ਸਾਰੀ ਜੇਲ੍ਹ ਵਿੱਚ ਰੌਲਾ ਪੈ ਗਿਆ। ਸਾਰੇ ਟੈਂਡਲ ਤੇ ਜਮਾਂਦਰ ਭਾਈ ਪਰਮਾਨੰਦ 'ਤੇ ਟੁੱਟ ਪਏ, ਉਸ ਨੂੰ ਅੱਧ ਮਰਿਆ ਕਰ ਦਿੱਤਾ। ਪੇਸ਼ੀ ਕਰਕੇ ਜੇਲ੍ਹ ਸੁਪਰਡੈਂਟ ਨੇ ਪਰਮਾਨੰਦ ਨੂੰ 30 ਬੈਂਤ ਲਗਾਉਣ ਦਾ ਹੁਕਮ ਦੇ ਦਿੱਤਾ। ਬੈਂਤ ਐਨੇ ਜ਼ੋਰ ਦੀ ਮਾਰੇ ਗਏ ਕਿ ਜਿਵੇਂ ਪੇਜ਼ੇ ਵਿੱਚ ਰੂੰਅ ਪਿੰਜੀ ਜਾਂਦੀ ਹੈ। ਬੈਂਤਾਂ ਦੀਆਂ ਪਈਆਂ ਲਾਸ਼ਾਂ ਨਾਲ ਉਸ ਦੇ ਸਰੀਰ ਵਿੱਚੋਂ ਖ਼ੂਨ ਧਾਰਾਂ ਬੰਨ੍ਹਕੇ ਵਹਿ ਤੁਰਿਆ। ਪਰ ਉਸ ਸੂਰਮੇ ਨੇ ਸੀਅ ਤੱਕ ਨਾ ਕੀਤੀ। ਇਸ ਸਮੇਂ ਪੁਲਿਸ ਵੱਲੋਂ ਕੀਤੇ ਗਏ ਘੋਰ ਅਣਮਨੁੱਖੀ ਵਰਤਾਰੇ ਬਾਰੇ ਇਸ ਜੇਲ੍ਹ ਵਿੱਚ ਉਸ ਸਮੇਂ ਨਜ਼ਰਬੰਦ ਬਾਬਾ ਵਿਸਾਖਾ ਸਿੰਘ ਨੇ ਰੌਂਗਟੇਂ ਖੜ੍ਹੇ ਕਰਨ ਵਾਲਾ ਵਰਨਣ ਕੀਤਾ ਹੈ:
ਲਾਉਣ ਲੱਗੇ ਫਿਰ ਬੈਂਤ ਵਿਚਾਰ ਭਾਈ।

ਕੱਢ ਬੋਟੀਆਂ ਮਾਸ ਉਡਾਉਣ ਲੱਗੇ।
ਪਿੰਜ ਘੱਤਿਆ ਸੁਹਣੇ ਸਰੀਰ ਤਾਈਂ,
ਮਾਰ ਮਾਰ ਕੇ ਖ਼ੂਨ ਵਗਾਉਣ ਲੱਗੇ।
'ਬੈਰੀ' ਬੈਠ ਕੇ ਪਾਸ ਰੜਕਾਂਵਦਾ ਸੀ,
ਵਾਰੀ ਵਾਰੀ ਫਿਰ ਬੈਂਤ ਵਰਸਾਉਣ ਲੱਗੇ।
ਧਾਰਾਂ ਬੰਨ ਕੇ ਖ਼ੂਨ ਸੀ ਵਗ ਤੁਰਿਆ,
ਕਈ ਵੇਖ ਕੇ ਨੀਰ ਵਗਾਉਣ ਲੱਗੇ।
ਗੱਲਾਂ ਕਰਨ ਸੁਖੱਲੀਆਂ ਖਾਲਸਾ ਜੀ,
ਸਮਾਂ ਕਠਿਨ ਸੀ ਬੈਂਤ ਜਦ ਪਾਉਣ ਲੱਗੇ।
ਵਾਹਵਾ ਸੂਰਮੇ ਰੱਖ ਵਿਖਾਈ ਚੰਗੀ,
ਪਰਮਾਨੰਦ ਨਾ ਮੂਲ ਘਬਰਾਉਣ ਲੱਗੇ।
ਸੀਅ ਤੱਕ ਨਾ ਮੁੱਖੋਂ ਫਰਮਾਨ ਕੀਤਾ,
ਜ਼ਾਲਿਮ ਹਾਰ ਕੇ ਫੇਰ ਖੜੋਨ ਲੱਗੇ।

ਅਜੇ ਤੱਕ ਫਿਰ ਖ਼ੂਨ ਸੀ ਵਗ ਰਿਹਾ,
ਸਾਡੇ ਪਾਸ ਜਦ ਖੋਲ੍ਹ ਲਿਆਉਣ ਲੱਗੇ।[1]

ਪਰਮਾਨੰਦ ਝਾਂਸੀ ਨੂੰ ਬੈਤਾਂ ਤੋਂ ਇਲਾਵਾ ਛੇ ਮਹੀਨੇ ਕੋਠੀ ਬੰਦ, ਘੱਟ ਖਾਣਾ ਅਤੇ ਛੇ ਮਹੀਨੇ ਬੇੜੀ ਦੀ ਸਜ਼ਾ ਵੀ ਮਿਲੀ ਸੀ। ਸਾਰੇ ਕੈਦੀਆਂ ਨੇ ਪਰਮਾਨੰਦ 'ਤੇ ਕੀਤੇ ਜ਼ੁਲਮ ਦੇ ਵਿਰੋਧ ਰੋਸ ਵਜੋਂ ਮੁਸ਼ਕੱਤ ਕਰਨੀ ਬੰਦ ਕਰ ਦਿੱਤੀ। ਪਰਮਾਨੰਦ ਝਾਂਸੀ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਬਾਬਾ ਸੋਹਣ ਸਿੰਘ ਭਕਨਾ, ਕੇਸਰ ਸਿੰਘ, ਪ੍ਰਿਥੀ ਸਿੰਘ, ਜਾਵੰਦ ਸਿੰਘ ਆਦਿ ਗ਼ਦਰੀਆਂ ਨੇ ਵੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, ਜੋ ਲਗਾਤਾਰ ਛੇ ਮਹੀਨੇ ਚੱਲਦੀ ਰਹੀ।

ਅੰਡੇਮਾਨ ਜੇਲ੍ਹ ਦੀਆਂ ਸਖ਼ਤੀਆਂ ਦੇ ਵਿਰੋਧ ਵਿੱਚ ਗ਼ਦਰੀਆਂ ਨੇ ਕਈ ਵਾਰ ਭੁੱਖ ਹੜਤਾਲਾਂ ਕੀਤੀਆਂ। 1921 ਵਿੱਚ ਅੰਡੇਮਾਨ ਜੇਲ੍ਹ ਰਾਜਸੀ ਕੈਦੀਆਂ ਲਈ ਤੋੜ ਦਿੱਤੀ ਗਈ, ਤਾਂ ਪਰਮਾਨੰਦ ਝਾਂਸੀ ਨੂੰ ਮਦਰਾਸ ਦੀ ਖਾਸਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਯਾਰਵਾਦਾ ਜੇਲ੍ਹ ਭੇਜ ਦਿੱਤਾ ਗਿਆ। ਇੱਥੇ ਉਸ ਸਮੇਂ ਮਹਾਤਮਾ ਗਾਂਧੀ ਵੀ ਕੈਦ ਸਨ। ਬਾਬਾ ਸੋਹਣ ਸਿੰਘ ਭਕਨਾ, ਕੇਸਰ ਸਿੰਘ ਜਿਹੇ ਗ਼ਦਰੀ ਵੀ ਇਸ ਜੇਲ੍ਹ ਵਿੱਚ ਨਜ਼ਰਬੰਦ ਸਨ। ਇੱਥੇ ਸਿੱਖਾਂ ਨੂੰ ਪੱਗਾਂ ਤੇ ਕਛਹਿਰੇ ਨਾ ਪਹਿਨਣ ਦੇਣ 'ਤੇ ਭੁੱਖ ਹੜਤਾਲ ਸ਼ੁਰੂ ਹੋ ਗਈ, ਜੋ ਮੰਗਾਂ ਦੇ ਪ੍ਰਵਾਨ ਹੋਣ ਤੱਕ ਚੱਲਦੀ ਰਿਹਾ। ਇਸ ਸਮੇਂ ਹੋਈ ਭੁੱਖ ਹੜਤਾਲ ਵਿੱਚ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਵਰਗੇ ਹਿੰਦੂ ਸਾਥੀ ਵੀ ਸ਼ਾਮਲ ਹੋਏ। 1926-1934 ਤੱਕ ਪਰਮਾਨੰਦ ਝਾਂਸੀ ਸਾਬਰਮਤੀ ਦੀ ਜੇਲ੍ਹ ਵਿੱਚ ਰਹੇ। ਇਸ ਸਮੇਂ ਲੂਣ ਸੱਤਿਆਗ੍ਰਹਿ ਦੇ ਕੈਦੀ ਵੀ ਇਸੇ ਜੇਲ੍ਹ ਵਿੱਚ ਭੇਜੇ ਗਏ। ਇੱਥੇ ਫਿਰ ਉਹਨਾਂ ਦਾ ਮੇਲ ਮਹਾਤਮਾ ਗਾਂਧੀ ਜੀ ਨਾਲ ਹੋ ਗਿਆ। ਸਾਬਰਮਤੀ ਤੋਂ ਉਹਨਾਂ ਨੂੰ ਲਾਹੌਰ ਦੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਜਿੱਥੋਂ ਉਹਨਾਂ ਨੂੰ 13 ਸਤੰਬਰ, 1937 ਨੂੰ ਰਿਹਾਅ ਕੀਤਾ ਗਿਆ। ਲਾਹੌਰ ਦੇ ਬਾਗ ਵਿੱਚ ਉਹਨਾਂ ਦੇ ਸਨਮਾਨ ਵਿੱਚ ਸਮਾਗਮ ਹੋਇਆ। ਉਹਨਾਂ ਨੇ ਮਾਨ ਪੱਤਰ ਲੈਣ ਤੋਂ ਸਤਿਕਾਰ ਸਾਹਿਤ ਮਾਫ਼ੀ ਮੰਗ ਲਈ। ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ, "ਮੈਂ ਜਿੱਤ ਕੇ ਨਹੀਂ ਆਇਆ, ਅਜੇ ਸੰਘਰਸ਼ ਜਾਰੀ ਹੈ। ਸੈਂਕੜੇ ਦੇਸ਼ ਭਗਤ ਜੇਲ੍ਹ ਵਿੱਚ ਸਜ਼ਾਵਾਂ ਭੁਗਤ ਰਹੇ ਹਨ। ਅਜੇ ਮਾਨ-ਪੱਤਰ ਲੈਣ ਦਾ ਸਮਾਂ ਨਹੀਂ ਆਇਆ।" ਇਸ ਤੋਂ ਬਾਅਦ ਉਹਨਾਂ ਨੂੰ ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਹੋਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅੰਮ੍ਰਿਤਸਰ ਦੇ ਦਫ਼ਤਰ ਲੈ ਗਏ। ਉੱਥੇ ਜ਼ਲ੍ਹਿਆਂਵਾਲੇ ਬਾਗ ਵਿੱਚ ਉਹਨਾਂ ਦੇ ਸਨਮਾਨ ਵਿੱਚ ਜਲਸਾ ਕੀਤਾ ਗਿਆ। ਇਲਾਹਾਬਾਦ ਪਹੁੰਚਣ 'ਤੇ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਵੀ ਉਹਨਾਂ ਦੀ ਘਾਲਣਾ ਦਾ ਸਤਿਕਾਰ ਕੀਤਾ ਗਿਆ।

ਨੇਤਾ ਜੀ ਸ਼ੁਭਾਸ਼ ਚੰਦਰ ਬੋਸ ਪਰਮਾਨੰਦ ਝਾਂਸੀ ਜੀ ਨੂੰ ਦਾਦਾ ਕਹਿਕੇ ਸੰਬੋਧਨ ਕਰਦੇ ਸਨ। ਨੇਤਾ ਜੀ ਨੇ ਝਾਂਸੀ ਜੀ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ

1. ਸੰਤ ਬਾਬਾ ਵਿਸਾਖਾ ਸਿੰਘ, ਬਿਕਰਮ ਸਿੰਘ ਘੁੰਮਣ, ਪੰਨਾ 90

ਕੇ ਉਹਨਾਂ ਨੂੰ ਪੰਡਿਤ ਦੀ ਉਪਾਧੀ ਦਿੱਤੀ। ਉਸ ਪਿੱਛੋਂ ਇਹ ਲਕਬ ਉਹਨਾਂ ਦੇ ਨਾਂ ਨਾਲ ਹਮੇਸ਼ਾਂ ਲਈ ਜੁੜ ਗਿਆ। ਪੰਡਤ ਜੀ ਨੇ ਬਨਾਰਸ ਵਿਖੇ ਇੱਕ ਭਾਸ਼ਣ ਦਿੱਤਾ, ਜਿਸ ਨੇ ਤੀਨ ਮੂਰਤੀ ਵਿਖੇ ਪੰਡਤ ਪਰਮਾਨੰਦ ਦੇ ਮੌਖਿਕ ਇਤਿਹਾਸ ਦੀ ਪ੍ਰਤੀਨਿਧੀ ਦੇ ਅਨੁਸਾਰ ਉਸ ਦੀ ਮੁੜ ਗ੍ਰਿਫ਼ਤਾਰੀ ਵਿੱਚ ਯੋਗਦਾਨ ਪਾਇਆ। ਮਹਾਂਵੀਰ ਤਿਆਗੀ ਨੇ ਡੇਹਰਾਦੂਨ ਵਿਖੇ ਪੰਡਤ ਪਰਮਾਨੰਦ ਦੇ ਸਨਮਾਨ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਸੀ। ਪੰਡਤ ਜੀ ਨੇ ਉਸ ਸਮੇਂ ਅਜਿਹਾ ਭੜਕਾਊ ਭਾਸ਼ਣ ਦਿੱਤਾ ਕਿ ਉਹਨਾਂ ਨੂੰ ਦਿੱਲੀ ਪਹੁੰਚਣ 'ਤੇ ਤੁਰੰਤ ਨਜ਼ਰਬੰਦ ਕਰ ਦਿੱਤਾ ਗਿਆ। ਜਨਤਕ ਵਿਰੋਧ ਪ੍ਰਦਰਸ਼ਨ ਅਤੇ ਡੇਲ ਅਤੇ ਦੇਹਰਾਦੂਨ ਦੇ ਵਕੀਲਾਂ ਦੀ ਕਮੇਟੀ ਨੇ ਉਹਨਾਂ ਦੀ ਰਿਹਾਈ ਕਰਵਾਈ। 1942 ਦੇ ਅੰਦੋਲਨ ਦੌਰਾਨ ਉਹਨਾਂ ਨੂੰ ਪਹਿਲਾਂ ਹਮੀਰਪੁਰ, ਫਿਰ ਇਲਾਹਾਬਾਦ ਉਸ ਤੋਂ ਬਾਅਦ ਬਨਾਰਸ ਅਤੇ ਅੰਤ ਵਿੱਚ ਫਿਰ ਤੋਂ ਕੈਦ ਕਰਕੇ ਸੁਲਤਾਨਪੁਰ ਜੇਲ੍ਹ ਵਿੱਚ ਭੇਜਿਆ ਗਿਆ, ਜਿੱਥੋਂ ਉਹ 1945-46 ਵਿੱਚ ਰਿਹਾਅ ਹੋਏ।[1]

1947 ਵਿੱਚ ਦੇਸ਼ ਆਜ਼ਾਦ ਹੋਣ ਪਿੱਛੋਂ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਪੰਡਤ ਪਰਮਾਨੰਦ ਝਾਂਸੀ ਕੋਲ ਉਹਨਾਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰਨ ਦਾ ਪ੍ਰਸਤਾਵ ਰੱਖਿਆ ਸੀ, ਪਰ ਉਹ ਇਸ ਲਈ ਸਹਿਮਤ ਨਹੀਂ ਹੋਏ। 15 ਫ਼ਰਵਰੀ, ਤੋਂ 19 ਫ਼ਰਵਰੀ 1973 ਤੱਕ ਮਦਨ ਮੋਹਨ ਮਾਲਵੀਆ ਡਿਗਰੀ ਕਾਲਜ ਤਟਪਰ ਰਾਣੀ (ਗੋਰਖਪੁਰ ਯੂਨੀਵਰਸਿਟੀ ਨਾਲ ਸਬੰਧਤ) ਵਿਖੇ ਗਊ ਰੱਖਿਆ, ਇਨਕਲਾਬੀ ਸੰਤ ਅਤੇ ਸਿੱਖਿਆ ਵਿਸ਼ੇ 'ਤੇ ਹੋਈ ਕਾਨਫਰੰਸ ਵਿੱਚ ਉਹਨਾਂ ਉਕਤ ਵਿਸ਼ੇ 'ਤੇ ਸ਼ਾਨਦਾਰ ਅਤੇ ਪ੍ਰੇਰਣਾਦਾਇਕ ਭਾਸ਼ਨ ਦਿੱਤਾ ਸੀ। ਇਸ ਸਮੇਂ ਹੀ ਉਹਨਾਂ ਦੇ ਸੰਪਰਕ ਵਿੱਚ ਉੱਘੇ ਲੇਖਕ ਡਾ. ਸੂਰਿਯਾ ਨਾਥ ਪ੍ਰਸ਼ਾਦ ਆਏ। ਡਾ. ਪ੍ਰਸ਼ਾਦ ਨੇ 1978 ਵਿੱਚ ਉਹਨਾਂ ਨਾਲ ਫਿਰ ਮੁਲਾਕਾਤ ਕੀਤੀ, ਜਦੋਂ ਉਹ ਆਪਣੇ ਅੰਤਲੇ ਸਮੇਂ ਦਿੱਲੀ ਦੇ ਫ਼ਰੀਡਮ ਫਾਈਟਰਜ਼ ਭਵਨ ਗੋਲ ਡਾਕਖਾਨਾ ਵਿਖੇ ਰਹਿ ਰਹੇ ਸਨ। ਉਹਨਾਂ ਬਾਰੇ ਡਾ. ਪ੍ਰਸ਼ਾਦ ਲਿਖਦੇ ਹਨ, "ਲਗਭਗ ਨੱਬੇ ਸਾਲ ਦੀ ਉਮਰ ਵਿੱਚ ਵੀ ਸਰੀਰਕ ਤੌਰ 'ਤੇ ਉਹ ਬਹੁਤ ਸਥਿਰ ਅਤੇ ਤੰਦਰੁਸਤ ਸੀ। ਬਹੁਤ ਜ਼ਿਆਦਾ ਜੋਸ਼, ਊਰਜਾ ਅਤੇ ਤਾਜ਼ਗੀ ਨਾਲ ਭਰਪੂਰ ਸਨ। ਮਾਨਸਿਕ ਤੌਰ 'ਤੇ ਉਹ ਬਹੁਤ ਸਥਿਰ ਅਤੇ ਤੰਦਰੁਸਤ ਸੀ। ਬੌਧਿਕ ਤੌਰ 'ਤੇ ਉਹ ਬਹੁਤ ਵਿਸ਼ਾਲ ਅਤੇ ਅਧਿਆਤਮਿਕ ਤੌਰ 'ਤੇ ਉਹ ਬ੍ਰਹਿਮੰਡੀ ਅਤੇ ਵਿਸ਼ਵਵਿਆਪੀ ਸੀ। ਕੁੱਲ ਮਿਲਾ ਕੇ ਉਹ ਇੱਕ ਸੰਪੂਰਨ ਅਤੇ ਇੱਕ ਆਦਰਸ਼ ਆਦਮੀ ਸੀ ਅਤੇ ਜੋ ਵੀ ਉਸ ਦੇ ਸੰਪਰਕ ਵਿੱਚ ਆਉਂਦੇ ਸਨ, ਉਹ ਜ਼ਰੂਰ ਪ੍ਰੇਰਿਤ ਹੁੰਦੇ ਸਨ। ਉਹਨਾਂ ਦਾ ਪੂਰਾ ਜੀਵਨ ਸੰਘਰਸ਼ ਭਰਿਆ ਰਿਹਾ ਅਤੇ ਉਹ ਗ਼ਲਤ ਰਵਾਇਤਾਂ ਦੇ ਖਿਲਾਫ਼ ਲੜਦੇ ਰਹੇ।"

ਅੰਤ 13 ਅਪ੍ਰੈਲ, 1982 ਨੂੰ ਪੰਡਤ ਪਰਮਾਨੰਦ ਝਾਂਸੀ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਆਪਣੀ ਜੀਵਨ ਯਾਤਰਾ ਸਮਾਪਤ ਕਰ ਗਏ।

---

1. ਦਿ ਇੰਡੀਅਨ ਐਕਸਪ੍ਰੈਸ, 1 ਮਾਰਚ, 2001

# ਮੁਣਸ਼ਾ ਸਿੰਘ ਦੁਖੀ

ਮੁਣਸ਼ਾ ਸਿੰਘ ਦੁਖੀ ਉੱਘੇ ਗ਼ਦਰੀ ਸੂਰਬੀਰ ਅਤੇ ਗ਼ਦਰ ਲਹਿਰ ਨਾਲ ਸਬੰਧਿਤ ਪ੍ਰਮੁੱਖ ਜੁਝਾਰੂ ਕਵੀ ਸਨ। ਇਸ ਤੋਂ ਇਲਾਵਾ ਉਹ ਬਹੁਪੱਖੀ ਸਾਹਿਤਕਾਰ ਅਤੇ ਕਈ ਰਸਾਲਿਆਂ ਦੇ ਸੰਪਾਦਕ ਵੀ ਸਨ। ਮੁਣਸ਼ਾ ਸਿੰਘ ਦੁਖੀ ਦਾ ਜਨਮ ਪਹਿਲੀ ਜੁਲਾਈ 1890 ਈ: ਨੂੰ ਦੁਆਬੇ ਦੇ ਪ੍ਰਸਿੱਧ ਕਸਬੇ ਜੰਡਿਆਲਾ ਮੰਜਕੀ ਵਿਖੇ ਰਾਮਗੜ੍ਹੀਆ ਪਰਿਵਾਰ ਵਿੱਚ ਸ. ਨਿਹਾਲ ਸਿੰਘ ਅਤੇ ਸਰਦਾਰਨੀ ਮਹਿਤਾਬ ਕੌਰ ਦੇ ਗ੍ਰਹਿ ਵਿਖੇ ਹੋਇਆ। ਉਹਨਾਂ ਦੇ ਪਿਤਾ ਨਿਹਾਲ ਸਿੰਘ ਫੌਜ ਵਿੱਚ ਸੂਬੇਦਾਰ ਸਨ। ਦੁਖੀ ਜੀ ਨੇ ਪਿੰਡ ਦੇ ਮਦਰੱਸੇ ਵਿੱਚੋਂ ਪੰਜਵੀਂ ਪਾਸ ਕੀਤੀ। ਉਰਦੂ ਅਤੇ ਫ਼ਾਰਸੀ ਉਹਨਾਂ ਮੌਲਵੀ ਅਹਿਮਦਦੀਨ ਕੋਲੋਂ ਪੜ੍ਹੀ। ਪੰਜਾਬੀ ਦਾ ਗਿਆਨ ਉਹਨਾਂ ਪਿੰਡ ਦੀ ਧਰਮਸ਼ਾਲਾ ਵਿੱਚ ਰਹਿੰਦੇ ਸੋਭਾ ਸਿੰਘ ਕੋਲੋਂ ਹਾਸਿਲ ਕੀਤਾ। ਇਹ ਮਹਾਂਪੁਰਸ਼ ਅੰਗਰੇਜ਼-ਸਿੱਖ ਯੁੱਧ ਸਮੇਂ ਸਭਰਾਵਾਂ ਦੇ ਮੈਦਾਨ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਅੰਗ-ਰੱਖਿਅਕ ਵਜੋਂ ਲੜੇ ਸਨ।[1] ਇਹਨਾਂ ਦੀ ਸੰਗਤ ਤੋਂ ਮੁਣਸ਼ਾ ਸਿੰਘ ਨੂੰ ਦੇਸ਼ ਭਗਤੀ ਦੀ ਲਗਨ ਲੱਗੀ ਹੋਵੇਗੀ। 16 ਸਾਲ ਦੀ ਉਮਰ ਵਿੱਚ ਉਹ ਬੰਗਾਲ ਵਿਖੇ ਆਪਣੇ ਭਰਾਵਾਂ ਕੋਲ ਜਾ ਕੇ ਰਹਿਣ ਲੱਗ ਪਏ ਸਨ। ਉਸ ਸਮੇਂ ਬੰਗਾਲ ਵਿੱਚ ਰਾਜਸੀ ਜਾਗ੍ਰਤੀ ਬਹੁਤ ਸੀ। ਬੰਗਾਲ ਦੇ ਵਾਤਾਵਰਨ ਦੇ ਪ੍ਰਭਾਵ ਸਦਕਾ ਉਹਨਾਂ ਵਿੱਚ ਇਨਕਲਾਬੀ ਰੁਚੀਆਂ ਪ੍ਰਫੁਲਤ ਹੋਈਆਂ। ਉਹਨਾਂ ਦੇ ਵੱਡੇ ਭਰਾ ਪਾਲਾ ਸਿੰਘ 1907 ਵਿੱਚ ਕੈਨੇਡਾ ਚਲੇ ਗਏ ਸਨ। ਮੁਣਸ਼ਾ ਸਿੰਘ ਦੁਖੀ ਅਤੇ ਉਹਨਾਂ ਦੇ ਭਰਾ ਬਾਵਾ ਸਿੰਘ ਵੀ ਅਗਲੇ ਸਾਲ ਵਿਦੇਸ਼ ਦੇ ਸਫ਼ਰ ਲਈ ਰਵਾਨਾ ਹੋ ਗਏ। ਉਹਨਾਂ ਸੁਰਾਈਆਂ ਤੋਂ ਰੇਲ੍ਹ ਗੱਡੀ ਫੜੀ ਅਤੇ ਕਲੱਕਤੇ ਪਹੁੰਚ ਗਏ। ਕਲਕੱਤੇ ਤੋਂ 5 ਮਈ, 1908 ਨੂੰ 'ਲਾਈਸੰਗ' ਜਹਾਜ਼ ਪਕੜਕੇ ਉਹ ਹਾਂਗਕਾਂਗ ਪੁੱਜ ਗਏ। ਇੱਥੋਂ 'ਮਨਚੂਰੀਆ' ਜਹਾਜ਼ ਵਿੱਚ ਸਵਾਰ ਕੇ ਸ਼ੰਘਾਈ ਤੋਂ ਯੋਕੋਹਾਮਾ ਹੁੰਦੇ ਹੋਏ ਹੋਨੋਲੂਲੂ ਪੁੱਜ ਗਏ। ਇੱਥੇ ਸ਼ਹਿਰੋਂ ਬਾਹਰ ਉਹਨਾਂ ਗੰਨੇ ਅਤੇ ਅਨਾਨਾਸ ਦੇ ਖੇਤਾਂ 'ਚ ਕੰਮ ਕੀਤਾ। ਬਾਅਦ ਵਿੱਚ ਉਹ ਜਨਵਰੀ 1910 ਵਿੱਚ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਪਹੁੰਚ ਗਏ। ਅਮਰੀਕਾ ਵਿੱਚ ਰਹਿਣ ਦੇ ਸਮੇਂ ਦੌਰਾਨ ਉਹਨਾਂ ਕੈਲੇਫੋਰਨੀਆ, ਔਰੇਗਨ ਅਤੇ ਵਾਸ਼ਿੰਗਟਨ ਸੂਬਿਆਂ ਦੇ ਵੱਖ-ਵੱਖ ਸ਼ਹਿਰਾਂ 'ਚ ਕੰਮ ਕੀਤਾ। ਉਹ ਜਨਵਰੀ 1912 ਵਿੱਚ ਵੈਨਕੂਵਰ (ਕੈਨੇਡਾ) ਵਿੱਚ ਆਪਣੇ ਭਰਾ ਪਾਲਾ ਸਿੰਘ ਕੋਲ ਪਹੁੰਚ ਗਏ।

ਗ਼ਦਰ ਪਾਰਟੀ ਬਣਨ 'ਤੇ ਮੁਣਸ਼ਾ ਸਿੰਘ ਦੁਖੀ ਸਰਗਰਮੀ ਨਾਲ ਗ਼ਦਰ ਪਾਰਟੀ ਨਾਲ ਜੁੜ੍ਹ ਗਏ। ਪਹਿਲੀ ਨਵੰਬਰ, 1913 ਨੂੰ ਗ਼ਦਰ ਪਾਰਟੀ ਵੱਲੋਂ ਸਪਤਾਹਿਕ ਗ਼ਦਰ ਅਖਬਾਰ ਉਰਦੂ ਵਿੱਚ ਸ਼ੁਰੂ ਕੀਤਾ ਗਿਆ। ਬਾਅਦ ਵਿੱਚ ਜਲਦੀ ਹੀ ਇਸ ਦਾ ਪੰਜਾਬੀ ਐਡੀਸ਼ਨ ਵੀ ਛਪਣਾ ਸ਼ੁਰੂ ਹੋ ਗਿਆ। ਇਸ ਵਿੱਚ ਮੁਣਸ਼ਾ

1. ਮੁਣਸ਼ਾ ਸਿੰਘ ਦੁਖੀ, ਜੀਵਨ ਤੇ ਰਚਨਾ, ਸਵਰਨ ਸਿੰਘ ਸਨੇਹੀ, ਪੰਨਾ 4

ਸਿੰਘ ਦੁਖੀ ਦੀਆਂ ਲਿਖੀਆਂ ਇਨਕਲਾਬੀ ਕਵਿਤਾਵਾਂ ਅਕਸਰ ਛਪਦੀਆਂ ਸਨ। ਕੈਨੇਡਾ ਵਿੱਚ ਹਿੰਦੀਆਂ ਦੀਆਂ ਸਾਰੀਆਂ ਇਨਕਲਾਬੀ ਸਰਗਰਮੀਆਂ ਵਿੱਚ ਦੁਖੀ ਜੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ। ਕਾਮਾਗਾਟਾਮਾਰੂ ਜਹਾਜ਼ ਦੇ ਪਾਣੀ ਵਿੱਚ ਘਿਰੇ ਮੁਸਾਫਿਰਾਂ ਦੀ ਸਹਾਇਤਾ ਲਈ ਵੀ ਆਪ ਨੇ ਕਾਫੀ ਦੌੜ ਭੱਜ ਕੀਤੀ ਸੀ। ਵੈਨਕੂਵਰ ਵਿੱਚ ਗ਼ਦਰ ਲਹਿਰ ਨੂੰ ਤੋਰਨ ਦਾ ਕੰਮ ਵੀ ਆਪ ਦੇ ਮੋਢਿਆਂ 'ਤੇ ਹੀ ਸੀ।[1]

4 ਅਗਸਤ, 1914 ਨੂੰ ਪਹਿਲਾ ਸੰਸਾਰ ਯੁੱਧ ਛਿੜ ਗਿਆ। ਗ਼ਦਰ ਪਾਰਟੀ ਨੇ ਗ਼ਦਰ ਦੇ 5 ਅਗਸਤ, 1914 ਦੇ ਅੰਕ ਵਿੱਚ ਐਲਾਨ-ਏ-ਜੰਗ ਛਾਪ ਦਿੱਤਾ, ਜੋ ਇਸ ਪ੍ਰਕਾਰ ਸੀ, "ਜਰਮਨੀ ਇੰਗਲੈਂਡ ਵਿੱਚ ਜੰਗ ਸ਼ੁਰੂ ਹੋ ਚੁੱਕੀ ਹੈ। ਹੁਣ ਭਾਰਤ ਦੀ ਆਜ਼ਾਦੀ ਦਾ ਮੌਕਾ ਹੈ। ਉੱਠੋ ਵੀਰੋ! ਹੁਣ ਆਪਣੀ ਆਜ਼ਾਦੀ ਲੈ ਲਉ, ਜੇ ਤੁਸੀਂ ਹੁਣ ਕੁਝ ਨਾ ਕੀਤਾ, ਤਾਂ ਸਦਾ ਹੀ ਗੁਲਾਮ ਰਹੋਗੇ। ਸੋ ਪਿਆਰਿਓ! ਆਪਣੇ ਹੱਥ ਉਠਾਓ ਅਤੇ ਬਗਾਵਤ ਸ਼ੁਰੂ ਕਰ ਦਿਓ, ਭਾਰਤ ਜਾਓ ਅਤੇ ਫੌਜੀਆਂ ਨੂੰ ਭੜਕਾਓ, ਖੁੱਲ੍ਹੇ ਰੂਪ ਵਿੱਚ ਗ਼ਦਰ ਦਾ ਪ੍ਰਚਾਰ ਕਰੋ। ਦੇਸੀ ਰਿਆਸਤਾਂ ਅਤੇ ਫੌਜੀਆਂ ਤੋਂ ਇਮਦਾਦ ਪ੍ਰਾਪਤ ਕਰੋ ਅਤੇ ਜਿੱਥੇ ਕਿਤੇ ਵੀ ਕੋਈ ਬਰਤਾਨਵੀ ਹੋਵੇ, ਉਸ ਨੂੰ ਮਾਰ ਦਿਓ।" ਐਲਾਨੇ-ਏ-ਜੰਗ ਪੜ੍ਹਕੇ ਵਿਦੇਸ਼ਾਂ ਦੇ ਗ਼ਦਰੀ ਵਰਕਰ ਦੇਸ਼ ਪਰਤਣ ਦੀਆਂ ਤਿਆਰੀਆਂ ਕਰਨ ਲੱਗ ਪਏ। ਮੁਣਸ਼ਾ ਸਿੰਘ ਦੁਖੀ ਦੇਸ਼ ਪਰਤਣ ਲਈ ਬਹੁਤ ਕਾਹਲੇ ਸਨ। ਮੁਣਸ਼ਾ ਸਿੰਘ ਦੁਖੀ ਆਪਣਾ ਫਰਜ਼ੀ ਨਾਂ ਬਾਬੂ ਰੱਖਕੇ 6 ਅਗਸਤ, 1914 ਐਂਮਪਰੈਸ ਆਫ਼ ਰਸ਼ੀਆ ਜਹਾਜ਼ ਵੈਨਕੂਵਰ ਤੋਂ ਪਕੜਕੇ ਹਿੰਦ ਨੂੰ ਰਵਾਨਾ ਹੋ ਗਏ। 14 ਸਤੰਬਰ, 1914 ਨੂੰ ਇਹ ਜਹਾਜ਼ ਕਲਕੱਤੇ ਪਹੁੰਚ ਗਿਆ। ਮੁਣਸ਼ਾ ਸਿੰਘ ਦੁਖੀ ਕਲਕੱਤੇ ਵਸਦੇ ਆਪਣੇ ਭਰਾਵਾਂ ਕੋਲ ਪਹੁੰਚ ਗਏ। ਇਧਰ ਪਿੰਡ ਵਿੱਚ ਪੁਲਿਸ ਉਹਨਾਂ ਦੀ ਭਾਲ ਵਿੱਚ ਹਰਲ-ਹਰਲ ਕਰਦੀ ਫਿਰਦੀ ਸੀ। ਪਹਿਲੀ ਜਨਵਰੀ, 1915 ਨੂੰ ਪਿੰਡ ਪਹੁੰਚਣ 'ਤੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮੁਲਤਾਨ ਦੀ ਕੇਂਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਮੁਣਸ਼ਾ ਸਿੰਘ ਨੂੰ ਬਿਨਾਂ ਮੁਕਦੱਮੇ ਚਲਾਏ 22 ਮਹੀਨੇ ਜੇਲ੍ਹ 'ਚ ਬੰਦ ਰੱਖਿਆ ਗਿਆ। 26 ਅਕਤੂਬਰ, 1916 ਨੂੰ ਬੇਲਾ ਸਿੰਘ ਜਿਆਣ ਨੇ ਜੇਲ ਪਰੇਡ ਦੌਰਾਨ ਉਹਨਾਂ ਦੀ ਸ਼ਨਾਖਤ ਕੀਤੀ। ਫਿਰ ਉਹਨਾਂ ਨੂੰ ਲਾਹੌਰ ਲਿਜਾਕੇ ਸੈਕਿੰਡ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ।[2] ਇਸ ਮੁਕਦੱਮੇ ਦੀ ਸੁਣਵਾਈ ਲਾਹੌਰ ਵਿੱਚ ਟੀ.ਪੀ ਐਲਿਸ, ਮੇਜਰ ਫਰਿਜਲੇ ਅਤੇ ਰਾਏ ਬਹਾਦਰ ਗੋਪਾਲ ਦਾਸ 'ਤੇ ਆਧਾਰਤ ਤਿੰਨ ਮੈਂਬਰੀ ਸਪੈਸ਼ਲ ਕਮਿਸ਼ਨ ਨੇ 8 ਨਵੰਬਰ, 1916 ਨੂੰ ਸ਼ੁਰੂ ਕੀਤੀ ਅਤੇ ਮੁਕੱਦਮਾ 5 ਜਨਵਰੀ, 1917 ਤੱਕ ਚਲਦਾ ਰਿਹਾ। ਮੁਣਸ਼ਾ ਸਿੰਘ ਦੁਖੀ ਬਾਰੇ ਟ੍ਰਿਬਿਊਨਲ ਦੇ ਕਮਿਸ਼ਨਰਾਂ ਨੇ ਫੈਸਲਾ ਸੁਣਾਉਂਦਿਆਂ ਲਿਖਿਆ, "ਸਾਨੂੰ ਯਕੀਨ ਹੋ ਗਿਆ ਹੈ ਕਿ ਮੁਜਰਮ ਕੈਨੇਡਾ ਵਿੱਚ ਗ਼ਦਰ ਲਈ ਸਰਗਰਮੀ ਨਾਲ ਪ੍ਰਚਾਰ ਕਰਦਾ

---

1. ਮੁਣਸ਼ਾ ਸਿੰਘ ਦੁਖੀ ਜੀਵਨ ਤੇ ਰਚਨਾ, ਸਵਰਨ ਸਿੰਘ ਸਨੇਹੀ, ਪੰਨਾ 13
2. ਕੈਨੇਡਾ ਦੇ ਗ਼ਦਰੀ ਯੋਧੇ, ਸੋਹਣ ਸਿੰਘ ਪੂੰਨੀ, ਪੰਨਾ 352.

ਸੀ ਅਤੇ ਉਸ ਨੇ ਦੂਜਿਆਂ ਨੂੰ ਹਿੰਦੁਸਤਾਨ ਮੁੜਨ ਲਈ ਆਖਿਆ ਸੀ। ਸਾਨੂੰ ਇਹ ਵੀ ਯਕੀਨ ਹੋ ਗਿਆ ਹੈ ਕਿ 'ਗ਼ਦਰ ਦੀਆਂ ਗੂੰਜਾਂ' ਵਿੱਚ ਹਿੰਸਕ ਕਵਿਤਾਵਾਂ ਲਿਖਦਾ ਸੀ। ਇਸ ਲਈ ਇੰਡੀਅਨ ਪੀਨਲ ਕੋਡ ਦੀ ਧਾਰਾ 121, 121-ਏ ਅਧੀਨ ਅਸੀਂ ਇਸ ਨੂੰ ਘਰ-ਘਾਟ ਜ਼ਬਤ ਅਤੇ ਉਮਰ ਕੈਦ ਦੀ ਸਜ਼ਾ ਦਿੰਦੇ ਹਾਂ।[1]

ਮੁਣਸ਼ਾ ਸਿੰਘ ਦੁਖੀ ਨੇ ਆਪਣੀ ਕੈਦ ਦੀ ਸਜ਼ਾ ਮੁਲਤਾਨ, ਲਾਹੌਰ, ਜਿਹਲਮ, ਅਟਕ, ਕੈਂਬਲਪੁਰ ਅਤੇ ਹਜ਼ਾਰੀ ਬਾਗ ਦੀਆਂ ਜੇਲ੍ਹਾਂ ਵਿੱਚ ਭੁਗਤੀ। ਮੁਣਸ਼ਾ ਸਿੰਘ ਦੁਖੀ ਜੇਲ੍ਹ ਯਾਤਰਾ ਦੌਰਾਨ ਚੜ੍ਹਦੀ ਕਲਾ ਵਿੱਚ ਰਹੇ। ਹਜ਼ਾਰੀ ਬਾਗ ਜੇਲ੍ਹ ਵਿੱਚ ਆਪਣੀ ਮਾਤਾ ਜੀ ਨੂੰ ਸੰਬੋਧਤ ਕਰਕੇ ਲਿਖੀ ਸੀ ਹਰਫ਼ੀ ਵਿੱਚੋਂ ਮੁਣਸ਼ਾ ਸਿੰਘ ਦੁਖੀ ਜੀ ਦੇ ਬੁਲੰਦ ਹੌਸਲੇ ਅਤੇ ਚੜ੍ਹਦੀ ਕਲਾ ਦਾ ਨਮੂਨਾ ਦੇਖਿਆ ਜਾ ਸਕਦਾ ਹੈ:

ਖੇ-ਖੋਫ ਨਾ ਮਾਤਾ ਕਰ ਇੱਕ ਰੱਤੀ,
ਪੁੱਤਰ ਨਹੀਂ ਤੇਰਾ ਘਬਰੌਣ ਵਾਲਾ।
ਭਾਵੇਂ ਲੱਖ ਮੁਸੀਬਤਾਂ ਆਉਣ ਅੱਗੇ,
ਨਹੀਂ ਲਾਡਲਾ ਚਿੱਤ ਉਦਰੌਣ ਵਾਲਾ।
ਪਈਆਂ ਜ਼ੁਲਮ ਅੰਧੇਰੀਆਂ ਵਗਣ ਸਿਰ ਤੇ,
ਲਾਲ ਨਹੀਂ ਜੇ ਰੰਗ ਬੰਦਲੌਣ ਵਾਲਾ।
ਪੁਰਜੇ ਸੀਸ ਹੋਵੇ ਰੱਤ ਰਹੇ ਨਾਹੀਂ,
'ਦੁਖੀ' ਕਦੇ ਨਾ ਹੌਸਲਾ ਢੌਹਣ ਵਾਲਾ।

ਹਜ਼ਾਰੀ ਬਾਗ ਜੇਲ੍ਹ ਵਿੱਚ ਉਹਨਾਂ ਦੇ ਸਾਥੀ ਰਹੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ਮੁਣਸ਼ਾ ਸਿੰਘ ਦੁਖੀ ਨੂੰ ਜਪੁਜੀ ਸਾਹਿਬ ਹਜ਼ਾਰੇ ਦੇ ਸ਼ਬਦਾਂ ਸਮੇਤ, ਜਪੁ ਸਾਹਿਬ ਸਣੇ ਸਾਹਿਬ ਪਾ:10, 20 ਸਵਯੇ, ਆਨੰਦ ਸਾਹਿਬ, ਬਾਰਾਂ ਮਾਂਹ ਮਾਝ, ਰਹਿਰਾਸ, ਕੀਰਤਨ ਸੋਹਿਲਾ, 35 ਹੋਰ ਸ਼ਲੋਕ, ਕਈ ਹੋਰ ਬਾਣੀਆਂ ਅਤੇ ਭਾਈ ਨੰਦ ਲਾਲ ਗੋਯਾ ਦੀਆਂ ਕਈ ਗ਼ਜ਼ਲਾਂ ਜ਼ੁਬਾਨੀ ਯਾਦ ਸਨ।[2] ਅਠਾਰਾਂ ਗ਼ਦਰੀਆਂ ਦੀ 8-9 ਮਾਰਚ, 1918 ਨੂੰ ਹਜ਼ਾਰੀ ਬਾਗ ਜੇਲ੍ਹ 'ਚੋਂ ਹੋਈ ਫਰਾਰੀ ਸਮੇਂ ਮੁਣਸ਼ਾ ਸਿੰਘ ਦੁਖੀ ਏਸੇ ਜੇਲ੍ਹ ਵਿੱਚ ਹੀ ਨਜ਼ਰਬੰਦ ਸਨ। ਸ਼ਾਹੀ ਐਲਾਨ ਅਧੀਨ, 26 ਮਾਰਚ, 1920 ਨੂੰ ਦੁਖੀ ਜੀ ਨੂੰ ਕੁਝ ਹੋਰ ਸਾਥੀਆਂ ਸਮੇਤ ਹਜ਼ਾਰੀ ਬਾਗ ਜੇਲ੍ਹ ਤੋਂ ਰਿਹਾਅ ਕਰ ਕਰ ਦਿੱਤਾ ਗਿਆ। ਇਸ ਪਿੱਛੋਂ ਆਪ ਕਲਕੱਤੇ ਚਲੇ ਗਏ। ਕਲਕੱਤੇ ਰਹਿਣ ਸਮੇਂ ਉਹਨਾਂ 1922 ਵਿੱਚ 'ਕਵੀ ਕੁਟੀਆ' ਨਾਂ ਦੀ ਸਾਹਿਤਕ ਸੰਸਥਾ ਬਣਾਈ, ਜਿਸ ਦੇ ਉਹ ਪ੍ਰਧਾਨ ਸਨ। ਉਹਨਾਂ ਕਲਕੱਤੇ ਵਿਖੇ ਕਵੀ ਪ੍ਰੈਸ ਸ਼ੁਰੂ ਕੀਤਾ, ਜਿੱਥੋਂ ਉਹਨਾਂ ਮਾਸਿਕ ਕਵੀ (ਸਾਹਿਤਕ ਪੱਤਰ) 1927 ਵਿੱਚ, ਸਪਤਾਹਿਕ ਸਿੰਡੀਕੇਟ ਨਵੰਬਰ 1928 ਵਿੱਚ ਅਤੇ ਸਪਤਾਹਿਕ ਸਾਂਝੀਵਾਲ ਜੂਨ 1929 ਵਿੱਚ ਪ੍ਰਕਾਸ਼ਿਤ ਕਰਨੇ ਸ਼ੁਰੂ ਕੀਤੇ। ਸਾਂਝੀਵਾਲ ਰਸਾਲੇ ਦੀ ਸੰਪਾਦਕੀ ਰਾਹੀਂ

1. ਕੈਨੇਡਾ ਦੇ ਗ਼ਦਰੀ ਯੋਧੇ, ਸੋਹਣ ਸਿੰਘ ਪੂੰਨੀ, ਪੰਨਾ 353
2. ਜੇਲ੍ਹ, ਚਿੱਠੀਆਂ, ਪੰਨਾ 206-07, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਲੁਧਿਆਣਾ 1966.

ਉਹ ਇਸ ਦਾ ਉਦੇਸ਼ ਇਸ ਪ੍ਰਕਾਰ ਬਿਆਨਦੇ ਹਨ: "ਮਾਇਆਧਾਰੀਆਂ ਦੀ ਮਗਰੂਰੀ ਨੂੰ ਦੂਰ ਕਰਨਾ, ਜ਼ੁਲਮਾਂ ਨੂੰ ਚੂਰ ਕਰਨਾ ਤੇ ਉਹਨਾਂ ਦੀਆਂ ਗੁੰਝੀਆਂ ਕਾਰਸ਼ਤਾਨੀਆਂ ਨੂੰ ਮਸ਼ਹੂਰ ਕਰਨਾ, ਕਿਰਤੀਆਂ ਨੂੰ ਜਗੌਣਾ, ਹੁਸ਼ਿਆਰ ਕਰਨਾ ਅਤੇ ਜੱਥੇਬੰਦ ਕਰਨਾ।"[1] ਇਸ ਤੋਂ ਇਲਾਵਾ ਉਹਨਾਂ ਹੋਰ ਵੀ ਬਹੁਤ ਸਾਰੇ ਪੱਤਰ ਸੰਪਾਦਿਤ ਕੀਤੇ। ਉਹਨਾਂ ਕੁਝ ਸਮੇਂ ਲਈ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਰਸਾਲੇ ਦੇਸ਼ ਭਗਤਾਂ ਦੀਆਂ ਯਾਦਾਂ ਨੂੰ ਵੀ ਸੰਪਾਦਿਤ ਕੀਤਾ। ਇਸ ਰਸਾਲੇ ਵਿੱਚ ਦੁਖੀ ਜੀ ਨੇ ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਕਈ ਗ਼ਦਰੀ ਦੇਸ਼ ਭਗਤਾਂ ਦੇ ਜੀਵਨ ਲਿਖੇ। ਮੁਣਸ਼ਾ ਸਿੰਘ ਦੁਖੀ ਨੇ ਵਾਰਤਕ ਅਤੇ ਕਵਿਤਾ ਵਿੱਚ ਬਹੁਤ ਸਾਰੀ ਰਚਨਾ ਕੀਤੀ। ਪ੍ਰੇਮ ਸਾਂਗਾਂ, ਪ੍ਰੇਮ ਕਾਂਗਾਂ, ਪ੍ਰੇਮ ਤਾਂਘਾ, ਦੁਖ ਹਰਨ ਪ੍ਰਕਾਸ਼, ਕਲਗੀਵਾਲਾ, ਬੀਰ ਪ੍ਰਕਾਸ਼ ਅਤੇ ਹੋਰ ਬਹੁਤ ਸਾਰੀਆਂ ਕਵਿਤਾ ਦੀਆਂ ਪੁਸਤਕਾਂ ਦੁਖੀ ਜੀ ਨੇ ਲਿਖੀਆਂ। 'ਗੋਰੇਸ਼ਾਹੀ ਜ਼ੁਲਮ' ਉਹਨਾਂ ਦੀ ਪਹਿਲੀ ਵਾਰਤਕ ਰਚਨਾ ਸੀ, ਜਿਸ ਨੂੰ 1913 ਵਿੱਚ ਗ਼ਦਰ ਆਸ਼ਰਮ ਸਾਨਫਰਾਂਸਿਸਕੋ ਤੋਂ ਛਾਪਕੇ ਵੱਡੀ ਗਿਣਤੀ ਵਿੱਚ ਵੰਡਿਆ ਗਿਆ ਸੀ। ਕਰਤਾਰ ਸਿੰਘ ਨਵਾਂ ਚੰਦ ਨਾਲ ਮਿਲਕੇ ਉਹਨਾਂ ਜਾਸੂਸੀ ਕਲਾ ਬਾਰੇ ਪੁਸਤਕ ਦੁਸ਼ਮਣ ਦੀ ਖੋਜ ਭਾਲ ਵੀ ਛਾਪੀ ਸੀ। ਉਹਨਾਂ ਦੁਆਰਾ ਲਿਖੀ 808 ਪੰਨਿਆਂ ਦੀ ਵੱਡ ਅਕਾਰੀ ਪੁਸਤਕ ਜੀਵਨ ਭਾਈ ਮੋਹਨ ਸਿੰਘ ਵੈਦ ਜੀਵਨੀ ਸਾਹਿਤ ਵਿੱਚ ਨਿਵੇਕਲੀ ਥਾਂ ਰੱਖਦੀ ਹੈ। ਅੰਤ ਵਿੱਚ ਉੱਘਾ ਗ਼ਦਰੀ ਦੇਸ ਭਗਤ, ਕਵੀ ਅਤੇ ਬਹੁਪੱਖੀ ਸਾਹਿਤਕਾਰ ਗਣਤੰਤਰਤਾ ਦਿਵਸ ਵਾਲੇ ਦਿਨ 26 ਜਨਵਰੀ, 1971 ਨੂੰ ਫਗਵਾੜੇ ਵਿਖੇ ਅਕਾਲ ਚਲਾਣਾ ਕਰ ਗਿਆ।

---

1. ਮੁਣਸ਼ਾ ਸਿੰਘ ਦੁਖੀ ਜੀਵਨ ਤੇ ਰਚਨਾ, ਸਵਰਗ ਸਿੰਘ ਸਨੇਹੀ, ਪੰਨਾ 128.

# ਭਾਈ ਰਣਧੀਰ ਸਿੰਘ ਨਾਰੰਗਵਾਲ

ਭਾਈ ਰਣਧੀਰ ਸਿੰਘ ਨਾਰੰਗਵਾਲ ਪੂਰਨ ਗੁਰਸਿੱਖ ਅਤੇ ਦੇਸ਼ ਭਗਤੀ ਦੇ ਜ਼ਜ਼ਬੇ ਨਾਲ ਲਬਰੇਜ਼ ਸ਼ਖ਼ਸੀਅਤ ਸਨ। ਉਹ ਦੇਸ਼ ਦੀ ਗੁਲਾਮੀ ਦੇ ਕੱਟੜ ਵਿਰੋਧੀ ਸਨ। ਪ੍ਰਸਿੱਧ ਗ਼ਦਰੀ ਦੇਸ਼ ਭਗਤ ਰਣਧੀਰ ਸਿੰਘ ਦਾ ਜਨਮ 7 ਜੁਲਾਈ, 1878 ਈ: ਨੂੰ ਪਿਤਾ ਸ. ਨੱਥਾ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਕੁੱਖੋਂ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ।

ਉਹਨਾਂ ਦਾ ਜਨਮ ਸਮੇਂ ਨਾਂ ਬਸੰਤ ਸਿੰਘ ਰੱਖਿਆ ਗਿਆ। ਉਹਨਾਂ ਦੇ ਪਿਤਾ ਨੱਥਾ ਸਿੰਘ ਪੰਜਾਬੀ ਉਰਦੂ ਫਾਰਸੀ ਅਤੇ ਅੰਗਰੇਜ਼ੀ ਵਿੱਚ ਚੰਗੀ ਮੁਹਾਰਤ ਰੱਖਦੇ ਸਨ ਅਤੇ ਨਾਭਾ ਰਿਆਸਤ ਦੇ ਜੱਜ ਸਨ। ਭਾਈ ਰਣਧੀਰ ਸਿੰਘ ਨੇ ਮੁੱਢਲੀ ਪੜ੍ਹਾਈ ਨਾਭੇ ਤੋਂ ਹੀ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਪ੍ਰਾਪਤ ਕਰਨ ਲਈ ਉਹ 1896 ਈ: ਵਿੱਚ ਗੌਰਮਿੰਟ ਕਾਲਜ ਲਾਹੌਰ ਵਿੱਚ ਦਾਖਲ ਹੋ ਗਏ। ਐਮ.ਏ. ਕਰਨ ਤੋਂ ਬਾਅਦ ਉਹ ਲਾਹੌਰ ਦੇ ਐਫ.ਸੀ. ਕਾਲਜ ਵਿੱਚ ਦਾਖਲ ਹੋ ਗਏ। ਆਪ ਮਾਪਿਆਂ ਦੇ ਆਗਿਆਕਾਰੀ ਸਪੁੱਤਰ ਸਨ। ਕਾਲਜ ਵਿੱਚ ਪੜ੍ਹਾਈ ਕਰਦੇ ਸਮੇਂ ਆਪ ਜੀ ਦੇ ਪਿਤਾ ਜੀ ਨੇ ਆਪ ਜੀ ਨੂੰ ਇੱਕ ਚਿੱਠੀ ਲਿਖ ਭੇਜੀ, ਜਿਸ ਰਾਹੀਂ ਸਵੇਰੇ ਜਪੁਜੀ ਸਾਹਿਬ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਕਰਨ ਦੀ ਪ੍ਰੇਰਣਾ ਦਿੱਤੀ ਗਈ ਸੀ। ਉਦੋਂ ਤੋਂ ਆਪ ਜੀ ਬਾਣੀ ਦੇ ਅਜਿਹਾ ਲੜ ਲੱਗੇ ਕਿ ਫਿਰ ਜ਼ਿੰਦਗੀ ਭਰ ਗੁਰਮਤਿ-ਮਾਰਗ 'ਤੇ ਵੱਧਦੇ ਗਏ। ਉਹਨਾਂ 1900 ਈ: ਵਿੱਚ ਲਾਹੌਰ ਦੇ ਐਫ.ਸੀ.ਕਾਲਜ ਤੋਂ ਬੀ.ਏ. ਦਾ ਇਮਤਿਹਾਨ ਪਾਸ ਕਰ ਲਿਆ।

1902 ਵਿੱਚ ਉਹਨਾਂ ਦੀ ਨਿਯੁਕਤੀ ਬਤੌਰ ਨਾਇਬ ਤਹਿਸੀਲਦਾਰ, ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿੱਚ ਹੋ ਗਈ। ਉਸ ਸਮੇਂ ਪੰਜਾਬ ਵਿੱਚ ਪਲੇਗ ਫੈਲੀ ਹੋਈ ਸੀ। ਭਾਈ ਸਾਹਿਬ ਇੱਕ ਅੰਗਰੇਜ਼ ਡਾਕਟਰ ਫਿਸ਼ਰ ਨਾਲ ਸਹਾਇਕ ਵਜੋਂ ਸੇਵਾਵਾਂ ਨਿਭਾ ਰਹੇ ਸਨ। ਆਪ ਨੇ ਆਪਣੀ ਨੌਕਰੀ ਬੜੀ ਇਮਾਨਦਾਰੀ ਅਤੇ ਨੇਕ-ਨੀਅਤੀ ਨਾਲ ਕੀਤੀ, ਜਦੋਂ ਕਿ ਸਰਕਾਰੀ ਅਮਲਾ-ਫੈਲਾ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ ਦੀ ਗ੍ਰਿਫਤ ਵਿੱਚ ਜਕੜਿਆ ਹੋਇਆ ਸੀ। ਜਦ ਭਾਈ ਸਾਹਿਬ ਨੂੰ ਅਨੁਭਵ ਹੋਇਆ ਕਿ ਏਥੇ ਅੰਗਰੇਜ਼ ਹਾਕਮਾਂ ਦੀ ਜੀ ਹਜ਼ੂਰੀ ਤੋਂ ਬਿਨਾਂ ਅਤੇ ਇਮਾਨਦਾਰੀ ਨਾਲ ਲੋਕ ਸੇਵਾ ਨਹੀਂ ਕੀਤੀ ਜਾ ਸਕਦੀ ਤਾਂ ਉਹਨਾਂ 1903 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ।

ਉਹਨਾਂ 14 ਜੂਨ, 1903 ਨੂੰ ਫਿਲੌਰ ਦੇ ਨੇੜੇ ਇੱਕ ਪਿੰਡ ਬਕਾਪੁਰ ਵਿੱਚ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਅੰਮ੍ਰਿਤ ਛਕ ਲਿਆ ਅਤੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਉਹਨਾਂ 1904 ਈ: ਵਿੱਚ ਸਰਬ-ਲੋਹ-ਬਿਬੇਕ ਧਾਰਨ ਕਰ ਲਿਆ। 1904 ਤੋਂ 1905 ਤੱਕ ਆਪ ਐਬਟਾਬਾਦ ਵਿੱਚ ਐਸ.ਡੀ.ਓ. ਆਫਿਸ ਵਿੱਚ ਹੈੱਡ ਕਲਰਕ ਸਨ। ਇੱਥੇ ਆਪ ਦਾ ਨਾਮ ਅਭਿਆਸ ਖ਼ੂਬ ਚਮਕਿਆ। ਇੱਥੇ

ਹੀ ਆਪ ਆਤਮਿਕ ਮੰਜ਼ਿਲ ਦੀ ਉੱਚੀ ਤੋਂ ਉੱਚੀ ਟੀਸੀ ਤੱਕ ਪਹੁੰਚੇ।[1] ਇਸ ਤੋਂ ਪਿੱਛੋਂ ਥੋੜ੍ਹੇ ਸਮੇਂ ਲਈ ਆਪ ਜੀ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਸਟਲ ਸੁਪਰਡੈਂਟ ਵਜੋਂ ਵੀ ਨੌਕਰੀ ਕੀਤੀ, ਪਰ ਆਪ ਨੇ ਜਲਦੀ ਹੀ ਇਹ ਨੌਕਰੀ ਛੱਡ ਕੇ ਗੁਰਮਤਿ ਪ੍ਰਚਾਰ ਨੂੰ ਆਪਣਾ ਮਿਸ਼ਨ ਬਣਾ ਲਿਆ। ਉਹਨਾਂ 1908 ਵਿੱਚ ਦਮਦਮਾ ਸਾਹਿਬ ਵਿਖੇ 'ਪੰਚ ਖਾਲਸਾ ਦੀਵਾਨ' ਦੀ ਨੀਂਹ ਰੱਖੀ, ਜਿਸ ਦਾ ਉਦੇਸ਼ ਸਿੱਖ ਸੰਗਤਾਂ ਨੂੰ ਧਾਰਮਿਕ ਵਿਰਸੇ ਨਾਲ ਜੋੜਨਾ ਸੀ। ਇਸ ਮਕਸਦ ਲਈ ਉਹਨਾਂ 1908-14 ਦੌਰਾਨ ਦੇਸ਼ ਦੇ ਵੱਖ-ਵੱਖ ਸਥਾਨਾਂ ਦੀ ਯਾਤਰਾ ਕਰਕੇ ਸਿੱਖੀ ਦਾ ਖ਼ੂਬ ਪ੍ਰਚਾਰ ਕੀਤਾ।

1914 ਵਿੱਚ ਅੰਗਰੇਜ਼ ਸਰਕਾਰ ਵੱਲੋਂ ਗੁਰਦੁਆਰਾ ਰਕਾਬ ਗੰਜ ਨਵੀਂ ਦਿੱਲੀ ਦੀ ਕੰਧ ਢਾਹ ਦਿੱਤੀ ਗਈ। ਇਸ ਦੇ ਵਿਰੋਧ ਵਿੱਚ ਸਿੱਖਾਂ ਵੱਲੋਂ ਐਜ਼ੀਟੇਸ਼ਨ ਸ਼ੁਰੂ ਕੀਤੀ ਗਈ। ਇਸ ਸਮੇਂ ਭਾਈ ਰਣਧੀਰ ਸਿੰਘ ਨੇ ਸਿੱਖਾਂ ਵਿੱਚ ਜਾਗ੍ਰਤੀ ਪੈਦਾ ਕਰਨ ਲਈ ਅਹਿਮ ਯੋਗਦਾਨ ਪਾਇਆ। ਉਹਨਾਂ ਇਸ ਸਮੇਂ ਪਟਿਆਲਾ ਦੇ ਭਸੌੜ ਕਸਬੇ, ਪੱਟੀ, ਲਾਹੌਰ ਅਤੇ ਕਈ ਹੋਰ ਦੀਵਾਨਾਂ ਵਿੱਚ ਜਾ ਕੇ ਆਪਣੇ ਭਾਸ਼ਨਾਂ ਰਾਹੀਂ ਸਿੱਖਾਂ ਵਿੱਚ ਜਾਗ੍ਰਤੀ ਪੈਦਾ ਕੀਤੀ। 3 ਮਈ, 1914 ਨੂੰ ਲਾਹੌਰ ਮੰਡੀ ਵਿੱਚ ਹੋਏ ਦੀਵਾਨ ਦੇ ਬਾਰੇ ਕਿਹਾ ਜਾਂਦਾ ਹੈ ਕਿ ਸਿੱਖ ਰਾਜ ਦੇ ਜਾਣ ਤੋਂ ਬਾਅਦ ਇਹ ਸਭ ਤੋਂ ਵੱਡਾ ਇਕੱਠ ਸੀ। ਜਿਸ ਵਿੱਚ 20000 ਲੋਕ ਸ਼ਾਮਲ ਹੋਏ ਸਨ। ਰਕਾਬ ਗੰਜ ਦੇ ਮੋਰਚੇ ਸਮੇਂ ਪੰਜਾਬ ਤੋਂ ਸ਼ਹੀਦੀ ਜੱਥੇ ਦਿੱਲੀ ਵੱਲ ਰਵਾਨਾ ਹੋਣੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਵਿੱਚ ਭਾਈ ਰਣਧੀਰ ਸਿੰਘ ਵੀ ਸਨ। ਇਹ ਜੱਥੇ ਅਜੇ ਦਿੱਲੀ ਪਹੁੰਚੇ ਹੀ ਸਨ ਕਿ ਸਰਕਾਰ ਨੇ ਗੁਰਦੁਆਰੇ ਦੀ ਕੰਧ ਦੀ ਉਸਾਰੀ ਕਰਵਾ ਦਿੱਤੀ। ਸਿੱਖਾਂ ਨੇ ਰਕਾਬ ਗੰਜ ਦਾ ਮੋਰਚਾ ਸਰ ਕਰ ਲਿਆ। ਦਸੰਬਰ 1914 ਨੂੰ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਸਮੇਂ ਚਮਕੌਰ ਸਾਹਿਬ ਵਿੱਚ ਗੁਰਮਤਿ ਅਤੇ ਸਿੱਖ ਰਹਿਤ ਮਰਿਯਾਦਾ ਦੇ ਉਲਟ ਕਈ ਕੰਮ ਹੁੰਦੇ ਵੇਖਕੇ ਭਾਈ ਰਣਧੀਰ ਸਿੰਘ ਨੇ ਪੁਜਾਰੀਆਂ ਤੋਂ ਗੁਰਧਾਮਾਂ ਦਾ ਕਬਜਾ ਲੈ ਕੇ ਖਾਲਸਾ ਪੰਥ ਦੇ ਹੱਥਾਂ ਵਿੱਚ ਪ੍ਰਬੰਧ ਸੌਂਪਿਆ।[2]

1914 ਵਿੱਚ ਵਾਪਰੇ ਕਾਮਾਗਾਟਾਮਾਰੂ ਦੇ ਸਾਕੇ ਅਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੇ ਜਾਣ ਪਿੱਛੋਂ ਉਹਨਾਂ ਦੇ ਰੋਮ ਰੋਮ ਵਿੱਚ ਅੰਗਰੇਜ਼ ਸਾਮਰਾਜ ਪ੍ਰਤੀ ਨਫ਼ਰਤ ਦੀ ਭਾਵਨਾ ਹੋਰ ਵੀ ਪ੍ਰਬਲ ਹੋ ਉੱਠੀ। ਇਹਨਾਂ ਦਿਨਾਂ ਦੌਰਾਨ ਹੀ ਗ਼ਦਰੀ ਯੋਧੇ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਭਾਈ ਉੱਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰਭੰਨ (ਜ਼ੀਰਾ) ਅਤੇ ਅਰਜਨ ਸਿੰਘ ਖੁਖਰਾਣਾ ਅਕਸਰ ਉਹਨਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ ਅਤੇ ਦੇਸ਼ ਵਿੱਚ ਗ਼ਦਰ ਮਚਾਉਣ ਲਈ ਸਲਾਹ-ਮਸ਼ਵਰਾ ਕਰਿਆ ਕਰਦੇ ਸਨ। ਫ਼ਿਰੋਜ਼ਪੁਰ ਅਤੇ ਮੀਆਂ ਮੀਰ ਲਾਹੌਰ ਦੀਆਂ ਛਾਉਣੀਆਂ ਉੱਪਰ ਗ਼ਦਰੀਆਂ ਨੇ ਕਬਜ਼ੇ ਕਰਨ ਦੀਆਂ ਯੋਜਨਾਵਾਂ ਬਣਾਈਆਂ।

---

1. ਆਤਮ ਕਥਾ ਗ਼ਦਰੀ ਬਾਬਾ ਹਰਨਾਮ ਸਿੰਘ ਕਾਲਾ ਸੰਘਿਆ, ਸੰਪਾਦਕ, ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ, ਪੰਨਾ 35.
2. ਪੰਜਾਬ ਕੋਸ਼, ਜਿਲਦ ਦੂਜੀ, ਮੁੱਖ ਸੰਪਾਦਕ, ਰਛਪਾਲ ਸਿੰਘ ਗਿੱਲ,, ਪੰਨਾ 833.

ਇਸ ਸਕੀਮ ਨੂੰ ਨੇਪਰੇ ਚਾੜ੍ਹਨ ਲਈ, ਪਰ ਪੁਲਿਸ ਦੀਆਂ ਨਜ਼ਰਾਂ ਤੋਂ ਬਚਾਈ ਰੱਖਣ ਲਈ, 17 ਫ਼ਰਵਰੀ, 1915 ਨੂੰ ਲੁਧਿਆਣੇ ਦੇ ਲਾਗੇ ਢੰਡਾਰੀ ਵਿੱਚ ਅਖੰਡ ਪਾਠ ਰੱਖਿਆ ਗਿਆ। ਜਿਥੇ ਸੰਤ ਰਣਧੀਰ ਸਿੰਘ ਨੇ ਆਪਣੇ ਜੱਥੇ ਦੇ ਹਮਾਇਤੀ ਬੰਦੇ ਇਕੱਠੇ ਕਰਨੇ ਸਨ ਤੇ ਸਭ ਨੂੰ ਨਾਲ ਲੈ ਕੇ ਫ਼ਿਰੋਜ਼ਪੁਰ ਜਾਣਾ ਸੀ।[1] ਮਿਥੀ ਸਕੀਮ ਅਨੁਸਾਰ ਭਾਈ ਸਾਹਿਬ ਦਾ ਜੱਥਾ ਕੀਰਤਨੀ ਸਰੂਪ ਵਿੱਚ ਢੋਲਕ ਹਾਰਮੋਨੀਅਮ ਲੈ ਕੇ ਮੁੱਲਾਂਪੁਰ ਦਾਖਾ ਤੋਂ ਗੱਡੀ ਤੇ ਸਵਾਰ ਹੋ ਕੇ ਸ਼ਾਮੀਂ ਮਿਥੀ ਜਗ੍ਹਾ 'ਤੇ ਫ਼ਿਰੋਜ਼ਪੁਰ ਛਾਉਣੀ ਦੇ ਅਸਲਾਖਾਨੇ 'ਤੇ ਕੀਤੇ ਜਾਣ ਵਾਲੇ ਹੱਲੇ ਵਿੱਚ ਸ਼ਾਮਲ ਹੋਣ ਦੇ ਮਕਸਦ ਨਾਲ ਪਹੁੰਚਿਆ, ਜੋ ਕਿ ਹਾਲਾਤ ਨੇ ਨੇਪਰੇ ਨਾ ਚੜ੍ਹਨ ਦਿੱਤਾ।[2] ਇਸ ਸਮੇਂ ਭਾਈ ਸਾਹਿਬ ਦੇ ਜੱਥੇ ਵਿੱਚ 50-60 ਜੁਝਾਰੂ ਸ਼ਾਮਲ ਸਨ। ਘਰ ਦੇ ਭੇਤੀਆਂ ਦੁਆਰਾ ਗੋਰੀ ਹਕੂਮਤ ਨੂੰ ਦਿੱਤੀ ਗਈ ਜਾਣਕਾਰੀ ਸਦਕਾ ਯੋਜਨਾ ਨੇਪਰੇ ਨਾ ਚੜ੍ਹਦੀ ਦੇਖ ਕੇ ਸਭ ਗ਼ਦਰੀ ਆਪੋ-ਆਪਣੇ ਟਿਕਾਣਿਆਂ ਨੂੰ ਖਿਸਕ ਗਏ। ਪੁਲਿਸ ਨੇ ਗ਼ਦਾਰ ਕਿਰਪਾਲ ਸਿੰਘ ਦੀ ਸੂਚਨਾ 'ਤੇ 19 ਫ਼ਰਵਰੀ, 1915 ਨੂੰ ਸਵੇਰੇ ਲਾਹੌਰ ਪਾਰਟੀ ਹੈੱਡਕੁਆਟਰ 'ਤੇ ਛਾਪਾ ਮਾਰਕੇ ਸੱਤ ਗ਼ਦਰੀ ਅਤੇ ਗੋਲੀ ਸਿੱਕਾ ਬਰਾਮਦ ਕਰ ਲਿਆ। ਇਸ ਪਿੱਛੋਂ ਗ਼ਦਰੀਆਂ ਦੀਆਂ ਧੜਾ-ਧੜ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ।

ਭਾਈ ਰਣਧੀਰ ਸਿੰਘ ਨੂੰ 9 ਮਈ, 1915 ਨੂੰ ਨਾਭੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ 15 ਦਿਨ ਨਾਭੇ ਰੱਖਣ ਤੋਂ ਬਾਅਦ ਲੋਹਟਬੱਧੀ ਥਾਣੇ ਵਿੱਚ ਲਿਆਂਦਾ ਗਿਆ। ਉੱਥੋਂ ਉਹਨਾਂ ਨੂੰ 17 ਜੂਨ, 1915 ਨੂੰ ਲੁਧਿਆਣੇ ਲਿਜਾਕੇ ਅੰਗਰੇਜ਼ੀ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। 27 ਅਕਤੂਬਰ, 1915 ਨੂੰ ਭਾਈ ਸਾਹਿਬ ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ ਗਿਆ। ਭਾਈ ਸਾਹਿਬ ਨੂੰ ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। ਦੂਜੇ ਕੇਸ ਦੇ ਵਾਅਦਾ ਮਾਫ਼ ਭਗਤ ਸਿੰਘ ਲੁਧਿਆਣਾ ਦੇ ਬਿਆਨ ਅਨੁਸਾਰ, "ਦਿੱਲੀ ਰਕਾਬ ਗੰਜ ਗੁਰਦੁਆਰੇ ਦੀ ਕੰਧ ਢਾਹੁਣ ਪਿੱਛੋਂ ਭਾਈ ਰਣਧੀਰ ਸਿੰਘ ਨੇ ਏਸ ਕਾਰਵਾਈ ਨੂੰ ਵੱਡੀ ਜਾਬਰਾਨਾ ਕਾਰਵਾਈ ਵਜੋਂ ਦਰਸਾਇਆ 'ਤੇ ਉਸ ਨੂੰ ਕਿਹਾ ਕਿ ਉਹ ਆਪਣੀ ਭਾਸ਼ਨ ਯੋਗਤਾ ਰਾਹੀਂ ਲੋਕਾਈ ਨੂੰ ਸਰਕਾਰ ਵਿਰੁੱਧ ਭੜਕਾਉਂਦੇ ਹੋਏ ਅੰਗਰੇਜ਼ ਰਾਜ ਦਾ ਮਲੀਆਮੇਟ ਕਰਨ ਦੀ ਪ੍ਰੇਰਣਾ ਦੇਵੇ, ਤਾਂ ਫਿਰ ਉਸ ਨੇ ਭਾਸ਼ਨਾਂ ਰਾਹੀਂ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਸਰਕਾਰ ਸਾਡੇ ਧਰਮ ਸਥਾਨ ਤਬਾਹ ਕਰ ਰਹੀ ਹੈ ਅਤੇ ਸਾਨੂੰ ਬਦਲੇ ਵਜੋਂ ਥਾਣਿਆਂ ਆਦਿ 'ਤੇ ਹੱਲਾ ਬੋਲ ਕੇ ਹਥਿਆਰ ਪ੍ਰਾਪਤ ਕਰਕੇ ਗ਼ਦਰ ਅਖ਼ਬਾਰ ਦੇ ਆਸ਼ੇ 'ਤੇ ਚੱਲਣਾ ਚਾਹੀਦਾ ਹੈ। ਕਾਮਾਗਾਟਾਮਾਰੂ ਦੀ ਵਾਪਸੀ 'ਤੇ (ਭਾਈ) ਰਣਧੀਰ ਸਿੰਘ ਨੇ ਮੈਨੂੰ ਦੱਸਿਆ ਕਿ ਮੁਸਾਫਿਰਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਅਤੇ ਜ਼ਬਰ ਜ਼ੁਲਮ ਵੱਧਦਾ ਜਾ ਰਿਹੈ। ਨਾਲ ਹੀ ਇਹ ਝੂਠਾ ਪ੍ਰਚਾਰ ਕਰਨ ਲਈ ਵੀ ਕਿਹਾ ਕਿ ਜਿੱਥੇ ਜੰਗ ਦੇ ਮੈਦਾਨ ਵਿੱਚ ਹਿੰਦੁਸਤਾਨੀ

1. ਗ਼ਦਰ ਪਾਰਟੀ ਦਾ ਇਤਿਹਾਸ, ਗੁਰਚਰਨ ਸਿੰਘ ਸੈਂਸਰਾ, ਪੰਨਾ 204
2. ਚੱਲ ਮਾਲਵੇ ਦੇਸ਼ ਨੂੰ ਚੱਲੀਏ, ਸੰਪਾਦਨ ਲਖਵੀਰ ਸਿੰਘ ਨਾਮਧਾਰੀ, ਪੰਨਾ 161.

ਲੋਕਾਂ ਨੂੰ ਸਭ ਤੋਂ ਮੂਹਰੇ ਮੌਤ ਦੇ ਮੂੰਹ ਵਿੱਚ ਝੋਕਿਆ ਜਾ ਰਿਹੈ। ਨਾਲੇ ਮੈਨੂੰ ਬਾਹਰੋਂ ਪਰਤ ਰਹੇ ਗ਼ਦਰੀਆਂ ਦੇ ਵਾਪਸ ਆਉਣ 'ਤੇ ਗ਼ਦਰ ਲਈ ਤਿਆਰ ਰਹਿਣ ਲਈ ਕਿਹਾ।"[1] ਦੂਜੇ ਲਾਹੌਰ ਸਾਜ਼ਿਸ਼ ਕੇਸ ਦੇ ਫੈਸਲੇ ਵਿੱਚ ਆਪ ਜੀ 'ਤੇ ਤਿੰਨ ਫਰਦ-ਏ-ਜ਼ੁਰਮ ਆਇਦ ਕੀਤੇ ਗਏ।[2]

1. ਗੁਰਦੁਆਰਾ ਰਕਾਬ ਗੰਜ ਦੀ ਕੰਧ ਲਈ ਬਗਾਵਤ।
2. ਸ. ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਰਜਮੈਂਟਾ ਵਿੱਚ ਅੰਗਰੇਜ਼ਾਂ ਵਿਰੁੱਧ ਬਗਾਵਤ ਫੈਲਾਉਣੀ।
3. ਯੁੱਗ ਪਲਟਾਊ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਦੇ ਕਹੇ ਅਨੁਸਾਰ ਕ੍ਰਾਂਤੀ ਲਿਆਉਣੀ।

ਦੂਸਰੇ ਲਾਹੌਰ ਸਾਜਿਸ਼ ਕੇਸ ਦੇ ਮੁਕੱਦਮੇ ਵਿੱਚ ਉਹਨਾਂ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। ਆਪ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ। 30 ਮਾਰਚ, 1916 ਨੂੰ ਜਦ ਉਹ ਲਾਹੌਰ ਜੇਲ੍ਹ, ਵਿੱਚ ਕੈਦ ਸਨ ਤਾਂ ਸਿੰਘਾਂ ਦੇ ਜਬਰੀ ਕਕਾਰ ਉਤਾਰਣ ਦੀ ਕੋਸ਼ਿਸ਼ ਕੀਤੀ ਗਈ, ਗ਼ਦਰੀਆਂ ਨੇ ਇਸਦਾ ਸਖ਼ਤ ਵਿਰੋਧ ਕੀਤਾ। ਲਾਹੌਰ ਜੇਲ੍ਹ ਤੋਂ ਤਬਦੀਲ ਕਰਕੇ ਭਾਈ ਰਣਧੀਰ ਸਿੰਘ ਹੋਰਾਂ ਨੂੰ 4 ਅਪ੍ਰੈਲ ਨੂੰ ਮੁਲਤਾਨ ਦੀ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਜੇਲ੍ਹ ਵਿੱਚ ਭਾਈ ਸਾਹਿਬ ਨੇ 4 ਅਪ੍ਰੈਲ ਤੋਂ 13 ਮਈ ਤੱਕ ਚਾਲੀ ਦਿਨ ਭੁੱਖ ਹੜਤਾਲ ਰੱਖੀ। ਉਹਨਾਂ ਦਾ ਵਜ਼ਨ 134 ਪੌਂਡ ਤੋਂ ਘੱਟਕੇ 105 ਪੌਂਡ ਰਹਿ ਗਿਆ। ਜੁਲਾਈ 1917 ਦੇ ਅੱਧ ਵਿੱਚ ਭਾਈ ਸਾਹਿਬ ਸਮੇਤ 32 ਹਵਾਲਾਤੀਆਂ ਨੂੰ ਜ਼ਾਲਮ ਬੀ.ਟੀ. ਦੀ ਨਿਗਰਾਨੀ ਹੇਠ ਮੁਲਤਾਨ ਜੇਲ੍ਹ ਤੋਂ ਹਜ਼ਾਰੀ ਬਾਗ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। 8-9 ਮਾਰਚ 1918 ਨੂੰ 18 ਗ਼ਦਰੀ ਇਸ ਜੇਲ੍ਹ ਵਿੱਚੋਂ ਫਰਾਰ ਹੋ ਗਏ। ਜਦ ਗ਼ਦਰੀ ਸਾਥੀ ਭਾਈ ਸਾਹਿਬ ਰਣਧੀਰ ਸਿੰਘ ਕੋਠੀ ਖੋਲ੍ਹਣ ਲਈ ਜ਼ੋਰ ਲਾ ਰਹੇ ਸਨ ਤਾਂ ਏਨੇ ਨੂੰ ਖ਼ਤਰੇ ਦਾ ਅਲਾਰਮ ਵੱਜ ਗਿਆ। ਭਾਈ ਸਾਹਿਬ ਨੇ ਸਾਥੀਆਂ ਨੂੰ ਮੁਖਾਤਿਬ ਹੋ ਕੇ ਕਿਹਾ ,"ਭਾਣੇ ਅੰਦਰ ਸਾਡਾ ਬਾਹਰ ਜਾਣਾ ਅਸੰਭਵ ਹੈ, ਤੁਸੀਂ ਤੁਰੰਤ ਨਿਕਲਣ ਦੀ ਕਰੋ।"[3]

ਹਜ਼ਾਰੀ ਬਾਗ ਜੇਲ੍ਹ ਤੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਕਰਤਾਰ ਸਿੰਘ ਨਵਾਂ ਚੰਦ ਦਾ ਚਲਾਨ ਰਾਜ ਮੁੰਦਰੀ (ਸੂਬਾ ਮਦਰਾਸ) ਜੇਲ੍ਹ ਵਿੱਚ ਹੋ ਗਿਆ ਅਤੇ ਰਾਜ ਮੁੰਦਰੀ ਤੋਂ ਨਾਗਪੁਰ ਜੇਲ੍ਹ ਵਿੱਚ ਭੀ ਇਕੱਠਿਆਂ ਦਾ ਚਲਾਨ ਹੋਇਆ।[4] ਨਾਗਪੁਰ ਜੇਲ੍ਹ ਤੋਂ ਉਹ ਦੋਵੇਂ ਲਾਹੌਰ ਜੇਲ੍ਹ, ਵਿੱਚ ਅੱਗੜ-ਪਿੱਛੜ ਪੁੱਜੇ। ਭਾਈ

---

1. ਚੱਲ ਮਾਲਵੇ ਦੇਸ਼ ਨੂੰ ਚੱਲੀਏ, ਸੰਪਾਦਨ ਲਖਵੀਰ ਸਿੰਘ ਨਾਮਧਾਰੀ, ਪੰਨਾ 160
2. ਗੁਰਮਤਿ ਪ੍ਰਕਾਸ਼, ਜੁਲਾਈ, 2018, ਪੰਨਾ 28.
3. ਅਠਾਰਾਂ ਗ਼ਦਰੀਆਂ ਦੇ ਹਰਨ ਹੋਣ ਸਬੰਧੀ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲਿਖੀ ਹੋਈ ਪੁਸਤਕ ਜੇਲ੍ਹ ਚਿੱਠੀਆਂ ਦਾ ਚੈਪਟਰ ਸਿੰਘਾਂ ਦਾ ਜੇਲ੍ਹ ਵਿੱਚੋਂ ਹਰਨ ਹੋਣਾ ਪੰਨਾ 175 ਤੋਂ 189 ਤੱਕ ਪੜ੍ਹਿਆ ਜਾ ਸਕਦਾ ਹੈ।
4. ਰੰਗਲੇ ਸੱਜਣ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਨਾ 60.

ਰਣਧੀਰ ਸਿੰਘ 15 ਮਈ, 1930 ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤੇ ਗਏ। ਲਾਹੌਰ ਜੇਲ੍ਹ ਵਿੱਚ ਹੀ ਉਹਨਾਂ ਦਾ ਮੇਲ ਪ੍ਰਸਿੱਧ ਇਨਕਲਾਬੀ ਸ਼ਹੀਦ ਭਗਤ ਸਿੰਘ ਨਾਲ ਹੋਇਆ। 4 ਅਕਤੂਬਰ, 1930 ਨੂੰ ਭਾਈ ਸਾਹਿਬ ਨੂੰ ਲਾਹੌਰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਉਹਨਾਂ ਆਪਣੀ ਜ਼ਿੰਦਗੀ ਦੇ ਲਗਭਗ 16 ਵਰ੍ਹੇ ਵੱਖ-ਵੱਖ ਜੇਲ੍ਹਾਂ ਵਿੱਚ ਗੁਜ਼ਾਰੇ, ਕਈ ਵਾਰ ਅੰਨ-ਪਾਣੀ ਦਾ ਤਿਆਗ ਕੀਤਾ, ਬੇਸ਼ੁਮਾਰ ਤਸੀਹੇ ਝੱਲੇ, ਪਰ ਸਦਾ ਭਾਣੇ ਵਿੱਚ ਰਹੇ ਅਤੇ ਜੇਲ੍ਹ ਯਾਤਰਾ ਦੌਰਾਨ ਵੀ ਆਨੰਦਿਤ ਹੋ ਕੇ ਗੁਰਬਾਣੀ ਦੇ ਕਥਾ-ਕੀਰਤਨ ਕਰਦੇ ਰਹੇ ਅਤੇ ਅਨੇਕ ਜੇਲ੍ਹ ਸਾਥੀਆਂ ਨੂੰ ਵੀ ਇਸ ਮਾਰਗ ਦੇ ਪਾਂਧੀ ਬਣਾਇਆ। ਰਿਹਾਈ ਉਪਰੰਤ ਜਦ ਉਹ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਤਾਂ 15 ਸਤੰਬਰ, 1931 ਨੂੰ ਅਕਾਲ ਤਖਤ ਸਾਹਿਬ ਵੱਲੋਂ ਹੁਕਮਨਾਮੇ ਤੇ ਸ੍ਰੀ ਸਾਹਿਬ ਤੇ ਸਿਰੋਪਾਓ ਦੀ ਬਖਸ਼ਿਸ਼ ਹੋਈ।[1] 11 ਸਤੰਬਰ, 1931 ਈ: ਨੂੰ ਆਪ ਸ੍ਰੀ ਤਰਨਤਾਰਨ ਸਾਹਿਬ ਦੀ ਆਰੰਭਿਕ ਰਸਮ ਅਦਾ ਕਰਨ ਵਾਲੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਏ। 14 ਅਕਤੂਬਰ, 1932 ਈ: ਨੂੰ ਆਪ ਸ੍ਰੀ ਪੰਜਾ ਸਾਹਿਬ ਦੇ ਗੁਰਦੁਆਰੇ ਦਾ ਬੁਨਿਆਦੀ ਪੱਥਰ ਰੱਖਣ ਵਾਲੇ ਪੰਜਾਂ ਸਿੱਖਾਂ ਵਿੱਚ ਸ਼ਾਮਲ ਸਨ।[2] ਇਸ ਤੋਂ ਇਲਾਵਾ ਆਪ ਗੁਰਦੁਆਰਾ ਸ਼ਹੀਦ ਗੰਜ ਸ੍ਰੀ ਨਨਕਾਣਾ ਸਾਹਿਬ, ਪਟਨਾ ਸਾਹਿਬ ਅਤੇ ਪਾਉਂਟਾ ਸਾਹਿਬ ਦੇ ਗੁਰਦੁਆਰਿਆਂ ਦਾ ਨੀਂਹ ਪੱਥਰ ਰੱਖਣ ਵਾਲੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਸਨ।

ਭਾਈ ਰਣਧੀਰ ਸਿੰਘ 1931 ਤੋਂ 1961 ਤੱਕ ਨਿਸ਼ਕਾਮ ਤੌਰ 'ਤੇ ਆਖੰਡ ਪਾਠ ਅਤੇ ਆਖੰਡ ਕੀਰਤਨ ਕਰਦੇ ਰਹੇ। ਉਹਨਾਂ ਇਸ ਸਮੇਂ ਦੌਰਾਨ ਗੁਰਮਤਿ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀਆਂ ਹੋਈਆਂ 30 ਦੇ ਕਰੀਬ ਪੁਸਤਕਾਂ ਦਾਰਸ਼ਨਿਕ, ਅਧਿਆਤਮਿਕ ਅਤੇ ਧਾਰਮਿਕ ਵਿਸ਼ਿਆਂ ਨਾਲ ਸਬੰਧਤ ਲਿਖੀਆਂ। ਉਹਨਾਂ ਦੀਆਂ ਕੁਝ ਪ੍ਰਸਿੱਧ ਪੁਸਤਕਾਂ ਜੇਲ੍ਹ ਚਿੱਠੀਆਂ, ਕਰਮ ਫਿਲਾਸਫ਼ੀ, ਗੁਰਮਤਿ ਬਿਬੇਕ, ਅਣਡਿੱਠੀ ਦੁਨੀਆਂ, ਰੰਗਲੇ ਸੱਜਣ, ਗੁਰਮਤਿ ਲੇਖ, ਗੁਰਮਤਿ ਪ੍ਰਕਾਸ਼, ਗੁਰਮਤਿ ਵਿਚਾਰ, ਸਚਖੰਡ ਦਰਸ਼ਨ, ਗੁਰਮਤਿ ਗੌਰਵਤਾ, ਗੁਰਮਤਿ ਨਾਮ ਅਭਿਆਸ ਕਮਾਈ, ਗੁਰਬਾਣੀ ਦੀ ਪਾਰਸ ਕਲਾ, ਜੋਤਿ ਵਿਗਾਸ (ਮਹਾਂ ਕਾਵਿ), ਦਰਸ਼ਨ ਝਲਕਾਂ (ਕਾਵਿ ਉਡਾਰੀਆਂ) ਅਤੇ ਆਟੋਬਾਇਓਗ੍ਰਾਫੀ ਆਫ਼ ਭਾਈ ਸਾਹਿਬ ਰਣਧੀਰ ਸਿੰਘ (ਜੇਲ੍ਹ ਚਿੱਠੀਆਂ ਅੰਗਰਜ਼ੀ ਅਨੁਵਾਦ) ਸ਼ਾਮਲ ਹਨ। ਇਸ ਤੋਂ ਇਲਾਵਾ ਦਰਜਨ ਦੇ ਕਰੀਬ ਛੋਟੇ ਟ੍ਰੈਕਟ ਵੀ ਉਹਨਾਂ ਨੇ ਲਿਖੇ।

ਭਾਈ ਰਣਧੀਰ ਸਿੰਘ 16 ਅਪ੍ਰੈਲ, 1961 ਨੂੰ ਮਾਡਲ ਟਾਊਨ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਦਾ ਅੰਤਿਮ ਸੰਸਕਾਰ ਗੁੱਜਰਵਾਲ ਦੀ ਢਾਬ 'ਤੇ 17 ਅਪ੍ਰੈਲ ਨੂੰ ਕੀਤਾ ਗਿਆ। ਉਹਨਾਂ ਦੇ ਨਾਂ ਤੇ ਲੁਧਿਆਣਾ ਵਿਖੇ ਭਾਈ ਰਣਧੀਰ ਸਿੰਘ ਨਗਰ ਵਸਿਆ ਹੋਇਆ ਹੈ ਅਤੇ ਲੁਧਿਆਣਾ ਵਿਖੇ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਚੱਲ ਰਿਹਾ ਹੈ। ਭਾਈ

---

1. ਮਾਲਵਾ ਸਿੱਖ ਇਤਿਹਾਸ, ਭਾਗ ਦੂਜਾ, ਸੰਤਾ ਵਿਸਾਖਾ ਸਿੰਘ ਜਨੇਤਪੁਰਾ, ਪੰਨਾ 331
2. ਮਾਲਵਾ ਸਿੱਖ ਇਤਿਹਾਸ, ਭਾਗ ਦੂਜਾ, ਸੰਤਾ ਵਿਸਾਖਾ ਸਿੰਘ ਜਨੇਤਪੁਰਾ, ਪੰਨਾ 331

ਸਾਹਿਬ ਸਰਬ-ਲੋਹ-ਸਿਧਾਂਤ ਦੇ ਧਾਰਨੀ, ਸਰਬੱਤ ਦਾ ਭਲਾ ਚਾਹੁਣ ਵਾਲੇ, ਕੁਰਬਾਨੀ ਦੇ ਪੁੰਜ ਅਤੇ ਦ੍ਰਿੜ ਇਰਾਦੇ ਵਾਲੀ ਸ਼ਖ਼ਸੀਅਤ ਸਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਬਾਬਾ ਸੱਜਣ ਸਿੰਘ ਨਾਰੰਗਵਾਲ ਲਿਖਦੇ ਹਨः

ਦਸਵੇਂ ਗੁਰੂ ਦੇ ਬਾਣੇ ਵਾਲੀ, ਭਲੀ ਭਾਂਤ ਤੇਰੀ ਤਸਵੀਰ।
ਦ੍ਰਿੜ ਭਰੋਸੇ ਵਾਲੀ ਪੱਕੀ, ਪਰਬਤ ਜੇਹੀ ਜ਼ਮੀਰ।
ਯਾਦ ਤੇਰੀ ਯਾਦ ਰੱਬ ਲਿਆਵੇ, ਰੱਬੀ ਖੰਡਾ ਖੜਕੇ ਵੀਰ।
ਚੱਬ ਚਣੇ ਬਹੁ ਦਿਵਸ ਗੁਜ਼ਾਰੇ, ਖੁਸ਼ੀ ਰਹੇ ਹਨ ਇਹ ਫ਼ਕੀਰ।
ਨਾਮ ਅਭਿਆਸ ਚੱਕਰ ਖੱਟ ਬੇਧੇ, ਸੂਰੇ ਮਾਰਿਆ ਐਸੋਂ ਤੀਰ।
ਬਾਗ਼ ਹਜ਼ਾਰੀ ਵਰਗੀਆਂ ਜੇਲ੍ਹਾਂ, ਨਾਮ ਜਪਿਓ ਪੈਰੀ ਜ਼ੰਜ਼ੀਰ।
ਮਾਰ ਚੌਂਕੜੀ ਲਾਇ ਸਮਾਧੀ, ਸਫ਼ਲ ਯਾਤਰਾ ਕਰੀ ਸਰੀਰ।
ਘੋਰ ਸਮੁੰਦਰ ਪਰਬਤ ਭਾਰੇ, ਲੰਘ ਗਏ ਸਭਨਾਂ ਨੂੰ ਚੀਰ।
ਕਹਿਣੀ ਕਥਨੀ ਭੇਦ ਨਾ ਭਾਈ, ਦੇਸ਼ ਭਗਤ ਵੱਡੇ ਸੂਰਬੀਰ।
ਤੇਰੀ ਉਪਮਾ ਤੂੰ ਹੀ ਜਾਣੇ, ਧੰਨ ਸਿੰਘ ਸਾਹਿਬ ਰਣਧੀਰ।[1]

1. ਆਤਮ ਕਥਾ ਬਾਬਾ ਸੱਜਣ ਸਿੰਘ ਨਾਰੰਗਵਾਲ, ਸੰਪਾਦਕ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ, ਸੀਤਾ ਰਾਮ ਬਾਂਸਲ, ਪੰਨਾ 11.

# ਬਾਬਾ ਰੂੜ ਸਿੰਘ ਚੂਹੜਚੱਕ

ਗ਼ਦਰੀ ਬਾਬਾ ਰੂੜ ਸਿੰਘ ਦਾ ਜ਼ਿਕਰ ਗ਼ਦਰ ਇਤਿਹਾਸ ਦੀਆਂ ਕਿਤਾਬਾਂ ਵਿੱਚ ਅਰੂੜ ਸਿੰਘ ਚੂਹੜਚੱਕ ਵਜੋਂ ਵੀ ਮਿਲਦਾ ਹੈ। ਗ਼ਦਰੀ ਬਾਬਾ ਰੂੜ ਸਿੰਘ ਦਾ ਜਨਮ 1879 ਈਃ ਵਿੱਚ ਪਿਤਾ ਸ. ਅਤਰ ਸਿੰਘ ਦੇ ਘਰ ਮਾਤਾ ਕਾਹਨ ਕੌਰ ਦੀ ਕੁੱਖੋਂ ਪਿੰਡ ਚੂਹੜਚੱਕ ਜ਼ਿਲ੍ਹਾ ਫਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿਖੇ ਹੋਇਆ। ਇਹ ਚਾਰ ਭਰਾ ਸਨ-ਸ਼ਾਮ ਸਿੰਘ, ਰੂੜ ਸਿੰਘ, ਭੋਲਾ ਸਿੰਘ, ਉੱਤਮ ਸਿੰਘ। ਬਾਬਾ ਰੂੜ ਸਿੰਘ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਤੋਂ ਹੀ ਹਾਸਲ ਕੀਤੀ। ਉਹਨਾਂ ਜਗਰਾਉਂ ਤੋਂ ਦਸਵੀਂ ਜਮਾਤ ਪਾਸ ਕੀਤੀ ਅਤੇ ਫਿਰ ਐਫ.ਸੀ.ਕਾਲਜ ਲਾਹੌਰ ਪੜ੍ਹਨ ਲੱਗ ਗਏ। 1898 ਵਿੱਚ ਕਾਲਜ ਦੀ ਪੜ੍ਹਾਈ ਵਿਚਕਾਰ ਛੱਡ ਕੇ ਹੀ ਆਸਟਰੇਲੀਆ ਚਲੇ ਗਏ। ਉਹਨਾਂ ਆਸਟਰੇਲੀਆ ਵਿੱਚ ਚੋਖੀ ਕਮਾਈ ਕੀਤੀ ਅਤੇ ਕੁਝ ਸਾਲਾਂ ਬਾਅਦ ਵਾਪਸ ਦੇਸ਼ ਪਰਤ ਆਏ। ਪਿੰਡ ਆ ਕੇ ਉਹਨਾਂ ਬਹੁਤ ਸ਼ਾਨਦਾਰ ਹਵੇਲੀ ਬਣਾਈ। ਇਸੇ ਸਮੇਂ ਹੀ ਉਹਨਾਂ ਦੀ ਸ਼ਾਦੀ ਪਿੰਡ ਸਿੱਧਵਾਂ ਕਲਾ ਦੀ ਬੀਬੀ ਗਿਆਨ ਕੌਰ ਨਾਲ ਹੋਈ। ਬਾਬਾ ਜੀ ਦੇ ਘਰ ਤਿੰਨ ਧੀਆਂ ਅਤੇ ਇੱਕ ਪੁੱਤਰ ਰਤਨ ਸਿੰਘ ਨੇ ਜਨਮ ਲਿਆ।

ਬਾਬਾ ਜੀ ਕੁਝ ਸਾਲ ਪਿੰਡ ਰਹਿਣ ਪਿੱਛੋਂ ਅਮਰੀਕਾ ਚਲੇ ਗਏ। ਉਸ ਸਮੇਂ ਅਮਰੀਕਾ ਵਿੱਚ ਹਿੰਦੋਸਤਾਨੀਆਂ ਨਾਲ ਗੁਲਾਮ ਦੇਸ਼ ਦੇ ਵਸਨੀਕ ਹੋਣ ਕਰਕੇ ਬਹੁਤ ਭੈੜਾ ਵਿਵਹਾਰ ਕੀਤਾ ਜਾਂਦਾ ਸੀ, ਜੋ ਬਾਬਾ ਜੀ ਨੇ ਅੱਖੀਂ ਦੇਖਿਆ। ਹਿੰਦੁਸਤਾਨੀਆਂ ਦੀ ਹੁੰਦੀ ਦੁਰਦਸ਼ਾ ਦੇਖ ਕੇ ਬਾਬਾ ਜੀ ਬਹੁਤ ਵਿਆਕੁਲ ਹੋਏ। ਬਾਬਾ ਰੂੜ ਸਿੰਘ ਅਮਰੀਕਾ ਦੇ ਕੈਲੇਫੋਰਨੀਆ ਸੂਬੇ ਵਿੱਚ ਖੇਤਾਂ ਵਿੱਚ ਕੰਮ ਕਰਦੇ ਸਨ। ਭਾਰਤੀ ਲੋਕਾਂ ਨੂੰ ਜਿੰਨ੍ਹਾਂ ਵਿੱਚ ਵਧੇਰੇ ਗਿਣਤੀ ਪੰਜਾਬੀਆਂ ਦੀ ਹੀ ਸੀ ਨੂੰ ਗੋਰਿਆਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਸ ਲਈ ਉਸ ਸਮੇਂ ਅਮਰੀਕਾ ਅਤੇ ਕੈਨੇਡਾ ਵਿੱਚ ਹਿੰਦੁਸਤਾਨੀਆਂ ਦੀਆਂ ਵੱਖਰੇ-ਵੱਖਰੇ ਨਾਵਾਂ ਨਾਲ ਜੱਥੇਬੰਦੀਆਂ ਖੜ੍ਹੀਆਂ ਹੋ ਰਹੀਆਂ ਸਨ। ਉਹਨਾਂ ਨੂੰ ਇੱਕ ਕੇਂਦਰ ਅਤੇ ਇਕਸੁਰਤਾ ਵਿੱਚ ਲਿਆਉਣ ਲਈ 1912 ਦੇ ਸ਼ੁਰੂ ਵਿੱਚ ਪੋਰਟਲੈਂਡ (ਅਮਰੀਕਾ) ਵਿਖੇ ਇਕੱਠ ਕਰਕੇ ਸਰਬਸੰਮਤੀ ਨਾਲ 'ਹਿੰਦੁਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂ ਦੀ ਜੱਥੇਬੰਦੀ ਬਣਾਈ ਗਈ। ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਜੀ.ਡੀ. ਕੁਮਾਰ ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਚੁਣੇ ਗਏ। ਪੋਰਟਲੈਂਡ ਵਿਖੇ ਮਕਾਨ ਕਿਰਾਏ 'ਤੇ ਲੈ ਕੇ ਦਫਤਰ ਖੋਲ੍ਹਿਆ ਗਿਆ ਅਤੇ ਉਰਦੂ ਵਿੱਚ 'ਹਿੰਦੁਸਤਾਨ' ਨਾਂ ਦੇ ਹਫ਼ਤਾਵਰੀ ਅਖਬਾਰ ਨੂੰ ਕੱਢਣ ਦਾ ਫੈਸਲਾ ਹੋਇਆ। ਪਰ ਜੀ.ਡੀ. ਕੁਮਾਰ ਦੇ ਬਿਮਾਰ ਹੋਣ ਸਦਕਾ ਅਖਬਾਰ ਨਾ ਕੱਢਿਆ ਜਾ ਸਕਿਆ। ਫਿਰ ਫੈਸਲਾ ਹੋਇਆ ਕਿ ਲਾਲਾ ਹਰਦਿਆਲ ਨੂੰ ਕੈਲੇਫੋਰਨੀਆ ਤੋਂ ਬੁਲਾਇਆ ਜਾਵੇ ਅਤੇ ਐਸੋਸੀਏਸ਼ਨ ਦਾ ਕੰਮ ਉਸ ਦੇ ਸਪੁਰਦ ਕਰ ਦਿੱਤਾ ਜਾਵੇ। ਲਾਲਾ ਹਰਦਿਆਲ

ਦੇ ਸੇਂਟਜਾਨ ਪਹੁੰਚਣ ਪਿੱਛੋਂ ਕੁਝ ਥਾਂਈਂ ਹਫ਼ਤਾਵਰੀ ਮੀਟਿੰਗਾਂ ਕਰਕੇ 21 ਅਪ੍ਰੈਲ, 1913 ਨੂੰ ਆਸਟੋਰੀਆ ਵਿਖੇ ਬਾਬਾ ਕੇਸਰ ਸਿੰਘ ਠੱਠਗੜ੍ਹ ਦੀ ਆਰਾ ਮਿੱਲ ਵਿੱਚ ਵੱਖ-ਵੱਖ ਬਰਾਂਚਾਂ ਤੋਂ ਨੁਮਾਇੰਦੇ ਸ਼ਾਮਲ ਹੋਏ ਅਤੇ ਜਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ (ਸੰਖੇਪ ਹਿੰਦੀ ਐਸੋਸੀਏਸ਼ਨ) ਰੱਖਿਆ ਗਿਆ। ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਅਤੇ ਕੁਝ ਹੋਰ ਅਹੁੱਦੇਦਾਰ ਚੁਣੇ ਗਏ। ਪਾਰਟੀ ਵੱਲੋਂ ਗ਼ਦਰ ਨਾਂ ਦਾ ਅਖਬਾਰ ਵੀ ਕੱਢਿਆ ਗਿਆ। ਅਖ਼ਬਾਰ ਦੇ ਨਾਂ 'ਤੇ ਹੀ ਪਾਰਟੀ ਗ਼ਦਰ ਪਾਰਟੀ ਵਜੋਂ ਪ੍ਰਸਿੱਧ ਹੋ ਗਈ। 31 ਦਸੰਬਰ, 1913 ਨੂੰ ਸੈਕਰਾਮੈਂਟੋ ਵਿੱਚ ਹੋਈ ਕਾਨਫਰੰਸ ਸਮੇਂ ਬਾਬਾ ਜਵਾਲਾ ਸਿੰਘ ਠੱਠੀਆਂ ਨੂੰ ਗ਼ਦਰ ਪਾਰਟੀ ਦੇ ਦੂਸਰੇ ਮੀਤ ਪ੍ਰਧਾਨ ਬਣਾ ਲਿਆ ਗਿਆ ਅਤੇ ਇਸ ਵਿੱਚ ਰੂੜ ਸਿੰਘ ਸਮੇਤ ਕੁਝ ਮੈਂਬਰ ਇੰਤਜ਼ਾਮੀਆਂ ਕਮੇਟੀ ਵਿੱਚ ਸ਼ਾਮਲ ਕਰ ਲਏ ਗਏ। ਬਾਬਾ ਜੀ ਨੇ ਬੜੀ ਜ਼ਿੰਮੇਵਾਰੀ ਨਾਲ ਪਾਰਟੀ ਨੂੰ ਜੱਥੇਬੰਦ ਕਰਨ ਦਾ ਕਾਰਜ ਕੀਤਾ। ਕੁਝ ਸਮੇਂ ਬਾਅਦ ਹੀ ਪਹਿਲੀ ਸੰਸਾਰ ਜੰਗ ਛਿੜ ਗਈ ਤਾਂ ਪਾਰਟੀ ਵੱਲੋਂ 'ਐਲਾਨ-ਇ-ਜੰਗ' ਗ਼ਦਰ ਅਖਬਾਰ ਵਿੱਚ ਛਾਪਕੇ ਗ਼ਦਰੀਆਂ ਨੂੰ ਦੇਸ਼ ਪਹੁੰਚਣ ਲਈ ਕਹਿ ਦਿੱਤਾ ਗਿਆ। ਇਸ ਸਮੇਂ ਬਾਬਾ ਰੂੜ ਸਿੰਘ ਸਾਨਫਰਾਂਸਿਸਕੋ ਤੋਂ 29 ਅਗਸਤ, 1914 ਨੂੰ ਐਸ.ਐਸ.ਕੋਰੀਆ ਜਹਾਜ਼ ਰਾਹੀਂ ਦੇਸ਼ ਲਈ ਰਵਾਨਾ ਹੋਏ। ਇਸ ਜਹਾਜ਼ ਵਿੱਚ ਹੀ ਹੋਰ ਮਸ਼ਹੂਰ ਗ਼ਦਰੀ ਪ੍ਰਿਥੀ ਸਿੰਘ, ਜਗਤ ਰਾਮ, ਕੇਸਰ ਸਿੰਘ, ਜਵਾਲਾ ਸਿੰਘ, ਨਿਧਾਨ ਸਿੰਘ ਚੁੱਘਾ, ਅਮਰ ਸਿੰਘ, ਨਵਾਬ ਖਾਨ ਆਦਿ ਸਵਾਰ ਸਨ। ਰਸਤੇ ਵਿੱਚ ਜਿੱਥੇ ਵੀ ਜਹਾਜ਼ ਰੁਕਦਾ ਉੱਥੇ ਹੀ ਗ਼ਦਰੀ 'ਗ਼ਦਰ ਗੂੰਜਾਂ' ਦੀਆਂ ਕਵਿਤਾਵਾਂ ਪੜ੍ਹਦੇ ਅਤੇ ਜੋਸ਼ੀਲਾ ਪ੍ਰਚਾਰ ਕਰਦੇ। ਉਸ ਸਮੇਂ ਜਹਾਜ਼ ਅਕਸਰ ਹਾਂਗਕਾਂਗ ਤੋਂ ਬਦਲਣੇ ਪੈਂਦੇ ਸਨ। ਹਾਂਗਕਾਂਗ ਵਿਖੇ ਗ਼ਦਰੀ ਇਨਕਲਾਬੀਆਂ ਨੂੰ ਕਈ ਦਿਨ ਰੁਕਣਾ ਪਿਆ। ਹਾਂਗਕਾਂਗ ਤੋਂ ਰੂੜ ਸਿੰਘ ਹੋਰ ਗ਼ਦਰੀਆਂ ਨਾਲ ਤੋਸ਼ਾਮਾਰੂ ਜਹਾਜ਼ ਵਿੱਚ ਸਵਾਰ ਹੋ ਕੇ ਦੇਸ਼ ਲਈ ਚੱਲ ਪਏ। ਤੋਸ਼ਾਮਾਰੂ ਜਹਾਜ਼ 29 ਅਕਤੂਬਰ, 1914 ਨੂੰ ਕਲਕੱਤੇ ਪਹੁੰਚ ਗਿਆ। ਕਲਕੱਤੇ ਪਹੁੰਚਣ 'ਤੇ ਇਨਕਲਾਬੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਤੋਂ ਪੁੱਛ ਗਿੱਛ ਕੀਤੀ ਗਈ। ਜਦ ਬਾਬਾ ਰੂੜ ਸਿੰਘ ਤੋਂ ਪੁੱਛ ਗਿੱਛ ਹੋਈ ਤਾਂ ਉਹਨਾਂ ਪੰਜਾਬੀ ਵਿੱਚ ਸਿੱਧੇ ਸਾਦੇ ਉੱਤਰ ਦਿੱਤੇ। ਉਹਨਾਂ ਦਾ ਪਹਿਰਾਵਾ ਵੀ ਬਹੁਤ ਸਾਦਾ ਸੀ। ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਰਿਹਾਈ ਉਪਰੰਤ ਬਾਬਾ ਜੀ ਟਿਕ ਕੇ ਨਹੀਂ ਬੈਠੇ। ਉਹ ਗ਼ਦਰ ਪਾਰਟੀ ਦੇ ਪ੍ਰਚਾਰ ਵਿੱਚ ਜੁੱਟ ਪਏ। 29 ਅਪ੍ਰੈਲ, 1915 ਨੂੰ ਬਾਬਾ ਅਰੂੜ ਸਿੰਘ ਅਤੇ ਬਾਬਾ ਨਿਧਾਨ ਸਿੰਘ ਚੁੱਘਾ ਨੂੰ ਕਮਾਲਪੁਰ (ਜਗਰਾਉਂ) ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰੀ ਕਰਨ ਉਪਰੰਤ ਦੋਹਾਂ ਗ਼ਦਰੀਆਂ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਿਲ ਕਰ ਲਿਆ ਗਿਆ। ਪਹਿਲਾ ਲਾਹੌਰ ਸਾਜਿਸ਼ ਕੇਸ 26 ਅਪ੍ਰੈਲ, 1915 ਨੂੰ ਸ਼ੁਰੂ ਹੋਇਆ ਅਤੇ ਇਸ ਦਾ ਫੈਸਲਾ 13 ਸਤੰਬਰ, 1915 ਨੂੰ ਸੁਣਾਇਆ ਗਿਆ। ਫੈਸਲੇ ਅਨੁਸਾਰ ਪਹਿਲਾਂ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਬਾਕੀ ਗ਼ਦਰੀਆਂ ਨੂੰ ਉਮਰ ਕੈਦ, ਕਾਲੇਪਾਣੀ,

ਜ਼ਾਇਦਾਦ ਜ਼ਬਤੀ ਅਤੇ ਘੱਟ ਮਿਆਦ ਦੀ ਕੈਦ ਦੀਆਂ ਸਜ਼ਾਵਾਂ ਹੋਈਆਂ। ਬਾਅਦ ਵਿੱਚ 24 ਫਾਂਸੀ ਵਾਲੇ ਇਨਕਲਾਬੀਆਂ ਵਿੱਚੋਂ ਲਾਰਡ ਹਾਰਡਿੰਗ ਨੇ 17 ਗ਼ਦਰੀਆਂ ਦੀ ਫਾਂਸੀ ਤੋੜ ਦਿੱਤੀ ਅਤੇ ਉਹਨਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦੇ ਦਿੱਤੀ ਗਈ। ਇਸ ਸਮੇਂ ਫਾਂਸੀ ਤੋੜਕੇ ਜਿਨ੍ਹਾਂ ਗ਼ਦਰੀਆਂ ਨੂੰ ਉਮਰ ਕੈਦ ਕਾਲੇਪਾਣੀ ਦੀ ਸਜ਼ਾ ਦਿੱਤੀ ਗਈ, ਉਹਨਾਂ ਵਿੱਚ ਬਾਬਾ ਰੂੜ ਸਿੰਘ ਚੂਹੜਚੱਕ ਸ਼ਾਮਲ ਸਨ।

ਫਾਂਸੀ ਦੀ ਸਜ਼ਾ ਟੁੱਟਣ ਦਾ ਬਾਬਾ ਰੂੜ ਸਿੰਘ ਜੀ ਨੂੰ ਬਹੁਤ ਦੁੱਖ ਹੋਇਆ। ਉਹਨਾਂ ਕਈ ਦਿਨ ਰੋਟੀ ਨਾ ਖਾਧੀ। ਜਦ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਕਿਹਾ, "ਸਾਥੀ ਕਰਤਾਰ ਸਿੰਘ ਸਰਾਭਾ ਜਿਹੇ ਛੋਟੀ ਉਮਰ ਦੇ ਨੌਜਵਾਨ ਤਾਂ ਫਾਂਸੀ ਚੜ੍ਹਕੇ ਆਪਣੇ ਸਿਰੋਂ ਦੇਸ਼ ਸੇਵਾ ਦਾ ਕਰਜ਼ ਲਾਹ ਜਾਣਗੇ ਅਤੇ ਮੇਰਾ ਜੀਵਨ ਸਾਰੀ ਉਮਰ ਇਸੇ ਅਫਸੋਸ ਵਿੱਚ ਘੁਲ ਘੁਲ ਕੇ ਬਤੀਤ ਹੋਵੇਗਾ ਕਿ ਮੈਂ ਆਪਣੇ ਸਾਥੀਆਂ ਨਾਲੋਂ ਪਿੱਛੇ ਕਿਵੇਂ ਰਹਿ ਗਿਆ।"[1]

ਗ਼ਦਰੀਆਂ ਨੂੰ ਕਾਲੇਪਾਣੀ ਲਿਜਾਣ ਲਈ ਲਾਹੌਰ ਤੋਂ ਕਲਕੱਤੇ ਰੇਲ ਗੱਡੀ ਰਾਹੀਂ ਸਖ਼ਤ ਪਹਿਰੇ ਹੇਠ ਲਿਜਾਇਆ ਗਿਆ। 18 ਗ਼ਦਰੀਆਂ ਦੀ ਇੱਕ ਟੋਲੀ, ਜਿਸ ਵਿੱਚ ਬਾਬਾ ਰੂੜ ਸਿੰਘ ਵੀ ਸ਼ਾਮਲ ਸਨ 7 ਦਸੰਬਰ, 1915 ਨੂੰ ਐਸ.ਐਸ.ਮਹਾਰਾਜਾ ਸਮੁੰਦਰੀ ਜਹਾਜ਼ ਰਾਹੀਂ ਕਲਕੱਤਾ ਤੋਂ ਚੱਲਕੇ 10 ਦਸੰਬਰ, 1915 ਨੂੰ ਅੰਡੇਮਾਨ ਪਹੁੰਚ ਗਈ। ਜੇਲ੍ਹ ਵਿੱਚ ਗ਼ਦਰੀ ਕੈਦੀਆਂ ਤੋਂ ਬਹੁਤ ਸਖ਼ਤ ਮੁਸ਼ੱਕਤ ਲਈ ਜਾਂਦੀ, ਜਿਸ ਦਾ ਉਹਨਾਂ ਵਿਰੋਧ ਕੀਤਾ। ਗ਼ਦਰੀਆਂ ਅਤੇ ਜੇਲ੍ਹ ਅਧਿਕਾਰੀਆਂ ਦਾ ਆਪਸ ਵਿੱਚ ਇੱਟ-ਖੜੱਕਾ ਚਲਦਾ ਰਹਿੰਦਾ। ਗ਼ਦਰੀਆਂ ਨੇ ਜੇਲ੍ਹ ਵਿੱਚ ਕਈ ਵਾਰ ਭੁੱਖ-ਹੜਤਾਲਾਂ ਕੀਤੀਆਂ। ਭਾਰਤ ਸਰਕਾਰ ਨੇ 1920 ਈ: ਵਿੱਚ ਇੱਕ ਪੜਤਾਲੀਆਂ ਕਮਿਸ਼ਨ ਅੰਡੇਮਾਨ ਭੇਜਿਆ। ਪੜਤਾਲੀਆ ਕਮਿਸ਼ਨ ਦੀ ਰਿਪੋਰਟ 'ਤੇ ਸੈਲੂਲਰ ਜੇਲ੍ਹ ਤੋੜ ਦਿੱਤੀ ਗਈ। ਇਹ ਗ਼ਦਰੀਆਂ ਦੀ ਪ੍ਰਤੱਖ ਜਿੱਤ ਸੀ। ਜੇਲ੍ਹ ਤੋੜਨ ਪਿੱਛੋਂ ਸਿਆਸੀ ਕੈਦੀਆਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਭੇਜਿਆ ਗਿਆ। ਕੁਝ ਸਮਾਂ ਬਾਬਾ ਜੀ ਨੂੰ ਮਦਰਾਸ ਦੀ ਜੇਲ੍ਹ ਵਿੱਚ ਰੱਖਿਆ ਗਿਆ। ਜਨਵਰੀ 1923 ਵਿੱਚ ਬਾਬਾ ਰੂੜ ਸਿੰਘ ਚੂਹੜਚੱਕ, ਕੇਸਰ ਸਿੰਘ ਠੱਠਗੜ੍ਹ, ਪਰਮਾਨੰਦ ਝਾਂਸੀ, ਹਿਰਦੇ ਰਾਮ ਮੰਡੀ, ਬਾਬਾ ਸੋਹਣ ਸਿੰਘ ਭਕਨਾ, ਹਰੀ ਸਿੰਘ ਕੱਕੜ ਆਦਿ 15 ਗ਼ਦਰੀਆਂ ਨੂੰ ਯਾਰਵਾਦਾ (ਪੂਨਾ) ਜੇਲ੍ਹ ਭੇਜ ਦਿੱਤਾ ਗਿਆ।[2] ਜਦੋਂ ਗ਼ਦਰੀ ਯਰਵਾਦਾ ਜੇਲ੍ਹ ਪੁੱਜੇ ਤਾਂ ਜੇਲ੍ਹ ਅਧਿਕਾਰੀਆਂ ਨੇ ਸਿੱਖ ਕੈਦੀਆਂ ਨੂੰ ਪੱਗਾਂ ਦੀ ਥਾਂ ਟੋਪੀਆਂ ਪਹਿਨਣ ਲਈ ਦਿੱਤੀਆਂ ਅਤੇ ਕਛਹਿਰੇ ਜ਼ਬਰਦਸਤੀ ਉਤਾਰਕੇ ਲੰਗੋਟੀਆਂ ਪਹਿਨਣ ਲਈ ਦਿੱਤੀਆਂ। ਗ਼ਦਰੀਆਂ ਨੇ ਇਸ ਦੇ ਵਿਰੁੱਧ ਹੜਤਾਲ ਕਰ ਦਿੱਤੀ। ਇੱਕ ਮਹੀਨਾ ਲੰਬੀ ਹੜਤਾਲ ਚੱਲਣ ਤੋਂ ਬਾਅਦ ਗ਼ਦਰੀਆਂ ਦੀ ਕਛਹਿਰੇ ਅਤੇ ਪੱਗਾਂ ਪਹਿਣਨ ਦੀ ਮੰਗ ਪ੍ਰਵਾਨ ਕਰ ਲਈ ਗਈ। ਕੁਝ ਹੋਰ ਗ਼ਦਰੀਆਂ ਨਾਲ ਬਾਬਾ ਚੂਹੜਚੱਕ ਨੂੰ ਮੀਆਂ ਵਾਲੀ ਜੇਲ੍ਹ ਭੇਜਿਆ ਗਿਆ, ਜਿੱਥੋਂ ਉਹ 7 ਅਕਤੂਬਰ, 1929 ਨੂੰ

1. ਜੀਵਨੀ ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ, ਜਰਨੈਲ ਸਿੰਘ ਮੱਲੇਆਣਾ, ਪੰਨਾ 9
2. ਜੀਵਨੀ ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ, ਜਰਨੈਲ ਸਿੰਘ ਮੱਲੇਆਣਾ, ਪੰਨਾ 42

ਰਿਹਾਅ ਕੀਤੇ ਗਏ।

ਵਧੇਰੇ ਗ਼ਦਰੀ ਬਾਬਿਆਂ ਦੇ ਅੰਡੇਮਾਨ (ਕਾਲੇਪਾਣੀ) ਅਤੇ ਹੋਰ ਜੇਲ੍ਹਾਂ ਵਿੱਚ ਕੈਦਾਂ ਕੱਟਣ ਸਮੇਂ ਫ਼ਰਵਰੀ 1926 ਵਿੱਚ ਅੰਮ੍ਰਿਤਸਰ ਤੋਂ ਕਿਰਤੀ ਦਾ ਪ੍ਰਕਾਸ਼ਨ ਸ਼ੁਰੂ ਹੋ ਗਿਆ ਸੀ। ਅੰਮ੍ਰਿਤਸਰ ਤੋਂ ਮਗਰੋਂ 'ਕਿਰਤੀ', ਮੇਰਠ ਤੋਂ ਬਕਾਇਦਾ ਉਰਦੂ-ਪੰਜਾਬੀ ਵਿੱਚ ਹਫ਼ਤੇਵਾਰੀ ਛਪਦਾ ਰਿਹਾ। ਕਿਰਤੀ ਦੀ ਪ੍ਰਕਾਸ਼ਨਾ ਨਾਲ ਪੰਜਾਬ ਵਿੱਚ ਕਿਰਤੀ ਕਿਸਾਨ ਲਹਿਰ ਉੱਠੀ ਅਤੇ 1928 ਵਿੱਚ ਕਿਰਤੀ ਕਿਸਾਨ ਪਾਰਟੀ ਬਣੀ ਸੀ। ਬਾਬਾ ਰੂੜ ਸਿੰਘ ਕਿਰਤੀ ਪਾਰਟੀ ਦੀ ਪ੍ਰੋਵੈਨਸ਼ੀਅਲ ਕਮੇਟੀ ਦੇ ਮੈਂਬਰ ਸਨ। ਬਾਬਾ ਅਰੂੜ ਸਿੰਘ ਅਤੇ ਨਿਧਾਨ ਸਿੰਘ ਚੁੱਘਾ ਦੇ ਰਿਹਾਅ ਹੋਣ ਤੋਂ ਬਾਅਦ ਜ਼ੀਰਾ ਅਤੇ ਮੋਗਾ ਦੀਆਂ ਤਹਿਸੀਲਾਂ ਕਿਰਤੀ ਪਾਰਟੀ ਦਾ ਗੜ੍ਹ ਬਣ ਗਈਆਂ ਸਨ।[1] ਕਿਰਤੀ ਕਿਸਾਨ ਪਾਰਟੀ ਅਤੇ ਨੌਜਵਾਨ ਸਭਾ ਪੰਜਾਬ ਵੱਲੋਂ ਸ਼ੇਖੂਪੁਰ, ਮੁਲਤਾਨ, ਗੁੱਜਰਾਂਵਾਲਾ, ਲਾਇਲਪੁਰ, ਰੋਹਤਕ, ਜਲੰਧਰ, ਹੁਸ਼ਿਆਰਪੁਰ, ਸਰਗੋਧਾ ਆਦਿ ਵਿੱਚ ਵਿਸ਼ਾਲ ਕਾਨਫਰੰਸਾਂ ਕੀਤੀਆਂ ਗਈਆਂ। ਬਾਬਾ ਰੂੜ ਸਿੰਘ ਨੇ ਦਿਨ-ਰਾਤ ਇੱਕ ਕਰਕੇ ਮਾਲਵਾ ਇਲਾਕੇ ਵਿੱਚ ਕਿਰਤੀ ਪਾਰਟੀ ਨੂੰ ਪੱਕੇ ਪੈਰੀਂ ਕਰਨ ਲਈ ਅਣਥੱਕ ਯਤਨ ਕੀਤੇ।

1935 ਦੇ ਲਖਨਊ ਕਾਂਗਰਸ ਦੇ ਇਜਲਾਸ ਸਮੇਂ ਕਮਿਊਨਿਸਟਾਂ ਨੇ ਕਾਂਗਰਸ 'ਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ ਸੀ। ਲਖਨਊ ਸ਼ੈਸ਼ਨ ਦੇ ਪ੍ਰਧਾਨ ਪੰਡਤ ਜਵਾਹਰ ਲਾਲ ਨਹਿਰੂ ਸਨ। ਬਾਬਾ ਪ੍ਰਿਥਵੀ ਸਿੰਘ ਅਤੇ ਭਗਤ ਸਿੰਘ ਬਿਲਗਾ ਰੂਪੋਸ਼ ਹੋ ਕੇ ਇਸ ਸ਼ੈਸ਼ਨ ਵਿੱਚ ਪਹੁੰਚੇ ਸਨ, ਪਰ ਪੁਲਿਸ ਦੇ ਛਾਪਿਆਂ ਕਾਰਨ ਕਿਸੇ ਵੀ ਮੀਟਿੰਗ ਵਿੱਚ ਹਿੱਸਾ ਨਹੀਂ ਲੈ ਸਕੇ ਸਨ। ਪਰ ਬਾਬਾ ਸੋਹਣ ਸਿੰਘ ਭਕਨਾ, ਕੇਸਰ ਸਿੰਘ, ਸ਼ੇਰ ਸਿੰਘ, ਬੀ.ਪੀ.ਐਲ. ਬੇਦੀ ਅਤੇ ਮੁਬਾਰਕ ਸਾਗਰ ਮੀਟਿੰਗਾਂ ਵਿੱਚ ਸ਼ਾਮਲ ਹੋਏ ਸਨ। ਕਾਂਗਰਸ ਦੇ ਏਸੇ ਸੈਸ਼ਨ ਵਿੱਚ ਆਲ ਇੰਡੀਆ ਕਿਸਾਨ ਸਭਾ ਬਣਾਉਣ ਦਾ ਫੈਸਲਾ ਹੋਇਆ। ਸਵਾਮੀ ਸਹਿਜਾਨੰਦ ਨੂੰ ਆਲ ਇੰਡੀਆ ਕਿਸਾਨ ਸਭਾ ਦਾ ਪ੍ਰਧਾਨ ਚੁਣਿਆ ਗਿਆ।[2]

1936 ਵਿੱਚ ਪੰਜਾਬ ਵਿੱਚ ਕਿਸਾਨ ਸਭਾ ਬਣਾਈ ਗਈ। ਇਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ, ਜਨਰਲ ਸਕੱਤਰ ਬੀ.ਪੀ.ਐਲ. ਬੇਦੀ ਅਤੇ ਸਕੱਤਰ ਕਰਤਾਰ ਸਿੰਘ ਗਿੱਲ ਬਾਸਰਕੇ ਨੂੰ ਬਣਾਇਆ ਗਿਆ। ਲਾਹੌਰ ਦੇ ਚੜ੍ਹਦੇ ਪਾਸੇ ਵੱਲ ਫ਼ਿਰੋਜ਼ਪੁਰ, ਲੁਧਿਆਣਾ ਆਦਿ ਮਾਲਵੇ ਦੇ ਇਲਾਕੇ ਦੀਆਂ ਪੰਜਾਬ ਦੀਆਂ ਹੱਦਾਂ ਤੱਕ ਦੀ ਜ਼ਿੰਮੇਵਾਰੀ ਬਾਬਾ ਰੂੜ ਸਿੰਘ ਚੂਹੜਚੱਕ ਨੂੰ ਦਿੱਤੀ ਗਈ ਅਤੇ ਦੁਆਬੇ ਵਿੱਚ ਕਰਮ ਸਿੰਘ ਚੀਮਾ ਤੇ ਬਾਬਾ ਬੂਝਾ ਸਿੰਘ ਨੂੰ ਤੋਰਿਆ ਗਿਆ।[3] ਚੜ੍ਹਦੇ ਵੱਲ ਬਾਬਾ ਰੂੜ ਸਿੰਘ ਚੂਹੜਚੱਕ ਦੀ ਅਗਵਾਈ ਵਿੱਚ ਮਾਸਕੋ ਤੋਂ ਪਰਤੇ ਬਚਨ ਸਿੰਘ ਤਖਾਣਵੱਧ, ਕੇਹਰ ਸਿੰਘ ਮਾਹਲਾ, ਬਚਨ ਸਿੰਘ ਤੇ ਰਤਨ ਸਿੰਘ ਘੋਲੀਆ ਅਤੇ

---

1. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਭਗਤ ਸਿੰਘ ਬਿਲਗਾ, ਪੰਨਾ 295.
2. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਭਗਤ ਸਿੰਘ ਬਿਲਗਾ, ਪੰਨਾ 233
3. ਜੀਵਨੀ ਗ਼ਦਰੀ ਬਾਬਾ ਰੂੜ ਸਿੰਘ ਚੂਹੜਚੱਕ, ਜਰਨੈਲ ਸਿੰਘ ਮੱਲੇਆਣਾ, ਪੰਨਾ 49.

ਉਜਾਗਰ ਸਿੰਘ ਬੁੱਧ ਸਿੰਘ ਵਾਲਾ ਦੀ ਕੋਸ਼ਿਸ਼ ਨਾਲ ਸਾਰੇ ਮਾਲਵੇ ਵਿੱਚ ਕਿਸਾਨ ਸਭਾ ਦਾ ਬੋਲ-ਬਾਲਾ ਹੋ ਗਿਆ ਸੀ।[1] ਇਸੇ ਕਰਕੇ ਬਾਬਾ ਬਿਲਗਾ ਸਿੰਘ ਨੇ ਲਿਖਿਆ ਸੀ, "ਜੇਕਰ ਬਾਬਾ ਜਵਾਲਾ ਸਿੰਘ ਨੂੰ ਪੰਜਾਬ ਦੀ ਕਿਰਤੀ ਕਿਸਾਨ ਲਹਿਰ ਦਾ ਜਰਨੈਲ ਕਿਹਾ ਜਾਵੇ ਤਾਂ ਬਾਬਾ ਅਰੂੜ ਸਿੰਘ ਪੂਰਬੀ ਪੰਜਾਬ ਦੀ ਕਿਰਤੀ ਕਿਸਾਨ ਲਹਿਰ ਦਾ ਜਰਨੈਲ ਸੀ।[2]

1935 ਦੇ ਐਕਟ ਅਨੁਸਾਰ ਅੰਗਰੇਜ਼ਾਂ ਨੇ ਸੂਬਾਈ ਖ਼ੁਦਮੁਖਤਿਆਰੀ ਤਹਿਤ 1936-1937 ਵਿੱਚ ਭਾਰਤ ਦੀਆਂ ਅਸੈਂਬਲੀਆਂ ਦੀਆਂ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ। ਇਸੇ ਤਹਿਤ ਪੰਜਾਬ ਦੀ ਅਸੈਂਬਲੀ ਲਈ 175 ਉਮੀਦਵਾਰਾਂ ਦੀ ਚੋਣ ਕਰਨ ਲਈ ਚੋਣਾਂ ਹੋਈਆਂ। ਗ਼ਦਰੀ ਬਾਬਿਆਂ ਨੇ ਦੇਸ਼ ਭਗਤ ਬੋਰਡ ਬਣਾਕੇ ਇਹਨਾਂ ਚੋਣਾਂ ਵਿੱਚ ਸ਼ਿਰਕਤ ਕੀਤੀ। ਪੰਜਾਬ ਦੇਸ਼ ਭਗਤ ਬੋਰਡ ਦੀ ਹਮਾਇਤ ਨਾਲ ਬਾਬਾ ਰੂੜ ਸਿੰਘ ਚੂਹੜਚੱਕ ਫਿਰੋਜ਼ਪੁਰ ਪੂਰਬੀ ਹਲਕੇ ਤੋਂ ਬਿਨਾਂ ਮੁਕਾਬਲਾ ਚੁਣੇ ਗਏ। ਇਹਨਾਂ ਚੋਣਾਂ ਪਿੱਛੋਂ ਪੰਜਾਬ ਵਿੱਚ ਯੂਨੀਅਨਨਿਸਟ ਪਾਰਟੀ ਦੀ ਸਰਕਾਰ ਬਣੀ ਅਤੇ ਸ੍ਰੀ ਸਿਕੰਦਰ ਹਿਯਾਤ ਖਾਂ ਪੰਜਾਬ ਦੇ ਮੁੱਖ ਮੰਤਰੀ ਬਣੇ। ਬਾਬਾ ਰੂੜ ਸਿੰਘ ਅਸੈਂਬਲੀ ਵਿੱਚ ਸ਼ੇਰ ਦੀ ਤਰ੍ਹਾਂ ਦਹਾੜਦੇ ਸਨ। ਉਹ ਅਸੈਂਬਲੀ ਵਿੱਚ ਜਾ ਕੇ ਕਿਸਾਨ ਦੇ ਹੱਕਾਂ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਰਹੇ। 1938 ਵਿੱਚ ਬਾਘਾਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਵਿੱਚ ਫ਼ਸਲਾਂ ਗੜ੍ਹਿਆਂ ਨਾਲ ਤਬਾਹ ਹੋ ਗਈਆਂ। ਉਹਨਾਂ ਅਸੈਂਬਲੀ ਵਿੱਚ ਕਿਸਾਨਾਂ ਦੀ ਹਾਲਤ ਬਾਰੇ ਦਰਦ ਭਰੀਆਂ ਤਕਰੀਰਾਂ ਕੀਤੀਆਂ ਅਤੇ ਫ਼ਸਲਾਂ ਦੇ ਨਮੂਨੇ ਲਿਜਾਕੇ ਅਸੈਂਬਲੀ ਵਿੱਚ ਪੇਸ਼ ਕਰ ਦਿੱਤੇ। ਇਸ ਕਰਕੇ ਸਰਕਾਰ ਨੂੰ ਕਿਸਾਨਾਂ ਨੂੰ ਮਾਲੀਏ ਵਿੱਚ ਛੋਟ ਦੇਣੀ ਪਈ। ਇਸ ਤੋਂ ਇਲਾਵਾ ਉਹਨਾਂ ਕਿਸਾਨਾਂ ਦੀ ਖੇਤੀ ਲਈ ਕੋਕਰੀ ਰਜਬਾਹਾ ਕਢਵਾਉਣ ਲਈ ਸਰਕਾਰ ਨੂੰ ਪ੍ਰੇਰਨਾ ਦਿੱਤੀ, ਜਿਸ ਵਿੱਚ ਉਹ ਸਫ਼ਲ ਹੋਏ। ਬਾਬਾ ਰੂੜ ਸਿੰਘ ਜੀ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ ਵਿੱਚੋਂ ਤਾਜ਼ੀਰੀ ਚੌਕੀਆਂ ਉਠਾਏ ਜਾਣ ਲਈ ਅਸੈਂਬਲੀ ਅੰਦਰ ਜ਼ੋਰਦਾਰ ਆਵਾਜ਼ ਉਠਾਈ।

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀ 2 ਜੂਨ, 1938 ਨੂੰ ਪ੍ਰਸਿੱਧ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿੱਚ ਗ਼ਦਰੀ ਦੇਸ਼ ਭਗਤਾਂ, ਹੋਰ ਇਨਕਲਾਬੀ ਸ਼ਹੀਦਾਂ ਦੀ ਯਾਦਗਾਰ ਉਸਾਰਨ ਵਾਸਤੇ ਬੋਰਡ ਦੀ ਚੋਣ ਕੀਤੀ ਗਈ। ਜਿਸ ਦੇ ਮੈਂਬਰ ਸਨ: ਬਾਬਾ ਭਗਤ ਸਿੰਘ ਬਿਲਗਾ, ਬਾਬਾ ਸੰਤਾ ਸਿੰਘ ਗੰਡੀਵਿੰਡ, ਬਾਬਾ ਭਾਗ ਸਿੰਘ ਕੈਨੇਡੀਅਨ, ਬਾਬਾ ਕਰਮ ਸਿੰਘ ਚੀਮਾ, ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਰੂੜ ਸਿੰਘ ਐਮ.ਐਲ.ਏ. ਬਾਬਾ ਭਗਵਾਨ ਸਿੰਘ ਦੁਸਾਂਝ ਅਤੇ ਬਾਬਾ ਸੋਹਣ ਸਿੰਘ ਭਕਨਾ। ਇਸ ਕਮੇਟੀ ਵਲੋਂ ਜਲੰਧਰ ਵਿਖੇ ਸ਼ਾਨਦਾਰ ਦੇਸ਼ ਭਗਤ ਯਾਦਗਾਰ ਹਾਲ ਕੰਮਪਲੈਕਸ ਉਸਾਰਿਆ

---

1. ਗ਼ਦਰ ਪਾਰਟੀ ਦਾ ਲੋਹ ਪੁਰਸ਼ ਬਾਬਾ ਭਗਤ ਸਿੰਘ ਬਿਲਗਾ, ਡਾ. ਜਸਬੀਰ ਕੌਰ ਗਿੱਲ, ਪੰਨਾ 10
2. ਗ਼ਦਰ ਲਹਿਰ ਦੇ ਅਣਫੋਲੇ ਵਰਕੇ, ਭਗਤ ਸਿੰਘ ਬਿਲਗਾ, ਪੰਨਾ 296

ਗਿਆ। 1938 ਵਿੱਚ ਬਾਬਾ ਰੂੜ ਸਿੰਘ ਚੂਹੜਚੱਕ, ਬਚਨ ਸਿੰਘ ਘੋਲੀਆ ਅਤੇ ਬਿਸ਼ਨ ਸਿੰਘ ਮੈਂਬਰਾਂ ਦੇ ਆਧਾਰਤ ਡੈਲੀਗੇਟ ਵਿੱਚ ਤ੍ਰਿਪੁਰਾ ਵਿਖੇ ਕਾਂਗਰਸ ਦੇ ਇਜਲਾਸ ਵਿੱਚ ਸ਼ਾਮਲ ਹੋਏ, ਜਿਸ ਦੀ ਪ੍ਰਧਾਨਗੀ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕੀਤੀ ਸੀ। 1940 ਵਿੱਚ ਚੱਕ 28 ਸਰਗੋਧਾ ਵਿਖੇ ਪੰਜਾਬ ਕਿਸਾਨ ਸਭਾ ਦਾ ਸਲਾਨਾ ਸਮਾਗਮ ਹੋਇਆ, ਜਿਸ ਵਿੱਚ ਬਾਬਾ ਰੂੜ ਸਿੰਘ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਚੁਣੇ ਗਏ।[1]

26 ਜੂਨ, 1940 ਨੂੰ ਪੰਜਾਬ ਦੀ ਸਿਕੰਦਰ ਹਯਾਤ ਖਾਂ ਵਜਾਰਤ ਨੇ 94 ਇਨਕਲਾਬੀ ਗ੍ਰਿਫ਼ਤਾਰ ਕਰ ਲਏ ਸਨ, ਜਿਨਾਂ ਵਿੱਚ 53 ਕਿਰਤੀ ਪਾਰਟੀ ਦੇ 16 ਸੋਸ਼ਲਿਸਟ, 19 ਕਮਿਊਨਿਸਟ ਅਤੇ 6 ਹੋਰ ਸ਼ਾਮਲ ਸਨ। ਗ੍ਰਿਫ਼ਤਾਰ ਹੋਣ ਵਾਲਿਆਂ ਵਿੱਚ ਰੂੜ ਸਿੰਘ ਵੀ ਸ਼ਾਮਲ ਸਨ। ਉਹਨਾਂ ਨੂੰ ਹੋਰ ਰਾਜਨੀਤਿਕ ਕੈਦੀਆਂ ਨਾਲ ਗ੍ਰਿਫ਼ਤਾਰ ਕਰਕੇ ਬਿਨਾਂ ਮੁਕਦੱਮਾਂ ਚਲਾਏ, ਮੁਜੱਫਰ ਨਗਰ ਦੀ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਬਾਬਾ ਰੂੜ ਸਿੰਘ ਐਮ.ਐਲ.ਏ. ਸਮੇਤ ਪੰਜ ਅਸੈਂਬਲੀ ਮੈਬਰਾਂ ਨੂੰ ਦੂਜਿਆਂ ਨਾਲੋਂ ਵਧੇਰੇ ਸਹੂਲਤਾਂ ਜੇਲ੍ਹ ਦੇ ਅਮਲੇ ਵੱਲੋਂ ਦਿੱਤੀਆਂ ਜਾਂਦੀਆਂ ਸਨ। ਪੰਜ ਐਮ.ਐਲ.ਏ.ਸਾਹਿਬਾਨ ਨੇ ਫੈਸਲਾ ਕੀਤਾ ਕਿ ਜੋ ਸਹੂਲਤਾਂ ਉਹਨਾਂ ਨੂੰ ਪ੍ਰਾਪਤ ਸਨ, ਉਹਨਾਂ ਤੋਂ ਮਿਲਕੇ ਜੇਲ੍ਹ ਵਿੱਚ ਸਭ ਨਜ਼ਰਬੰਦ ਕੈਦੀਆਂ ਵੱਲੋਂ ਲਾਭ ਪ੍ਰਾਪਤ ਕੀਤਾ ਜਾਵੇ। ਲਗਭਗ ਦੋ ਹਫਤੇ ਬਾਅਦ ਡੀ.ਆਈ.ਜੀ. ਜੇਲ੍ਹਾਂ ਅਤੇ ਕਮਿਸ਼ਨਰ ਸਾਹਿਬ ਦੇ ਦੌਰਿਆਂ ਉਪਰੰਤ ਜੇਲ੍ਹ ਪ੍ਰਬੰਧ ਵਿੱਚ ਕੁਝ ਸੁਧਾਰ ਹੋਇਆ। ਅਕਤੂਬਰ 1940 ਵਿੱਚ ਰੂੜ ਸਿੰਘ ਨੂੰ ਕੁਝ ਸਾਥੀਆਂ ਸਮੇਤ ਦਿਉਲੀ ਕੈਂਪ (ਰਾਜਸਥਾਨ) ਦੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਕੁਝ ਸਮੇਂ ਵਿੱਚ ਦਿਉਲੀ ਕੈਂਪ ਵਿੱਚ ਕੇਵਲ ਬੰਗਾਲ ਛੱਡਕੇ ਸਾਰੇ ਹਿੰਦੋਸਤਾਨ ਦੇ ਇਨਕਲਾਬੀ ਲਿਆਕੇ ਇਕੱਠੇ ਕਰ ਦਿੱਤੇ ਗਏ। ਦਿਉਲੀ ਕੈਂਪ ਦੇ ਨਜ਼ਰਬੰਦਾਂ ਨੇ ਅਕਤੂਬਰ-ਨਵੰਬਰ 1941 ਵਿੱਚ ਸਭ ਰਾਜਸੀ ਨਜ਼ਰਬੰਦਾਂ ਨੂੰ ਇੱਕ ਸ਼੍ਰੇਣੀ ਵਿੱਚ ਰੱਖਣ ਲਈ ਭੁੱਖ ਹੜਤਾਲ ਕਰ ਦਿੱਤੀ। ਕਮਿਊਨਿਸਟਾਂ ਨੇ ਭੁੱਖ-ਹੜਤਾਲ 23 ਅਕਤੂਬਰ, 1941 ਨੂੰ ਸ਼ੁਰੂ ਕੀਤੀ, ਜਦ ਕਿ ਸੋਸ਼ਲਿਸਟ ਪਾਰਟੀ ਨੇ ਇੱਕ ਦਿਨ ਪਹਿਲਾਂ 22 ਅਕਤੂਬਰ, 1941 ਨੂੰ। ਇਸ ਦੇ ਉਪਰੰਤ ਜੋ ਆਜ਼ਾਦ ਮੈਂਬਰ ਭੁੱਖ ਹੜਤਾਲ ਵਿੱਚ ਸ਼ਾਮਲ ਸਨ, ਉਹ ਸੋਸ਼ਲਿਸਟ ਪਾਰਟੀ ਦੇ ਨਾਲ ਸਨ। ਕਮਿਊਨਿਸਟ ਪਾਰਟੀ ਦੇ ਸਾਰੇ ਸਾਥੀਆਂ ਨੇ 7 ਨਵੰਬਰ, 1941 ਨੂੰ ਭੁੱਖ ਹੜਤਾਲ ਬਿਨਾਂ ਕਿਸੇ ਸ਼ਰਤ ਦੇ ਛੱਡ ਦਿੱਤੀ।[2]

ਸੋਸ਼ਲਿਸਟ ਪਾਰਟੀ ਅਤੇ ਹੋਰ ਆਜ਼ਾਦ ਸਾਥੀ ਭੁੱਖ ਹੜਤਾਲ 'ਤੇ ਡਟੇ ਰਹੇ, ਜਦੋਂ ਤੱਕ ਹਿੰਦ ਸਰਕਾਰ ਦੇ ਹੋਮ ਮੈਂਬਰ ਮਿਸਟਰ ਮੈਕਸਵਲ ਅਤੇ ਪੰਜਾਬ ਸਰਕਾਰ ਨੇ ਮੰਗਾਂ ਨਾ ਮੰਨ ਲਈਆਂ।[3] ਕਮਿਊਨਿਸਟ ਪਾਰਟੀ ਦੇ 184 ਨਜ਼ਰਬੰਦ ਬਿਨਾਂ ਸ਼ਰਤ

---

1. ਇੱਕ ਇਨਕਲਾਬੀ ਜੀਵਨ ਬਾਬਾ ਰੂੜ ਸਿੰਘ ਜੀ ਚੂਹੜਚੱਕ, ਟਰੱਸਟ ਬਾਬਾ ਰੂੜ ਸਿੰਘ ਯਾਦਗਾਰ, ਚੂਹੜਚੱਕ, ਪੰਨਾ 6
2. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 273
3. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 274.

ਭੁੱਖ ਹੜਤਾਲ ਛੱਡ ਚੁੱਕੇ ਸਨ, ਪਰ 46 ਨਜ਼ਰਬੰਦ ਭੁੱਖ ਹੜਤਾਲੀਆਂ ਦੀ ਭੁੱਖ ਹੜਤਾਲ ਖੁਲ੍ਹਵਾਉਣ ਲਈ 22 ਨਵੰਬਰ, 1941 ਨੂੰ ਸਰਦਾਰ ਮੰਗਲ ਸਿੰਘ ਮੈਂਬਰ ਪਾਰਲੀਮੈਂਟ ਅਤੇ ਜਨਰਲ ਸਕੱਤਰ "ਆਲ ਇੰਡੀਆ ਅਜਮਨੇ ਇਮਦਾਦੇ ਨਜ਼ਰਬੰਦਾਂ" ਹੋਮ ਮੈਂਬਰੀ ਕੇਂਦਰੀ ਸਰਕਾਰ ਦਾ ਮੰਗਾਂ ਮੰਨ ਲੈਣ ਦਾ ਸੁਨੇਹਾ ਲੈ ਕੇ ਦਿਉਲੀ ਪੁੱਜੇ ਅਤੇ ਭੁੱਖ ਹੜਤਾਲੀ ਨਜ਼ਰਬੰਦਾਂ ਦੀ ਮੀਟਿੰਗ ਵਿੱਚ ਘੋਸ਼ਣਾ ਕੀਤੀ।[1]

ਗ਼ਦਰੀ ਬਾਬਾ ਹਰਜਾਪ ਸਿੰਘ ਜੀ ਲਿਖਦੇ ਹਨ ਕਿ, "ਪੰਜਾਬੀ ਨਜ਼ਰਬੰਦਾਂ ਨੂੰ ਪੰਜਾਬ ਭੇਜਣ ਲਈ ਤਿੰਨ ਟੋਲੀਆਂ ਵਿੱਚ ਵੰਡ ਦਿੱਤਾ ਗਿਆ। ਪਹਿਲੀ ਟੋਲੀ 17 ਜਨਵਰੀ, 1942 ਨੂੰ ਦਿਉਲੀ ਤੋਂ ਚੱਲੀ, ਦੂਸਰੀ 19 ਜਨਵਰੀ ਨੂੰ ਅਤੇ ਤੀਸਰੀ 21 ਜਨਵਰੀ ਨੂੰ।[2] ਸਰਕਾਰ ਨੇ ਇਹਨਾਂ ਨਜ਼ਰਬੰਦਾਂ ਨੂੰ ਪੰਜਾਬ ਦੀ ਗੁਜਰਾਤ ਸਪੈਸ਼ਲ ਜੇਲ੍ਹ ਵਿੱਚ ਭੇਜ ਦਿੱਤਾ। ਗੁਜਰਾਤ ਜੇਲ੍ਹ ਤੋਂ ਪਹਿਲੀ ਰਿਹਾਈ ਇੱਕ ਅਪ੍ਰੈਲ, 1942 ਨੂੰ ਬੀ.ਪੀ.ਐਲ. ਬੇਦੀ ਸਾਹਿਬ ਦੀ ਹੋਈ। ਦੂਸਰੀ ਰਿਹਾਈ ਕਮਿਊਨਿਸਟ ਆਗੂ ਸੋਹਣ ਸਿੰਘ ਜੋਸ਼ ਐਮ.ਐਲ.ਏ., ਕਰਮ ਸਿੰਘ ਮਾਨ ਬਾਰ ਐੱਟ ਲਾਅ, ਫਿਰੋਜ਼ ਅਲਦੀਨ ਮਨਸੂਰ ਅਤੇ ਕਾਮਰੇਡ ਫ਼ਜ਼ਲ ਇਲਾਹੀ ਕੁਰਬਾਨ 22 ਜੂਨ, 1942 ਨੂੰ ਰਿਹਾਅ ਹੋ ਕੇ ਜ਼ੇਲ੍ਹੋਂ ਬਾਹਰ ਆ ਗਏ।[3] ਕੁਝ ਸਮਾਂ ਪਛੜਕੇ ਬਾਬਾ ਰੂੜ ਸਿੰਘ ਜੀ ਦੀ ਰਿਹਾਈ ਵੀ ਹੋ ਗਈ।

ਰਿਹਾਈ ਉਪਰੰਤ ਬਾਬਾ ਜੀ ਆਪਣੇ ਸਾਥੀਆਂ ਨਾਲ ਰਲਕੇ ਕਿਰਤੀ ਕਿਸਾਨਾਂ ਦੇ ਹੱਕਾਂ ਲਈ ਫਿਰ ਤੋਂ ਸਰਗਰਮ ਹੋ ਗਏ। 1947 ਦੀ ਹੋਈ ਦੇਸ਼ ਵੰਡ ਸਮੇਂ ਬਾਬਾ ਜੀ ਨੇ ਬਿਰਧ ਅਵਸਥਾ ਦੇ ਬਾਵਜੂਦ ਆਪਣੇ ਪਿੰਡ ਦੇ ਮੁਸਲਮਾਨ ਭਰਾਵਾਂ ਨੂੰ ਸੁਰੱਖਿਅਤ ਸਿੱਧਵਾਂ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚਾਉਣ ਵਿੱਚ ਅਹਿਮ ਰੋਲ ਨਿਭਾਇਆ। ਆਜ਼ਾਦ ਭਾਰਤ ਵਿੱਚ 1948 ਵਿੱਚ ਕਾਂਗਰਸ ਹਕੂਮਤ ਨੇ ਕਮਿਊਨਿਸਟ ਪਾਰਟੀ ਨੂੰ ਗੈਰ-ਕਾਨੂੰਨੀ ਕਰਾਰ ਦੇ ਕੇ ਨੇਤਾਵਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ। ਇਸ ਸਮੇਂ ਬਾਬਾ ਜੀ ਰੂਪੋਸ਼ ਹੋ ਗਏ। ਰੂਪੋਸ਼ ਰਹਿੰਦਿਆਂ ਹੀ 1949 ਵਿੱਚ ਉਹਨਾਂ ਨੂੰ ਕਿਸੇ ਫਰਜ਼ੀ ਨਾਂ ਹੇਠ ਦਿੱਲੀ ਦੇ ਇੱਕ ਹਸਪਤਾਲ ਵਿੱਚ ਇਲਾਜ ਲਈ ਭਰਤੀ ਕਰਵਾਇਆ ਗਿਆ। ਇਸ ਸਮੇਂ ਦਿੱਲੀ ਦੇ ਹੀ ਹਸਪਤਾਲ ਵਿੱਚ ਉਹ 15 ਫਰਵਰੀ, 1950 ਨੂੰ ਅਕਾਲ ਚਲਾਣਾ ਕਰ ਗਏ। ਬਾਬਾ ਜੀ ਦੀ ਅੰਤਿਮ ਇੱਛਾ ਅਨੁਸਾਰ ਉਹਨਾਂ ਨੂੰ ਅੰਤਮ ਸੰਸਕਾਰ ਕਹਾਣੀਕਾਰ ਅਜੀਤ ਸਿੰਘ ਪੱਤੋ ਨੇ ਬੜੇ ਹੀ ਗੁਪਤ ਅਤੇ ਜੋਖ਼ਮ ਭਰੇ ਤਰੀਕੇ ਨਾਲ ਬਾਬਾ ਜੀ ਦੀ ਦੇਹ ਨੂੰ ਚੂਹੜਚੱਕ ਲਿਜਾਕੇ ਕੀਤਾ। ਪਿੰਡ ਚੂਹੜਚੱਕ ਵਿਖੇ ਬਾਬਾ ਜੀ ਦੀ ਬਰਸੀ ਹਰ ਸਾਲ ਮਨਾਈ ਜਾਂਦੀ ਹੈ।

---

1. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 279

ਨੋਟ: ਮੰਗਾਂ ਦੀ ਪੂਰਤੀ ਹੋਣ ਤੱਕ ਭੁੱਖ ਹੜਤਾਲ ਕਰਨ ਵਾਲੇ ਸਾਥੀਆਂ ਦੀ ਸੂਚੀ, ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ ਦੇ ਪੰਨਾ 281 'ਤੇ ਗ਼ਦਰੀ ਬਾਬਾ ਹਰਜਾਪ ਸਿੰਘ ਜੀ ਨੇ ਦਿੱਤੀ ਹੋਈ ਹੈ।

2. ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ, ਗ਼ਦਰੀ ਬਾਬਾ ਹਰਜਾਪ ਸਿੰਘ, ਪੰਨਾ 282

3. ਉਹੀ ਪੰਨਾ 282

# ਬਾਬਾ ਵਿਸਾਖਾ ਸਿੰਘ ਦਦੇਹਰ

ਪਿੰਡ ਦਦੇਹਰ ਸਾਹਿਬ ਨੂੰ ਮਾਣ ਹਾਸਲ ਹੈ ਕਿ ਇਸ ਨਗਰ ਦੇ ਬਹੁਤ ਸਾਰੇ ਜੰਮਪਲ ਦੇਸ਼ ਅਤੇ ਕੌਮ ਦੀ ਸੇਵਾ ਵਿੱਚ ਮੈਦਾਨ ਵਿੱਚ ਨਿੱਤਰੇ। ਗ਼ਦਰ ਲਹਿਰ ਦੇ ਦੌਰਾਨ ਵੀ ਇੱਥੋਂ ਦੇ ਅਣਗਿਣਤ ਸੂਰਬੀਰਾਂ ਨੇ ਕੁਰਬਾਨੀਆਂ ਦਿੱਤੀਆਂ। ਇਸ ਪਿੰਡ ਦੇ ਜੰਮਪਲ ਵਿਸਾਖਾ ਸਿੰਘ ਨਾਂ ਦੇ ਦੋ ਸੂਰਬੀਰਾਂ ਦਾ ਜ਼ਿਕਰ ਗ਼ਦਰ ਲਹਿਰ ਦੇ ਨਾਲ ਸਬੰਧਿਤ ਸਾਹਿਤ ਵਿੱਚ ਅਕਸਰ ਆਉਂਦਾ ਹੈ। ਇੱਕੋ ਪਿੰਡ ਇੱਕੋ ਨਾਮ ਹੋਣ ਕਰਕੇ ਇਹ ਆਪਸ ਵਿੱਚ ਰਲਗੱਡ ਹੋ ਜਾਂਦੇ ਹਨ। ਸੰਤ ਬਾਬਾ ਵਿਸਾਖਾ ਸਿੰਘ ਦਾ ਜਨਮ ਸ. ਦਿਆਲ ਸਿੰਘ ਦੇ ਘਰ ਪੱਤੀ ਸੂਰੇ ਕੀ, ਪਿੰਡ ਦਦੇਹਰ ਵਿੱਚ ਮਾਤਾ ਇੰਦ ਕੌਰ ਦੀ ਕੁੱਖੋਂ ਹੋਇਆ। ਦੂਸਰੇ ਭਾਈ (ਬਾਬਾ) ਵਿਸਾਖਾ ਸਿੰਘ ਸ. ਈਸ਼ਰ ਸਿੰਘ ਦੇ ਸਪੁੱਤਰ ਸਨ। ਉਹਨਾਂ ਦਾ ਜਨਮ ਦਦੇਹਰ ਨਗਰ ਦੀ ਪੱਤੀ ਮੱਦੂਕੀ ਵਿਖੇ ਹੋਇਆ। ਉਹਨਾਂ ਦੇ ਪੁੱਤਰ ਮੇਜਰ ਸਿੰਘ ਦੀ ਔਲਾਦ ਨੇਕ ਸਿੰਘ, ਲੇਖਾ ਸਿੰਘ ਅਤੇ ਪਾਲ ਸਿੰਘ ਵਰਤਮਾਨ ਸਮੇਂ ਪਿੰਡ ਵਿੱਚ ਰਹਿ ਰਹੇ ਹਨ।

ਸੰਤ ਬਾਬਾ ਵਿਸਾਖਾ ਸਿੰਘ ਜੀ ਦੀ ਯਾਦ ਵਿੱਚ ਪਿੰਡ ਵਿੱਚ ਦੋ ਗੁਰਦੁਆਰੇ ਸੁਸ਼ੋਭਿਤ ਹਨ। ਗੁਰਦੁਆਰਾ ਜਨਮ ਸਥਾਨ ਬਾਬਾ ਵਿਸਾਖਾ ਸਿੰਘ, ਬਾਬਾ ਜੀ ਦੇ ਪੁਰਾਣੇ ਘਰ ਵਾਲੀ ਜਗ੍ਹਾ ’ਤੇ ਬਣਿਆ ਹੋਇਆ। ਬਾਬਾ ਜੀ ਦੀ ਘਰ ਵਾਲੀ ਜਗ੍ਹਾ ਪੰਜ ਕੁ ਮਰਲੇ ਹੀ ਸੀ। ਕਾਲੇਪਾਣੀਆਂ ਤੋਂ ਵਾਪਸੀ ਪਿੱਛੋਂ ਬਾਬਾ ਜੀ ਪਿੰਡ ਦੇ ਬਾਹਰ ਵਾਰ ਇੱਕ ਕੁਟੀਆ ਬਣਾ ਕੇ ਰਹਿਣ ਲੱਗ ਪਏ ਸਨ ਅਤੇ ਉਹਨਾਂ ਦਾ ਜੱਦੀ ਘਰ ਢਹਿ-ਢੇਰੀ ਹੋ ਰਿਹਾ ਸੀ। ਬਾਬਾ ਜੀ ਦੀ ਦਿੱਲੀ ਤਾਂਘ ਸੀ ਕਿ ਪਿੰਡ ਦੇ ਦਰਮਿਆਨ ਗੁਰਦੁਆਰੇ ਦਾ ਨਿਰਮਾਣ ਕੀਤਾ ਜਾਵੇ। ਇਸ ਮਕਸਦ ਦੀ ਪੂਰਤੀ ਲਈ ਉਹਨਾਂ ਇਸ ਸਥਾਨ ’ਤੇ ਇੱਕ ਕੁਟੀਆ ਬਣਾਕੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਦਿੱਤਾ ਅਤੇ ਇੱਕ ਗ੍ਰੰਥੀ ਪੱਕੇ ਤੌਰ ’ਤੇ ਨਿਯੁਕਤ ਕਰ ਦਿੱਤਾ। ਬਾਬਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਸਥਾਨ ਦਾ ਵਿਸਥਾਰ ਹੋਣਾ ਸ਼ੁਰੂ ਹੋਇਆ। ਪਿੰਡ ਵਾਲਿਆਂ ਨੇ ਕਮੇਟੀ ਬਣਾਕੇ 1967 ਵਿੱਚ ਗੁਰਦੁਆਰੇ ਦੀ ਵਿਸ਼ਾਲ ਇਮਾਰਤ ਬਣਾਉਣ ਲਈ ਉਸਾਰੀ ਆਰੰਭ ਦਿੱਤੀ। ਆਸ ਪਾਸ ਦੀ ਕੁਝ ਜਗ੍ਹਾ ਦਾਨ ਵਿੱਚ ਪ੍ਰਾਪਤ ਕੀਤੀ ਗਈ ਅਤੇ ਕੁਝ ਜਗ੍ਹਾ ਖਰੀਦੀ ਗਈ। ਦਰਸ਼ਨੀ ਡਿਊੜੀ ਤੇ ਆਸ ਪਾਸ ਦੀ ਤਕਰੀਬਨ ਇੱਕ ਕਨਾਲ ਜਗ੍ਹਾ ਸ਼ਾਹ ਭਾਈ ਭਾਨ ਸਿੰਘ ਜੀ ਅਤੇ ਉਸਦੇ ਪਰਿਵਾਰ ਨੇ ਪਹਿਲੀ ਵਿਸਾਖ, 2039 ਬਿਕਰਮੀ ਮੁਤਾਬਕ ਈਸਵੀ ਸੰਨ 1982 ਨੂੰ ਇਸ ਗੁਰਦੁਆਰੇ (ਗੁਰਦੁਆਰਾ ਮਹਾਂਪੁਰਖਾਂ) ਨੂੰ ਦਾਨ ਦਿੱਤੀ। ਹੁਣ ਬਾਬਾ ਜੀ ਦੇ ਜਨਮ ਅਸਥਾਨ ਵਾਲੇ ਸਥਾਨ ’ਤੇ ਗੁਰਦੁਆਰੇ ਦੀ ਸ਼ਾਨਦਾਰ ਇਮਾਰਤ ਬਣੀ ਹੋਈ ਹੈ। ਗੁਰਦੁਆਰੇ ਵਿੱਚ ਬਾਬਾ ਜੀ ਦਾ ਸੰਖੇਪ ਜੀਵਨ ਉਕਰਿਆ ਹੋਇਆ ਹੈ ਅਤੇ ਬਾਬਾ ਜੀ ਦੀ ਤਸਵੀਰ ਲੱਗੀ ਹੋਈ ਹੈ। ਗੁਰਦੁਆਰੇ ਦੇ ਮੌਜੂਦਾ ਸਮੇਂ (19-4-2013) ਨੂੰ ਮੁੱਖ ਪ੍ਰਬੰਧਕ ਬਾਬਾ ਸੰਤਾ ਸਿੰਘ ਜੀ ਹਨ।

ਨਗਰ ਵਿੱਚ ਬਾਬਾ ਜੀ ਦੀ ਦੂਸਰੀ ਯਾਦਗਾਰ 'ਪਾਵਨ ਤਪ ਅਸਥਾਨ ਸੰਤ ਬਾਬਾ ਵਿਸਾਖਾ ਸਿੰਘ ਜੀ ਮਹਾਰਾਜ' ਹੈ। ਕਾਲੇਪਾਣੀਆਂ ਤੋਂ ਵਾਪਸ ਆ ਕੇ ਬਾਬਾ ਜੀ ਨੇ ਆਪਣੇ ਰਹਿਣ ਲਈ ਇੱਥੇ ਪਿੰਡ ਦੇ ਬਾਹਰਵਾਰ ਇੱਕ ਕੁਟੀਆ ਬਣਾਈ। ਬਾਬਾ ਜੀ ਨੇ ਇੱਥੇ ਇੱਕ ਕਮਰਾ (ਭੋਰਾ) ਅਤੇ ਇੱਕ ਖੂਹੀ ਬਣਾਈ। ਬਾਬਾ ਜੀ ਇੱਥੇ ਰਹਿੰਦੇ ਸਮੇਂ ਵਧੇਰੇ ਭਜਨ ਬੰਦਗੀ ਵਿੱਚ ਲੀਨ ਰਹਿੰਦੇ, ਪਰ ਬਾਬਾ ਜੀ ਦੇ ਪੁਰਾਣੇ ਸਾਥੀ ਗੁਪਤ ਤੌਰ 'ਤੇ ਉਹਨਾਂ ਪਾਸ ਆਉਂਦੇ ਰਹਿੰਦੇ ਅਤੇ ਆਪਸ ਵਿੱਚ ਕੌਮੀ ਮਾਮਲਿਆਂ 'ਤੇ ਵਿਚਾਰ ਵਟਾਂਦਰਾ ਕਰਦੇ। ਬਾਬਾ ਜੀ ਇੱਥੋਂ ਹੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀਆਂ ਸਰਗਰਮੀਆਂ ਚਲਾਉਂਦੇ ਰਹੇ। ਬਾਬਾ ਜੀ ਖ਼ੁਦ ਅਤੇ ਉਹਨਾਂ ਦੇ ਭਰਾਤਾ ਮੱਘਰ ਸਿੰਘ ਦੇਸ਼ ਭਗਤਾਂ ਤੱਕ ਪਹੁੰਚਦੇ ਰਹੇ ਅਤੇ ਉਹਨਾਂ ਦੇ ਦੁੱਖ-ਤਕਲੀਫਾਂ ਤੋਂ ਜਾਣੂ ਹੁੰਦੇ ਰਹੇ। ਬਾਬਾ ਜੀ ਦੇ ਭਰਾਵਾਂ ਜਗਤ ਸਿੰਘ ਅਤੇ ਮੱਘਰ ਸਿੰਘ ਨੇ ਆਪਣੀ ਚੰਗੀ ਭੋਂ ਵਟਾਂਦਰੇ ਵਿੱਚ ਦੇ ਕੇ ਇਸ ਯਾਦਗਾਰ ਵਾਲੀ ਥਾਂ ਲਈ। 5 ਦਸੰਬਰ, 1957 ਨੂੰ ਬਾਬਾ ਜੀ ਦਾ ਸੰਸਕਾਰ ਇੱਥੇ ਹੀ ਕੀਤਾ ਗਿਆ। 27.7.1958 ਨੂੰ ਬਾਬਾ ਜੀ ਦੇ ਅੰਗੀਠੇ ਵਾਲੀ ਥਾਂ 'ਤੇ ਨਿਸ਼ਾਨ ਸਾਹਿਬ ਝੁਲਾਕੇ ਗੁਰਦੁਆਰਾ ਕਾਇਮ ਕੀਤਾ ਗਿਆ। 1990 ਵਿੱਚ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲਿਆਂ ਦੇ ਵਰੋਸਾਏ ਬਾਬਾ ਚਰਨ ਸਿੰਘ ਜੀ ਨੇ ਖੂਹੀ ਦੀ ਥਾਂ 'ਤੇ ਬਾਉਲੀ ਸਾਹਿਬ ਦਾ ਨਿਰਮਾਣ ਕਰਵਾਇਆ। ਬਾਉਲੀ ਸਾਹਿਬ ਦੇ ਨਾਲ ਲੱਗਦੇ ਇੱਕ ਕਮਰੇ ਵਿੱਚ ਗ਼ਦਰੀ ਦੇਸ਼ ਭਗਤਾਂ ਅਤੇ ਹੋਰਨਾਂ ਲਹਿਰਾਂ ਨਾਲ ਸਬੰਧਿਤ ਸੂਰਬੀਰਾਂ ਦੀਆਂ ਦੁਰਲੱਭ ਤਸਵੀਰਾਂ ਸੱਜੀਆਂ ਹੋਈਆਂ ਹਨ। ਇਸ ਪਾਵਨ ਗੁਰਦੁਆਰੇ ਵਿੱਚ ਲੰਗਰ ਹਾਲ, ਹਸਪਤਾਲ, ਲਾਇਬਰੇਰੀ ਬਣੀ ਹੋਈ ਹੈ ਅਤੇ ਹੁਣ ਰਕਬਾ ਚਾਰ ਏਕੜ ਦੇ ਕਰੀਬ ਹੈ। ਗ਼ਦਰ ਪਾਰਟੀ ਲਹਿਰ ਦੇ ਲਿਖਾਰੀ ਜਗਜੀਤ ਸਿੰਘ ਨੇ ਆਪਣੀ ਖੋਜ ਭਰਪੂਰ ਪੁਸਤਕ 1955 ਵਿੱਚ ਬਾਬਾ ਵਿਸਾਖਾ ਸਿੰਘ (ਪ੍ਰਧਾਨ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ) ਨੂੰ ਸਤਿਕਾਰ ਸਹਿਤ ਭੇਟ ਕਰਕੇ ਪ੍ਰਕਾਸ਼ਿਤ ਕੀਤੀ ਸੀ। ਆਓ ਆਪਾਂ ਇਸ ਮਹਾਨ ਗ਼ਦਰੀ ਸੂਰਬੀਰ, ਇਨਕਲਾਬੀ ਯੋਧੇ ਅਤੇ ਪੰਥਕ ਸ਼ਖ਼ਸੀਅਤ ਦੇ ਜੀਵਨ ਬਾਰੇ ਜਾਣੀਏ। ਇਸ ਮਹਾਨ ਯੋਧੇ ਦਾ ਜਨਮ ਖਾਲਸਾ ਪੰਥ ਦੀ ਜਨਮ ਵਰ੍ਹੇ ਗੰਢ ਵਾਲੇ ਦਿਨ 1 ਵੈਸਾਖ ਸੰਮਤ 1934 (ਬਿਕਰਮੀ) ਮੁਤਾਬਿਕ 13 ਅਪ੍ਰੈਲ, 1877 ਨੂੰ ਸ. ਦਿਆਲ ਸਿੰਘ ਸੰਧੂ ਅਤੇ ਮਾਤਾ ਇੰਦ ਕੌਰ ਜੀ ਦੇ ਗ੍ਰਹਿ ਵਿਖੇ ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ (ਹੁਣ ਜ਼ਿਲ੍ਹਾ ਤਰਨਤਾਰਨ) ਵਿਖੇ ਹੋਇਆ। ਵਿਸਾਖੀ ਵਾਲੇ ਦਿਨ ਜਨਮ ਹੋਣ ਕਰਕੇ ਬਾਬਾ ਜੀ ਦਾ ਨਾਂ ਵਿਸਾਖਾ ਸਿੰਘ ਰੱਖਿਆ ਗਿਆ।

ਪਿੰਡ ਦਦੇਹਰ ਤਰਨਤਾਰਨ ਤੋਂ ਦੱਖਣ ਦਿਸ਼ਾ ਵੱਲ 21 ਕਿਲੋਮੀਟਰ ਦੂਰੀ 'ਤੇ ਸਥਿਤ ਹੈ ਅਤੇ ਸਰਹਾਲੀ ਕਲਾਂ ਤੋਂ ਲਗਭਗ ਤਿੰਨ ਕਿਲੋਮੀਟਰ ਦੂਰ ਦੱਖਣ-ਪੱਛਮ ਦੀ ਦਿਸ਼ਾ ਵੱਲ ਹੈ। ਉਹਨਾਂ ਦੇ ਦਾਦਾ ਮਿਹਰ ਸਿੰਘ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਬਾਬਾ ਵਿਸਾਖਾ ਸਿੰਘ ਆਪਣੇ ਨਗਰ ਅਤੇ ਖਾਨਦਾਨ ਬਾਰੇ ਇੱਕ ਚੌਪਾਈ ਵਿੱਚ ਵਰਨਣ ਕਰਦੇ ਹਨ:

ਜ਼ਿਲ੍ਹਾ ਹਮਾਰਾ ਅੰਮ੍ਰਿਤਸਰ, ਸਭ ਜਨ ਜਾਣਨ ਸਿਫਤੀ ਘਰ।

ਤਰਨਤਾਰਨ ਤਹਿਸੀਲ ਪਛਾਨੋ, ਗੁਰ ਪੰਚਮ ਕਾ ਤੀਰਥ ਠਾਨੋ।
ਡਾਕ ਘਰ ਵੱਡੀ ਸਰਹਾਲੀ, ਬਾਬੇ ਜੋ ਗੁਰਦਿੱਤ ਸਿੰਘ ਵਾਲੀ।
ਨਗਰ ਦਦੇਹਰ ਹਮਾਰਾ ਕਹੀਏ, ਸੰਧੂ ਗੋਤ ਆਪ ਲਿਖ ਲਈਏ।
ਮਿਹਰ ਸਿੰਘ ਪੜਦਾਦਾ ਮੇਰਾ, ਗੁਰ ਦਸਮੇਸ਼ ਸੇ ਅੰਮ੍ਰਿਤ ਢੇਰਾ।
ਕਰਦਾ ਰਿਹਾ ਗੁਰਾਂ ਮਿਲ ਜੰਗ, ਪੁੱਤਰ ਹੋਏ ਓਸ ਦੇ ਪੰਜ।
ਪੰਜੇ ਹੋਏ ਬਹੁਤ ਜਵਾਨ, ਧਰਮ ਹੇਤ ਜੋ ਖੰਡਾ ਵਾਹਨ।
ਇਨ ਮੇਂ ਮੇਘ ਸਿੰਘ ਜੋ ਚੋਥਾ, ਮੈਂ ਹਾਂ ਸਮਝੋ ਉਨਕਾ ਪੋਤਾ।
ਦਿਆਲ ਸਿੰਘ ਜੀ ਪਿਤਾ ਹਮਾਰੇ, ਹੋਰ ਪਿਤਾ ਦੇ ਭਾਈ ਚਾਰੇ।
ਇੰਦ ਕੌਰ ਹਮਾਰੀ ਮਾਤਾ, ਇੱਕ ਭੈਣ ਹੈ ਦੋਇ ਭਰਾਤਾ।
ਜ਼ਾਇਦਾਦ ਹੈ ਜ਼ਬਤ ਹਮਾਰੀ, ਗਵਰਨਮੈਂਟ ਨੇ ਕੀਤੀ ਸਾਰੀ।
ਕਰੇ ਬੇਨਤੀ ਸਿੰਘ ਵਸਾਖ, ਬੰਧਨ ਤੋੜੇ ਸਤਿਗੁਰ ਖਾਸ।

ਬਾਬਾ ਮਿਹਰ ਸਿੰਘ ਜਾਂ ਮੋਹਰ ਸਿੰਘ (ਆਤਮ ਕਥਾ ਪੰਨਾ 12 ਅਤੇ ਪੰਨਾ 26 ਤੇ ਮੋਹਰ ਸਿੰਘ ਲਿਖਿਆ ਹੋਇਆ ਹੈ, ਜਦਕਿ ਹੰਸ ਉਡਾਰੀਆਂ ਦੇ ਪੰਨਾ 63 ’ਤੇ ਨਾਂ ਮਿਹਰ ਸਿੰਘ ਹੈ) ਦੇ ਪੰਜ ਸਪੁੱਤਰ ਸੋਭਾ ਸਿੰਘ, ਜੋਗਾ ਸਿੰਘ, ਤੇਗਾ ਸਿੰਘ ਅਤੇ ਮੇਘ ਸਿੰਘ ਅਤੇ ਬੋਘ ਸਿੰਘ ਪੈਦਾ ਹੋਏ। ਮੇਘ ਸਿੰਘ ਦੇ ਵੰਸ਼ ਵਿੱਚ ਆਲਾ ਸਿੰਘ, ਨਿਹਾਲ ਸਿੰਘ, ਮਾਲਾ ਸਿੰਘ, ਖੁਸ਼ਹਾਲ ਸਿੰਘ ਅਤੇ ਦਿਆਲ ਸਿੰਘ ਸਨ। ਦਿਆਲ ਸਿੰਘ ਦੇ ਤਿੰਨ ਪੁੱਤਰ ਵਿਸਾਖਾ ਸਿੰਘ, ਮੱਘਰ ਸਿੰਘ ਅਤੇ ਜਗਤ ਸਿੰਘ ਸਨ। ਬਾਬਾ ਵਿਸਾਖਾ ਸਿੰਘ ਦੇ ਪਿਤਾ ਸ. ਦਿਆਲ ਸਿੰਘ ਹੱਥੀਂ ਕਿਰਤ ਕਰਨ ਅਤੇ ਵੰਡ ਛਕਣ ਵਿੱਚ ਵਿਸ਼ਵਾਸ਼ ਰੱਖਦੇ ਸਨ। ਉਹਨਾਂ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਗੁਰਸਿੱਖ ਸੀ। ਘਰੇਲੂ ਸੰਸਕਾਰਾਂ ਦਾ ਬਾਬਾ ਜੀ ’ਤੇ ਬਹੁਤ ਪ੍ਰਭਾਵ ਪਿਆ। ਬਾਲਕ ਵਿਸਾਖਾ ਸਿੰਘ 6 ਸਾਲ ਦੀ ਉਮਰ ਵਿੱਚ ਪਿੰਡ ਦੇ ਗ੍ਰੰਥੀ ਕੋਲ ਪੜ੍ਹਨ ਲੱਗ ਪਏ। ਥੋੜ੍ਹੇ ਹੀ ਸਮੇਂ ਦੇ ਵਿੱਚ ਉਹਨਾਂ ਦੇ ਪੰਜ ਗ੍ਰੰਥੀ, ਜਾਪ ਸਾਹਿਬ, ਸਵੱਈਏ ਆਦਿ ਬਾਣੀਆਂ ਜ਼ਬਾਨੀ ਯਾਦ ਕਰ ਲਈਆਂ। ਉਹ ਬਚਪਨ ਤੋਂ ਹੀ ਵਡੇਰੀ ਉਮਰ ਦੇ ਵਿਅਕਤੀਆਂ ਦੀ ਸੰਗਤ ਵਿੱਚ ਪ੍ਰਸੰਨ ਰਹਿੰਦੇ ਸਨ। ਉਹ ਬਚਪਨ ਵਿੱਚ ਮਾਲ-ਡੰਗਰ ਚਾਰਦੇ ਰਹੇ। ਉਹਨਾਂ 12 ਸਾਲ ਦੀ ਉਮਰ ਵਿੱਚ ਅੰਮ੍ਰਿਤਪਾਨ ਕਰ ਲਿਆ। ਉਹਨਾਂ ਆਪਣੇ ਤਾਇਆ ਖੁਸ਼ਹਾਲ ਸਿੰਘ ਤੋਂ ਚੋਖਾ ਅਧਿਆਤਮਿਕ ਗਿਆਨ ਹਾਸਲ ਕੀਤਾ। ਜਵਾਨੀ ਦੀ ਦਹਿਲੀਜ਼ ’ਤੇ ਪੈਰ ਧਰਦਿਆਂ ਹੀ ਸਮੇਂ ਦੇ ਰਿਵਾਜ਼ ਅਨੁਸਾਰ ਉਹਨਾਂ ਦਾ ਆਨੰਦ ਕਾਰਜ ਬੀਬੀ ਰਾਮ ਕੌਰ ਸਪੁੱਤਰੀ ਸ. ਕਾਲਾ ਸਿੰਘ ਵਾਸੀ ਲੁਹਾਰਾ ਨਾਲ ਹੋਇਆ। ਵਿਆਹ ਦੇ ਚਾਰ ਸਾਲ ਪਿੱਛੋਂ ਹੀ ਬੀਬੀ ਰਾਮ ਕੌਰ ਚੜ੍ਹਾਈ ਕਰ ਗਏ। ਬਾਬਾ ਜੀ ਨੇ ਬਾਅਦ ਵਿੱਚ ਸਾਰੀ ਉਮਰ ਸ਼ਾਦੀ ਨਹੀਂ ਕਰਵਾਈ।

ਉਹ 1896 ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦੇ ਗਿਆਰਾਂ ਨੰਬਰ ਰਸਾਲੇ ਵਿੱਚ ਭਰਤੀ ਹੋ ਗਏ। ਉਹਨਾਂ ਜਿਹਲਮ ਛਾਉਣੀ ਵਿੱਚੋਂ ਫੌਜੀ ਟ੍ਰੇਨਿੰਗ ਪ੍ਰਾਪਤ ਕਰਕੇ ਲਾਹੌਰ ਦੀ ਛਾਉਣੀ ਮੀਆਂ ਮੀਰ ਵਿੱਚ ਆਪਣੀ ਡਿਊਟੀ ਸੰਭਾਲ ਲਈ। ਬਾਅਦ ਵਿੱਚ ਉਹਨਾਂ ਦੇ ਰਸਾਲੇ ਦੀ ਬਦਲੀ ਕਈ ਹੋਰ ਛਾਉਣੀਆਂ ਵਿੱਚ ਵੀ ਹੋਈ। ਵਿਸਾਖਾ

ਸਿੰਘ ਨੇ ਆਪਣੀ ਫੌਜੀ ਨੌਕਰੀ ਦੌਰਾਨ ਕਈ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਜੇਤੂ ਰਿਹਾ। ਰਾਵਲਪਿੰਡੀ ਵਿੱਚ ਘੋੜ ਦੌੜ ਦੇ ਮੁਕਾਬਲੇ ਵਿੱਚ ਉਹ ਪਹਿਲੇ ਨੰਬਰ 'ਤੇ ਰਹੇ ਅਤੇ 75 ਰੁਪਏ ਇਨਾਮ ਹਾਸਲ ਕੀਤਾ। ਇਹਨਾਂ ਪੈਸਿਆਂ ਵਿੱਚੋਂ ਅੱਧੇ ਪੈਸਿਆਂ ਦੇ ਬਾਬਾ ਜੀ ਨੇ ਕੀਮਤੀ ਸੁਗਾਤਾਂ ਅਤੇ ਰਮਾਲੇ ਖਰੀਦ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਚੜ੍ਹਾ ਦਿੱਤੇ ਅਤੇ ਬਾਕੀ ਪੈਸਿਆਂ ਦੇ ਪ੍ਰਸ਼ਾਦੇ ਲੈ ਕੇ ਗੁਰਦੁਆਰਾ ਬਾਬਾ ਅਟੱਲ ਵਿਖੇ ਵਰਤਾ ਦਿੱਤੇ। 1899 ਵਿੱਚ ਉਹਨਾਂ ਦੇ ਰਸਾਲੇ ਦੇ ਕੁਝ ਟਰੁੱਪ ਕਸ਼ਮੀਰ ਨੂੰ ਭੇਜੇ ਗਏ, ਬਾਬਾ ਜੀ ਵੀ ਨਾਲ ਸਨ। ਰਸਤੇ ਵਿੱਚ ਉੜੀ ਪਹਾੜੀ ਦੀ ਰਮਣੀਕ ਥਾਂ ਵੇਖਕੇ ਬਾਬਾ ਜੀ ਨੇ ਸੁਝਾਅ ਦਿੱਤਾ ਕਿ ਇੱਥੇ ਆਖੰਡ ਪਾਠ ਕੀਤਾ ਜਾਵੇ। ਬਾਬਾ ਜੀ ਦੀ ਰਾਇ ਮੰਨ ਲਈ ਗਈ। ਇਸ ਸਮੇਂ ਬਾਬਾ ਜੀ ਨੇ ਇੱਕ ਚੌਕੜੇ ਵਿੱਚ ਸੰਪੂਰਨ ਸ੍ਰੀ ਗ੍ਰੰਥ ਸਾਹਿਬ ਸਰਵਣ ਕੀਤਾ ਤਾਂ ਫੌਜ਼ੀ ਅਫਸਰਾਂ ਅਤੇ ਸਾਥੀਆਂ ਵਿੱਚ ਬਾਬਾ ਜੀ ਦਾ ਸਤਿਕਾਰ ਹੋਰ ਵੱਧ ਗਿਆ। 1907 ਵਿੱਚ ਪੰਜਾਬ ਵਿੱਚ ਪੱਗੜੀ ਸੰਭਾਲ ਲਹਿਰ ਉੱਠੀ। ਇਸ ਸਮੇਂ ਅਪ੍ਰੈਲ 1907 ਵਿੱਚ ਰਾਵਲਪਿੰਡੀ ਦੇ ਜਲਸੇ ਵਿੱਚ ਬਾਬਾ ਜੀ ਨੇ ਸਰਦਾਰ ਅਜੀਤ ਸਿੰਘ ਦੀ ਧੜੱਲੇਦਾਰ ਤਕਰੀਰ ਸੁਣੀ। ਜਿਸ ਦਾ ਬਾਬਾ ਜੀ 'ਤੇ ਬਹੁਤ ਪ੍ਰਭਾਵ ਪਿਆ। ਉਹਨਾਂ ਫੌਜ ਦੀ ਨੌਕਰੀ ਛੱਡ ਦਿੱਤੀ ਅਤੇ ਘਰ ਆ ਗਏ।

ਇਸ ਤੋਂ ਪਿੱਛੋਂ ਉਹ ਨੌਕਰੀ ਦੀ ਤਲਾਸ਼ ਵਿੱਚ ਹੰਕਾਊ (ਚੀਨ) ਚਲੇ ਗਏ ਅਤੇ ਉੱਥੇ ਜਾ ਕੇ ਪੁਲਿਸ ਵਿੱਚ ਭਰਤੀ ਹੋ ਗਏ। ਇੱਥੇ ਹਰ ਪਾਸੇ ਰਿਸ਼ਵਤ ਦਾ ਬੋਲਬਾਲਾ ਸੀ, ਬਾਬਾ ਜੀ ਦਾ ਮਨ ਉਚਾਟ ਹੋ ਗਿਆ ਅਤੇ ਉਹਨਾਂ ਪੁਲਿਸ ਦੀ ਨੌਕਰੀ ਛੱਡ ਦਿੱਤੀ। ਉਹ 1909 ਵਿੱਚ ਕੈਲੇਫੋਰਨੀਆ (ਅਮਰੀਕਾ) ਪਹੁੰਚ ਗਏ। ਸ਼ੁਰੂ ਵਿੱਚ ਬਾਬਾ ਵਿਸਾਖਾ ਸਿੰਘ ਨੂੰ ਆਪਣੇ ਜਾਣਕਾਰਾਂ ਦੀ ਮਦਦ ਨਾਲ ਬਾਗਾਂ ਵਿੱਚ ਫਲ ਤੋੜਨ ਦਾ ਕੰਮ ਮਿਲ ਗਿਆ। ਏਸੇ ਸਮੇਂ ਬਾਬਾ ਜਵਾਲਾ ਸਿੰਘ ਵੀ ਏਥੇ ਪਹੁੰਚੇ ਹੋਏ ਸਨ। ਦੋਹਾਂ ਦੇਸ਼ ਭਗਤਾਂ ਦਾ ਆਪਸ ਵਿੱਚ ਮੇਲ ਹੋ ਗਿਆ। ਮਿਹਨਤ ਮਜ਼ਦੂਰੀ ਕਰਕੇ ਦੋਹਾਂ ਨੇ ਕੁਝ ਪੂੰਜੀ ਜੋੜਕੇ ਕੈਲੇਫੋਰਨੀਆ ਵਿੱਚ ਸੈਕਰਾਮੈਂਟੋ ਦੇ ਨੇੜੇ ਦਰਿਆ ਹੋਲਟਵਿਲ ਦੇ ਕੰਢੇ 'ਤੇ 500 ਏਕੜ ਦਾ ਫਾਰਮ ਲੰਮੀ ਮਿਆਦ ਲਈ ਪਟੇ 'ਤੇ ਲੈ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਬਾਅਦ ਵਿੱਚ ਭਾਈ ਸੰਤੋਖ ਸਿੰਘ ਤੇ ਕੁਝ ਹੋਰ ਪਰਵਾਸੀ ਭਾਰਤੀ ਵੀ ਇਹਨਾਂ ਨਾਲ ਆ ਰਲੇ। ਹੌਲੀ-ਹੌਲੀ ਇਹ ਫਾਰਮ ਪ੍ਰਵਾਸੀ ਭਾਰਤੀਆਂ ਵਿੱਚ ਭਾਈਆਂ ਦੇ ਡੇਰੇ ਵਜੋਂ ਬਹੁਤ ਮਸ਼ਹੂਰ ਹੋ ਗਿਆ। 'ਭਾਈਆ ਵਾਲਾ' ਇਹ ਡੇਰਾ ਮਸ਼ਹੂਰ ਹੋਇਆ, ਸਭ ਜਾਣਦਾ ਸੀ ਨਰ ਨਾਰ ਭਾਈ।' 1910 ਦੇ ਅੰਤ ਵਿੱਚ ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ, ਭਾਈ ਸੰਤੋਖ ਸਿੰਘ ਅਤੇ ਹੋਰਨਾਂ ਨੇ ਮਿਲਕੇ ਸਟਾਕਟੋਨ ਵਿੱਚ ਪਹਿਲਾ ਗੁਰਦੁਆਰਾ ਕਾਇਮ ਕੀਤਾ ਅਤੇ ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ ਕਾਇਮ ਕੀਤੀ ਅਤੇ ਪਹਿਲੀ ਵਾਰ ਦੇਸ਼ ਵਿੱਚੋਂ ਚਾਰ ਵਿਦਿਆਰਥੀ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਬੁਲਾਏ। ਬਾਬਾ ਵਿਸਾਖਾ ਸਿੰਘ ਜੀ ਨੇ ਸਟਾਕਟੋਨ ਵਿਖੇ ਗੁਰਦੁਆਰੇ ਦਾ ਨਿਰਮਾਣ ਕਰਨ ਲਈ ਆਪਣੀ ਪਾਸ ਬੁੱਕ ਵਿੱਚ ਜ਼ਮਾ ਰਾਸ਼ੀ ਦਾਨ ਕਰ ਦਿੱਤੀ।

ਇਸ ਤੋਂ ਪਿੱਛੋਂ ਜਵਾਲਾ ਸਿੰਘ ਨੇ ਵੀ ਭਾਰੀ ਰਕਮ ਦਿੱਤੀ। ਹੋਰਨਾਂ ਪਰਵਾਸੀ ਭਾਰਤੀਆਂ ਨੇ ਵੀ ਗੁਰਦੁਆਰੇ ਦੇ ਨਿਰਮਾਣ ਵਿੱਚ ਯੋਗਦਾਨ ਪਾਇਆ। ਸਟਾਕਟੋਨ ਸ਼ਹਿਰ ਵਿੱਚ 90000 ਡਾਲਰ ਦੇ ਕੇ ਇੱਕ ਮਕਾਨ ਖਰੀਦ ਲਿਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਕਾਇਮ ਹੋ ਗਿਆ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਅਤੇ ਖਜ਼ਾਨਚੀ ਵਿਸਾਖਾ ਸਿੰਘ ਬਣਾਏ ਗਏ। ਫ਼ਰਵਰੀ 1912 ਦੇ ਅੰਤ ਵਿੱਚ ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ ਅਤੇ ਭਾਈ ਸੰਤੋਖ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖੜ੍ਹਕੇ ਪ੍ਰਣ ਕੀਤਾ ਕਿ ਉਹ ਦੇਸ਼ ਵਾਸੀਆਂ ਦੀ ਸੇਵਾ ਅਤੇ ਭਾਰਤ ਦੀ ਆਜ਼ਾਦੀ ਲਈ ਆਪਣਾ ਤਨ-ਮਨ-ਧਨ ਸਭ ਕੁਰਬਾਨ ਕਰ ਦੇਣਗੇ। ਉਨ੍ਹਾਂ ਦਾ ਇਹ ਪ੍ਰਣ ਪੱਤਰ ਖਾਲਸਾ ਸਮਾਚਾਰ, ਅੰਮ੍ਰਿਤਸਰ ਵਿੱਚ ਪ੍ਰਕਾਸ਼ਿਤ ਹੋ ਗਿਆ। ਇਧਰ ਪੰਜਾਬ ਵਿੱਚ ਵੀ ਉਹਨਾਂ ਦੇ ਕੁਰਬਾਨੀ ਵਾਲੇ ਜਜ਼ਬੇ ਤੋਂ ਲੋਕਾਂ ਨੂੰ ਬਹੁਤ ਉਤਸ਼ਾਹ ਮਿਲਿਆ।

1913 ਦੇ ਸ਼ੁਰੂ ਵਿੱਚ ਅਮਰੀਕਾ ਦੀਪ ਦੇ ਪੱਛਮੀ ਕੰਢੇ ਦੀਆਂ ਰਿਆਸਤਾਂ ਵਿੱਚ ਪਰਵਾਸੀ ਭਾਰਤੀ ਜਥੇਬੰਦ ਹੋ ਰਹੇ ਸਨ ਅਤੇ ਵੱਖ ਵੱਖ ਥਾਂਈਂ ਜੱਥੇਬੰਦੀਆਂ ਬਣ ਰਹੀਆਂ ਸਨ। ਲਾਲਾ ਹਰਦਿਆਲ 25 ਮਾਰਚ, 1913 ਨੂੰ ਸੇਂਟ ਜਾਨ ਪੰਡਤ ਕਾਂਸ਼ੀ ਰਾਮ ਕੋਲ ਆ ਗਏ ਅਤੇ ਉਹਨਾਂ ਵੱਖ-ਵੱਖ ਜਥੇਬੰਦੀਆਂ ਨੂੰ ਇੱਕ ਸੂਤਰ ਵਿੱਚ ਪਰੋਣ ਲਈ ਕਈ ਸ਼ਹਿਰਾਂ ਵਿੱਚ ਮੀਟਿੰਗਾਂ ਕੀਤੀਆਂ। 21 ਅਪ੍ਰੈਲ, 1913 ਨੂੰ ਅਸਟੋਰੀਆਂ ਵਿਖੇ ਕੇਸਰ ਸਿੰਘ ਠੱਠਗੜ੍ਹ, ਦੀ ਆਰਾ ਮਿੱਲ ਵਿੱਚ ਇੱਕ ਵਿਸ਼ਾਲ ਮੀਟਿੰਗ ਕਰਕੇ ਇੱਕ ਕੇਂਦਰੀ ਜਥੇਬੰਦੀ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਬਣਾ ਲਈ ਗਈ। ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ-ਪ੍ਰਧਾਨ ਬਾਬਾ ਕੇਸਰ ਸਿੰਘ ਠੱਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਸਹਾਇਕ ਸਕੱਤਰ ਲਾਲਾ ਠਾਕਰ ਦਾ ਧੂਰੀ ਅਤੇ ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ ਚੁਣੇ ਗਏ। ਐਸੋਸ਼ੀਏਸ਼ਨ ਦਾ ਦਫ਼ਤਰ ਸਾਨਫਰਾਂਸਿਸਕੋ ਵਿਖੇ ਬਣਾ ਕੇ ਉਸ ਦਾ ਨਾਂ ਯੁਗਾਂਤਰ ਆਸ਼ਰਮ ਰੱਖਿਆ ਗਿਆ। ਪਹਿਲੀ ਨਵੰਬਰ, 1913 ਨੂੰ ਐਸੋਸ਼ੀਏਸ਼ਨ ਵੱਲੋਂ ਗ਼ਦਰ ਦਾ ਨਾਂ ਸਪਤਾਹਿਕ ਅਖਬਾਰ ਵੀ ਸ਼ੁਰੂ ਕੀਤਾ ਗਿਆ। ਇਸੇ ਅਖਬਾਰ ਦੇ ਨਾਂ ਤੇ ਬਾਅਦ ਵਿੱਚ ਐਸੋਸ਼ੀਏਸ਼ਨ ਗ਼ਦਰ ਪਾਰਟੀ ਦੇ ਨਾਮ ਵਜੋਂ ਪ੍ਰਸਿੱਧ ਹੋਈ। 31 ਦਸੰਬਰ, 1913 ਨੂੰ ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ, ਬਾਬਾ ਨਿਧਾਨ ਸਿੰਘ ਚੁੱਘਾ ਦੇ ਯਤਨਾਂ ਸਦਕਾ ਸੈਕਰਾਮੈਂਟੋ ਵਿੱਚ ਗ਼ਦਰ ਪਾਰਟੀ ਦੀ ਵਿਸ਼ਾਲ ਕਾਨਫਰੰਸ ਹੋਈ। ਗ਼ਦਰ ਪਾਰਟੀ ਨੂੰ ਸਰਬ ਅਮਰੀਕੀ ਬਣਾ ਲਿਆ ਗਿਆ। ਇਸ ਕਾਨਫਰੰਸ ਵਿੱਚ ਭਾਈ ਜਵਾਲਾ ਸਿੰਘ ਨੂੰ ਮੀਤ ਪ੍ਰਧਾਨ ਬਣਾ ਲਿਆ ਗਿਆ ਅਤੇ ਐਗਜੈਕਟਿਵ ਕਮੇਟੀ ਦਾ ਵਿਸਥਾਰ ਕੀਤਾ ਗਿਆ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਬਾਬਾ ਵਿਸਾਖਾ ਸਿੰਘ ਸ਼ਾਮਲ ਕਰ ਲਏ ਗਏ।

5 ਅਗਸਤ, 1914 ਦੇ ਗ਼ਦਰ ਅੰਕ ਵਿੱਚ ਐਲਾਨ-ਇ-ਜੰਗ ਛਪਣ ਪਿੱਛੋਂ ਗ਼ਦਰੀਆਂ ਨੇ ਦੇਸ ਵੱਲ ਵਹੀਰਾਂ ਘੱਤ ਦਿੱਤੀਆਂ। ਇਸ ਸਮੇਂ ਬਾਬਾ ਵਿਸਾਖਾ ਸਿੰਘ 'ਕਿਤਾਨੋਮਾਰੂ' ਜਹਾਜ਼ ਰਾਹੀਂ ਕੋਲਬੂੰ ਦੇ ਰਸਤੇ 7 ਜਨਵਰੀ, 1915 ਨੂੰ ਮਦਰਾਸ

ਪਹੁੰਚ ਗਏ। ਉੱਥੋਂ ਬਾਬਾ ਜੀ ਨੂੰ ਹੋਰਨਾਂ ਸਾਥੀ ਮੁਸਾਫਿਰਾਂ ਨਾਲ ਗ੍ਰਿਫਤਾਰ ਕਰਕੇ ਲੁਧਿਆਣੇ ਪੁੱਛ-ਗਿੱਛ ਲਈ ਲਿਆਂਦਾ ਗਿਆ। ਇੱਥੋਂ ਉਹ 12 ਜਨਵਰੀ ਨੂੰ ਦਦੇਹਰ ਪੁੱਜ ਗਏ ਅਤੇ ਉਹਨਾਂ ਨੂੰ ਪਿੰਡ ਵਿੱਚ ਜੂਹਬੰਦ ਕਰ ਦਿੱਤਾ ਗਿਆ। ਦੇਸ਼ ਪਹੁੰਚੇ ਗ਼ਦਰੀਆਂ ਨੇ ਪੰਜਾਬ ਦੇ ਮਾਝੇ, ਦੁਆਬੇ ਅਤੇ ਮਾਲਵੇ ਵਿੱਚ ਆਪਸ ਵਿੱਚ ਮਿਲਣ ਅਤੇ ਵਿਚਾਰਾਂ ਕਰਨ ਦੇ ਕਈ ਗੁਪਤ ਟਿਕਾਣੇ ਬਣਾ ਲਏ। ਇਹਨਾਂ ਵਿੱਚੋਂ ਦਦੇਹਰ ਵਿਖੇ ਬਾਬਾ ਜੀ ਦੇ ਤਪ ਅਸਥਾਨ ਵਾਲਾ ਟਿਕਾਣਾ ਵੀ ਇੱਕ ਸੀ। 12 ਫ਼ਰਵਰੀ, 1915 ਨੂੰ ਗ਼ਦਰ ਪਾਰਟੀ ਦੇ ਵਰਕਰਾਂ ਨੇ ਮੀਟਿੰਗ ਕਰਕੇ ਦੇਸ਼ ਵਿੱਚ ਗ਼ਦਰ ਮਚਾਉਣ ਦੀ ਤਾਰੀਖ 21 ਫ਼ਰਵਰੀ ਨਿਸ਼ਚਿਤ ਕਰ ਲਈ। ਫੈਸਲੇ ਮੁਤਾਬਕ 21 ਫ਼ਰਵਰੀ ਦੀ ਰਾਤ ਨੂੰ ਲਾਹੌਰ ਅਤੇ ਫ਼ਿਰੋਜ਼ਪੁਰ ਦੀਆਂ ਛਾਉਣੀਆਂ ਉੱਪਰ ਕਬਜ਼ਾ ਕਰਨ ਦੀ ਯੋਜਨਾ ਬਣਾਈ ਗਈ। ਲਾਹੌਰ ਛਾਉਣੀ ’ਤੇ ਹਮਲਾ ਕਰਨ ਵਾਲਿਆਂ ਵਿੱਚ ਦਦੇਹਰ ਪਿੰਡ ਦੇ ਬਾਬਾ ਵਿਸਾਖਾ ਸਿੰਘ, ਬਾਬਾ ਹਜ਼ਾਰਾ ਸਿੰਘ, ਬਾਬਾ ਬਿਸ਼ਨ ਸਿੰਘ, ਸੁਰ ਸਿੰਘ ਤੇ ਇੰਦਰ ਸਿੰਘ ਅਤੇ ਆਸ ਪਾਸ ਦੇ ਹੋਰਾਂ ਪਿੰਡਾਂ ਦੇ ਗ਼ਦਰੀ ਸ਼ਾਮਲ ਕੀਤੇ ਗਏ। ਇਹਨਾਂ ਗ਼ਦਰੀਆਂ ਦੀ ਡਿਊਟੀ 20 ਫ਼ਰਵਰੀ ਨੂੰ ਲੋਪੋਕੇ ਥਾਣਾ ਲੁੱਟਣ ਦੀ ਅਤੇ ਬਾਅਦ ਵਿੱਚ ਲਾਹੌਰ ਛਾਉਣੀ ’ਤੇ ਧਾਵਾ ਬੋਲਣ ਦੀ ਸੀ। ਇਸੇ ਪ੍ਰਕਾਰ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਭਾਈ ਗਾਂਧਾ ਸਿੰਘ ਕੱਚਰਭੰਨ ਅਤੇ ਹੋਰਨਾਂ ਦੇ ਜ਼ਿੰਮੇ ਫ਼ਿਰੋਜ਼ਪੁਰ ਛਾਉਣੀ ’ਤੇ ਕਬਜ਼ਾ ਕਰਨਾ ਸੀ। ਪਰੰਤੂ ਕਿਰਪਾਲ ਸਿੰਘ ਸੂਹੀਏ ਨੇ ਗ਼ਦਰ ਬਾਰੇ ਸਾਰੀ ਗੁਪਤ ਸੂਚਨਾ ਸਰਕਾਰ ਤੱਕ ਪਹੁੰਚਾ ਦਿੱਤੀ। ਸਰਕਾਰ ਚੁਕੰਨੀ ਹੋ ਗਈ ਅਤੇ ਗ਼ਦਰ ਦੀ ਯੋਜਨਾ ਸਿਰੇ ਨਾ ਚੜ੍ਹ ਸਕੀ। ਬਹੁਤ ਸਾਰੇ ਗ਼ਦਰੀ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤੇ। ਗ਼ਦਰੀਆਂ ਨੇ ਜੇਲ੍ਹ ਅਧਿਕਾਰੀਆਂ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਨੀਤੀ ਬਣਾਉਣ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ, ਜਿਸ ਵਿੱਚ ਬਾਬਾ ਵਿਸਾਖਾ ਸਿੰਘ, ਬਾਬਾ ਨਿਧਾਨ ਸਿੰਘ ਚੁੱਘਾ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਅਤੇ ਭਾਈ ਕੇਹਰ ਸਿੰਘ ਮਰਹਾਣਾ ਮੈਂਬਰ ਲਏ ਗਏ।

ਸਰਕਾਰ ਨੇ ਕ੍ਰਾਂਤੀ ਵਾਪਰਨ ਤੋਂ ਪਹਿਲਾਂ ਹੀ ਬਹੁਤ ਸਾਰੇ ਸਰਗਰਮ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ, ਇਸ ਸਮੇਂ ਬਾਬਾ ਜੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਲਾਹੌਰ ਸਾਜਿਸ਼ ਕੇਸ ਪਹਿਲੇ ਵਿੱਚ ਰੱਖ ਕੇ ਮੁਕੱਦਮਾ ਚਲਾਇਆ ਗਿਆ। ਹਕੂਮਤ ਨੇ 26 ਅਪ੍ਰੈਲ, 1915 ਨੂੰ 81 ਵਿਅਕਤੀਆਂ ਉੱਪਰ ਸੈਂਟਰਲ ਜੇਲ੍ਹ ਲਾਹੌਰ ਵਿੱਚ ਮੁਕੱਦਮਾ ਚਲਾਇਆ। ਇਸ ਕੇਸ ਦੇ 64 ਇਨਕਲਾਬੀ ਹਾਜ਼ਰ ਅਤੇ 17 ਮਫਰੂਰ ਕਰਾਰ ਦਿੱਤੇ ਗਏ। 13 ਸਤੰਬਰ, 1915 ਨੂੰ ਲਾਹੌਰ ਸਾਜਿਸ਼ ਕੇਸ ਦਾ ਫੈਸਲਾ ਸੁਣਾਇਆ ਗਿਆ। ਬਾਬਾ ਵਿਸਾਖਾ ਸਿੰਘ ਸਮੇਤ 27 ਵਿਅਕਤੀਆਂ ਨੂੰ ਉਮਰ ਕੈਦ ਕਾਲੇਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ। ਸ਼ੁਰੂ ਵਿੱਚ ਉਹਨਾਂ ਨੂੰ ਹੋਰਨਾਂ ਗ਼ਦਰੀਆਂ ਨਾਲ ਮੁਲਤਾਨ ਦੀ ਜੇਲ੍ਹ ਵਿੱਚ ਭੇਜਿਆ ਗਿਆ। ਇੱਥੋਂ ਉਹਨਾਂ ਨੂੰ ਅਲੀਪੁਰ ਜੇਲ੍ਹ (ਕਲਕੱਤਾ) ਵਿੱਚ ਭੇਜ ਦਿੱਤਾ ਗਿਆ। ਇੱਥੋਂ ਉਹਨਾਂ ਨੂੰ ਹੋਰਨਾਂ ਸਾਥੀਆਂ ਨਾਲ 7 ਦਸੰਬਰ, 1915 ਨੂੰ ਮਹਾਰਾਜਾ ਜਹਾਜ਼ ਰਾਹੀ ਪੋਰਟ

ਬਲੇਅਰ ਭੇਜ ਦਿੱਤਾ ਗਿਆ। ਬਾਬਾ ਜੀ 10 ਦਸੰਬਰ ਨੂੰ ਅੰਡੇਮਾਨ ਦੇ ਕਾਲੇਪਾਣੀਆਂ ਵਿੱਚ ਪਹੁੰਚ ਗਏ। ਉਸ ਸਮੇਂ ਅੰਡੇਮਾਨ ਜੇਲ੍ਹ ਦਾ ਸੁਪਰਡੈਂਟ ਮਰੇ ਅਤੇ ਜੇਲਰ ਡੇਵਿਡ ਬੈਰੀ ਬਹੁਤ ਹੀ ਖੂੰਖਾਰ ਕਿਸਮ ਦੇ ਆਦਮੀ ਦੇ ਸਨ। ਉਹ ਜੇਲ੍ਹ ਵਿੱਚ ਕੈਦੀਆਂ ਤੇ ਬਹੁਤ ਹੀ ਅੱਤਿਆਚਾਰ ਕਰਦੇ ਸਨ। ਇਸ ਬਦਨਾਮ ਜੇਲ੍ਹ ਨੂੰ ਅੰਡੇਮਾਨ ਦਾ ਕੁੰਭੀ ਨਰਕ ਕਿਹਾ ਜਾਂਦਾ ਸੀ। 1914-15 ਵਾਲੇ 8 ਗ਼ਦਰੀ ਸੂਰਬੀਰ ਜੇਲ੍ਹ ਅਧਿਕਾਰੀਆਂ ਦਾ ਤਸ਼ੱਦਦ ਸ਼ਹਿੰਦੇ ਹੋਏ ਇਸ ਜੇਲ੍ਹ ਵਿੱਚ ਹੀ ਸ਼ਹੀਦ ਹੋ ਗਏ ਸਨ। ਗ਼ਦਰੀ ਸੂਰਬੀਰਾਂ ਨੇ ਜੇਲ੍ਹ ਅਧਿਕਾਰੀਆਂ ਦੇ ਵਤੀਰੇ ਵਿਰੁੱਧ ਕਈ ਵਾਰ ਭੁੱਖ ਹੜਤਾਲ ਕੀਤੀ। ਜਿਸ ਵਿੱਚ ਬਾਬਾ ਵਿਸਾਖਾ ਸਿੰਘ ਵੀ ਸ਼ਾਮਲ ਹੁੰਦੇ ਰਹੇ। ਲਗਭਗ ਪੰਜ ਸਾਲ ਦੇ ਅਰਸੇ ਪਿੱਛੋਂ ਬਾਬਾ ਜੀ ਨੂੰ ਕੁਝ ਹੋਰਨਾਂ ਕੈਦੀਆਂ ਨਾਲ 14 ਅਪ੍ਰੈਲ, 1920 ਨੂੰ ਅੰਡੇਮਾਨ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਅਤੇ ਬਾਬਾ ਜੀ ਨੂੰ ਪੁਲਿਸ ਦੀ ਨਿਗਰਾਨੀ ਹੇਠ ਪਿੰਡ ਦਦੇਹਰ ਭੇਜ ਦਿੱਤਾ ਗਿਆ।

ਅਕਤੂਬਰ 1920 ਵਿੱਚ ਸੈਂਟਰਲ ਸਿੱਖ ਲੀਗ ਦਾ ਦੂਸਰਾ ਸਮਾਗਮ ਬਾਬਾ ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਲਾਹੌਰ ਦੇ ਬਰੈਡਲਾ ਹਾਲ ਵਿੱਚ ਹੋਇਆ, ਜਿਸ ਵਿੱਚ ਗ਼ਦਰੀ ਸੂਰਬੀਰਾਂ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿੱਚ ਬਾਬਾ ਵਿਸਾਖਾ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਸ਼ਾਮਲ ਹੋਏ। ਉਹਨਾਂ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਗ਼ਦਰੀ ਸੂਰਬੀਰਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਅਤੇ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਤਰਸ ਭਰੀ ਹਾਲਤ ਬਿਆਨਦੇ ਹੋਏ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੀ ਸਥਾਪਨਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਮੇਟੀ ਦੇ ਉਦੇਸ਼ ਇਸ ਪ੍ਰਕਾਰ ਦੱਸੇ।

1) ਦੇਸ਼ ਭਗਤਾਂ ਉੱਪਰ ਚੱਲ ਰਹੇ ਮੁਕੱਦਮਿਆਂ ਦੀ ਪੈਰਵੀ ਕਰਨੀ ਅਤੇ ਉਹਨਾਂ ਦੀ ਰਿਹਾਈ ਲਈ ਯਤਨ ਕਰਨੇ।
2) ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਆਰਥਿਕ ਸਹਾਇਤਾ ਕਰਨੀ, ਉਨ੍ਹਾਂ ਦੇ ਬੱਚਿਆਂ ਦੀ ਪਾਲਣ-ਪੋਸ਼ਣ ਅਤੇ ਪੜ੍ਹਾਈ ਦਾ ਪ੍ਰਬੰਧ ਕਰਨਾ।
3) ਦੂਰ ਦੁਰਾਂਡੇ ਦੀਆਂ ਜੇਲ੍ਹਾਂ ਵਿੱਚ ਕੈਦ ਕੱਟ ਰਹੇ ਦੇਸ਼ ਭਗਤਾਂ ਨੂੰ ਮਿਲਕੇ ਉਹਨਾਂ ਦਾ ਹਾਲ-ਚਾਲ ਜਾਣਨਾ ਅਤੇ ਪਰਿਵਾਰਾਂ ਨੂੰ ਦੱਸਣਾ ਅਤੇ ਇਸੇ ਪ੍ਰਕਾਰ ਪਰਿਵਾਰਾਂ ਦੀ ਸੁੱਖ-ਸਾਂਦ ਦੇਸ਼ ਤੱਕ ਪੁਚਾਉਣੀ। ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਬਾਬਾ ਵਿਸਾਖਾ ਸਿੰਘ ਨੇ ਹੋਰਨਾਂ ਸਾਥੀਆਂ ਨਾਲ ਮਿਲਕੇ ਦੇਸ਼ ਭਗਤਾਂ ਦੇ ਪਰਿਵਾਰਾਂ ਤੱਕ ਪਹੁੰਚ ਕੀਤੀ। ਇਸ ਮਕਸਦ ਵਿੱਚ ਉਹਨਾਂ ਦੇ ਭਰਾ ਮੱਘਰ ਸਿੰਘ ਨੇ ਵੀ ਉਹਨਾਂ ਦਾ ਬਹੁਤ ਸਹਿਯੋਗ ਕੀਤਾ। ਬਾਬਾ ਵਿਸਾਖਾ ਸਿੰਘ ਨੇ ਦੇਸ਼ ਨੂੰ ਛੱਡ ਵਿਦੇਸ਼ਾਂ ਵਿੱਚ ਵੀ ਚੰਦੇ ਇਕੱਠੇ ਕੀਤੇ। ਉਹ ਹਰ ਛਿਮਾਹੀ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਘਰ-ਘਰ ਆਰਥਿਕ ਸਹਾਇਤਾ ਪਹੁੰਚਾਉਂਦੇ ਰਹੇ। ਉਹਨਾਂ ਦਰਬਾਰ ਸਾਹਿਬ ਦੇ ਲਾਗੇ ਕਿਰਾਏ 'ਤੇ ਕਮਰਾ ਲੈ ਕੇ ਪੱਕੇ ਤੌਰ 'ਤੇ ਕਮੇਟੀ ਦਾ ਦਫਤਰ ਬਣਾ ਲਿਆ। 1920 ਤੋਂ ਲੈ ਕੇ ਉਹ ਜ਼ਿੰਦਗੀ ਦੇ ਆਖੀਰ ਤੱਕ ਇਸ ਕਮੇਟੀ ਦੇ ਪ੍ਰਧਾਨ ਬਣੇ ਰਹੇ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਵੱਲੋਂ

2 ਜੂਨ, 1938 ਨੂੰ ਮੀਟਿੰਗ ਕਰਕੇ ਕੌਮੀ ਸ਼ਹੀਦਾਂ ਦੀ ਸ਼ਾਨਦਾਰ ਯਾਦਗਾਰ ਬਣਾਉਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਮਕਸਦ ਲਈ 9 ਮੈਂਬਰੀ ਯਾਦਗਾਰ ਬੋਰਡ ਬਾਬਾ ਵਿਸਾਖਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਬਣਾਇਆ ਗਿਆ, ਪਰ ਦੂਜੀ ਸੰਸਾਰ ਜੰਗ ਛਿੜਨ ਕਰਕੇ ਇਹ ਕੰਮ ਅੱਗੇ ਪੈ ਗਿਆ।

ਦੂਸਰੀ ਸੰਸਾਰ ਜੰਗ ਛਿੜਨ 'ਤੇ ਬਾਬਾ ਜੀ 26 ਜੂਨ, 1940 ਨੂੰ ਪਿੰਡ ਦਦੇਹਰ ਤੋਂ ਬਾਹਰਲੀ ਕੁਟੀਆ (ਤਪ ਅਸਥਾਨ) ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕਰਕੇ ਬਾਬਾ ਜੀ ਨੂੰ ਡੇਰਾ ਗਾਜ਼ੀ ਖਾਂ ਅਤੇ ਰਾਜਨਪੁਰ ਦੀਆਂ ਜੇਲ੍ਹਾਂ ਵਿੱਚ ਕੈਦ ਰੱਖਿਆ ਗਿਆ। ਬਾਅਦ ਵਿੱਚ ਉਹਨਾਂ ਨੂੰ ਦਿਉਲੀ ਕੈਂਪ (ਜ਼ਿਲ੍ਹਾ ਕੋਟਾ, ਰਾਜਸਥਾਨ) ਵਿੱਚ ਤਬਦੀਲ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਹਨਾਂ ਨੂੰ ਗੁਜਰਾਤ (ਪੰਜਾਬ) ਦੀ ਜੇਲ੍ਹ ਵਿੱਚ ਰੱਖਿਆ ਗਿਆ। ਜੇਲ੍ਹ ਵਿੱਚ ਸਾਥੀਆਂ ਦੇ ਰੋਕਣ ਦੇ ਬਾਵਜੂਦ ਬਾਬਾ ਜੀ ਨੇ ਭੁੱਖ ਹੜਤਾਲ ਕਰ ਦਿੱਤੀ। ਨਵੰਬਰ 1941 ਵਿੱਚ ਬਾਬਾ ਜੀ ਸਿਹਤ ਬਹੁਤ ਵਿਗੜ ਗਈ ਅਤੇ ਸਰਕਾਰ ਨੇ ਮਰਨਾਊ ਹਾਲਤ ਵਿੱਚ ਬਾਬਾ ਜੀ ਨੂੰ ਰਿਹਾਅ ਕਰ ਦਿੱਤਾ। ਸਿਹਤ ਵਿੱਚ ਕੁਝ ਸੁਧਾਰ ਹੋਣ 'ਤੇ ਉਹ ਫਿਰ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਕੰਮਾਂ ਵਿੱਚ ਰੁੱਝ ਗਏ। ਫ਼ਰਵਰੀ 1942 ਵਿੱਚ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਮੁਲਤਾਨ ਦੀ ਜੇਲ੍ਹ ਭੇਜ ਦਿੱਤਾ ਗਿਆ।

ਇੱਥੋਂ ਢਾਈ ਮਹੀਨੇ ਬਾਅਦ ਉਹਨਾਂ ਨੂੰ ਧਰਮਸ਼ਾਲਾ ਦੀ ਜੇਲ੍ਹ ਭੇਜ ਦਿੱਤਾ ਗਿਆ। 14 ਜੁਲਾਈ, 1942 ਨੂੰ ਉਹਨਾਂ ਨੂੰ ਧਰਮਸ਼ਾਲਾ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਦੇਸ਼ ਵੰਡ ਹੋਣ ਸਮੇਂ ਉਹਨਾਂ ਇਲਾਕੇ ਵਿੱਚ ਫਿਰਕੂ ਇਕਸੁਰਤਾ ਕਾਇਮ ਰੱਖਣ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਅਤੇ ਪਾਕਿਸਤਾਨ ਤੋਂ ਆਏ ਹੋਏ ਸਰਨਾਰਥੀਆਂ ਦੇ ਮੁੜ ਵਸੇਬੇ ਲਈ ਸਿਰਤੋੜ ਯਤਨ ਕੀਤੇ। 1948 ਵਿੱਚ ਬਾਬਾ ਜੀ ਦੇਸ਼ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਸਰਨਾਰਥੀਆਂ ਦੀਆਂ ਸਮੱਸਿਆਵਾਂ ਸਬੰਧੀ ਮਿਲੇ ਅਤੇ ਉਹਨਾਂ ਦੇ ਸਾਰਥਿਕ ਹੱਲ ਕਰਨ ਦੀ ਅਪੀਲ ਕੀਤੀ। ਦੇਸ਼ ਦੀ ਆਜ਼ਾਦੀ ਮਗਰੋਂ ਕਾਂਗਰਸੀ ਸਰਕਾਰ ਬਣਨ 'ਤੇ ਹੱਕਾਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ, ਕਾਮਰੇਡ ਸੋਹਣ ਸਿੰਘ ਜੋਸ਼ ਅਤੇ ਹੋਰ ਪੁਰਾਣੇ ਸਾਥੀ ਜਦੋਂ 1948 ਵਿੱਚ ਯੋਲ ਕੈਂਪ ਜੇਲ੍ਹ ਵਿੱਚ ਨਜ਼ਰਬੰਦ ਸਨ ਤਾਂ ਬਾਬਾ ਵਿਸਾਖਾ ਸਿੰਘ ਉਚੇਚੇ ਤੌਰ 'ਤੇ ਦਿੱਲੀ ਜਾ ਕੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਹਿਰੂ ਨੂੰ ਮਿਲੇ ਅਤੇ ਨਜ਼ਰਬੰਦ ਆਗੂਆਂ ਦੀ ਰਿਹਾਈ ਕਰਵਾਈ।

ਬਾਬਾ ਜੀ ਅਤੇ ਹੋਰਨਾਂ ਸਾਥੀਆਂ ਦੀ ਸਲਾਹ ਨਾਲ 1955 ਦੇ ਆਖੀਰ ਵਿੱਚ ਜਲੰਧਰ-ਲੁਧਿਆਣਾ ਜਰਨੈਲੀ ਸੜਕ 'ਤੇ ਦੇਸ਼ ਭਗਤ ਯਾਦਗਾਰ ਹਾਲ ਕਾਇਮ ਕਰਨ ਲਈ ਜਗ੍ਹਾ ਖਰੀਦ ਲਈ ਗਈ। ਇਸ ਸਮੇਂ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨੇ 25000 ਰੁਪਏ ਦੀ ਵੱਡੀ ਰਕਮ ਦਿੱਤੀ। ਅੱਜਕਲ੍ਹ ਇਹ ਯਾਦਗਾਰ ਇਨਕਲਾਬੀ ਅਤੇ ਜੱਥੇਬੰਦਕ ਸਰਗਰਮੀਆਂ ਦਾ ਕੇਂਦਰ ਬਣੀ ਹੋਈ ਹੈ।

ਪੰਥਕ ਸ਼ਖ਼ਸੀਅਤ-1922 ਵਿੱਚ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਬਾਬਾ ਜੀ

100 ਸਿੰਘਾਂ ਦਾ ਜੱਥਾ ਲੈ ਕੇ ਸਰਦਾਰ ਤੇਜਾ ਸਿੰਘ ਸਮੁੰਦਰੀ ਪਾਸ ਅੰਮ੍ਰਿਤਸਰ ਪਹੁੰਚੇ। ਪਰ ਬਾਬਾ ਜੀ ਦੀ ਕਮਜ਼ੋਰ ਸਿਹਤ ਨੂੰ ਦੇਖਦੇ ਹੋਏ ਉਹਨਾਂ ਨੂੰ ਮੋਰਚੇ ਵਿੱਚ ਸ਼ਾਮਲ ਹੋਣ ਦੀ ਇਜ਼ਾਜਤ ਨਾ ਦਿੱਤੀ ਗਈ, ਜਦੋਂ ਕਿ ਇਹਨਾਂ ਵਾਲਾ ਜੱਥਾ ਮੋਰਚੇ ਵਿੱਚ ਸ਼ਾਮਲ ਹੋਣ ਲਈ ਭੇਜ ਦਿੱਤਾ ਗਿਆ ਸੀ। ਬਾਬਾ ਜੀ ਦੀ ਧਾਰਮਿਕ ਸ਼ਖ਼ਸੀਅਤ ਨੂੰ ਮੁੱਖ ਰੱਖਦੇ ਹੋਏ ਉਹਨਾਂ ਨੂੰ ਤਰਨਤਾਰਨ ਸਰੋਵਰ ਦੀ ਕਾਰ ਸੇਵਾ (10 ਜਨਵਰੀ, 1931) ਗੁਰਦੁਆਰਾ ਪੰਜਾ ਸਾਹਿਬ ਦੀ ਨੀਂਹ ਰੱਖਣ ਸਮੇਂ (14 ਅਕਤੂਬਰ, 1931), ਗੁਰਦੁਆਰਾ ਛੇਹਰਟਾ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਵੱਡੀ ਸੰਗਤ ਕਲਕੱਤਾ ਦੀ ਇਮਾਰਤ ਦੀ ਨੀਂਹ ਰੱਖਣ ਸਮੇਂ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਕੀਤਾ ਗਿਆ।

21 ਅਕਤੂਬਰ, 1934 ਨੂੰ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਥਾਪਿਆ ਗਿਆ। ਉਹਨਾਂ ਦੀ ਗੈਰ ਹਾਜ਼ਰੀ ਵਿੱਚ ਪੰਜਾਬ ਦੇ ਰੀਫਾਰਮਰ ਕਮਿਸ਼ਨਰ ਖਾਨ ਬਹਾਦਰ ਨਵਾਬ ਮੁਜੱਫ਼ਰ ਖਾਂ ਨੂੰ 24 ਦਸੰਬਰ, 1934 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾ ਦਿੱਤਾ ਗਿਆ। ਜਿਸ ਦੇ ਵਿਰੁੱਧ ਉਹਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜੱਥੇਦਾਰੀ ਤੋਂ ਅਸਤੀਫਾ ਦੇ ਦਿੱਤਾ। 1935-36 ਵਿੱਚ ਸ੍ਰੋਮਣੀ ਅਕਾਲੀ ਦਲ ਦੀਆਂ ਚੋਣਾਂ ਤੋਂ ਪਹਿਲਾ ਅਕਾਲੀ ਦਲ ਦੇ ਦੋ ਧੜੇ ਬਣ ਗਏ। ਉਸ ਸਮੇਂ ਸ੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਅਤੇ ਸੈਂਟਰਲ ਅਕਾਲੀ ਦਲ ਦੇ ਗਿਆਨੀ ਸ਼ੇਰ ਸਿੰਘ ਸਨ। 1936 ਵਿੱਚ ਦੋਹਾਂ ਧਿਰਾਂ ਨੇ ਬਾਬਾ ਵਿਸਾਖਾ ਸਿੰਘ ਜੀ ਨੂੰ ਸਾਲਸ ਮੰਨ ਲਿਆ। ਬਾਬਾ ਜੀ ਨੇ ਅੱਗੋਂ ਸਾਲਸੀ ਦੀ ਜ਼ਿੰਮੇਵਾਰੀ ਬਾਬਾ ਸੋਹਣ ਸਿੰਘ ਭਕਨਾ ਨੂੰ ਦੇ ਦਿੱਤੀ ਅਤੇ ਅਕਾਲੀ ਦਲ ਨੂੰ ਦੋਫਾੜ ਹੋਣ ਤੋਂ ਬਚਾਅ ਲਿਆ। ਬਾਬਾ ਵਿਸਾਖਾ ਸਿੰਘ ਜੀ ਨੇ ਕਵਿਤਾ ਵਿੱਚ ਆਪਣੀ ਜੀਵਨੀ, ਪੁਰਖਿਆਂ ਦਾ ਵਰਨਣ ਅਤੇ ਗ਼ਦਰ ਲਹਿਰ ਬਾਰੇ ਕਾਫੀ ਜਾਣਕਾਰੀ ਪ੍ਰਦਾਨ ਕੀਤੀ ਹੈ, ਜੋ ਪ੍ਰੋ.ਮਲਵਿੰਦਰ ਸਿੰਘ ਜੀ ਦੀ ਸੰਪਾਦਿਤ ਪੁਸਤਕ ਆਤਮ ਕਥਾ ਸੰਤ ਬਾਬਾ ਵਿਸਾਖਾ ਸਿੰਘ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ (ਸੰਗ੍ਰਹਿ ਕਰਤਾ ਚੈਨ ਸਿੰਘ ਚੈਨ) ਅਤੇ ਜੋਗਿੰਦਰ ਸਿੰਘ ਜੋਗੀ ਦੁਆਰਾ ਪ੍ਰਕਾਸ਼ਿਤ 'ਹੰਸ ਉਡਾਰੀਆਂ' ਵਿੱਚੋਂ ਪੜ੍ਹਨ ਨੂੰ ਮਿਲਦੀ ਹੈ। ਡਾ. ਬਿਕਰਮ ਸਿੰਘ ਘੁੰਮਣ ਨੇ ਬਾਬਾ ਜੀ ਦੀ ਜੀਵਨੀ ਲਿਖੀ ਹੈ।

ਅੰਤ ਬਾਬਾ ਵਿਸਾਖਾ ਸਿੰਘ ਦਦੇਹਰ 5 ਦਸੰਬਰ, 1957 ਨੂੰ ਅੰਮ੍ਰਿਤ ਵੇਲੇ ਤਰਨਤਾਰਨ ਵਿਖੇ ਆਪਣੀ ਜੀਵਨ ਯਾਤਰਾ ਸਮਾਪਤ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ। ਉੱਥੋਂ ਉਹਨਾਂ ਦੀ ਮ੍ਰਿਤਕ ਦੇਹ ਜਲੂਸ ਦੀ ਸ਼ਕਲ ਵਿੱਚ ਪਿੰਡ ਦਦੇਹਰ ਲਿਆਂਦੀ ਗਈ ਅਤੇ ਇਸੇ ਦਿਨ ਸ਼ਾਮ ਨੂੰ ਅੰਤਮ ਸੰਸਕਾਰ ਤਪ ਅਸਥਾਨ ਵਾਲੇ ਗੁਰਦੁਆਰੇ ਦੇ ਅਹਾਤੇ ਵਿੱਚ ਕਰ ਦਿੱਤਾ ਗਿਆ। ਇੱਥੇ ਹਰ ਸਾਲ 5 ਦਸੰਬਰ ਨੂੰ ਉਹਨਾਂ ਦੀ ਬਰਸੀ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ।

✪✪✪